ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free


ਪਹਿਲੀ ਮਈ : ਕੌਮਾਂਤਰੀ ਮਜ਼ਦੂਰ ਦਿਹਾੜਾ

ਸਾਲ : 4 ਅੰਕ : 05 Phone : 780 465 9118, 403 830 7007, 204 218 6284 : Fax: 780 465 0661, e-mail: info@nawidunia.com ਮਈ 2013


ਰੇਅ ਮਾਰਟਿਨ ਵੱਲੋਂ ਈ.ਪੀ.ਐਸ.ਬੀ. ਦੀਆਂ ਚੋਣਾਂ .... ਪੰਨਾ-3


ਗੋਆ ਬੀਚ 'ਤੇ ਚਿੰਤਨ ਪੰਨਾ-9


ਲੋਕਾਂ ਨੇ ਮਜ਼ਬ ਨੂੰ ਕੰਧ 'ਚ ਠੋਕੀ ਕਿੱਲੀ ਬਣਾ ਦਿੱਤੈ : ਜ਼ੋਹਰਾ ਸਹਿਗਲ ਪੰਨਾ-28


ਫ਼ਿਲਮ 'ਜ਼ੂਜ਼ੂ ਏਂਜਲ' ਅਤੇ ਮਨੁੱਖੀ ਹਕੂਕਾਂ ਦਾ ਮਸਲਾ ਪੰਨਾ-46

# ਸਰਕਾਰ ਤੇ ਸੀ.ਬੀ.ਆਈ. ਨੇ ਭਰੋਸਾ ਤੋੜਿਆ : ਸੁਪਰੀਮ ਕੋਰਟ

ਨਵੀਂ ਦਿੱਲੀ (ਨਦਬ) ਕੋਲਾ ਘੁਟਾਲੇ 'ਤੇ ਸੁਪਰੀਮ ਕੋਰਟ ਦੀ ਸਖ਼ਤ ਟਿੱਪਣੀ ਮਗਰੋਂ ਸਿਆਸੀ ਭੁਚਾਲ ਆ ਗਿਆ। ਸੀ.ਬੀ.ਆਈ. ਰਿਪੋਰਟ ਸਰਕਾਰ ਵੱਲੋਂ ਦੇਖੇ ਜਾਣ ਕਾਰਨ ਨਾਰਾਜ਼ ਸੁਪਰੀਮ ਕੋਰਟ ਨੇ ਕਿਹਾ ਕਿ ਹਦਾਇਤ ਦੇ ਬਾਵਜੂਦ ਰਿਪੋਰਟ ਸਰਕਾਰ ਨੂੰ ਦਿਖਾਈ ਗਈ। ਸਰਕਾਰ ਨੇ ਅਦਾਲਤ ਅਤੇ ਦੇਸ਼ ਨਾਲ ਧੋਖਾ ਕੀਤਾ ਹੈ। ਜਾਂਚ ਏਜੰਸੀ ਵੱਲੋਂ ਤੱਥਾਂ ਨੂੰ ਲੁਕਾਉਣਾ ਕੋਈ ਮਾਮੂਲੀ ਗੱਲ ਨਹੀਂ ਹੈ। ਸੀ.ਬੀ.ਆਈ. ਨੂੰ ਸਿਆਸੀ ਆਕਾਵਾਂ ਤੋਂ ਮੁਕਤ ਕਰਾਉਣਾ ਪਹਿਲੀ ਤਰਜੀਹ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 8 ਮਈ ਨੂੰ ਹੋਵੇਗੀ।

ਇਸ ਮਗਰੋਂ ਭਾਜਪਾ ਅਤੇ ਪੂਰਾ ਵਿਰੋਧੀ ਧਿਰ ਸਰਕਾਰ 'ਤੇ ਟੁੱਟ ਪਿਆ। ਪ੍ਰਧਾਨ ਮੰਤਰੀ ਤੇ ਕਾਨੂੰਨ ਮੰਤਰੀ ਤੋਂ ਅਸਤੀਫ਼ਾ ਮੰਗਿਆ ਗਿਆ। ਸੀ.ਬੀ.ਆਈ. ਤੋਂ ਨਾਰਾਜ਼ ਮਾਇਆ-ਮੁਲਾਇਮ ਨੇ ਏਜੰਸੀ ਦੀ ਆਜ਼ਾਦੀ ਦੀ ਪੈਰਵੀ ਕਰਦੇ ਹੋਏ ਸਰਕਾਰ ਨੂੰ ਕੋਸਿਆ। ਘਬਰਾਈ ਸਰਕਾਰ ਅਤੇ ਕਾਂਗਰਸ ਵਿਚ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ।



ਅਦਾਲਤ ਨੇ ਸੀ.ਬੀ.ਆਈ. ਨੂੰ ਪੁੱਛਿਆ :

## ਕਿਉਂ ਦਿਖਾਈ ਸਰਕਾਰ ਨੂੰ ਰਿਪੋਰਟ

1. ਸੀ.ਬੀ.ਆਈ. ਨੇ ਕਿਉਂ ਨਹੀਂ ਦੱਸਿਆ ਕਿ 8 ਮਾਰਚ ਦੀ ਰਿਪੋਰਟ ਸਰਕਾਰ ਨੂੰ ਦਿਖਾਈ ਸੀ?
2. ਕੀ ਸਟੇਟਸ ਰਿਪੋਰਟ ਸਰਕਾਰ ਨਾਲ ਸਾਂਝੀ ਕਰਨ ਮਗਰੋਂ ਕੋਈ ਤਬਦੀਲੀ ਹੋਈ?
3. ਕਿਸ ਦੇ ਕਹਿਣ 'ਤੇ ਅਤੇ ਕੀ-ਕੀ ਤਬਦੀਲੀਆਂ ਕੀਤੀਆਂ?
4. ਕਿਸ ਥਾਂ ਲਿਖਿਆ ਹੈ ਕਿ ਕਾਨੂੰਨ ਮੰਤਰੀ ਨੂੰ ਰਿਪੋਰਟ ਦਿਖਾਉਣਾ ਜ਼ਰੂਰੀ ਹੈ?

### ... ਅਤੇ ਨਿਰਦੇਸ਼

- ਸੀ.ਬੀ.ਆਈ. ਜਾਂਚ ਨਾਲ ਜੁੜੇ ਅਫ਼ਸਰਾਂ ਦਾ ਬਿਓਰਾ ਦੇਵੇ।
- ਸੀ.ਬੀ.ਆਈ. ਦੇ ਮਾਮਲਿਆਂ ਦੀ ਨਿਗਰਾਨੀ ਸੀ.ਵੀ.ਸੀ. ਕਰੇ।
- ਛੇ ਮਈ ਨੂੰ ਘੁਟਾਲੇ ਦੀ ਜਾਂਚ ਦੀ ਸਟੇਟਸ ਰਿਪੋਰਟ ਫੇਰ ਦਾਖ਼ਲ ਹੋਵੇ।

## ਪ੍ਰਧਾਨ ਮੰਤਰੀ ਬੋਲੇ : ਪਹਿਲਾਂ ਟਿੱਪਣੀ ਪੜ੍ਹ ਤਾਂ ਲਵਾਂ

ਸੁਪਰੀਮ ਕੋਰਟ ਦੀ ਟਿਪਣੀ ਦੇ 5 ਘੰਟਿਆਂ ਮਗਰੋਂ ਪ੍ਰਧਾਨ ਮੰਤਰੀ ਨੇ ਕਿਹਾ, 'ਟਿੱਪਣੀ ਦਾ ਅਧਿਐਨ ਕਰਨ ਮਗਰੋਂ ਕਦਮ ਚੁੱਕਾਂਗੇ।' ਉਧਰ ਪਾਰਟੀ ਦੇ ਬੁਲਾਰੇ ਜਨਾਰਦਨ ਦਿਵੇਦੀ ਨੇ ਕਿਹਾ ਕਿ ਅਦਾਲਤ ਦੀ ਟਿੱਪਣੀ ਅੰਤਿਮ ਫ਼ੈਸਲਾ ਨਹੀਂ ਹੈ। ਇਸ ਲਈ ਕਿਸੇ ਦੇ ਅਸਤੀਫ਼ੇ ਦਾ ਸਵਾਲ ਨਹੀਂ।

## ਸੰਸਦ ਵਿਚ ਹੰਗਾਮਾ ਕਰਾਉਂਦੀ ਹੈ ਸੋਨੀਆ : ਸੁਸ਼ਮਾ ਸਵਰਾਜ

2004 ਵਿਚ ਵਿਦੇਸ਼ੀ ਮੂਲ ਦਾ ਮੁੱਦਾ ਚੁੱਕਣ ਵਾਲੀ ਸੁਸ਼ਮਾ ਸਵਰਾਜ ਨੇ ਇਕ ਵਾਰ ਫੇਰ ਸੋਨੀਆ 'ਤੇ ਹਮਲਾ ਕੀਤਾ। ਉਨ੍ਹਾਂ ਕਿਹਾ, 'ਮੈਨੂੰ ਬੋਲਣ ਤੋਂ ਰੋਕਣ ਲਈ ਸੋਨੀਆ ਆਪਣੇ ਸੰਸਦ ਮੈਂਬਰਾਂ ਨੂੰ ਹੰਗਾਮੇ ਲਈ ਉਕਸਾਉਂਦੀ ਹੈ।

ਸੁਸ਼ਮਾ ਨੇ ਕਿਹਾ ਕਿ ਹੰਗਾਮਾ ਵਧਦਾ ਹੈ ਤਾਂ ਸੋਨੀਆ ਦੇ ਇਸ਼ਾਰੇ 'ਤੇ ਸਪੀਕਰ ਬੋਲਣ ਤੋਂ ਰੋਕਦੇ ਹਨ। ਹੁਣ ਅਸੀਂ ਸਪੀਕਰ ਵੱਲੋਂ ਸੱਦੀ ਜਾਣ ਵਾਲੀ ਕਿਸੇ ਵੀ ਮੀਟਿੰਗ ਵਿਚ ਕਦੇ ਨਹੀਂ ਜਾਵਾਂਗੇ।

**ਚੁੱਪ ਕਿਉਂ ਰਹੀਏ :** ਸਰਕਾਰ ਕਹਿੰਦੀ ਹੈ ਕਿ ਅਸੀਂ ਸੰਸਦ ਨਹੀਂ ਚੱਲਣ ਦਿੰਦੇ? ਕੀ ਅਸੀਂ ਚੁੱਪ ਬੈਠਣ ਲਈ ਇਥੇ ਆਏ ਹਾਂ? ਚੁੱਪ ਰਹਿ ਕੇ ਅਸੀਂ ਸਰਕਾਰ ਦੇ ਪਾਪ ਵਿਚ ਹਿੱਸੇਦਾਰ ਨਹੀਂ ਬਣ ਸਕਦੇ। ਇਹ ਇਤਿਹਾਸ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਹੈ।

# 29 ਵਰ੍ਹਿਆਂ ਮਗਰੋਂ ਵੀ ਨਿਆਂ ਨਹੀਂ

"ਸਿੱਖ ਕਤਲੇਆਮ ਮਾਮਲੇ ਵਿਚੋਂ ਸੱਜਣ ਕੁਮਾਰ ਬਰੀ

ਜੱਜ ਵੱਲ ਜੁੱਤੀ ਵਗਾਹ ਮਾਰਨ 'ਤੇ ਪੀਰ ਮੁਹੰਮਦ ਗ੍ਰਿਫ਼ਤਾਰ

ਪੰਜ ਹੋਰਨਾਂ ਨੂੰ ਦੋਸ਼ੀ ਠਹਿਰਾਇਆ"

ਨਵੀਂ ਦਿੱਲੀ (ਨਦਬ) 1984 ਦੇ ਸਿੱਖ ਕਤਲੇਆਮ ਵਿਚ ਕਾਂਗਰਸ ਆਗੂ ਸੱਜਣ ਕੁਮਾਰ 29 ਵਰ੍ਹਿਆਂ ਬਾਅਦ ਸਬੂਤਾਂ ਦੀ ਕਮੀ ਕਾਰਨ ਬਰੀ ਹੋ ਗਏ ਹਨ। ਕੜਕੜਡੂੰਮਾ ਅਦਾਲਤ ਨੇ ਉਨ੍ਹਾਂ ਨੂੰ ਕਤਲੇਆਮ ਦੌਰਾਨ ਦਿੱਲੀ ਕੈਂਟ ਕੇਸ ਨਾਲ ਜੁੜੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਸੱਜਣ 'ਤੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਭੀੜ ਨੂੰ ਹਿੰਸਾ ਲਈ ਭੜਕਾਉਣ ਦਾ ਦੋਸ਼ ਸੀ।

ਅਦਾਲਤ ਨੇ ਪੰਜ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਹੈ। ਇਨ੍ਹਾਂ ਦੇ ਨਾਂਅ ਹਨ-ਬਲਵਨ ਖੋਖਰ, ਮਹਿੰਦਰ ਯਾਦਵ, ਕਿਸ਼ਨ ਖੋਖਰ, ਗਿਰਧਾਰੀ ਲਾਲ ਤੇ ਕੈਪਟਨ ਭਾਗਮਲ। ਬਲਵਨ, ਗਿਰਧਾਰੀ ਤੇ ਭਾਗਮਲ ਨੂੰ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਨ੍ਹਾਂ ਨੂੰ 6 ਮਈ ਨੂੰ ਸਜ਼ਾ ਹੋਵੇਗੀ। ਜੱਜ ਜੇ.ਆਰ. ਆਰੀਅਨ ਨੇ ਜਿਵੇਂ ਹੀ ਫ਼ੈਸਲਾ ਸੁਣਾਇਆ, ਉਥੇ ਮੌਜੂਦ ਕਰਨੈਲ ਸਿੰਘ ਪੀਰ ਮੁਹੰਮਦ ਨੇ ਜੱਜ ਵੱਲ ਜੁੱਤਾ ਵਗਾਹ ਮਾਰਿਆ। ਇਸ ਮਗਰੋਂ ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਪੂਰੇ ਮਾਮਲੇ ਦੀ ਜਾਂਚ ਲਈ ਐਸ.ਆਈ.ਟੀ. ਕਾਇਮ ਹੋਣੀ ਚਾਹੀਦੀ ਹੈ।

### ਸੱਜਣ 'ਤੇ ਹਮਲੇ ਦੀ ਕੋਸ਼ਿਸ਼

ਅਦਾਲਤ ਵਿਚ ਸੱਜਣ ਕੁਮਾਰ ਵੀ ਮੌਜੂਦ ਸਨ। ਫ਼ੈਸਲਾ ਸੁਣਨ ਮਗਰੋਂ ਉਹ ਬੇਹੱਦ ਭਾਵੁਕ ਹੋ ਗਏ ਅਤੇ ਰੋਣ ਲੱਗੇ। ਬਾਹਰ ਹੰਗਾਮਾ ਹੋਣ ਕਾਰਨ ਉਨ੍ਹਾਂ ਨੂੰ ਪਿਛਲੇ ਦਰਵਾਜ਼ਿਓਂ ਭਾਰੀ ਸੁਰੱਖਿਆ ਵਿਚ ਬਾਹਰ ਕੱਢਿਆ ਗਿਆ। ਹਾਲਾਂਕਿ ਇਸ ਤੋਂ ਪਹਿਲਾਂ ਅਦਾਲਤੀ ਰੂਮ ਵਿਚ ਪੀੜਤ ਪਰਿਵਾਰ ਦੇ ਇਕ ਵਿਅਕਤੀ ਨੇ ਹਮਲੇ ਦੀ ਕੋਸ਼ਿਸ਼ ਕੀਤੀ। ਪਰ ਸੁਰੱਖਿਆ ਮੁਲਾਜ਼ਮਾਂ ਨੇ ਉਸ ਦਾ ਹੱਥ ਫੜ ਲਿਆ।

### 'ਪਤੀ-ਪੁੱਤ ਗਵਾਇਆ, ਹੁਣ ਮੈਨੂੰ ਵੀ ਮਾਰੋ'

ਪਤੀ, ਪੁੱਤ ਤੇ ਤਿੰਨ ਹੋਰਨਾਂ ਰਿਸ਼ਤੇਦਾਰਾਂ ਨੂੰ ਗੁਆ ਚੁੱਕੀ ਜਗਦੀਸ਼ ਕੌਰ ਨੇ ਕਿਹਾ, 'ਬਹੁਤ ਹੋ ਗਿਆ, ਹੁਣ ਮੈਨੂੰ ਵੀ ਮਾਰ ਦਿਓ। 29 ਸਾਲ ਤਕ ਲੜਾਈ ਲੜਨ ਮਗਰੋਂ ਹੁਣ ਮੈਂ ਹਾਰ ਗਈ ਹਾਂ।'



LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205


REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ੍ਰੀਦਣ ਲਈ ਨੁਸਰਤ ਅਲੀ ਅਖਤਰ ਨੂੰ ਸੰਪਰਕ ਕਰੋ
780-994-1600 (Cell)
780-450-6300 (24 Hrs)
Fax: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
4107-99 St NW, Edmonton

ALL INDIA
RESTAURANT & SWEETS

Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜ਼ਰੂਰੀ।
- ਅਸੀਂ ਤੁਹਾਡੀ ਜ਼ਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh

ਸਮੂਹ ਭਾਈਚਾਰੇ ਨੂੰ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech BUILDING SYSTEMS INC.
ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"

Please call for all your Commercial Real Estate Needs in Hotel, Motel,Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Try Us Tonight For Best Deal In Town
**3 For 1**
Any 3 Toppings
12" Medium - 14" Large

Menisa Plaza (on Millwood Road) 1079 Knottwood Road East NW Edmonton
**780 485 1213 or 780 485 1231**

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche



Kuldip S. Powar

# POWAR
## HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
**Ph: 780-695-6595**

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ
ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ,
ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
## 50549, RANGE ROAD 234 EDMONTON, AB

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
## Tent Rentals
All Events Big or Small

We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਕਾਲਜਾਂ 'ਤੇ ਵੱਡੀਆਂ ਕਟੌਤੀਆਂ ਥੋਪੀਆਂ

ਐਡਮਿੰਟਨ-(ਨਦਬ) ਪ੍ਰਾਪਤ ਜਾਣਕਾਰੀ ਅਨੁਸਾਰ ਦੋ ਪੇਂਡੂ ਖੇਤਰਾਂ ਵਿਚ ਸਥਿਤ ਕਮਿਊਨਿਟੀ ਕਾਲਜ, ਵਰਮਿਲੀਅਨ ਦਾ ਲੇਕਲੈਂਡ ਕਾਲਜ ਅਤੇ ਲੈਕ ਲਾ ਬਿਚੇ ਦਾ ਪੋਰਟੇਜ਼ ਕਾਲਜ ਦੇ ਬਜਟ ਦੇ ਮੁਲਾਂਕਣ ਤੋਂ ਬਾਅਦ ਅਲਬਰਟਾ ਦੇ ਐਡਵਾਂਸਡ ਐਜੂਕੇਸ਼ਨ ਡਿਪਾਰਟਮੈਂਟ ਵੱਲੋਂ ਇਨ੍ਹਾਂ ਕਾਲਜਾਂ 'ਤੇ ਵੱਡੀਆਂ ਕਟੌਤੀਆਂ ਥੋਪੀਆਂ ਗਈਆਂ ਹਨ। ਇਨ੍ਹਾਂ ਕਟੌਤੀਆਂ ਦੇ ਚਲਦਿਆਂ ਲੇਕਲੈਂਡ ਕਾਲਜ ਵਿਚ 40 ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾਵੇਗੀ ਤੇ ਕਾਲਜ ਵੱਲੋਂ ਚਲਾਏ ਜਾ ਰਹੇ ਲਗਭਗ ਅੱਧੀ ਦਰਜਨ ਪ੍ਰੋਗਰਾਮ ਬੰਦ ਕੀਤੇ ਜਾਣਗੇ। ਇਸ ਤਰ੍ਹਾਂ ਹੀ ਪੋਰਟੇਜ ਕਾਲਜ ਵਿਚ 15 ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾਵੇਗੀ, ਜਿਸ ਵਿਚ ਦਸ ਅਧਿਆਪਕ ਸ਼ਾਮਲ ਹਨ। ਇਸ ਤੋਂ ਇਲਾਵਾ ਕਾਲਜ ਦੇ ਵੈਗਰੀਵਿਲਾ ਅਤੇ ਬੋਨੀਵਿਲਾ ਵਿਚ ਚੱਲ ਰਹੇ ਕੈਂਪਸ ਬੰਦ ਕੀਤੇ ਜਾਣਗੇ। ਅਜਿਹਾ ਕਰਨ ਨਾਲ ਚਾਰ ਮਿਲੀਅਨ ਦੀ ਬੱਚਤ ਹੋਵੇਗੀ। ਜ਼ਿਕਰਯੋਗ ਹੈ ਕਿ ਇਨ੍ਹਾਂ ਕਟੌਤੀਆਂ ਦਾ ਅਸਰ ਤੀਸਰੇ ਉੱਤਰੀ ਲੇਕਜ਼ ਕਾਲਜ ਜਿਸ ਵਿਚ ਛੋਟੀਆਂ-ਛੋਟੀਆਂ 25 ਕਮਿਊਨਿਟੀਆਂ ਦੇ ਵਿਦਿਆਰਥੀ ਪੜ੍ਹਦੇ ਹਨ, 'ਤੇ ਵੀ ਪਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਇਹ ਕਮਿਊਨਿਟੀਆਂ ਮੂਲਵਾਸੀਆਂ ਨਾਲ ਸਬੰਧਤ ਹਨ।

ਇਨ੍ਹਾਂ ਕਟੌਤੀਆਂ ਸਬੰਧੀ ਪੋਰਟੇਜ਼ ਕਾਲਜ ਦੇ ਬੋਰਡ ਆਫ਼ ਗਵਰਨਰਜ਼ ਦੇ ਚੇਅਰ ਬ੍ਰਾਈਡਨ ਵਾਰਡ ਦਾ ਕਹਿਣਾ ਹੈ ਕਿ ਕਟੌਤੀਆਂ ਦੀ ਇਸ ਪ੍ਰਕਿਰਿਆ ਵਿਚ ਬਹੁਤ ਸਾਰੇ ਵਿਦਿਆਰਥੀ ਆਪਣੀ ਪੜ੍ਹਾਈ ਗਵਾ ਲੈਣਗੇ। ਸਰਕਾਰ ਨੇ ਇਹ ਫੈਸਲਾ ਤਰਕਸੰਗਤ ਤਰੀਕੇ ਨਾਲ ਨਹੀਂ ਲਿਆ। ਉੱਤਰੀ ਲੇਕਜ਼ ਕਾਲਜ ਦੇ ਪ੍ਰਧਾਨ ਰਿਕ ਨਈਡਿਗ ਦਾ ਕਹਿਣਾ ਹੈ ਕਿ ਸਰਕਾਰ ਦੇ ਇਸ ਫੈਸਲੇ ਦਾ ਖ਼ਮਿਆਜ਼ਾ ਬਹੁਤ ਸਾਰੇ ਵਿਦਿਆਰਥੀਆਂ ਨੂੰ ਝੱਲਣਾ ਪਏਗਾ। ਉਨ੍ਹਾਂ ਕਿਹਾ ਕਿ ਇਸ ਇਲਾਕੇ ਵਿਚ ਪਛੜੇਪਣ ਤੇ ਗ਼ਰੀਬੀ ਦੇ ਚਲਦਿਆਂ ਇਹ ਹੋਰ ਵੀ ਤ੍ਰਾਸਦਿਕ ਹੈ, ਕਿਉਂਕਿ ਅਸੀਂ ਚਾਹੁੰਦੇ ਸੀ ਕਿ ਇੱਥੋਂ ਦੇ ਨੌਜਵਾਨ ਕੈਰੀਅਰ ਨਾਲ ਜੁੜਨ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਸਾਲ ਇਸ ਕਾਲਜ ਨੂੰ ਸੂਬਾ ਸਰਕਾਰ ਵੱਲੋਂ ਮੂਲਵਾਸੀ ਕਮਿਊਨਿਟੀਆਂ ਅਡਲਟ ਅਪਗਰੇਡਿੰਗ ਪ੍ਰੋਗਰਾਮ ਤਹਿਤ ਕੋਰਸਾਂ ਲਈ ਦੋ ਲੱਖ ਡਾਲਰ ਦੀ ਵਿਸ਼ੇਸ਼ ਗਰਾਂਟ ਦਿੱਤੀ ਗਈ ਸੀ। ਵਾਈਲਡਰੋਜ਼ ਐਮ.ਐਲ.ਏ. ਸ਼ਾਇਨ ਸਸਕਿਊ ਦਾ ਇਸ ਸਬੰਧੀ ਕਹਿਣਾ ਹੈ ਕਿ ਇਸ ਫੈਸਲੇ ਨਾਲ ਉੱਤਰ ਪੂਰਬੀ ਇਲਾਕੇ ਦੀ ਆਰਥਕ ਹਾਲਤ ਹੋਰ ਵਿਗੜੇਗੀ, ਜਦੋਂਕਿ ਇੱਥੇ ਮਾਹਰ ਕਾਮਿਆਂ ਦੀ ਪਹਿਲਾਂ ਹੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਛੜੀਆਂ ਕਮਿਊਨਿਟੀਆਂ ਵਿਚ ਤਾਂ ਪਹਿਲਾਂ ਹੀ ਪੜ੍ਹਣ ਦਾ ਰਿਵਾਜ਼ ਨਹੀਂ ਹੈ ਪਰ ਹੁਣ ਇਹ ਲੋਕ ਹੋਰ ਪਿੱਛੇ ਚਲੇ ਜਾਣਗੇ।

ਇਸ ਤਰ੍ਹਾਂ ਹੀ ਗਰੈਂਡ ਪੈਰੀ ਰਿਜਨਲ ਕਾਲਜ, ਜਿਸ ਵਿਚ ਸੱਤ ਹਜ਼ਾਰ ਵਿਦਿਆਰਥੀ ਪੜ੍ਹਦੇ ਹਨ, 'ਤੇ ਚਾਰ ਮਿਲੀਅਨ ਡਾਲਰ ਦਾ ਕੱਟ ਲੱਗਿਆ ਹੈ, ਜਿਸ ਨਾਲ ਵੱਡੇ ਪੱਧਰ 'ਤੇ ਕਾਲਜ ਪ੍ਰਭਾਵਤ ਹੋਵੇਗਾ। ਐਡਮਿੰਟਨ ਦੀ ਮੈਕ ਇਵਾਨ ਯੂਨੀਵਰਸਿਟੀ ਦੇ ਬੋਰਡ ਆਫ਼ ਗਵਰਨਰਜ਼ ਵੱਲੋਂ ਯੂਨੀਵਰਸਿਟੀ ਦੇ ਬਜਟ ਦਾ ਮੁਲਾਂਕਣ ਕੀਤਾ ਗਿਆ। ਇਸ ਦੌਰਾਨ ਫੈਸਲਾ ਹੋਇਆ ਕਿ 72 ਖਾਲੀ ਪੋਸਟਾਂ ਨੂੰ ਭਰਿਆ ਨਹੀਂ ਜਾਵੇਗਾ।

# ਰੇਅ ਮਾਰਟਿਨ ਵੱਲੋਂ ਈ.ਪੀ.ਐਸ.ਬੀ. ਦੀਆਂ ਚੋਣਾਂ ਲੜਨ ਦਾ ਐਲਾਨ



ਐਡਮਿੰਟਨ (ਨਦਬ) ਸਾਬਕਾ ਐਨ.ਡੀ.ਪੀ. ਆਗੂ ਅਤੇ ਸਿੱਖਿਆ ਮਾਹਰ ਰੇਅ ਮਾਰਟਿਨ ਨੇ ਐਲਾਨ ਕੀਤਾ ਹੈ ਕਿ ਉਹ ਅਕਤੂਬਰ ਵਿਚ ਹੋਣ ਵਾਲੀਆਂ ਐਡਮਿੰਟਨ ਪਬਲਿਕ ਸਕੂਲ ਬੋਰਡ ਦੀਆਂ ਚੋਣਾਂ ਵਿਚ ਭਾਗ ਲਵੇਗਾ। ਮਾਰਟਿਨ ਨੇ ਕਿਹਾ, 'ਸਰਕਾਰ ਵੱਲੋਂ ਕੀਤੀਆਂ ਗਈਆਂ ਕਟੌਤੀਆਂ ਕਾਰਨ ਐਡਮਿੰਟਨ ਦੇ ਸ਼ਹਿਰੀ ਖੇਤਰ ਦੇ ਸਕੂਲਾਂ ਨੂੰ ਵਿੱਤੀ ਕਠਿਨਾਈਆਂ ਦਾ ਵੱਡੇ ਪੱਧਰ 'ਤੇ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਸਕੂਲਾਂ ਦੀ ਹਾਲਤ ਹਰ ਪੱਖੋਂ ਤਰਸਯੋਗ ਹੋ ਰਹੀ ਹੈ। ਅਜਿਹੇ ਹਾਲਤਾਂ ਨੂੰ ਦੇਖਦਿਆਂ ਹੀ ਮੈਂ ਚੋਣ ਲੜਨ ਦਾ ਫੈਸਲਾ ਕੀਤਾ ਹੈ। ਸਕੂਲਾਂ ਦੀ ਹਾਲਤ ਵਿਚ ਸੁਧਾਰ ਲਿਆਉਣ ਲਈ ਹਰ ਐਡਮਿੰਟਨ ਵਾਸੀ ਨੂੰ ਸੁਚੇਤ ਹੋਣਾ ਪਵੇਗਾ ਤਾਂ ਜੋ ਸਰਕਾਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਸਕੇ।' ਉਨ੍ਹਾਂ ਕਿਹਾ, 'ਜੇਕਰ ਅਸੀਂ ਹੁਣ ਵੀ ਨਾ ਸੰਭਲੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਾ ਭਾਰੀ ਖਮਿਆਜ਼ਾ ਭੁਗਤਣਾ ਪਏਗਾ।'

ਜ਼ਿਕਰਯੋਗ ਹੈ ਕਿ ਮਾਰਟਿਨ ਲੰਮੇ ਸਮੇਂ ਤੋਂ ਸਿੱਖਿਆ ਖੇਤਰ ਨਾਲ ਜੁੜਿਆ ਹੋਇਆ ਹੈ। ਉਸ ਨੇ ਸਰੀਰਕ ਸਿੱਖਿਆ ਦੇ ਅਧਿਆਪਕ ਅਤੇ ਗਾਈਡੈਂਸ ਕੌਂਸਲਰ ਵਜੋਂ ਇਸ ਖੇਤਰ ਵਿਚ 15 ਸਾਲ ਕੰਮ ਕੀਤਾ ਹੈ। 2001 ਤੋਂ 2004 ਤਕ ਉਹ ਐਡਮਿੰਟਨ ਪਬਲਿਕ ਸਕੂਲ ਬੋਰਡ ਦਾ ਟਰੱਸਟੀ ਰਿਹਾ ਹੈ ਤੇ ਐਨ.ਡੀ.ਪੀ. 'ਚ ਹੁੰਦਿਆਂ ਸਿੱਖਿਆ ਆਲੋਚਕ ਵਜੋਂ ਚਾਰ ਸਾਲ ਕੰਮ ਕਰ ਚੁੱਕਾ ਹੈ।

ਮਾਰਟਿਨ ਵਾਰਡ ਡੀ ਤੋਂ ਚੋਣਾਂ ਲੜੇਗਾ। ਉਹ ਪਹਿਲਾਂ ਟਰੱਸਟੀ ਵਜੋਂ ਵੀ ਇਸ ਖੇਤਰ ਦੀ ਪ੍ਰਤੀਨਿਧਤਾ ਕਰ ਚੁੱਕਾ ਹੈ ਤੇ ਇਸ ਖੇਤਰ 'ਚੋਂ ਉਸ ਨੇ ਚਾਰ ਵਾਰ ਵਿਧਾਨ ਸਭਾ ਦੀਆਂ ਚੋਣਾਂ ਜਿੱਤੀਆਂ ਹਨ। ਮਾਰਟਿਨ ਨੇ ਐਨ.ਡੀ.ਪੀ. ਦੇ ਆਗੂ ਵਜੋਂ ਨੌਂ ਸਾਲ ਕੰਮ ਕੀਤਾ ਤੇ ਵਿਧਾਨ ਸਭਾ ਵਿਚ ਉਹ ਵਿਰੋਧੀ ਧਿਰ ਦੇ ਆਗੂ ਦੀਆਂ ਸੇਵਾਵਾਂ ਨਿਭਾ ਚੁੱਕਾ ਹੈ।

# ਦਰਿਆਵਾਂ ਨੂੰ ਬਚਾਉਣ ਲਈ ਐਨ.ਡੀ.ਪੀ. ਦਾ ਉਪਰਾਲਾ

ਓਟਾਵਾ (ਨਦਬ) ਐਨ.ਡੀ.ਪੀ. ਦੇ ਦਸ ਪ੍ਰਾਈਵੇਟ ਮੈਂਬਰਾਂ ਵੱਲੋਂ ਬਿਲ ਪੇਸ਼ ਕਰ ਕੇ ਕੰਜ਼ਰਵੇਟਿਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਨੈਵੀਗੇਬਲ ਵਾਟਰ ਪ੍ਰੋਟੈਕਸ਼ਨ ਐਕਟ ਵਿਚ ਫਿਰ ਤੋਂ ਕੁੱਝ ਤਬਦੀਲੀਆਂ ਕਰ ਕੇ ਕਨੇਡਾ ਦੇ ਦਰਿਆਵਾਂ ਅਤੇ ਝੀਲਾਂ ਨੂੰ ਬਚਾਇਆ ਜਾਵੇ। ਐਨ.ਡੀ.ਪੀ. ਨੇ ਇਸ ਨੂੰ ਲੈ ਕੇ ਪੂਰੀ ਮੁਹਿੰਮ ਵਿੱਢੀ ਹੈ। ਐਨ.ਡੀ.ਪੀ. ਦੇ ਆਗੂਆਂ ਦਾ ਕਹਿਣਾ ਹੈ ਕਿ ਝੀਲਾਂ ਅਤੇ ਦਰਿਆਵਾਂ ਨੂੰ ਬਚਾਉਣ ਦੀ ਸ਼ੁਰੂਆਤ ਵਿਰਾਸਤੀ ਤੇ ਇਤਿਹਾਸਕ ਦਰਿਆਵਾਂ ਤੋਂ ਕੀਤੀ ਜਾਵੇਗੀ।

ਐਨ.ਡੀ.ਪੀ. ਦੇ ਐਮ.ਪੀ. ਲਿੰਡਾ ਡੰਕਨ ਦਾ ਕਹਿਣਾ ਹੈ ਕਿ ਜਿਨ੍ਹਾਂ ਦਰਿਆਵਾਂ ਅਤੇ ਝੀਲਾਂ ਦੀ ਇਤਿਹਾਸਕ ਤੇ ਵਿਰਾਸਤੀ ਮਹੱਤਤਾ ਹੈ, ਉਨ੍ਹਾਂ ਨੂੰ ਬਚਾਉਣਾ ਸਾਡਾ ਮੁਢਲਾ ਫਰਜ਼ ਹੈ ਕਿਉਂਕਿ ਇਹ ਆਉਣ ਵਾਲੀਆਂ ਪੀੜ੍ਹੀਆਂ ਦੀ ਸੰਪਤੀ ਹੈ। ਉਨ੍ਹਾਂ ਕਿਹਾ ਕਿ ਕੰਜ਼ਰਵੇਟਿਵਾਂ ਦੁਆਰਾ ਦਰਿਆਵਾਂ ਨੂੰ ਬਚਾਉਣ ਲਈ 1980 'ਚ ਬਣੇ ਕਾਨੂੰਨ ਵਿਚ ਕੀਤਾ ਸੁਧਾਰ ਪੂਰੀ ਤਰ੍ਹਾਂ ਸਮਰਥ ਨਹੀਂ ਹੈ ਤੇ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਹੀ ਐਨ.ਡੀ.ਪੀ. ਵੱਲੋਂ ਕਾਨੂੰਨ ਵਿਚ ਹੋਰ ਸੁਧਾਰ ਕਰਨ ਦੀ ਅਪੀਲ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਦਰਿਆਵਾਂ ਅਤੇ ਝੀਲਾਂ ਨੂੰ ਬਚਾਉਣ ਲਈ 1980 ਵਿਚ ਨੈਵੀਗੇਬਲ ਵਾਟਰ ਪ੍ਰੋਟੈਕਸ਼ਨ ਐਕਟ ਹੋਂਦ ਵਿਚ ਆਇਆ ਸੀ, ਜਿਸ ਵਿਚ ਕੁੱਝ ਸੁਧਾਰ ਕੀਤੇ ਗਏ ਸਨ। ਇਹ ਸੁਧਾਰ ਸਿਰਫ਼ ਦੋ ਪ੍ਰਤੀਸ਼ਤ ਦਰਿਆਵਾਂ ਨੂੰ ਹੀ ਬਚਾਉਣ ਦੇ ਸਮਰਥ ਹਨ। ਐਨ.ਡੀ.ਪੀ. ਆਗੂ ਲਿੰਡਾ ਡੰਕਨ ਦਾ ਕਹਿਣਾ ਹੈ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ, ਇਸ ਖੇਤਰ ਵਿਚ ਅਜੇ ਬਹੁਤ ਕੁੱਝ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਲਬਰਟਾ ਵਿਚ ਬਹੁਤ ਸਾਰੇ ਦਰਿਆ ਹਨ, ਜਿਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਸਰਕਾਰ ਉਨ੍ਹਾਂ ਨੂੰ ਬਚਾਉਣ ਲਈ ਕੁੱਝ ਵੀ ਨਹੀਂ ਕਰ ਰਹੀ। ਸਾਡੀ ਕੋਸ਼ਿਸ਼ ਹੋਵੇਗੀ ਕਿ ਇਸ ਲਈ ਅਲਬਰਟਾ ਵਾਸੀਆਂ ਨਾਲ ਵੀ ਸੰਪਰਕ ਕੀਤਾ ਜਾਵੇ ਤਾਂ ਜੋ ਇੱਛਾ ਅਨੁਸਾਰ ਉਹ ਵੀ ਆਪਣਾ ਯੋਗਦਾਨ ਪਾ ਸਕਣ।

# ਜਸਟਿਨ ਟਰੂਡੋ ਦੇ ਸਿਰ ਸਜਿਆ ਤਾਜ



ਓਟਵਾ (ਨਦਬ) : ਲਿਬਰਲ ਪਾਰਟੀ ਨੇ ਨੌਜਵਾਨ ਐਮ ਪੀ ਜਸਟਿਨ ਟਰੂਡੋ ਨੂੰ ਆਪਣਾ ਨਵਾਂ ਲੀਡਰ ਚੁੱਣ ਲਿਆ ਹੈ ਜਿਸ ਨਾਲ ਲਿਬਰਲ ਪਾਰਟੀ ਵਿਚ ਜਿਥੇ ਇਕ ਨਵੀਂ ਰੂਹ ਫੂਕੀ ਜਾਵੇਗੀ ਉਥੇ ਤੀਸਰੇ ਸਥਾਨ 'ਤੇ ਰਹਿ ਗਈ ਲਿਬਰਲ ਪਾਰਟੀ 2015 ਦੀ ਚੋਣਾਂ ਵਿਚ ਰਾਜਨਤਕ ਦ੍ਰਿਸ਼ ਬਦਲ ਵੀ ਸਕਦੀ ਹੈ ਕਿਉਂਕਿ ਪੋਲ ਸਰਵੇ ਅਨੁਸਾਰ ਜੇਕਰ ਅੱਜ ਚੋਣ ਹੁੰਦੀ ਹੈ ਤਾਂ ਜਸਟਿਨ ਟਰੂਡੋ ਦੀ ਅਗਵਾਈ ਹੇਠ ਲਿਬਰਲ ਪਾਰਟੀ ਆਪਣੀ ਸਰਕਾਰ ਬਣਾ ਸਕਦੀ ਹੈ। ਹੁਣ ਦੇਖਣ ਵਾਲੀ ਗੱਲ ਹੈ ਕਿ 2015 ਤੱਕ ਜਸਟਿਨ ਟਰੂਡੋ ਇਹ ਲੀਡ ਵਧਾਉਂਦੇ ਹਨ ਜਾਂ ਇਸਨੂੰ ਬਰਕਰਾਰ ਰੱਖਦੇ ਹਨ। ਯਾਦ ਰਹੇ ਕਿ ਪਿਛਲੇ ਪੰਜ ਮਹੀਨਿਆਂ ਤੋਂ ਲਿਬਰਲ ਪਾਰਟੀ ਦੇ ਲੀਡਰ ਦੀ ਚੋਣ ਪ੍ਰੀਕਿਰਿਆ ਚੱਲ ਰਹੀ ਸੀ ਜਿਸ ਵਿਚ ਜਸਟਿਨ ਟਰੂਡੋ ਸਮੇਤ ਛੇ ਲੀਡਰ ਆਪਣੀ ਕਿਸਮਤ ਅਜ਼ਮਾ ਰਹੇ ਸਨ। ਇਸ ਚੋਣ ਲਈ 1,27,264 ਲੋਕਾਂ ਨੇ ਵੋਟ ਪਾਉਣ ਲਈ ਆਪਣੇ ਨਾਮ, ਰਜ਼ਿਸ਼ਟਰ ਕਰਵਾਏ ਸਨ ਜੋ ਲਿਬਰਲ ਪਾਰਟੀ ਦੇ ਮੈਂਬਰ ਜਾਂ ਹਮਾਇਤੀ ਸਨ। ਇਹਨਾਂ ਵਿਚੋਂ ਇਕ ਲੱਖ ਤਿੰਨ ਹਜਾਰ 7 ਸੌ ਇਕਤਾਲੀ ਲੋਕਾਂ ਨੇ ਲਿਬਰਲ ਪਾਰਟੀ ਦਾ ਨਵਾਂ ਲੀਡਰ ਚੁਣਨ ਲਈ ਆਪਣੀ ਵੋਟ ਪਾਈ ਸੀ। ਜਸਟਿਨ ਟਰੂਡੋ ਨੇ 78% ਵੋਟਾਂ ਪ੍ਰਾਪਤ ਕਰਕੇ ਲਿਬਰਲ ਪਾਰਟੀ ਦੇ ਲੀਡਰ ਦੀ ਚੋਣ ਜਿੱਤੀ ਹੈ। ਇਸ ਦੌੜ ਵਿਚ ਐਮਪੀ ਜੋਇਸ ਮੂਰੇ, ਡੈਬਰਾ ਕੋਇਨ, ਕੈਰਨ ਮੈਕ-ਕਰਿਮਨਸਨ, ਸਾਬਕਾ ਐਮਪੀਜ਼ ਮਾਰਥਾ ਹਾਲ ਫਿੰਡਲੇ ਅਤੇ ਮਾਰਟਿਨ ਕੌਚੂਨ ਵੀ ਸ਼ਾਮਲ ਸਨ। ਇਸ ਲੀਡਰਸ਼ਿਪ ਦੌੜ ਵਿਚ ਜਸਟਿਨ ਟਰੂਡੋ ਨੇ ਇਕ ਮਿਲੀਅਨ ਤੋਂ ਜ਼ਿਆਦਾ ਫੰਡ ਰੇਜ਼ਿੰਗ ਕੀਤੀ ਸੀ ਜੋ ਕਿ ਇਕ ਰਿਕਾਰਡ ਹੈ। ਵੈਨਕੂਵਰ ਐਮਪੀ ਜੋਇਸ ਮੂਰੇ ਇਸ ਦੌੜ ਵਿਚ ਦੂਸਰੇ ਸਥਾਨ 'ਤੇ ਰਹੀ ਹੈ। 41 ਸਾਲ ਦਾ ਜਸਟਿਨ ਟਰੂਡੋ ਪੈਪੀਨਾਊ ਤੋਂ ਐਮ ਪੀ ਹੈ ਅਤੇ ਉਹ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਪੈਰੀ ਟਰੂਡੋ ਦਾ ਬੇਟਾ ਹੈ ਜਿਸਦਾ ਕੈਨੇਡੀਅਨਾਂ ਦੇ ਮਨਾਂ ਵਿਚ ਬਹੁਤ ਸਤਿਕਾਰ ਹੈ।

# ਸਰ੍ਹੀ ਦੇ ਪੰਜ ਜੀਅ ਹਾਦਸੇ ਵਿਚ ਹਲਾਕ



ਸਰ੍ਹੀ (ਨਦਬ) ਬੀਸੀ ਵਿੱਚ ਹੋਏ ਘਾਤਕ ਕਾਰ ਹਾਦਸੇ ਵਿੱਚ ਇੱਕ ਪੰਜਾਬੀ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਖ਼ਤਮ ਹੋ ਗਈਆਂ। ਇਹ ਪਰਿਵਾਰ ਸਰ੍ਹੀ ਦੇ ਹੀ 'ਸਚਦੇਵਾ ਸਵੀਟਸ' ਦੇ ਮਾਲਕ ਜੌਲੀ ਸਚਦੇਵਾ ਦਾ ਸੀ। ਪਰਿਵਾਰ ਦੇ ਨਜ਼ਦੀਕੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਾਰ ਵਿੱਚ ਉਸ ਵੇਲੇ ਜੌਲੀ ਸਚਦੇਵਾ ਦੀ ਪਤਨੀ ਰੀਨਾ, ਮਾਂ ਅਤੇ ਭੈਣ ਨੀਲਮ ਤੋਂ ਇਲਾਵਾ ਜੌਲੀ ਦਾ 5 ਸਾਲਾ ਪੁੱਤਰ ਅਨੀਸ਼ ਤੇ 3 ਸਾਲਾ ਧੀ ਜੈਸਿਕਾ ਮੌਜੂਦ ਸਨ। ਹਾਲੇ ਇੱਕ ਦਿਨ ਪਹਿਲਾਂ ਹੀ ਸਚਦੇਵਾ ਪਰਿਵਾਰ ਦੇ ਇਸ 5 ਸਾਲਾ ਬੱਚੇ ਦਾ ਜਨਮ ਦਿਨ ਸੀ ਅਤੇ ਉਨ੍ਹਾਂ ਐਤਵਾਰ ਸ਼ਾਮ ਉਸ ਦਾ ਕੇਕ ਕੱਟਣਾ ਸੀ। ਪਰਿਵਾਰ ਨੇ ਮੀਡੀਆ ਤੋਂ ਪ੍ਰਾਈਵੇਸੀ ਦੀ ਮੰਗ ਕੀਤੀ ਹੈ। ਇਹ ਸਾਰੇ ਐਤਵਾਰ ਨੂੰ 'ਡੇਰਾ ਰਾਧਾ ਸੁਆਮੀ' ਵਿਖੇ ਸਤਿਸੰਗ 'ਚ ਹਿੱਸਾ ਲੈਣ ਤੋਂ ਬਾਅਦ 176 ਸਟਰੀਟ 'ਤੇ ਸਰ੍ਹੀ ਵੱਲ ਨੂੰ ਆ ਰਹੇ ਸਨ ਕਿ ਅਮਰੀਕੀ ਬਾਰਡਰ ਦੇ ਉੱਤਰ ਵੱਲ ਪੈਸੇਫਿਕ ਹਾਈਵੇਅ ਉੱਤੇ ਉਨ੍ਹਾਂ ਦੀ ਸੇਡਾਨ ਨੂੰ 11:00 ਵਜੇ ਦੇ ਕਰੀਬ ਇੱਕ ਚਿੱਟੇ ਰੰਗ ਦੀ ਵੈਨ ਨੇ ਟੱਕਰ ਮਾਰ ਦਿੱਤੀ। ਆਰਸੀਐਮਪੀ ਦੇ ਸਾਰਜੈਂਟ ਡੇਲ ਕਾਰ ਨੇ ਐਤਵਾਰ ਨੂੰ ਆਖਿਆ ਸੀ ਕਿ ਇੰਜ ਲੱਗ ਰਿਹਾ ਸੀ ਜਿਵੇਂ ਚਿੱਟੇ ਰੰਗ ਦੀ ਵੈਨ ਨੇ ਲਾਲ ਲਾਈਟ ਦੀ ਪਰਵਾਹ ਨਹੀਂ ਕੀਤੀ ਤੇ ਕਾਰ ਵਿੱਚ ਟਕਰਾ ਗਈ। ਟੱਕਰ ਐਨੀ ਜ਼ਬਰਦਸਤ ਸੀ ਕਿ ਕਾਰ ਵਿਚਕਾਰੋਂ ਦੋ ਟੋਟੇ ਹੋ ਕੇ ਖਿੱਲਰ ਗਈ। ਇੱਕ ਚਸ਼ਮਦੀਦ ਗਵਾਹ ਨੇ ਦੱਸਿਆ ਕਿ ਇਕ ਔਰਤ ਅਤੇ ਇੱਕ ਬੱਚਾ ਹਾਦਸੇ ਤੋਂ ਬਾਅਦ ਵੀ ਕਾਰ ਦੀ ਪਿਛਲੀ ਸੀਟ 'ਤੇ ਬੈਲਟ ਵਿੱਚ ਬੱਝੇ ਹੋਏ ਸਨ ਜਦਕਿ ਬੱਚੇ ਦਾ ਸਿਰ ਗਾਇਬ ਸੀ। ਜਿਲ੍ਹਾ ਬਠਿੰਡਾ ਨਾਲ ਸਬੰਧਤ ਇਸ ਪਰਿਵਾਰ ਨੇ ਕੈਨੇਡਾ ਆ ਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ। ਸਥਾਨਕ ਸਕੌਟ ਰੋਡ ਅਤੇ 75 ਐਵੇਨਿਊ ਵਾਲੇ ਪਲਾਜ਼ੇ 'ਚ ਮੌਜੂਦ 'ਸਚਦੇਵਾ ਸਵੀਟਸ' ਦੇ ਮਾਲਕਾਂ ਨੇ ਆਪਣੀ ਨਿਮਰਤਾ ਅਤੇ ਇਮਾਨਦਾਰੀ ਸਦਕਾ ਸ਼ਹਿਰ 'ਚ ਕਾਫੀ ਨਾਂ ਕਮਾਇਆ ਸੀ। ਹਾਦਸੇ 'ਚ ਮੁੱਕਣ ਵਾਲੀ ਸਚਦੇਵਾ ਪਰਿਵਾਰ ਦੀ ਧੀ ਨੀਲਮ ਆਪਣੇ ਪਿੱਛੇ ਪਤੀ ਸਮੇਤ ਦੋ ਬੱਚੇ ਛੱਡ ਗਈ ਹੈ।



# ਕਨੇਡਾ ਸਰਕਾਰ ਵੱਲੋਂ ਪੁਆਇੰਟ ਸਿਸਟਮ ਦੇ ਨਵੇਂ ਢਾਂਚੇ ਦਾ ਐਲਾਨ

ਕੈਲਗਰੀ (ਸੁਖਵੀਰ ਗਰੇਵਾਲ) : ਕੈਨੇਡਾ ਸਰਕਾਰ ਦੇ ਇੰਮੀਗਰੇਸ਼ਨ ਮੰਤਰਾਲੇ ਨੇ ਨਵੇਂ ਫੈਡਰਲ ਸਕਿੱਲਡ ਵਰਕਰ ਪ੍ਰੋਗਰਾਮ (ਪੁਆਇੰਟ ਸਿਸਟਮ) ਦਾ ਬਕਾਇਦਾ ਐਲਾਨ ਕਰ ਦਿੱਤਾ ਹੈ। ਕੈਨੇਡਾ ਆ ਕੇ ਵੱਸਣ ਦੇ ਚਾਹਵਾਨ ਲੋਕਾਂ ਵੱਲੋਂ ਇਸ ਦੀ ਲੰਮੇ ਅਰਸੇ ਤੋਂ ਉਡੀਕ ਕੀਤੀ ਜਾ ਰਹੀ ਸੀ। ਨਵੀਆਂ ਸ਼ਰਤਾਂ ਅਨੁਸਾਰ ਹੁਣ ਕੈਨੇਡਾ ਆ ਕੇ ਵੱਸਣਾ ਕਾਫੀ ਔਖਾ ਹੋਵੇਗਾ। ਇਸ ਪ੍ਰੋਗਰਾਮ ਬਾਰੇ ਉਦੋਂ ਵਿਵਾਦ ਛਿੜ ਗਿਆ ਸੀ ਜਦੋਂ ਕੈਨੇਡਾ ਸਰਕਾਰ ਨੇ ਕੁਝ ਅਰਜ਼ੀਆਂ ਵਾਪਸ ਮੋੜਨ ਦਾ ਫੈਸਲਾ ਲਿਆ ਸੀ। ਕੈਨੇਡਾ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਨਵੀਆਂ ਤਬਦੀਲੀਆਂ ਤੋਂ ਬਾਅਦ ਅਰਜ਼ੀਕਰਤਾ ਨੂੰ ਲੰਮੀ ਉਡੀਕ ਨਹੀਂ ਕਰਨੀ ਪਵੇਗੀ। ਨਵੇਂ ਪ੍ਰੋਗਰਾਮ ਤਹਿਤ ਅਰਜ਼ੀਆਂ 4 ਮਈ, 2013 ਤੋਂ ਲਈਆਂ ਜਾ ਸਕਣਗੀਆਂ।

ਹੁਣ 24 ਕਿੱਤਿਆਂ ਵਿਚ ਮਾਹਿਰ ਅਤੇ ਯੋਗਤਾ ਪ੍ਰਾਪਤ ਵਿਅਕਤੀ ਹੀ ਕੈਨੇਡਾ ਵੱਸਣ ਲਈ ਅਰਜ਼ੀ ਦੇ ਸਕਣਗੇ। ਦਿਲਚਸਪ ਗੱਲ ਹੈ ਕਿ ਇਨ੍ਹਾਂ ਵਿਚ ਡਾਕਟਰ, ਅਧਿਆਪਕ ਅਤੇ ਨਰਸਾਂ ਸ਼ਾਮਲ ਨਹੀਂ ਹਨ। ਜਿਹੜੇ 24 ਕਿੱਤਿਆਂ ਵਿਚ ਕੈਨੇਡਾ ਸਰਕਾਰ ਅਰਜ਼ੀਆਂ ਪ੍ਰਵਾਨ ਕਰੇਗੀ ਉਨ੍ਹਾਂ ਵਿਚ ਇੰਜਨੀਅਰਿੰਗ, ਮੈਨੇਜਰ, ਫਾਈਨੈਂਸ਼ੀਅਲ ਅਤੇ ਇਨਵੈਸਟਮੈਂਟ ਅਨਾਲੇਸਿਸਟ, ਜੀਓ ਵਿਗਿਆਨੀ ਤੇ ਓਸ਼ੀਨਗਰਾਫਰ, ਸਿਵਲ ਇੰਜੀਨੀਅਰਜ਼, ਮਕੈਨੀਕਲ ਇੰਜੀਨੀਅਰ, ਮਾਈਨਿੰਗ ਇੰਜੀਨੀਅਰ, ਜੀਓਲੋਜੀਕਲ ਇੰਜੀਨੀਅਰ, ਪੈਟਰੋਲੀਅਮ ਇੰਜੀਨੀਅਰ, ਕੰਪਿਊਟਰ ਇੰਜੀਨੀਅਰ (ਸਾਫਟਵੇਅਰ ਇੰਜੀਨੀਅਰ ਅਤੇ ਡਿਜ਼ਾਈਨਰ ਤੋਂ ਇਲਾਵਾ), ਲੈਂਡ ਸਰਵੇਅਰ, ਕੰਪਿਊਟਰ ਪ੍ਰੋਗਰਾਮਰ, ਇੰਡਸਟਰੀਅਲ ਇੰਸਟਰੂਮੈਂਟ ਟੈਕਨੀਸ਼ਨ ਅਤੇ ਮਕੈਨਿਕ ਵਾਤਾਵਰਨ ਅਤੇ ਪਬਲਿਕ ਹੈਲਥ ਇੰਸਪੈਕਟਰ, ਆਡੀਓਲੋਜਿਸਟ ਅਤੇ ਸਪੀਚ ਪੈਥਾਲੋਜਿਸਟ, ਫਿਜ਼ੀਓਥਰੈਪਿਸਟ, ਐਕਿਊਪੇਸ਼ਨਲ ਥੈਰੇਪਿਸਟ, ਮੈਡੀਕਲ ਲੈਬੋਰਟਰੀ ਟੈਕਨਾਲੋਜਿਸਟ, ਮ੍ਰੈਕਲ ਲੈਬੋਰਟਰੀ ਅਤੇ ਪੈਥੋਲੋਜਿਸਟ ਅਸਿਸਟੈਂਟ, ਰੈਸਪਿਰਟਰੀ ਅਤੇ ਕਾਰਡੀਓਪੁਲਮਨਰੀ ਟੈਕਨੋਲੋਜਿਸਟ, ਮੈਡੀਕਲ ਰੈਡੀਏਸ਼ਨ ਟੈਕਨੋਲੋਜਿਸਟ, ਮੈਡੀਕਲ ਸੋਨੋਗਰਾਫਰ, ਕਾਰਡੀਓਲੋਜੀ ਟੈਕਨੀਸ਼ਨ ਅਤੇ ਇਲੈਕਟਰੋਫਿਜ਼ੀਓਲੋਜੀ ਟੈਕਨੀਸ਼ਨ ਸ਼ਾਮਲ ਹਨ। ਇਨ੍ਹਾਂ ਕਿੱਤਿਆਂ ਵਿਚ ਮਾਹਰ ਅਤੇ ਯੋਗਤਾਪ੍ਰਾਪਤ ਵਿਅਕਤੀ ਨੂੰ ਅੰਗਰੇਜ਼ੀ ਜਾਂ ਫਰੈਂਚ ਭਾਸ਼ਾ ਵਿਚ ਮੁਹਾਰਤ ਦਾ ਟੈਸਟ ਪਾਸ ਕਰਨਾ ਹੋਵੇਗਾ। ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਦਰਸਾਉਣ ਲਈ ਆਇਲਿਸਟ ਦੇ ਹਰੇਕ ਪੱਖ ਵਿਚੋਂ ਛੇ ਬੈਂਡ ਦੀ ਸ਼ਰਤ ਰੱਖੀ ਗਈ ਹੈ। ਕੈਨੇਡਾ ਤੋਂ ਬਾਹਰਲੇ ਮੁਲਕਾਂ ਤੋਂ ਸਿੱਖਿਆ ਪ੍ਰਾਪਤ ਅਰਜ਼ੀਕਰਤਾ ਨੂੰ ਆਪਣੀ ਸਿੱਖਿਆ ਦਾ ਮੁਲੰਕਣ ਕਰਾਉਣਾ ਹੋਵੇਗਾ। ਇਹ ਮੁਲੰਕਣ ਕਰਨ ਲਈ ਚਾਰ ਅਦਾਰਿਆਂ ਨੂੰ ਅਧਿਕਾਰ ਦਿੱਤੇ ਹਨ ਜਿਨ੍ਹਾਂ ਵਿਚ ਕੰਪੈਰੇਟਿਵ ਐਜੂਕੇਸ਼ਨ ਸਰਵਿਸਿਜ਼, ਇੰਟਰਨੈਸ਼ਨਲ, ਕਰੇਡੈਂਸ਼ਨਲ ਅਸੈਸਮੈਂਟ ਸਰਵਿਸਿਜ਼, ਵਰਲਡ ਐਜੂਕੇਸ਼ਨ ਸਰਵਿਸਿਜ਼ ਅਤੇ ਮੈਡੀਕਲ ਕੌਂਸਲ ਆਫ ਕੈਨੇਡਾ ਸ਼ਾਮਲ ਹਨ। ਅਰਜ਼ੀਕਰਤਾ ਦੀ ਉਮਰ, ਯੋਗਤਾ, ਤਜਰਬੇ ਦੇ ਅਧਾਰ 'ਤੇ ਅੰਕ ਮਿਲਣਗੇ ਅਤੇ ਘੱਟੋ-ਘੱਟ ਸ਼ਰਤ 67 ਅੰਕ ਰੱਖੀ ਗਈ ਹੈ। ਜਿਹੜੇ ਅਰਜ਼ੀਕਰਤਾ ਆਪਣੀ ਅਰਜ਼ੀ ਦੇਣ ਤੋਂ ਪਹਿਲਾਂ ਹੀ ਕੈਨੇਡਾ ਵਿਚੋਂ ਕਿਸੇ ਕੰਪਨੀ ਤੋਂ ਨੌਕਰੀ ਦਾ ਪੇਸ਼ਕਸ਼ ਪੱਤਰ ਲੈ ਲੈਂਦੇ ਹਨ ਉਨ੍ਹਾਂ ਲਈ ਕੈਨੇਡਾ ਦੇ ਰਾਹ ਜਲਦੀ ਖੁੱਲ੍ਹ ਜਾਣਗੇ। ਕੈਨੇਡਾ ਦੀ ਕਿਸੇ ਕੰਪਨੀ ਕੋਲੋਂ ਨੌਕਰੀ ਦਾ ਪੇਸ਼ਕਸ਼ ਪੱਤਰ ਲੈਣ ਦਾ ਕੰਮ ਹੁਣ ਸੌਖਾ ਨਹੀਂ ਰਿਹਾ। ਪਹਿਲੇ ਕੈਨੇਡਾ ਦੀਆਂ ਕੰਪਨੀਆਂ ਕੈਨੇਡਾ ਦੇ ਮਨੁੱਖੀ ਸ੍ਰੋਤ ਮੰਤਰਾਲੇ ਤੋਂ ਮਨਜ਼ੂਰੀ ਲੈਂਦੀਆਂ ਸਨ ਪਰ ਹੁਣ ਲੇਬਰ ਮਾਰਕਿਟ ਰੁਝਾਨ ਮੁਤਾਬਕ ਇਹ ਨੌਕਰੀ ਪੇਸ਼ਕਸ਼ ਪੱਤਰ ਮਿਲਣਗੇ। ਇੰਮੀਗਰੇਸ਼ਨ ਮੰਤਰਾਲੇ ਨੇ ਸਾਰੀ ਜਾਣਕਾਰੀ ਆਪਣੀ ਵੈੱਬਸਾਈਟ 'ਤੇ ਵੀ ਪਾ ਦਿੱਤੀ ਹੈ।

## ਨਾਗਰਿਕਤਾ ਲੈਣ ਵਾਲੇ ਚਾਹਵਾਨਾਂ ਦੀਆਂ ਅਰਜ਼ੀਆਂ ਦੇ ਅੰਬਾਰ ਲੱਗੇ

ਨਾਗਰਿਕਤਾ ਹਾਸਲ ਕਰਨ ਵਾਲਿਆਂ ਦੀਆਂ ਅਰਜ਼ੀਆਂ ਵਿਚ ਹੋਏ ਵਾਧੇ ਤੇ ਇਸ ਪ੍ਰਕਿਰਿਆ ਦੇ ਹੋਰ ਗੁੰਝਲਦਾਰ ਹੋਣ ਕਾਰਨ ਅਜਿਹੀਆਂ ਅਰਜ਼ੀਆਂ ਦਾ ਢੇਰ ਲੱਗ ਗਿਆ ਹੈ। ਲੋਕਾਂ ਨੂੰ ਹੁਣ ਸਥਾਈ ਨਾਗਰਿਕਤਾ ਹਾਸਲ ਕਰਨ ਲਈ ਆਪਣੀ ਵਾਰੀ ਦੀ ਲੰਮੀ ਉਡੀਕ ਕਰਨੀ ਪੈ ਰਹੀ ਹੈ। ਸਤੰਬਰ 2012 ਵਿਚ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕਨੇਡਾ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਲਗਭਗ 350,000 ਸਥਾਈ ਵਾਸੀ ਕਨੇਡਾ ਦੇ ਨਾਗਰਿਕ ਬਣਨ ਦੀ ਉਡੀਕ ਸੂਚੀ ਵਿਚ ਸ਼ਾਮਲ ਹਨ। ਇਸ ਦੇ ਮੁਕਾਬਲੇ 2007 ਵਿਚ ਇਸ ਉਡੀਕ ਸੂਚੀ ਵਿਚ 189,886 ਲੋਕ ਸ਼ਾਮਲ ਸਨ। ਨਤੀਜੇ ਵਜੋਂ ਰੋਜ਼ ਵਾਲੀਆਂ ਅਰਜ਼ੀਆਂ ਨਿਪਟਾਉਣ ਦੀ ਪ੍ਰਕਿਰਿਆ ਵਿਚ ਹੌਲੀ ਹੌਲੀ ਵਾਧਾ ਹੋਇਆ ਹੈ। 2008 ਵਿਚ ਮੰਤਰਾਲੇ ਦੀ ਵੈਬਸਾਈਟ ਉਤੇ ਆਖਿਆ ਗਿਆ ਸੀ ਕਿ ਇਨ੍ਹਾਂ ਅਰਜ਼ੀਆਂ ਨੂੰ ਨਿਪਟਾਉਣ ਲਈ 12 ਤੋਂ 15 ਮਹੀਨੇ ਦਾ ਸਮਾਂ ਲੱਗੇਗਾ। ਪਿਛਲੇ ਸਾਲ ਅਗਸਤ ਤਕ ਇਹ ਉਡੀਕ ਦਾ ਸਮਾਂ 21 ਮਹੀਨੇ ਸੀ। ਹੁਣ ਵੈਬਸਾਈਟ ਉਤੇ ਅਰਜ਼ੀਆਂ ਨਿਪਟਾਉਣ ਦਾ ਸਮਾਂ 23 ਮਹੀਨੇ ਦਰਸਾਇਆ ਜਾ ਰਿਹਾ ਹੈ। ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕਨੇਡਾ ਨੇ ਇਕ ਬਿਆਨ ਵਿਚ ਆਖਿਆ ਕਿ ਉਡੀਕ ਸੂਚੀ ਦੇ ਲੰਮਾਂ ਹੋਣ ਦਾ ਕਾਰਨ ਇਮੀਗ੍ਰੇਸ਼ਨ ਸਬੰਧੀ ਅਰਜ਼ੀਆਂ ਵਿਚ ਹੋਣ ਵਾਲਾ ਵਾਧਾ ਹੈ। ਸਰਕਾਰ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਸ਼ੁਰੂ ਹੋਏ ਨਵੇਂ ਵੀਜ਼ਾ ਤੇ ਬਾਰਡਰ ਸਕਰੀਨਿੰਗ ਤੰਤਰ ਕਾਰਨ ਸਥਾਈ ਨਾਗਰਿਕਾਂ ਦੇ ਮਾਮਲੇ ਪ੍ਰਭਾਵਤ ਹੋ ਰਹੇ ਹਨ ਤੇ ਇਸ ਦੇ ਨਾਲ ਹੀ ਕਈ ਹੋਰਨਾਂ ਮੁਲਕਾਂ ਵੱਲੋਂ ਆਪਣੇ ਨਾਗਰਿਕਾਂ ਨੂੰ ਇਕ ਨਾਲੋਂ ਵੱਧ ਨਾਗਰਿਕਤਾ ਰੱਖਣ ਦੀ ਇਜਾਜ਼ਤ ਦੇਣ ਨਾਲ ਵੀ ਇਸ ਤਰ੍ਹਾਂ ਦੇ ਮਾਮਲਿਆਂ ਉਤੇ ਅਸਰ ਪਿਆ ਹੈ ਤੇ ਨਾਗਰਿਕਤਾ ਹਾਸਲ ਕਰਨ ਦੇ ਚਾਹਵਾਨਾਂ ਦੀ ਸੂਚੀ ਲੰਮੀ ਹੁੰਦੀ ਜਾ ਰਹੀ ਹੈ। 2006 ਤੋਂ 2012 ਤਕ ਨਾਗਰਿਕਤਾ ਸਬੰਧੀ ਅਰਜ਼ੀਆਂ ਵਿਚ 30 ਫੀਸਦੀ ਵਾਧਾ ਹੋਇਆ ਹੈ। ਪਰ ਇਮੀਗ੍ਰੇਸ਼ਨ ਸਬੰਧੀ ਵਕੀਲਾਂ, ਯੂਨੀਅਨ ਅਧਿਕਾਰੀਆਂ ਤੇ ਇਸ ਪ੍ਰਕਿਰਿਆ ਵਿਚੋਂ ਲੰਘਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਪ੍ਰਕਿਰਿਆ ਵਿਚ ਕਈ ਹੋਰਨਾਂ ਨੁਕਤਿਆਂ ਨੂੰ ਸ਼ਾਮਲ ਕਰ ਲਏ ਜਾਣ ਕਾਰਨ ਵੀ ਉਡੀਕ ਸਮੇਂ ਵਿਚ ਵਾਧਾ ਹੋਇਆ ਹੈ।

## ਹਜ਼ਾਰ ਰੁਪਏ ਦਾ ਸਿੱਕਾ, ਵਿਕ ਰਿਹੈ 8000 ਵਿਚ

ਤਾਮਿਲਨਾਡੂ (ਨਦਬ) : ਤਾਮਿਲਨਾਡੂ ਦੇ ਬ੍ਰਿਹਦਿਸ਼ਵਰ ਮੰਦਰ ਤੰਜਾਵੁਰ ਦੇ ਇਕ ਹਜ਼ਾਰ ਸਾਲ ਪੂਰੇ ਹੋਣ ਦੇ ਸੰਦਰਭ ਵਿਚ ਭਾਰਤ ਸਰਕਾਰ ਵੱਲੋਂ ਜਾਰੀ ਹਜ਼ਾਰ ਰੁਪਏ ਦਾ ਸਿੱਕਾ ਬਲੈਕ ਵਿਚ ਵਿਕ ਰਿਹਾ ਹੈ। ਇਸ ਸਿੱਕੇ ਦੀ ਖਾਸੀਅਤ ਹੈ ਕਿ ਇਸ ਨੂੰ ਚਾਂਦੀ ਨਾਲ ਤਿਆਰ ਕੀਤਾ ਗਿਆ ਹੈ। ਇਸ ਸਿੱਕੇ ਦਾ ਵਜ਼ਨ 35 ਗ੍ਰਾਮ ਹੈ ਅਤੇ ਇਸ ਵਿਚ 80 ਫੀਸਦੀ ਚਾਂਦੀ ਅਤੇ 20 ਫੀਸਦੀ ਤਾਂਬਾ ਸ਼ਾਮਲ ਹੈ। ਸਿੱਕੇ ਦੇ ਇਕ ਪਾਸੇ ਹਜ਼ਾਰ ਰੁਪਏ ਕੀਮਤ ਲਿਖੀ ਗਈ ਹੈ, ਨਾਲ ਹੀ ਸੱਤਿਆਮੇਵ ਜਯਤੇ ਦੇ ਉਪਰ ਸ਼ੇਰਾਂ ਦੀ ਤਸਵੀਰ ਬਣਾਈ ਗਈ ਹੈ। ਇਸ ਦੇ ਨਾਲ ਹੀ ਸਿੱਕੇ ਉਤੇ ਜਿੱਥੇ ਭਗਵਾਨ ਗੌਤਮ ਬੁੱਧ ਦਾ ਚਿੱਤਰ ਹੈ, ਉਥੇ ਤੰਜਾਵੁਰ ਦੇ ਮੰਦਰ ਦਾ ਚਿੱਤਰ ਵੀ ਹੈ।

ਮਾਰਕੀਟ ਵਿਚ ਇਸ ਸਿੱਕੇ ਦੀ ਕੀਮਤ ਭਾਰਤੀ ਰਿਜ਼ਰਵ ਬੈਂਕ ਵੱਲੋਂ 4,775 ਰੁਪਏ ਰੱਖੀ ਗਈ ਹੈ ਅਤੇ ਮੁੱਢਲੇ ਪੜਾਅ ਵਿਚ ਅਜਿਹੇ 200 ਸਿੱਕੇ ਤਿਆਰ ਕੀਤੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਜਲੰਧਰ ਦੇ ਹਰੀਦੱਤ ਕੁਮਾਰ ਜੈਨ ਨੇ ਇਹ ਸਿੱਕਾ 8,000 ਰੁਪਏ ਵਿਚ ਖਰੀਦਿਆ ਹੈ। ਇਸ ਸਿੱਕੇ ਵਾਲੇ ਫਰੇਮ ਵਿਚ ਇਕ ਪੰਜ ਰੁਪਏ ਦਾ ਸਿੱਕਾ ਵੀ ਹੈ। ਸ੍ਰੀ ਜੈਨ ਨੇ ਦੱਸਿਆ ਕਿ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੇ ਸਿੱਕੇ ਇਕੱਠੇ ਕਰਨ ਦਾ ਸ਼ੌਕ ਹੈ। ਉਨ੍ਹਾਂ ਦੱਸਿਆ ਕਿ ਹਜ਼ਾਰ ਰੁਪਏ ਦੇ ਸਿੱਕੇ ਦੇ ਨਾਲ ਪੰਜ ਰੁਪਏ ਦਾ ਸਿੱਕਾ ਮੁਫ਼ਤ ਦਿੱਤਾ ਜਾ ਰਿਹਾ ਹੈ। ਸ੍ਰੀ ਜੈਨ ਨੇ ਇਹ ਸਿੱਕਾ ਆਪਣੀ ਪਤਨੀ ਕੰਚਨ ਕੁਮਾਰੀ ਜੈਨ ਨੂੰ ਭੇਟ ਕਰਨ ਲਈ ਖਰੀਦਿਆ ਸੀ।

## ਵਿਕੀਲੀਕਸ ਨੇ ਕੀਤਾ ਖ਼ੁਲਾਸਾ : ਸਵੀਡਨ ਕੰਪਨੀ ਦੇ ਦਲਾਲ ਸਨ ਰਾਜੀਵ ਗਾਂਧੀ

ਨਵੀਂ ਦਿੱਲੀ (ਨਦਬ) ਰਾਜੀਵ ਗਾਂਧੀ ਭਾਰਤ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਜਦੋਂ ਪਾਇਲਟ ਵਜੋਂ ਕੰਮ ਕਰ ਰਹੇ ਸਨ ਤਾਂ ਉਹ ਇਕ ਸਵੀਡਨ ਕੰਪਨੀ ਦੇ ਦਲਾਲ ਵੀ ਸਨ। ਜਦਕਿ ਕਾਂਗਰਸ ਨੇ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ। ਇਹ ਖੁਲਾਸਾ ਵਿਕੀਲੀਕਸ ਨੇ ਕੀਤਾ ਹੈ। ਇਹ ਕੰਪਨੀ 70ਵੇਂ ਦਹਾਕੇ 'ਚ ਭਾਰਤ ਨੂੰ ਫਾਈਟਰ ਜਹਾਜ਼ ਵਿਜੇਨ ਵੇਚਣ ਦੀ ਕੋਸ਼ਿਸ਼ ਕਰ ਰਹੀ ਸੀ, ਉਸ ਸਮੇਂ ਰਾਜੀਵ ਗਾਂਧੀ ਇਸ ਕੰਪਨੀ ਦੇ ਦਲਾਲ ਸਨ। ਭਾਜਪਾ ਨੇ ਤੁਰੰਤ ਇਹ ਮੁੱਦਾ ਫੜ ਲਿਆ। ਭਾਜਪਾ ਨੇਤਾਵਾਂ ਦਾ ਕਹਿਣਾ ਹੈ ਕਿ ਹਰ ਰੱਖਿਆ ਸੌਦੇ 'ਚ ਗਾਂਧੀ ਪਰਿਵਾਰ ਦਾ ਹੀ ਨਾਂ ਕਿਉਂ ਸਾਹਮਣੇ ਆਉਂਦਾ ਹੈ। ਉਨ੍ਹਾਂ ਕਿਹਾ ਹੈ ਕਿ ਗਾਂਧੀ ਪਰਿਵਾਰ ਨੂੰ ਇਸ ਮਾਮਲੇ ਦਾ ਜਵਾਬ ਦੇਣਾ ਚਾਹੀਦਾ ਹੈ। ਸੰਜੇ ਗਾਂਧੀ ਵੀ



ਆਪਣੇ ਕਾਰਜਕਾਲ 'ਚ ਇਕ ਦੂਜੀ ਸਵੀਡਨ ਕੰਪਨੀ ਨਾਲ ਬੋਫੋਰਸ ਤੋਪਾਂ ਦੀ ਖ਼ਰੀਦ ਲਈ ਦਲਾਲੀ ਦੇ ਦੋਸ਼ਾਂ 'ਚ ਘਿਰੇ ਸਨ, ਜਿਸ ਕਰ ਕੇ ਪਾਰਟੀ ਨੂੰ 1989 ਦੀਆਂ ਚੋਣਾਂ 'ਚ ਕਰਾਰੀ ਹਾਰ ਮਿਲੀ ਸੀ।

ਕਾਂਗਰਸ ਨੇ ਰਾਜੀਵ ਗਾਂਧੀ ਨਾਲ ਜੁੜੇ ਵਿਕੀਲੀਕਸ ਦੇ ਖੁਲਾਸੇ ਦੀ ਰਿਪੋਰਟ ਨੂੰ ਖਾਰਜ ਕੀਤਾ ਹੈ। ਕਾਂਗਰਸ ਨੇਤਾ ਜਨਾਰਧਨ ਦਿਵੇਦੀ ਦਾ ਕਹਿਣਾ ਹੈ ਕਿ ਵਿਰੋਧੀਆਂ ਨੂੰ ਇਸ ਮਾਮਲੇ 'ਤੇ ਸੋਚ ਸਮਝ ਕੇ ਦੋਸ਼ ਲਾਉਣਾ ਚਾਹੀਦਾ ਹੈ। ਦਿਵੇਦੀ ਨੇ ਕਿਹਾ ਕਿ ਵਿਕੀਲੀਕਸ ਦੇ ਖੁਲਾਸੇ 'ਤੇ ਜਵਾਬ ਮੰਗਣ ਵਾਲੇ ਵਿਰੋਧੀਆਂ ਨੂੰ ਜ਼ਰਾ ਉਸ ਦੇ ਦੂਜੇ ਖੁਲਾਸੇ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ, ਜਿਸ 'ਚ ਐਮਰਜੈਂਸੀ ਦੇ ਖ਼ਿਲਾਫ਼ ਸੀ.ਆਈ.ਏ. ਦੀ ਮਦਦ ਲੈਣ ਦੀ ਗੱਲ ਕਹੀ ਗਈ ਹੈ।

# ਖੱਬੀਆਂ ਪਾਰਟੀਆਂ ਨੂੰ ਇਕਮੁੱਠ ਹੋਣ ਦਾ ਸੱਦਾ

ਜਲੰਧਰ (ਨਦਬ) : ਕਮਿਊਨਿਸਟ ਪਾਰਟੀ ਮਾਰਕਸਵਾਦੀ ਪੰਜਾਬ ਨੇ ਫੈਸਲਾ ਕੀਤਾ ਹੈ ਕਿ ਯੂ.ਪੀ.ਏ. ਦੀ ਭ੍ਰਿਸ਼ਟ ਕੇਂਦਰੀ ਸਰਕਾਰ ਦੀਆਂ ਮਹਿੰਗਾਈ ਤੇ ਬੇਰੁਜ਼ਗਾਰੀ ਵਧਾਉਣ ਵਾਲੀਆਂ ਲੋਕਮਾਰੂ ਨੀਤੀਆਂ ਵਿਰੁੱਧ ਵਿਸ਼ਾਲ ਜਨਤਕ ਪ੍ਰਤੀਰੋਧ ਨੂੰ ਤਿੱਖਾ ਕਰਨ ਵਾਸਤੇ ਦੇਸ਼ ਦੀਆਂ ਸਮੁੱਚੀਆਂ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੂੰ ਇਕਜੁਟ ਕਰਨ ਦੇ ਅਮਲ ਨੂੰ ਭਵਿੱਖ ਵਿਚ ਹੋਰ ਵਧੇਰੇ ਸਾਰਥਕ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਜ਼ੋਰਦਾਰ ਉਪਰਾਲੇ ਕੀਤੇ ਜਾਣਗੇ। ਇਹ ਫੈਸਲਾ ਕਾਮਰੇਡ ਬੋਧ ਸਿੰਘ ਘੁੰਮਣ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਦੀ ਸੂਬਾਈ ਕਮੇਟੀ ਦੀ ਦੋ ਦਿਨਾਂ ਮੀਟਿੰਗ ਵਿਚ ਕੀਤਾ ਗਿਆ।

ਮੀਟਿੰਗ ਦੇ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਪਾਰਟੀ ਦੇ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਰਕਾਰ ਵਲੋਂ ਵਿਦੇਸ਼ੀ ਵਿੱਤੀ ਪੂੰਜੀ (ਐਫ.ਡੀ.ਆਈ.) ਦੀ ਆਮਦ ਲਈ ਦੇਸ਼ ਦੀ ਆਰਥਕਤਾ ਦੇ ਸਾਰੇ ਦਰਵਾਜ਼ੇ ਤੇਜ਼ੀ ਨਾਲ ਖੋਲ੍ਹਦੇ ਜਾਣ ਕਾਰਨ ਬੇਰੁਜ਼ਗਾਰੀ ਦਾ ਦੈਂਤ ਦਿਨੋਂ ਦਿਨ ਵਧੇਰੇ ਵਿਕਰਾਲ ਰੂਪ ਧਾਰਨ ਕਰਦਾ ਜਾ ਰਿਹਾ ਹੈ, ਕਿਉਂਕਿ ਇਹ ਪੂੰਜੀ ਨਵਾਂ ਰੁਜ਼ਗਾਰ ਪੈਦਾ ਘੱਟ ਕਰਦੀ ਹੈ ਪਰ ਸਥਾਨਕ ਰੁਜ਼ਗਾਰ ਦਾ ਘਾਣ ਵਧੇਰੇ ਕਰਦੀ ਹੈ। ਏਸੇ ਤਰ੍ਹਾਂ ਇਸ ਸਰਕਾਰ ਵਲੋਂ ਲੋਕਾਂ ਦੀਆਂ ਨਿੱਤ ਵਰਤੋਂ ਦੀਆਂ ਵਸਤਾਂ ਨੂੰ ਇਕ-ਇਕ ਕਰ ਕੇ ਕੰਟਰੋਲ ਮੁਕਤ ਕਰਦੇ ਜਾਣ ਅਤੇ ਮੁਨਾਫਾਖੋਰ ਦੇਸੀ ਤੇ ਵਿਦੇਸ਼ੀ ਲੁਟੇਰਿਆਂ ਨੂੰ ਖੁੱਲ੍ਹੀਆਂ ਛੁੱਟੀਆਂ ਦੇਣ ਨਾਲ ਅਤੇ ਸਬਸਿਡੀਆਂ ਨੂੰ ਘਟਾਉਂਦੇ ਜਾਣ ਨਾਲ ਮਹਿੰਗਾਈ ਲਗਾਤਾਰ ਵਧਦੀ ਜਾ ਰਹੀ ਹੈ। ਸਿੱਟੇ ਵਜੋਂ ਇਕ ਪਾਸੇ ਕਿਰਤੀ ਲੋਕਾਂ ਦੀਆਂ ਅਸਲ ਉਜਰਤਾਂ ਨੂੰ ਤਿੱਖਾ ਖੋਰਾ ਲੱਗਾ ਹੋਇਆ ਹੈ ਅਤੇ ਦੂਜੇ ਪਾਸੇ ਬੇਰੁਜ਼ਗਾਰੀ ਤੇ ਅਰਧ ਬੇਰੁਜ਼ਗਾਰੀ ਦੇ ਵਧਦੇ ਜਾਣ ਨਾਲ ਲੋਕਾਂ ਦੀ ਖਰੀਦ ਸ਼ਕਤੀ ਵਿਚ ਭਾਰੀ ਕਟੌਤੀ ਹੋ ਚੁੱਕੀ ਹੈ। ਇਸ ਦਾ ਦੇਸ਼ ਦੀ ਆਰਥਕਤਾ ਦੀ ਗਤੀ ਉਪਰ ਬਹੁਤ ਹੀ ਮਾੜਾ ਅਸਰ ਪੈ ਰਿਹਾ ਹੈ। ਕਾਮਰੇਡ ਪਾਸਲਾ ਨੇ ਕਿਹਾ ਕਿ ਲੋਕਾਂ ਦੀਆਂ ਲਗਾਤਾਰ ਵੱਧ ਰਹੀਆਂ ਇਨ੍ਹਾਂ ਆਰਥਕ ਮੁਸ਼ਕਲਾਂ ਨੂੰ, ਦੇਸ਼ ਅੰਦਰ ਵਿਆਪਕ ਰੂਪ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਹੋਰ ਵਧੇਰੇ ਗੰਭੀਰ ਤੇ ਚਿੰਤਾਜਨਕ ਬਣਾ ਦਿੱਤਾ ਹੈ ਪਰ ਹਾਕਮ ਧਿਰ ਇਨ੍ਹਾਂ ਸਾਰੀਆਂ ਬਿਮਾਰੀਆਂ ਲਈ ਜ਼ਿੰਮੇਵਾਰ ਸਾਮਰਾਜ ਨਿਰਦੇਸ਼ਤ ਨਵਉਦਾਰਵਾਦੀ ਨੀਤੀਆਂ ਨੂੰ ਕੋਈ ਮੋੜਾ ਦੇਣ ਦੀ ਬਜਾਏ ਸਗੋਂ ਹੋਰ ਵਧੇਰੇ ਤੇਜ਼ੀ ਨਾਲ ਲਾਗੂ ਕਰਨ ਦੀ ਦਿਸ਼ਾ ਵਿਚ ਜੁਟੀ ਹੋਈ ਹੈ। ਉਨ੍ਹਾਂ ਕਿਹਾ ਕਿ ਸੂਬਾ ਕਮੇਟੀ ਨੇ ਇਹ ਵੀ ਗੰਭੀਰਤਾ ਸਹਿਤ ਨੋਟ ਕੀਤਾ ਹੈ ਕਿ ਇਸ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਤੇ ਭ੍ਰਿਸ਼ਟ ਕਿਰਦਾਰ ਕਾਰਨ ਵਧੀ ਹੋਈ ਲੋਕ ਬੇਚੈਨੀ ਦਾ ਲਾਹਾ ਲੈਣ ਲਈ ਫਿਰਕੂ ਭਾਜਪਾ ਮੁੜ ਪੱਬਾਂ ਭਾਰ ਹੋ ਗਈ ਹੈ ਅਤੇ ਫਿਰਕੂ ਨਫ਼ਰਤ ਦੇ ਚਿੰਨ੍ਹ ਬਣ ਚੁੱਕੇ ਨਰਿੰਦਰ ਮੋਦੀ ਦਾ ਨਾਂਅ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਉਭਾਰਿਆ ਜਾ ਰਿਹਾ ਹੈ। ਭਾਜਪਾ ਦੀ ਇਸ ਪਹੁੰਚ ਨਾਲ ਦੇਸ਼ ਅੰਦਰ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਅਤੇ ਸਮੁੱਚੇ ਤੌਰ 'ਤੇ ਭਾਈਚਾਰਕ ਇਕਸੁਰਤਾ ਲਈ ਨਵੇਂ ਖ਼ਤਰੇ ਪੈਦਾ ਹੋ ਰਹੇ ਹਨ। ਇਨ੍ਹਾਂ ਚਿੰਤਾਜਨਕ ਹਾਲਤਾਂ ਦਾ ਟਾਕਰਾ ਕਰਨ ਲਈ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਖੱਬੀਆਂ ਸ਼ਕਤੀਆਂ ਨੂੰ ਇਕਜੁੱਟ ਕਰਨ ਵਾਸਤੇ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਵਧੇਰੇ ਬੱਝਵਾਂ ਤੇ ਠੋਸ ਰੂਪ ਦੇਣ, ਲੋਕਾਂ ਸਾਹਮਣੇ ਸਰਕਾਰ ਦੀਆਂ ਸਰਮਾਏਦਾਰ ਪੱਖੀ ਨੀਤੀਆਂ ਦਾ ਹਕੀਕੀ ਬਦਲ ਪੇਸ਼ ਕਰਨ ਅਤੇ ਲੋਕਾਂ ਨੂੰ ਸਾਂਝੇ ਜਨਤਕ ਸੰਘਰਸ਼ਾਂ ਵਿਚ ਲਾਮਬੰਦ ਕਰਨ ਦੇ ਅਮਲ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਦੇਸ਼ ਭਰ ਵਿਚ ਵਿਆਪਕ ਜਨਤਕ ਉਭਾਰ ਪੈਦਾ ਕਰਨ ਲਈ ਜ਼ੋਰਦਾਰ ਉਪਰਾਲੇ ਕੀਤੇ ਜਾਣਗੇ।

ਸੂਬਾ ਕਮੇਟੀ ਨੇ ਇਸ ਤੱਥ ਨੂੰ ਵੀ ਗੰਭੀਰਤਾ ਸਹਿਤ ਨੋਟ ਕੀਤਾ ਕਿ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਨ ਦੀ ਥਾਂ ਰਾਜਸੀ ਲੁੱਟ-ਖਸੁੱਟ ਨੂੰ ਤਿੱਖਾ ਕਰ ਰਹੀ ਹੈ ਅਤੇ ਲੋਕਾਂ ਉਪਰ ਨਿੱਤ ਨਵਾਂ ਆਰਥਕ ਭਾਰ ਪਾਉਂਦੀ ਜਾ ਰਹੀ ਹੈ। ਸਾਥੀ ਪਾਸਲਾ ਨੇ ਕਿਹਾ ਕਿ ਇਸ ਸਰਕਾਰ ਵਲੋਂ ਹੁਣੇ ਹੁਣੇ ਬਿਜਲੀ ਦੀਆਂ ਦਰਾਂ ਵਿਚ ਨਾਵਾਜਬ ਤੇ ਭਾਰੀ ਵਾਧਾ ਕਰ ਕੇ ਲੋਕਾਂ ਦੀਆਂ ਜੇਬਾਂ ਉਪਰ 1800 ਕਰੋੜ ਰੁਪਏ ਤੋਂ ਵੱਧ ਦਾ ਡਾਕਾ ਮਾਰਿਆ ਗਿਆ ਹੈ। ਇਸ ਤੋਂ ਬਿਨਾਂ ਸਰਕਾਰੀ ਹਸਪਤਾਲਾਂ ਵਿਚ ਮਿਲਦੀਆਂ ਸੇਵਾਵਾਂ ਦੀਆਂ ਫੀਸਾਂ ਵਿਚ ਕਈ ਗੁਣਾਂ ਵਾਧਾ ਕਰ ਦਿੱਤਾ ਗਿਆ ਹੈ ਅਤੇ ਸੂਬੇ ਅੰਦਰ ਪ੍ਰਾਪਰਟੀ ਟੈਕਸ ਲਾਇਆ ਗਿਆ ਜਿਹੜਾ ਕਿ ਲੋਕਾਂ ਦੀ ਨੰਗੀ ਚਿੱਟੀ ਲੁੱਟ ਨੂੰ ਰੂਪਮਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵਲੋਂ ਉਤੋੜਿਤੀ ਚੁੱਕੇ ਗਏ ਇਨ੍ਹਾਂ ਕਦਮਾਂ ਨਾਲ ਮਹਿੰਗਾਈ ਦੀ ਚੱਕੀ ਵਿਚ ਪੀਸੇ ਜਾ ਰਹੇ ਲੋਕਾਂ ਦਾ ਹੋਰ ਕਚੂਮਰ ਨਿਕਲ ਜਾਵੇਗਾ। ਪਰ ਬਾਦਲ ਸਰਕਾਰ ਲੋਕਾਂ ਨੂੰ ਕੋਈ ਰਾਹਤ ਦੇਣ ਦੀ ਬਜਾਏ ਚਿੰਤਨ ਸ਼ਿਵਰ ਦੇ ਪ੍ਰਪੰਚ ਹੇਠ ਗੋਆ ਦੇ ਸਮੁੰਦਰੀ ਕੰਢਿਆਂ 'ਤੇ ਮੌਜ ਮਸਤੀਆਂ ਕਰਨ ਵਿਚ ਰੁੱਝੀ ਹੋਈ ਹੈ। ਇਸ ਲਈ ਸੂਬਾ ਕਮੇਟੀ ਨੇ ਇਹ ਸਾਰੇ ਲੋਕ ਮਾਰੂ ਫੈਸਲੇ ਵਾਪਸ ਲੈਣ ਦੀ ਸਰਕਾਰ ਤੋਂ ਮੰਗ ਕਰਦਿਆਂ ਇਹ ਵੀ ਫੈਸਲਾ ਕੀਤਾ ਹੈ ਕਿ ਪ੍ਰਾਪਰਟੀ ਟੈਕਸ ਵਿਰੁੱਧ ਸਮੂਹ ਸ਼ਹਿਰੀਆਂ, ਦੁਕਾਨਦਾਰਾਂ, ਮਜ਼ਦੂਰਾਂ, ਮੁਲਾਜ਼ਮਾਂ ਆਦਿ ਦੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਹਰ ਕਸਬੇ/ਸ਼ਹਿਰ ਵਿਚ ਸ਼ਕਤੀਸ਼ਾਲੀ ਜਨਤਕ ਪ੍ਰਤੀਰੋਧ ਉਸਾਰਿਆ ਜਾਵੇਗਾ।

ਸੂਬਾ ਕਮੇਟੀ ਨੇ ਆ ਰਹੀਆਂ ਪੰਚਾਇਤੀ, ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਹਾਕਮ ਪਾਰਟੀ ਦੇ ਆਗੂਆਂ ਦੀ ਅਤੇ ਅਫਸਰਸ਼ਾਹੀ ਦੀ, ਹਲਕਾਬੰਦੀ ਤੇ ਰਿਜ਼ਰਵੇਸ਼ਨ ਦੇ ਮਾਮਲੇ ਵਿਚ ਸਾਹਮਣੇ ਆਈ ਘੋਰ ਆਪਹੁਦਰਾਸ਼ਾਹੀ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਮੰਗ ਕੀਤੀ ਹੈ ਕਿ ਇਨ੍ਹਾਂ ਚੋਣਾਂ ਵਿਚ ਹੇਰਾ ਫੇਰੀਆਂ ਲਈ ਰੱਖੀਆਂ ਗਈਆਂ ਹਰ ਤਰ੍ਹਾਂ ਦੀਆਂ ਚੋਰ ਮੋਰੀਆਂ ਨੂੰ ਫੌਰੀ ਬੰਦ ਕੀਤਾ ਜਾਵੇ ਅਤੇ ਚੋਣਾਂ ਦਾ ਜਮਹੂਰੀ ਅਕਸ ਬਹਾਲ ਕੀਤਾ ਜਾਵੇ। ਇਸ ਮੰਤਵ ਲਈ ਇਹ ਵੀ ਮੰਗ ਕੀਤੀ ਗਈ ਕਿ ਇਨ੍ਹਾਂ ਚੋਣਾਂ ਦੇ ਨਾਮਜ਼ਦਗੀ ਫਾਰਮ ਆਨ ਲਾਈਨ ਭਰਵਾਏ ਜਾਣ ਤਾਂ ਜੋ ਅਫ਼ਸਰਾਂ ਵਲੋਂ ਧੱਕੇ ਨਾਲ ਫਾਰਮ ਰੱਦ ਕਰਨ ਵਰਗੀਆਂ ਜਮਹੂਰੀਅਤ ਵਿਰੋਧੀ ਹਰਕਤਾਂ ਨੂੰ ਨੱਥ ਪਾਈ ਜਾ ਸਕੇ।

ਮੀਟਿੰਗ ਦੇ ਆਰੰਭ ਵਿਚ, ਪਿਛਲੇ ਦਿਨੀਂ ਕੋਲਕਾਤਾ ਵਿਖੇ ਪੁਲੀਸ ਹਿਰਾਸਤ ਵਿਚ ਸ਼ਹੀਦ ਹੋਏ ਵਿਦਿਆਰਥੀ ਆਗੂ ਸੁਦੀਪਤੋ ਗੁਪਤਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਇਨਕਲਾਬੀ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਇਸ ਘਟਨਾ ਦੀ ਅਦਾਲਤੀ ਜਾਂਚ ਕਰਵਾ ਕੇ ਦੋਸ਼ੀ ਪੁਲਸੀਆਂ ਨੂੰ ਢੁਕਵੀਂ ਸਜ਼ਾ ਦੇਣ ਦੀ ਮੰਗ ਕੀਤੀ ਗਈ।

# ਇਲਮ ਵੱਲੋਂ 'ਪੰਜਾਬ ਨੂੰ ਕੀ ਹੋ ਰਿਹੈ?' ਵਿਸ਼ੇ 'ਤੇ ਵਿਚਾਰ ਚਰਚਾ ਅਤੇ ਕਵੀ ਦਰਬਾਰ

## ਕਰਜ਼ੇ ਦੀ ਮਾਰ ਹੇਠ ਤੜਪ ਰਿਹਾ ਪੰਜਾਬ ਸਰਕਾਰ ਲਈ ਚਿੰਤਾ ਦਾ ਵਿਸ਼ਾ ਨਹੀਂ : ਪਾਸਲਾ

ਜੰਡਿਆਲਾ ਮੰਜ਼ਕੀ (ਨਦਬ) : ਕੌਮਾਂਤਰੀ ਪੰਜਾਬੀ ਫ਼ਿਲਮ (ਰਜਿ:) ਵੱਲੋਂ ਗ਼ਦਰ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ 'ਪੰਜਾਬ ਦੀ ਹਾਲਾਤ' ਦਾ ਚਿੰਤਨ ਕਰਨ ਲਈ 'ਪੰਜਾਬ ਨੂੰ ਕੀ ਹੋ ਰਿਹੈ?' ਵਿਸ਼ੇ 'ਤੇ ਵਿਚਾਰ ਚਰਚਾ ਅਤੇ ਸੂਬਾ ਪੱਧਰੀ ਕਵੀ ਦਰਬਾਰ ਸਥਾਨਕ ਪ੍ਰੀਤ ਪੈਲੇਸ ਵਿਚ ਕਰਵਾਇਆ ਗਿਆ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸਹਿਯੋਗ ਨਾਲ ਸਾਹਿਤਕ ਰਸਾਲੇ 'ਹੁਣ' ਦੇ ਬਾਨੀ ਸੰਪਾਦਕ ਅਤੇ ਕਵੀ ਅਵਤਾਰ ਜੰਡਿਆਲਵੀ ਦੀ ਯਾਦ ਵਿਚ ਕਰਵਾਏ ਗਏ ਇਸ ਸਮਾਗਮ ਦੇ ਮੁਖ ਮਹਿਮਾਨ ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਡਾ ਰਵੇਲ ਸਿੰਘ ਸਨ। ਸੈਮੀਨਾਰ ਸ਼ੈਸਨ ਦੀ ਪ੍ਰਧਾਨਗੀ ਸ੍ਰੀਮਤੀ ਰਘਵੀਰ ਕੌਰ, ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਡਾ: ਦੀਪਕ ਮਨਮੋਹਨ, ਕੁਲਵੰਤ ਸਿੰਘ ਸੰਧੂ, ਦਰਸ਼ਨ ਬੁੱਟਰ, ਬਲਦੇਵ ਸਿੰਘ ਸੜਕਨਾਮਾ, ਡਾ:ਸੁਖਦੇਵ ਸਿੰਘ, ਡਾ: ਕਰਮਜੀਤ ਸਿੰਘ, ਡਾ:ਨਵਨੀਤ ਜੌਹਲ ਅਤੇ ਜਸਵਿੰਦਰ ਢੇਸੀ ਸ਼ਾਮਿਲ ਹੋਏ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਮੁੱਖ ਭਾਸ਼ਣ ਦਿੰਦਿਆਂ ਕਿਹਾ ਕਿ ਹੁਕਮਰਾਨ ਪੰਜਾਬ ਦੇ ਮਸਲਿਆਂ ਪ੍ਰਤੀ ਚੁੱਪ ਧਾਰੀ ਬੈਠਾ ਹੈ ਜਦਕਿ ਪੰਜਾਬ ਆਰਥਿਕ ਕੰਗਾਲੀ ਦਾ ਸ਼ਿਕਾਰ ਹੈ। ਉਨ੍ਹਾਂ ਸਵਾਲ ਕੀਤਾ ਕਿ ਚੋਣਾਂ ਅਤੇ ਸੰਗਤ ਦਰਸ਼ਨਾਂ ਲਈ ਪੈਸਾ ਕਿਥੋਂ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਕਰਜ਼ੇ ਦੀ ਮਾਰ ਹੇਠ ਤੜ੍ਹਪ ਰਿਹਾ ਪੰਜਾਬ ਸਰਕਾਰ ਲਈ ਚਿੰਤਾ ਦਾ ਵਿਸ਼ਾ ਨਹੀਂ। ਸ੍ਰੀ ਪਾਸਲਾ ਨੇ ਕਿਹਾ ਕਿ ਸੂਬੇ ਵਿਚ ਯੂਨੀਵਰਸਿਟੀਆਂ ਅਤੇ ਕਾਲਜਾਂ ਦਾ ਹੜ੍ਹ ਆਇਆ ਹੋਇਆ ਹੈ ਪਰ ਸਰਕਾਰੀ ਵਿੱਦਿਅਕ ਅਦਾਰਿਆਂ ਦੀ ਹਾਲਤ ਪਤਲੀ ਹੈ। ਉਨ੍ਹਾਂ ਪੰਜਾਬ ਦੇ ਵਾਤਾਵਰਨ ਅਤੇ ਸਿਹਤ ਸਹੂਲਤਾਂ ਦੀ ਬਦਹਾਲੀ ਦਾ ਵੀ ਜ਼ਿਕਰ ਕੀਤਾ। ਭਾਜਪਾ ਵੱਲੋਂ ਪ੍ਰਧਾਨ ਮੰਤਰੀ ਵਜੋਂ ਉਭਾਰੇ ਜਾ ਰਹੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਸਿਰਫ਼ ਮੁਸਲਮਾਨਾਂ ਦਾ ਹੀ ਨਹੀਂ



1) ਸਾਥੀ ਮੰਗਤ ਰਾਮ ਪਾਸਲਾ ਇਕੱਠ ਨੂੰ ਸੰਬੋਧਨ ਕਰਦੇ ਹੋਏ। ਪ੍ਰਧਾਨਗੀ ਮੰਡਲ 'ਚ ਬੈਠੇ ਹਨ ਮੱਖਣ ਪੱਲਣ, ਦਰਸ਼ਨ ਬੁੱਟਰ, ਡਾ. ਕਰਮਜੀਤ ਸਿੰਘ, ਡਾ. ਦੀਪਕ ਮਨਮੋਹਨ ਸਿੰਘ, ਰਵੇਲ ਸਿੰਘ, ਰਘਬੀਰ ਕੌਰ, ਬਲਦੇਵ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਨਵਜੀਤ ਜੌਹਲ ਅਤੇ ਜਸਵਿੰਦਰ ਢੇਸੀ। 2) ਸਾਹਿਤਕ ਰਸਾਲੇ 'ਹੁਣ' ਨੂੰ ਲੋਕ ਅਰਪਣ ਕਰਦਿਆਂ ਪ੍ਰਧਾਨਗੀ ਮੰਡਲ। 3) ਹਾਜ਼ਰੀਨ।

ਸੁਮੱਚੇ ਭਾਰਤੀ ਅਵਾਮ ਦਾ ਦੁਸ਼ਮਣ ਗਰਦਾਨਿਆ। ਮੁਖ ਭਾਸ਼ਣ ਤੋਂ ਬਾਅਦ ਚਰਚਾ ਦੀ ਸ਼ੁਰੂਆਤ ਕਰਦਿਆਂ ਡਾ: ਕਰਮਜੀਤ ਸਿੰਘ ਨੇ ਕਿਹਾ ਕਿ ਅਸੀਂ ਬਿਊਰੀ ਪੱਧਰ 'ਤੇ ਲੋਕਤੰਤਰਿਕ ਹਾਂ ਪ੍ਰੰਤੂ ਅਮਲੀ ਪੱਧਰ 'ਤੇ ਫ਼ਿਰਕਾਪ੍ਰਸਤ ਹਾਂ। ਡਾਕਟਰ ਨਵਜੀਤ ਜੌਹਲ, ਜਸਵਿੰਦਰ ਢੇਸੀ, ਬਲਦੇਵ ਸਿੰਘ ਸੜਕਨਾਮਾ, ਡਾ:ਸੁਖਦੇਵ ਸਿੰਘ ਸਿਰਸਾ, ਡਾ: ਦੀਪਕ ਮਨਮੋਹਨ ਅਤੇ ਸ੍ਰੀਮਤੀ ਰਘਵੀਰ ਕੌਰ ਨੇ ਵੀ ਚਰਚਾ ਵਿਚ ਹਿੱਸਾ ਲਿਆ। ਇਸ ਸੈਸ਼ਨ ਦੀ ਮੰਚ ਸੰਚਾਲਨਾ ਸੁਸ਼ੀਲ ਦੁਸਾਂਝ ਨੇ ਕੀਤੀ। ਸਮਾਗਮ ਦੌਰਾਨ ਸਾਹਿਤਕ ਮੈਗਜ਼ੀਨ 'ਹੁਣ' ਦਾ 24ਵਾਂ ਅੰਕ ਵੀ ਲੋਕ ਅਰਪਣ ਕੀਤਾ ਗਿਆ।

ਸਮਾਗਮ ਦੇ ਦੂਸਰੇ ਦੌਰ ਵਿਚ ਪਦਮਸ੍ਰੀ ਸੁਰਜੀਤ ਪਾਤਰ, ਲਖਵਿੰਦਰ ਜੌਹਲ, ਸੁਲੱਖਣ ਸਰਹੱਦੀ, ਅਨੂਪ ਵਿਰਕ, ਗੋਪਾਲ ਬੁੱਟਰ, ਹਰਭਜਨ ਹੁੰਦਲ, ਡਾ ਲਖਵਿੰਦਰ ਜੌਹਲ, ਗੋਪਾਲ ਬੂਟੱਰ ਅਤੇ ਕੌਮਾਂਤਰੀ ਪੰਜਾਬੀ ਇਲਮ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਦੀ ਪ੍ਰਧਾਨਗੀ ਹੇਠ ਸੁਰਜੀਤ ਪਾਤਰ ਨੇ ਆਪਣੀ ਰਚਨਾ 'ਉਠ ਜਗਾ ਦੇ ਮੋਮਬੱਤੀਆਂ' ਗੀਤ ਰਾਹੀਂ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ। ਸੁਖਵਿੰਦਰ ਅੰਮ੍ਰਿਤ, ਬਲਵਿੰਦਰ ਸੰਧੂ, ਤ੍ਰਿਲੋਚਨ ਲੋਚੀ, ਜਸਵੰਤ ਜ਼ਫ਼ਰ, ਰਵਿੰਦਰ ਚਾਂਦ, ਗਗਨਦੀਪ ਸ਼ਰਮਾ, ਸੁਸ਼ੀਲ ਦੁਸਾਂਝ, ਜਗਸੀਰ ਜੀਰਾ, ਮੱਖਣ ਕੁਹਾੜ, ਅਨੂ ਬਾਲਾ, ਬਰਜਿੰਦਰ ਚੌਹਾਨ, ਸਰਦਾਰ ਪੰਛੀ, ਜਗੀਰ ਪ੍ਰੀਤ, ਜਨਮੇਜਾ ਜੌਹਲ, ਹਰਜਿੰਦਰ ਭੰਡਾਲ, ਤਿਰਲੋਕ ਸਿੰਘ ਬੀਰ ਯੂ. ਐਸ. ਏ., ਸੁਲੱਖਣ ਸਰਹੱਦੀ ਅਤੇ ਡਾ: ਲਖਵਿੰਦਰ ਜੌਹਲ ਆਦਿ ਨੇ ਵੀ ਕਰਵਾਏ ਕਵੀ ਦਰਬਾਰ ਵਿਚ ਅਗਾਂਹਵਧੂ ਸਮਾਜਿਕ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਜੈਨਇੰਦਰ ਚੌਹਾਨ ਵੱਲੋਂ ਕੀਤਾ ਗਿਆ। ਸੰਸਥਾ ਵੱਲੋਂ ਗ਼ਦਰੀ ਬਾਬਿਆਂ ਨਾਲ ਸੰਬੰਧਿਤ ਕੁਝ ਵਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਮੁਖ ਪ੍ਰਬੰਧਕ ਸਾਥੀ ਮੱਖਣ ਪੱਲਣ ਨੇ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ।






# ਗ਼ਦਰ ਸ਼ਤਾਬਦੀ ਵਰ੍ਹਾ 2013-ਸਮਾਗਮ ਲੜੀ

## ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ

(ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ ਦਾ ਸਾਂਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦਾ ਮੰਚ)

ਵਲੋਂ

ਸੂਰਵੀਰ ਅਤੇ ਗ਼ਦਰ ਪਾਰਟੀ ਦੇ ਨੌਜਵਾਨ ਆਗੂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿਚ ਅਯੋਜਤ





## ਸੈਮੀਨਾਰ

**ਵਿਸ਼ਾ: ਗਦਰ ਲਹਿਰ ਦਾ ਨਜ਼ਰੀਆ ਅਤੇ ਸਰੋਕਾਰ**

**ਬੁਲਾਰੇ : ਡਾ. ਵਰਿਆਮ ਸੰਧੂ ( ਟਰੱਸਟੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ)**

**ਸੁਖਵੰਤ ਹੁੰਦਲ (ਬੀ ਸੀ ਕਨੇਡਾ)**

**ਸਮਾਂ: ਸ਼ਨੀਵਾਰ 25 ਮਈ 2013 ਬਾਅਦ ਦੁਪਿਹਰ 1 ਵਜੇ**

**ਸਥਾਨ: ਸੁਲਤਾਨ ਬੈਂਕੁਇਟ ਹਾਲ, 9241 34ਏ ਐਵਿਨਿਊ ਐਡਮਿੰਟਨ**



Vishnu Ganesh Pingle



Kartar Singh Sarabha



Lala Hardayal



Madam Cama



Sohan Singh Bhakhna



Maulvi Barkat Ullah

**Commemorating Gadar Centenary**

## PROGRESSIVE PEOPLES` FOUNDATION OF EDMONTON

[An umbrella body, representing four independent organizations, promoting secular& progressive values through lectures and performing arts.]

is organing a

**Seminar**

**"Goals and outlook of the Ghadar Movement"**

**Speaker: Eminent Panjabi writer Dr. Waryam Sandhu**

**"Unique rebel Kartar Singh Sarabha: A role model for the Youth"**

**Speaker: Sukhwant Hundal**

**Sultan Banquet Hall, 9241 34A Ave Edmonton**

**1:00 PM, Saturday, 25th May 2013**

## OTHER PROGRAMMES

**Shaheed Bhagat Singh Soccer Tournament**

(Besides participating in the games, kids would be introduced to the role of Ghadar movement in achieving Human Rights for the common man)
Saturday & Sunday
29th & 30th June 2013,
at Pollard Meadows School
1751 - 48 street, Edmonton, AB. T6L 3J6

**Stage Play:**
**Gatha - E - Ghadar**

( Play focusing on the life and times of the Ghadar Movement)
2:00 PM, 31 August 2013,
at Festival Place
100 Festival Way, Sherwood Park, AB. T8A 5T2




**Multilingual Poetic Symposium**

(Involving poets of international repute, the event has been dedicated to the memory of
Giyani Kesar Singh Novelist: An impassioned story-teller of the Ghadar movement)
2:00 PM, Saturday, 21st Sept. 2013
Sultan Banquet Hall 9241 34A Ave Edmonton

**Sikhar Sammelan (Finale)**

Involving scholars to speak on the Legacy of the Ghadar movement &
Releasing a book entitled
'Ghadar Movement and India's Anti-Imperialist Struggle'
9th Nov. 2013, 6:00 PM, Saturday,
Sultan Banquet Hall,
9241 34A Ave Edmonton

For more information contact **The Gadar Centennial Commemoration Planning Team**

**Dalbir Sangione: 780 995 5475; Dr. P.R Kalia: 780 485 2989; Prof. Raj Pannu: 780 439 9220; Gurcharan Brar: 780 265 3752; Gurvarinder Gill: 780 497 8801**
**Gursewak Mann: 587 920 7710; Parminder Dhaliwal: 780 994 1886; Darshan Khaira: 780 450 3834 Navtej Bains: 780 200 2872; Joginder Randhawa: 780 914 6251**
**Bakhash Sangha: 780 660 7520; Kirtmeet Kohar: 780 200 5328; Rabinder Sra: 780 431 1692; Usha Bhachhu: 780 200 3078; Surinder Deol: 780 239 9038**
**Gurminder Moom: 780 450 2075;Gurtej Brar: 780 906 0371; Devinder Sunner: 780 952 7334; Parminder Sooch: 780 297 6105; Jasbir Sangha: 780 863 4055**

# SOHAIL QUADRI, MLA

## EDMONTON - MILL WOODS

## 1ST ANNIVERSARY CELEBRATION



**Front row L-R Dave Quest, MLA Strathcona – Sherwood Park, Naresh Bhardwaj, MLA Edmonton – Ellerslie, George Rogers, MLA Leduc Beaumont, Hon. Jonathan Denis, Minister of Justice and Solicitor General, Matt Jeneroux, MLA Edmonton-South West, Hon. Heather Klimchuk, Minister of Culture, Sohail Quadri, MLA for Sohail Quadri, Hon. Dave Hancock, Minister of Human Services, Hon. Dough Horner, President of Treasury Board of Finance and Amarjeet Sohi, Edmonton City Councilor Back row L-R Kerry Diotte, Edmonton City Councilor, Hon. Thomas Lukaszuk, Deputy Premier Enterprise and Advanced Education, Steve Young, MLA for Edmonton Riverview, Hon. Gene Zwozdesky, Speaker of the Legislature, MLA Edmonton Mill Creek and Hon. Verlyn Olson**

**Sohail Quadri the voice of Edmonton Mill Woods in the Legislature celebrated his 1st anniversary of becoming MLA on Sunday April 28, 2013. Over 800 guests attended the event. Also present were Cabinet Ministers and MLAs from the Legislature.**

**MLA Sohail Quadri has consistently supported the government in the efforts in opening new markets, building Alberta by investing in roads, schools and hospitals, and protecting public services while living within the means. He also thanked his constituents and volunteers for giving him the opportunity to represent them in the Alberta Legislature. He has raised relevant questions in the assembly concerning the constituents of Edmonton - Mill Woods. He has been given a mandate for four years and has demonstrated in one year that how by working together; one can achieve the common objective of making Edmonton Mill Woods a great place to live, play and raise families. He said that "With your mandate I will continue to deliver the deliverables."**

Sohail Quadri, MLA
Edmonton – Mill Woods Constituency Office
# 101 9807–34 Ave Edmonton AB, T6E 5X9 – 780-414-1000
Edmonton.millwoods@assembly.ab.ca

## ਸੁਹੇਲ ਕਾਦਰੀ ਐਮ.ਐਲ.ਏ. ਮਿਲਵੁੱਡਜ਼ ਦੀਆਂ ਵਿਧਾਇਕ ਵਜੋਂ ਇਕ ਸਾਲ ਦੀਆਂ ਸੇਵਾਵਾਂ ਪੂਰੀਆਂ ਹੋਣ 'ਤੇ ਕੀਤੇ ਗਏ ਸਮਾਗਮ ਦੀਆਂ ਝਲਕੀਆਂ











ANJALI AGARWAL

With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

TMG

*Now I have access to almost all banks and more than 25 lenders.*

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ 780-934-7217 (Cell) or Email anjali.agarwal@mortgagegroup.com

# ਲਹਿੰਦਾ ਪੰਜਾਬ

ਲਾਹੌਰਨਾਮਾ

# ਲਾਹੌਰ ਅੱਜ ਕਲ੍ਹ ਕੁੱਝ ਹੋਰ!!!



ਆਸਿਫ਼ ਰਜ਼ਾ
mbrc09@gmail.com




11 ਮਈ ਦੀਆਂ ਚੋਣਾਂ ਦੇ ਸਿਲਸਿਲੇ ਵਿਚ ਅੱਜ ਕਲ੍ਹ ਲਾਹੌਰ ਵਿਚ ਬੜੀ ਗਹਿਮਾ-ਗਹਿਮੀ ਚਾਰੇ ਬੰਨੇ ਨਜ਼ਰ ਪਈ ਆਉਂਦੀ ਏ। ਹੋਰ ਤਾਂ ਹੋਰ ਕਲਾਕਾਰ, ਫ਼ਨਕਾਰ, ਸਮਾਜੀ ਤਨਜ਼ੀਮੀਆਂ ਦੇ ਨੁਮਾਇੰਦੇ ਸਾਰੇ ਹੀ ਅਪਣਾ ਅਪਣਾ ਧੜਾ ਕੁੱਟਦੇ ਪਏ ਨੇ। ਅਦਾਕਾਰਾਂ ਵਿਚੋਂ ਮੀਰਾਂ ਅਪਣੀ ਮਾਂ ਦੀ ਹਮਾਇਤ ਲਈ ਇੰਡੀਆ ਵਿਚ ਬਣ ਰਹੀਆਂ ਫ਼ਿਲਮਾਂ ਨਾਮੁਕੰਮਲ ਛੱਡ ਕੇ ਹਾਰੂਨਆਬਾਦ ਆ ਵਸੀ ਹੈ। ਅਬਰਾਰੁਲ-ਹਕ ਸਾਹਿਬ ਇਮਰਾਨ ਖ਼ਾਨ ਦੀ ਨਾ ਸਿਰਫ਼ ਹਮਾਇਤ ਕਰ ਰਹੇ ਨੇ ਸਗੋਂ ਉਸ ਦੀ ਪਾਰਟੀ ਤਹਰੀਕੇ ਇਨਸਾਫ਼ ਵੱਲੋਂ ਚੋਣ ਵੀ ਲੜ ਰਹੇ ਨੇ।

ਸਰਹੱਦ ਵਿਚ ਕੱਟੜਪੰਥੀ ਮੌਲਵੀ ਫ਼ਜ਼ਲ ਉਲ-ਰਹਿਮਾਨ ਦੇ ਮੁਕਾਬਲੇ ਵਿਚ ਆਪਣੇ ਵੇਲੇ ਦੀ ਫ਼ਿਲਮਾਂ ਦੀ ਡਾਂਸਰ ਤੇ ਮਸ਼ਹੂਰ ਅਦਾਕਾਰਾ ਮੁਸੱਰਤ ਸ਼ਾਹੀਨ ਨੇ ਵੀ ਆਜ਼ਾਦ ਟਿਕਟ ਹਾਸਲ ਕਰ ਲਿਆ ਹੈ।

ਕਈ ਗਾਣ ਵਜਾਣ ਵਾਲੀਆਂ ਢਾਣੀਆਂ ਨੇ ਇਮਰਾਨ ਖ਼ਾਨ ਨੂੰ ਜੁਆਇਨ ਕਰ ਲਿਆ ਹੈ। ਨਵਾਜ਼ ਸ਼ਰੀਫ਼ ਲਈ ਲਹੌਰੀਏ ਬੜੇ ਜਜ਼ਬਾਤੀ ਨੇ। ਹੋਰਾਂ ਦੇ ਜਲਸਿਆਂ ਵਿਚ ਇਕੱਠੇ ਹੋ ਕੇ ਜਾਵਣ ਨੂੰ ਉਨ੍ਹਾਂ ਮਨੋਰੰਜਨ ਬਣਾਇਆ ਹੋਇਆ ਹੈ ਜਦ ਵੋਟ ਪਾਣ ਦਾ ਵੇਲਾ ਆਣਾ ਏ, ਵੋਟ ਨਵਾਜ਼ ਸ਼ਰੀਫ਼ ਦੇ ਖੱਤੇ ਹੀ ਪੈ ਜਾਣੇ ਨੇ।

ਇਮਰਾਨ ਖ਼ਾਨ ਦਾ ਸੁਨਾਮੀ ਦੁੱਧ ਦੀ ਝੱਗ ਵਾਂਗੂੰ ਬੈਠ ਜਾਣਾ ਹੈ। ਖ਼ੋਰੇ ਕਿਹੜੇ ਝੱਲਪੁਣੇ ਦੇ ਅਸਰ ਹੇਠ ਯਾ ਅਜੋਕੇ ਵੇਲੇ ਦੇ ਹੁਕਮਰਾਨ ਦੀ ਆਖੀ ਮਗਰ ਲੱਗ ਕੇ ਇਮਰਾਨ, ਨਵਾਜ਼ ਸ਼ਰੀਫ਼ ਦੇ ਵੋਟਰਜ਼ ਨੂੰ ਆਪਣੇ ਵੱਲ ਖਿੱਚਣ ਦੇ ਵਾਹਵਾ ਜਤਨ ਪਿਆ ਕਰਦਾ ਏ।

ਰਾਹਤ ਫ਼ਤਹਿ ਅਲੀ ਖ਼ਾਨ ਨੇ ਤੇ ਨਵਾਜ਼ ਸ਼ਰੀਫ਼ ਵਾਸਤੇ ਗਾਣਾ ਵੀ ਰਿਕਾਰਡ ਕਰਵਾਇਆ ਹੈ। ਲਾਹੌਰ ਦੇ ਫ਼ਨਕਾਰ, ਸਾਹਿਤਕਾਰ,ਬੜੀ ਹੱਦ ਤਕ ਨਵਾਜ਼ ਸ਼ਰੀਫ਼ ਨੂੰ ਪਸੰਦ ਕਰਦੇ ਨੇ ਤੇ ਕਈ ਸਿਆਣਿਆਂ ਦਾ ਆਖਣਾ ਹੈ ਕਿ ਹੋ ਸਕਦਾ ਹੈ ਇਮਰਾਨ ਖ਼ਾਨ ਦੀ ਵਜ੍ਹਾ ਨਾਲ ਨਵਾਜ਼ ਸ਼ਰੀਫ਼ ਨੂੰ ਨੁਕਸਾਨ ਵੀ ਅੱਪੜ ਸਕਦਾ ਹੈ।

ਮਗਰ ਮੇਰੇ ਜ਼ਾਤੀ ਤਜਰਬੇ ਦੀ ਅੱਖ ਪਈ ਆਹੰਦੀ ਹੈ ਕਿ ਲੋਕਾਂ ਆਸਰਾ ਸਾਰਿਆਂ ਨੂੰ ਦੇ ਦੇਣਾ ਹੈ ਪਰ ਚੋਣ ਵਾਲੇ ਦਿਨ ਉਨ੍ਹਾਂ ਵੋਟ ਪਾ ਨਵਾਜ਼ ਸ਼ਰੀਫ਼ ਨੂੰ ਦੇਣਾ ਹੈ।

ਕੱਟੜਪੰਥੀ ਮੌਲਵੀਆਂ ਨੂੰ ਨਾ ਤੇ ਕਦੇ ਅਤੀਤ ਵਿਚ ਪੰਜਾਬੋਂ ਸੀਟ ਲੱਭੀ ਹੈ ਤੇ ਨਾ ਕਦੀ ਲੱਭਣੀ ਹੈ। ਉਂਜ ਹਰ ਤੀਜਾ ਬੰਦਾ ਮਜ਼੍ਹਬੀ ਅਖਵਾਣਾ ਤੇ ਵਖਵਾਣਾ ਚਾਹੁੰਦਾ ਹੈ ਮਗਰ ਬਣਨਾ ਕੋਈ ਵੀ ਨਹੀਂ ਚਾਹੁੰਦਾ। ਉਹ ਮੌਲਵੀ ਮਗਰ ਨਮਾਜ਼ ਤੇ ਪੜ੍ਹ ਸਕਦੇ ਨੇ ਮਗਰ ਉਸ ਨੂੰ ਵੋਟ ਨਹੀਂ ਪਾਂਦੇ। ਇਸ ਲਈ ਜਿੰਨੀਆਂ ਵੀ ਕੱਟੜਪੰਥੀ ਇਸਲਾਮੀ ਜਮਾਤਾਂ ਨੇ ਉਨ੍ਹਾਂ ਦੇ ਲੇਖਾਂ ਵਿਚ ਹਮੇਸ਼ਾ ਹਾਰ ਹੀ ਹੁੰਦੀ ਹੈ।

ਕੱਟੜਪੰਥੀ ਧੜਾ ਕਸ਼ਮੀਰ ਦੇ ਬਹਾਨੇ ਭਾਰਤ ਤੇ ਅਮਰੀਕਾ ਨੂੰ ਲੰਡਨ ਵਾਲੀ ਪਾਲਸੀ ਦੇ ਬਾਵਜੂਦ ਕਿਸੇ ਤਰ੍ਹਾਂ ਕਾਮਯਾਬ ਨਹੀਂ ਹੋਵੇਗਾ। ਇਸ ਦੀ ਬੁਨਿਆਦੀ ਵਜ੍ਹਾ ਏਨੀ ਹੈ ਕਿ ਆਮ ਲੋਕਾਈ ਮੌਲਵੀ ਨੂੰ ਮਸੀਤ ਤਕ ਹੀ ਸੀਮਤ ਕਰ ਕੇ ਰਾਜ਼ੀ ਹੈ।

ਮਗਰ ਸਾਡੇ ਬਾਹਰ ਬੈਠੇ ਲੋਕ ਇਹ ਸਮਝਦੇ ਨੇ ਕਿ ਪਾਕਿਸਤਾਨ ਇੰਤਹਾਪਸੰਦ ਮੁਲਕ ਹੈ ਜਦ ਕਿ ਚੋਣਾਂ ਵਿਚ ਮਜ਼੍ਹਬੀ ਲੋਕਾਂ ਦੀ ਹਾਰ ਤੋਂ ਇਹ ਅੰਦਾਜ਼ਾ ਕਿਉਂ ਨਹੀਂ ਲਾਵੰਦੇ ਕਿ ਕੋਈ ਵੀ ਪਾਕਿਸਤਾਨੀ ਮੌਲਵੀਆਂ ਹੱਥ ਹਕੂਮਤ ਦੀ ਵਾਗ ਦੇਣ ਨੂੰ ਤਿਆਰ ਨਹੀਂ। ਆਖ਼ਰ ਕੀ ਵਜ੍ਹਾ ਹੈ ਫਿਰ ਅਤਿਵਾਦ ਮੁਕਦਾ ਕਿਉਂ ਨਹੀਂ? ਉਸ ਦੀ ਇਕੋ ਵਜ੍ਹਾ ਹੈ, ਉਹ ਸਿਰਫ਼ ਏਨੀ ਹੈ ਕਿ ਕਿਸੇ ਵੀ ਮੁਲਕ ਦੀ ਫ਼ੌਜ ਆਪਣੀ ਅਹਿਮੀਅਤ ਨੂੰ ਬਰਕਰਾਰ ਰੱਖਣ ਵਾਸਤੇ ਬਾਡਰਾਂ 'ਤੇ ਹਰ ਦੂਜੇ-ਤੀਜੇ ਮਹੀਨੇ ਕੋਈ ਨਾ ਕੋਈ ਬਹਾਨੇ ਨਾਲ ਚਿਚੜੀ ਛੇੜ ਲੈਂਦੀ ਹੈ ਤੇ ਹਰ ਵਾਰ ਲੋਕਾਂ ਨੂੰ ਡਰਾ ਕੇ ਆਪਣੀ ਅਹਿਮੀਅਤ ਦਾ ਅਹਿਸਾਸ ਦਵਾਂਦੀ ਹੈ ਕਿ ਜੇ ਅਸੀਂ ਨਾ ਰਹੇ ਤਾਂ ਭਾਰਤ ਅੱਜ ਨਹੀਂ ਤਾਂ ਕੱਲ੍ਹ ਹਮਲਾ ਕਰ ਦੇਵੇਗਾ। ਇਹੋ ਹਾਲ ਭਾਰਤ ਦਾ ਹੈ। ਇਹ ਕੱਟੜਪੰਥੀ ਧੜਾ ਇਨ੍ਹਾਂ ਹੀ ਅਦਾਰਿਆਂ ਦੇ ਸਿਰ 'ਤੇ ਪਾਕਿਸਤਾਨ ਅੰਦਰ ਅਪਣਾ ਦਾਬਾ ਬਿਠਾਈ ਬੈਠਾ ਹੈ।

ਜਨਰਲ ਪਰਵੇਜ਼ ਮੁਸ਼ੱਰਫ਼ ਨਾਲ ਹੋਣ ਵਾਲੀ ਕੁੱਤੇਖ਼ਾਨੀ ਨੇ ਇਕ ਗੱਲ ਤੇ ਸਾਫ਼ ਕਰ ਦਿੱਤੀ ਹੈ ਕਿ ਹੁਣ ਫ਼ੌਜ ਦੇ ਵੀ ਕਿਸੇ ਜ਼ਿੰਮੇਦਾਰ ਨੂੰ ਅਦਾਲਤੇ ਜ਼ਲੀਲ ਕੀਤਾ ਜਾ ਸਕਦਾ ਹੈ। ਜਨਰਲ ਨਾਲ ਹੋਣ ਵਾਲਾ ਇਹ ਸਲੂਕ ਆਉਣ ਵਾਲੇ ਵੇਲੇ ਵਾਸਤੇ ਬਹੁਤ ਚੰਗਾ ਸਾਬਤ ਹੋਵੇਗਾ, ਕਿਉਂ ਜੋ ਦੂਜੇ ਡਿਕਟੇਟਰਾਂ ਨੂੰ ਇਹੋ ਜਿਹੇ ਕੰਮ ਕਰਨ ਤੋਂ ਡਰ ਜ਼ਰੂਰ ਆਵੇਗਾ। ਇਹ ਪਾਕਿਸਤਾਨ ਦੀ ਅਵਾਮ ਲਈ ਬੜਾ ਹੀ ਲਾਭਦਾਇਕ ਹੈ। ਛੋਟੇ ਛੋਟੇ ਮੁਫ਼ਾਦ ਕਦੇ ਕਦੇ ਵੱਡੀਆਂ ਮਕਸਦਾਂ ਦਾ ਗਲਾ ਘੋਟ ਦਿੰਦੇ ਨੇ। ਸਾਡੀ ਨਿੱਕੀ ਜਿਕੀ ਨਿੱਜੀ ਲਾਲਚ ਕਦੇ ਕਦੇ ਕੌਮ ਦੇ ਸਿਰ ਪੈ ਜਾਂਦੀ ਹੈ ਤੇ ਉਸ ਨੂੰ ਭੁਗਤਣਾ ਪੈਂਦਾ ਹੈ।

ਫ਼ਨਕਾਰਾਂ, ਅਦਾਕਾਰਾਂ, ਸਾਹਿਤਕਾਰਾਂ ਦੇ ਜਿੱਤ ਜਾਣ ਤੋਂ ਇਕ ਗੱਲ ਤੇ ਸਾਫ਼ ਹੋ ਜਾਵੇਗੀ ਕਿ ਲੋਕ ਕੱਟੜਪੰਥੀ ਨੂੰ ਕੱਲ੍ਹ ਵੀ ਨਹੀਂ ਸਨ ਕਬੂਲਦੇ ਤੇ ਆਇੰਦਾ ਵੀ ਨਹੀਂ ਕਬੂਲਣਗੇ। ਕਿਸੇ ਫ਼ਨਕਾਰ, ਅਦਾਕਾਰ ਦੀ ਜਿੱਤ, ਉਸ ਦੀ ਪਾਰਟੀ ਨੂੰ ਹਮਾਇਤ ਨਹੀਂ ਸਮਝਿਆ ਜਾਣਾ ਚਾਹੀਦਾ, ਇਹ ਤੇ ਪਾਕਿਸਤਾਨ ਦੀ ਪਿਸੀ ਹੋਈ ਖ਼ਲਕਤ ਦੀ ਚੁੱਪ ਦੀ ਹਾਮੀ ਹੈ ਜੋ ਉਹ ਲੁੱਕ ਕੇ ਜਿੰਨੇ ਜੋਗੇ ਹੈ ਨੇ ਕਰਨਾ ਚਾਹੁੰਦੇ ਨੇ, ਉਹ ਬਦਲਾਅ ਲਿਆਣਾ ਚਾਹੁੰਦੇ ਨੇ ਤੇ ਆਪਣੇ ਮੁਲਕ ਨੂੰ ਚੰਗਾ ਵੇਖਣਾ ਚਾਹੁੰਦੇ ਨੇ।

ਆਣ ਵਾਲੀਆਂ ਚੋਣਾਂ ਤੋਂ ਬਾਅਦ ਜਿਸ ਹਕੂਮਤ ਨੇ ਵੀ ਪੈਰ ਲੋਕਾਈ ਵਿਚ ਗਹਿਰੇ ਕਰਨੇ ਨੇ, ਉਸ ਨੂੰ ਅਤਿਵਾਦ ਦਾ ਖ਼ਾਤਮਾ ਕਰਨਾ ਪੈਣਾ ਹੈ ਤੇ ਆਮ ਬੰਦੇ ਦੀ ਰੋਟੀ ਰੋਜ਼ੀ ਲਈ ਵਸੀਲੇ ਪੈਦਾ ਕਰਨੇ ਪੈਣੇ ਨੇ। ਤੇ ਗੱਲ ਹੁਣ ਸਾਫ਼ ਨਜ਼ਰ ਆ ਰਹੀ ਹੈ ਕਿ ਲੋਕ ਅਤਿਵਾਦ ਤੋਂ ਵੀ ਤੰਗ ਆ ਚੁੱਕੇ ਨੇ ਤੇ ਅਸੈਂਬਲੀਆਂ ਵਿਚ ਨਵੇਂ ਚਿਹਰੇ ਟੋਲ ਰਹੇ ਨੇ।

# ਪੋਲੀਟੀਸ਼ਨ ਦਾ ਕਤਲ ਕਿੱਥੋਂ ਦਾ ਇਸਲਾਮ ਏ?



ਡਾ. ਮਨਜ਼ੂਰ ਇਜਾਜ਼
manzurejaz@yahoo.com




ਵਾਈਸ ਆਫ਼ ਅਮਰੀਕਾ ਨੇ ਇਕ ਰਿਪੋਰਟ ਵਿਚ ਦੱਸਿਆ ਏ ਕਿ ਪਾਕਿਸਤਾਨ ਵਿਚ ਚੋਣਾਂ ਦੀ ਤਾਰੀਖ਼ ਨੇੜੇ ਆਉਣ ਦੇ ਨਾਲ ਈ ਤਸ਼ੱਦਦ ਭਰੇ ਵਾਕਯਆਤ ਵਿਚ ਵਾਧਾ ਹੋ ਗਿਆ ਏ। ਸਿਰਫ਼ ਮੰਗਲ ਦੇ ਦਿਨ 3 ਅਤਿਵਾਦ ਹੋਏ, ਜਿਨ੍ਹਾਂ ਵਿਚ ਡੇਢ ਦਰਜਨ ਬੰਦਿਆਂ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਮੁਤਾਬਕ ਇਹਦਾ ਇਕ ਮਕਸਦ ਚੋਣਾਂ ਨੂੰ ਰੋਕਣਾ ਵੀ ਹੋ ਸਕਦਾ ਏ। ਹੁਣ ਤੀਕਰ ਸਭ ਤੋਂ ਵੱਧ ਹਮਲੇ ਆਵਾਮੀ ਨੈਸ਼ਨਲ ਪਾਰਟੀ ਉੱਤੇ ਕੀਤੇ ਗਏ ਨੇ। ਇਸ ਪਾਰਟੀ ਨੂੰ ਤਹਿਰੀਕ ਤਾਲਿਬਾਨ ਵੱਲੋਂ ਮੁਸਲਸਲ ਤੜ੍ਹੀਆਂ ਦਾ ਸਾਹਮਣਾ ਏ। ਕਰਾਚੀ ਵਿਚ ਵੀ ਅਜੇ ਤੀਕਰ ਇੰਤਖ਼ਾਬੀ ਮੁਹਿਮ ਭਰਵਾਂ ਜ਼ੋਰ ਨਹੀਂ ਫੜ ਸਕੀ। ANP, MQM ਜਾਂ PP ਵੱਲੋਂ ਕੋਈ ਵੱਡਾ ਜਲਸਾ ਨਹੀਂ ਕੀਤਾ ਗਿਆ। ਨਿਰਾ ਨੁੱਕੜ ਮੀਟਿੰਗਾਂ ਹੋ ਰਹੀਆਂ ਨੇ।

ਮਜ਼੍ਹਬ ਮਾਆਸ਼ਰੇ ਨੇ ਬਹੁਤ ਪਹਿਲਾਂ ਇਹ ਅੰਦਾਜ਼ਾ ਲਾ ਲਿਆ ਸੀ ਕਿ ਇਖ਼ਤਲਾਫ਼ ਤੇ ਰਾਅ ਦਾ ਇਖ਼ਤਲਾਫ਼ ਨਿਬੇੜਨ ਵਾਸਤੇ ਮਜ਼੍ਹਬ ਅੰਦਾਜ਼ ਨਾਲ ਵਰਤਾਰਾ ਬਿਹਤਰ ਹੁੰਦਾ ਏ। ਇਹੋ ਉਹ ਮੁੱਢਲੀ ਗੱਲ ਏ ਜਿਹੜੀ ਇਸਲਾਮ ਨੇ ਡੇਢ ਹਜ਼ਾਰ ਸਾਲ ਪਹਿਲਾਂ ਦੱਸ ਦਿੱਤੀ ਸੀ। ਗਾਲ੍ਹ ਤੇ ਗੋਲੀ ਦਾ ਸਭਿਆਚਾਰ ਕਿਸੇ ਤਰ੍ਹਾਂ ਵੀ ਸਮਾਜ ਜਾਂ ਮੁਲਕ ਵਾਸਤੇ ਚੰਗਾ ਨਹੀਂ ਹੁੰਦਾ ਪਰ ਬਦਕਿਸਮਤੀ ਨਾਲ ਇਸ ਦੇਸ਼ ਦਾ ਸਭਿਆਚਾਰ ਇਹੋ ਬਣਾ ਦਿੱਤਾ ਗਿਆ ਏ। ਅਸੀਂ ਸਹਿਮਤੀ ਬਰਦਾਸ਼ਤ ਈ ਨਹੀਂ ਕਰਦੇ ਕਿਉਂ ਜੇ ਇਹ ਸਾਡੇ ਮਿਜਾਜ਼ ਦਾ ਹਿੱਸਾ ਈ ਨਹੀਂ ਰਹੀ। ਸ਼ੁਰੂ ਤੋਂ ਈ ਸਿਆਸਤਦਾਨਾਂ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾਈ ਜਾਂਦੀ ਰਹੀ ਏ ਤੇ ਇਹਦੇ ਓਹਲੇ ਵਿਚ ਫ਼ੌਜੀ ਆਮਰਾਂ ਨੇ ਆਪਣੇ ਖ਼ਤਰਨਾਕ ਮਕਸਦ ਪੂਰੇ ਕੀਤੇ। ਪਹਿਲਾਂ ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰ ਨੂੰ ਵਧਾ ਚੜ੍ਹਾ ਕੇ ਬਿਆਨ ਕੀਤਾ ਗਿਆ ਤੇ ਫਿਰ ਉਸ ਭ੍ਰਿਸ਼ਟਾਚਾਰ ਨੂੰ ਮੁਕਾਉਣ ਦੇ ਨਾਂ ਉਤੇ ਬੂਟਾਂ ਵਾਲਿਆਂ ਦੇ ਭ੍ਰਿਸ਼ਟ ਮੁਲਕ ਦੇ ਸਿਰ ਉਤੇ ਸਵਾਰ ਕਰ ਦਿੱਤੀ ਗਈ। ਲੋਕਾਈ ਨਾਲ ਵੀ ਸਲੂਕ ਇਸ ਅੰਦਾਜ਼ ਦਾ ਕੀਤਾ ਜਾਂਦਾ ਰਿਹਾ ਜਿਵੇਂ ਮੁਹਾਜ਼ ਉੱਤੇ ਦੁਸ਼ਮਣਾਂ ਨਾਲ ਹੁੰਦਾ ਏ। ਚਾਰ ਫ਼ੌਜੀ ਤਾਨਾਸ਼ਾਹਾਂ ਨੇ ਇਸ ਦੇਸ਼ 'ਤੇ ਲੰਮਾ ਚਿਰ ਹੁਕਮਰਾਨੀ ਕੀਤੀ ਤੇ ਉਨ੍ਹਾਂ ਸਭ ਦਾ ਵਰਤਾਰਾ ਲਗਭਗ ਇਕੋ ਜਿਹਾ ਰਿਹਾ। ਸਭ ਤੋਂ ਪਹਿਲੇ ਫ਼ੌਜੀ ਆਮਰ ਅਯੂਬ ਖ਼ਾਨ ਤੇ ਉਹਦੇ ਲੱਗਦੇ ਲਾਣਿਆਂ ਯਾਹੀਆ ਖ਼ਾਨ ਦੀ ਹੁਕਮਰਾਨੀ ਦੇ ਨਤੀਜੇ ਵਿਚ ਮੁਲਕ ਟੁੱਟਿਆ, ਤੀਜਾ ਆਮਰ ਜ਼ਿਆਉਲਹਕ ਇਸਲਾਮ ਲਿਆਉਣ ਦੇ ਲਾਰੇ ਲਾਂਦਾ ਲਾਂਦਾ ਮੁਲਕ ਨੂੰ ਅਤਿਵਾਦ, ਹੈਰੋਇਨ ਤੇ ਕਲਾਸ਼ਨਕੋਫ਼ ਸਿਭਆਚਾਰ ਦਾ ਤੋਹਫ਼ਾ ਦੇ ਗਿਆ। ਉਹਨੇ ਤੇ ਉਹਦੇ ਜਹਾਦੀ ਜਰਨੈਲਾਂ ਨੇ ਰਲ ਕੇ ਤਾਲਿਬਾਨ ਨੂੰ ਜਨਮ ਦੇ ਕੇ ਇਸ ਮੁਲਕ ਵਾਸਤੇ ਪੱਕੇ ਅਜ਼ਾਬ ਦੀ ਸੂਰਤ ਬਣਾ ਦਿੱਤੀ। ਜਦਕਿ ਚੌਥਾ ਆਮਰ ਪਰਵੇਜ਼ ਮੁਸ਼ੱਰਫ਼ ਡਰੌਨ ਹਮਲਿਆਂ ਦੇ ਨਾਲ ਨਾਲ ਤਾਲਿਬਾਨ ਦੇ ਆਪ ਮਾਰੂ ਹਮਲੇ ਦੇ ਗਿਆ ਤੇ ਉਹਦੀ ਦਲੇਰੀ ਦਾ ਹਾਲ ਇਹ ਏ ਕਿ ਅਜੇ ਵੀ ਮੁਲਕ ਦੀਆਂ ਚੋਣਾਂ ਵਿਚ ਹਿੱਸਾ ਲੈ ਕੇ ਕੌਮ ਦੀ ਸੁੱਤੀ ਤਕਦੀਰ ਨੂੰ ਹੋਰ ਸਵਾਨਾ ਚਾਹੁੰਦਾ ਸੀ। ਅਦਾਲਤੀ ਫ਼ੈਸਲੇ ਪਾਰੋਂ ਉਹ ਇਸ ਖੇਡ ਤੋਂ ਬਾਹਰ ਹੋ ਗਿਆ। ਇਨ੍ਹਾਂ ਆਮਰਾਂ ਨੇ ਵੱਖ ਵੱਖ ਹੀਲੇ ਬਹਾਨੇ ਕੌਮ ਦੇ ਸਿਰ ਉਤੇ ਸਵਾਰ ਰਹਿਣ ਦਾ ਜਤਨ ਕੀਤਾ। ਅਯੂਬ ਖ਼ਾਨ ਦੇ ਖ਼ਿਆਲ ਵਿਚ ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰ ਪਾਰੋਂ ਮੁਲਕ ਟੁੱਟਣ ਵਾਲਾ ਸੀ, ਉਹਨੇ ਆ ਕੇ ਇਸ ਦੇਸ਼ ਨੂੰ ਬਚਾਇਆ। ਜਨਰਲ ਜ਼ਿਆ ਨੇ ਜਦੋਂ ਹੱਲਾ ਕੀਤਾ ਤਾਂ ਉਸ ਵੇਲੇ ਵੀ ਸਿਆਸਤਦਾਨਾਂ ਦੀ ਆਪਸੀ ਜੰਗ ਮੁਲਕ ਤੋੜ ਦੇਣ ਵਾਲੀ ਸੀ। ਜ਼ੁਲਫ਼ਕਾਰ ਅਲੀ ਭੁੱਟੋ ਦੇ ਖ਼ਿਲਾਫ਼ ਚੱਲਣ ਵਾਲੀ ਤਹਿਰੀਕ ਨੂੰ ਅਣਜਾਣੇ ਹੱਥਾਂ ਨੇ ਨਫ਼ਾਜ਼ ਨਿਜ਼ਾਮ ਮੁਸਤਫ਼ਾ ਦੀ ਤਹਿਰੀਕ ਬਣਾ ਛੱਡਿਆ। ਉਹ ਨਿਜ਼ਾਮ ਅਜੇ ਤੀਕਰ ਨਹੀਂ ਆ ਸਕਿਆ। ਅਲਬੱਤਾ ਇਸ ਤਹਿਰੀਕ ਪਾਰੋਂ ਜ਼ਿਆ ਹੋਰੀ ਇਕ ਦਹਾਕਾ ਕੌਮ ਦੇ ਸਿਰ ਉਤੇ ਸਵਾਰ ਰਹੇ। ਜੇ ਜਹਾਜ਼ ਡਿੱਗ ਕੇ ਸੜ ਜਾਣ ਦਾ ਵਾਕਿਆ ਪੇਸ਼ ਨਾ ਆਉਂਦਾ ਤਾਂ ਸ਼ਾਇਦ ਅਜੇ ਤੀਕਰ ਉਹ ਇਸਲਾਮ ਤੇ ਲੋਕਾਈ ਦੀ ਖ਼ਿਦਮਤ ਕਰ ਰਹੇ ਹੁੰਦੇ। ਇਹ ਉਹੀ ਜ਼ਿਆ ਏ ਜਿਹਨੇ ਐਲਾਨ ਕੀਤਾ ਸੀ ਕਿ ਮੇਰੇ ਵੱਸ ਹੋਵੇ ਤਾਂ ਮੈਂ ਹਜ਼ਾਰ ਚੋਣਾਂ ਗ਼ੈਰ ਜਮਾਤੀ ਕਰਵਾਵਾਂ। ਉਨ੍ਹਾਂ ਦੇ ਇਕੋ ਵਾਰ ਦੇ ਗ਼ੈਰ ਜਮਾਤੀ ਚੋਣ ਪਾਰੋਂ ਇਹ ਕੌਮ ਬਰਾਦਰੀ ਅਜ਼ਮ ਦੀ ਲਾਨ੍ਹਤ ਦਾ ਸ਼ਿਕਾਰ ਹੋ ਗਈ ਤੇ ਲੋਕ ਬੰਦੇ ਰਹਿਣ ਦੀ ਬਜਾਏ ਜੱਟ, ਆਰਾਏ, ਗੁੱਜਰ, ਰਾਜਪੂਤ, ਕੰਬੋਹ ਤੇ ਹੋਰ ਖ਼ੋਰੇ ਕੀ ਕੀ ਬਣ ਗਏ।

ਫ਼ੌਜੀ ਆਮਰਾਂ ਦੇ ਕਾਲੇ ਕਾਰਨਾਮਿਆਂ ਪਾਰੋਂ ਮੁਲਕ ਅੰਦਰ ਜਮਹੂਰੀਅਤ ਦਾ ਬੂਟਾ ਪਰਵਾਨ ਨਹੀਂ ਚੜ੍ਹ ਸਕਿਆ। ਤਾਲਿਬਾਨ ਤੇ ਉਨ੍ਹਾਂ ਦੇ ਆਪ ਮਾਰੂ ਹਮਲੇ, ਜੋ ਪਾਕਿਸਤਾਨ ਦਾ ਸਟਰਟੀਜਕ ਵਿਰਸਾ ਸਮਝੇ ਜਾਂਦੇ ਸਨ, ਹੁਣ ਆਪ ਪਾਕਿਸਤਾਨ ਦੇ ਗਲੇ ਪੈ ਗਏ ਨੇਂ। ਰਿਆਸਤ ਅੰਦਰ ਰਿਆਸਤ ਦੀ ਸੂਰਤ ਬਣ ਗਈ ਏ। ਅੱਧੇ ਦਿਮਾਗ਼ ਵਾਲੇ ਮੌਲਵੀ ਰਿਆਸਤ ਦੇ ਉੱਤੇ ਹਾਵੀ ਹੋ ਕੇ ਮਨ ਮਰਜ਼ੀ ਦੀ ਕਰਤੂਤ ਕਰਦੇ ਫਿਰਦੇ ਨੇਂ। ਜਹਾਦੀਏ ਮੌਲਵੀ ਹਕੂਮਤ ਤੇ ਮੁਲਕ ਨੂੰ ਬਲੈਕਮੇਲ ਕਰਨ ਦੀ ਸਤ੍ਹਾ ਉੱਤੇ ਆ ਗਏ ਨੇ। ਕਦੀ ਪੋਲੀਵ ਕਤਰੇ ਪੀਆਵਨ ਦੇ ਖ਼ਿਲਾਫ਼ ਰੇਡੀਓ 'ਤੇ ਪ੍ਰਚਾਰ ਕੀਤਾ ਜਾਂਦਾ ਏ ਤੇ ਬਾਦੋਂ ਪੋਲੀਵ ਕਤਰੇ ਪੀਆਵਨ ਵਾਲੇ ਰਜ਼ਾਕਾਰਾਂ ਉੱਤੇ ਹਮਲੇ ਦਾ ਡਰਾਮਾ ਹੁੰਦਾ ਏ, ਕਦੀ ਸਿਆਸੀ ਕਾਰਕੁਨਾਂ ਤੇ ਆਗੂਆਂ ਨੂੰ ਮਾਰਿਆ ਜਾਂਦਾ ਏ। ਉਹ ਖੁੱਲ੍ਹਮ ਖੁੱਲ੍ਹਾ ਤਿੰਨ ਸਿਆਸੀ ਪਾਰਟੀਆਂ ਦਾ ਨਾਂ ਲੈਂਦੇ ਨੇ ਕਿ ਉਨ੍ਹਾਂ ਉੱਤੇ ਹਮਲੇ ਕੀਤੇ ਜਾਵਣਗੇ। ਏ.ਐਨ.ਪੀ. ਇਸ ਸਿਲਸਿਲੇ ਵਿਚ ਖ਼ਾਸ ਕਰ ਉਨ੍ਹਾਂ ਦੇ ਜ਼ੁਲਮ ਦਾ ਨਿਸ਼ਾਨਾ ਬਣ ਚੁੱਕੀ ਏ। ਹੁਣ ਇਸਲਾਮ ਉਹ ਨਹੀਂ, ਜਿਹੜਾ ਡੇਢ ਹਜ਼ਾਰ ਸਾਲ ਪਹਿਲਾਂ ਲੋਕਾਂ ਦੀ ਹਾਲਤ ਸੁਧਾਰਨ ਲਈ ਆਇਆ ਸੀ, ਹੁਣ ਇਸਲਾਮ ਉਹ ਏ, ਜਿਹੜਾ ਇਹ ਮੌਲਵੀ ਆਖਦੇ ਨੇ। ਇਸਲਾਮ ਦਾ ਉਹ ਰੌਸ਼ਨ ਪਹਿਲੂ ਜਿਹਦੇ ਵਿਚ ਇਨਸਾਨ ਦੋਸਤੀ ਤੇ ਇਨਸਾਨ ਦੇ ਅਸ਼ਰਫ਼ ਉਲ ਮਖ਼ਲੂਕਾਤ ਹੋਣ ਦਾ ਇਜ਼ਹਾਰ ਮਿਲਦਾ ਏ। ਜਿਹਦੇ ਵਿਚ ਗੁਆਂਢੀ ਦੇ ਭੁੱਖਾ ਸੌਣ ਪਾਰੋਂ ਇਮਾਨ ਨਾਮੁਕੰਮਲ ਦੱਸਿਆ ਗਿਆ ਏ, ਜਿਹਦੇ ਵਿਚ ਭਰਾ ਵਾਸਤੇ ਵੀ ਉਹੀ ਚੀਜ਼ ਪਸੰਦ ਕਰਨ ਦਾ ਹੁਕਮ ਏ, ਜੋ ਬੰਦਾ ਆਪਣੇ ਵਾਸਤੇ ਕਰੇ, ਇਹ ਸਾਰਾ ਕੁੱਝ ਜਹਾਦੀ ਮੌਲਵੀਆਂ ਦੇ ਇਸਲਾਮ ਵਿਚ ਮੌਜੂਦ ਨਹੀਂ। ਇਸ ਨਾਂ ਨਿਹਾਦ ਇਸਲਾਮ ਵਿਚ ਸਿਰਫ਼ ਤੇ ਸਿਰਫ਼ ਕਤਲੋ ਗ਼ਾਰਤ ਏ ਤੇ ਆਪ ਮਾਰੂ ਹਮਲੇ ਨੇ। ਸਿਵਾਏ ਕਤਲੋ ਗ਼ਾਰਤ ਦੇ, ਉਨ੍ਹਾਂ ਕੋਲ ਹੋਰ ਕੁੱਝ ਵੀ ਨਹੀਂ। ਵੱਡੇ ਵੱਡੇ ਸਿਆਸੀ ਆਗੂ ਉਨ੍ਹਾਂ ਦੀ ਹਿਟ ਲਿਸਟ 'ਤੇ ਨੇ। ਇਸ ਸਿਲਸਿਲੇ ਵਿਚ ਹਕੂਮਤ ਤੇ ਨਿੱਕੀ ਨਿੱਕੀ ਗੱਲ ਉੱਤੇ ਐਕਸ਼ਨ ਲੈਣ ਵਾਲੀ ਸੁਪਰੀਮ ਕੋਰਟ ਦੀ ਚੁੱਪ ਸਮਝੋਂ ਬਾਹਰ ਏ। ਆਪ ਮਾਰੂ ਹਮਲੇ ਤੇ ਮਖ਼ਾਲਫ਼ੀਨ ਨੂੰ ਕਤਲ ਕਰਨਾ ਕਿਥੋਂ ਦਾ ਇਸਲਾਮ ਏ? ਇਹ ਸਾਡੇ ਜਹਾਦੀ ਮੁੱਲਾਂ ਈ ਦੱਸ ਸਕਦੇ ਨੇ। ਸਾਨੂੰ ਤੇ ਇਹ ਪਤਾ ਏ ਕਿ ਇਸਲਾਮ ਵਿਚ ਲਾਕਰਾਹ ਫ਼ੀ ਉੱਦੀਨ ਦੀ ਬੁਨਿਆਦ ਪਾਰੋਂ ਜਿੱਥੇ ਦੇਣ ਤੇ ਮਜ਼ਹਬ ਦੇ ਮਾਮਲੇ ਵਿਚ ਕੋਈ ਜਬਰ ਤੇ ਜ਼ਬਰਦਸਤੀ ਨਹੀਂ, ਉਥੇ ਸਿਆਸੀ ਇਖ਼ਤਲਾਫ਼ ਵਿਚ ਕਿੱਥੇ ਜ਼ਬਰਦਸਤੀ ਹੋ ਸਕਦੀ ਏ। ਹਕੂਮਤ ਦੀ ਬੇ ਵਸੀ ਪਾਰੋਂ ਜਹਾਲੀਅਤ ਛਾ ਰਹੀ ਏ ਤੇ ਪਰਾਮਨ ਸਿਆਸਤ ਦੇ ਮਾੜੇ ਦਿਹਾੜੇ, ਹੋਰ ਮਾੜੇ ਹੁੰਦੇ ਜਾ ਰਹੇ ਨੇ। ਹਕੂਮਤ ਨੂੰ ਸੰਜੀਦਗੀ ਨਾਲ ਇਹਦਾ ਨੋਟਿਸ ਲੈਣਾ ਚਾਹੀਦਾ ਏ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਗੋਆ ਬੀਚ 'ਤੇ ਚਿੰਤਨ

ਪੰਜਾਬ ਦੇ ਅਕਾਲੀ ਅਤੇ ਭਾਜਪਾ ਨੇਤਾ ਗੋਆ ਦੇ ਸਮੁੰਦਰੀ ਕਿਨਾਰਿਆਂ 'ਤੇ ਸੱਤ ਤਾਰਾ ਹੋਟਲਾਂ ਵਿਚ ਗੰਭੀਰ ਵਿੱਤੀ ਸੰਕਟ ਨਾਲ ਜੂਝ ਰਹੀ ਆਪਣੀ ਸਰਕਾਰ ਨੂੰ ਸਫ਼ਲਤਾਪੂਰਵਕ ਚਲਾਉਣ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਹਰਾਉਣ ਦੀ ਰਣਨੀਤੀ ਬਣਾ ਕੇ ਆਏ ਹਨ। ਇਹ ਵੱਖਰੀ ਗੱਲ ਹੈ ਕਿ ਇਥੇ ਪੰਜਾਬ ਵਿਚ ਸਰਕਾਰ ਦੇ 3,15,969 ਮੁਲਾਜ਼ਮਾਂ ਨੂੰ ਪਿਛਲੇ ਕੁਝ ਮਹੀਨਿਆਂ ਤੋਂ ਸਮੇਂ ਸਿਰ ਤਨਖਾਹ ਨਹੀਂ ਮਿਲ ਰਹੀ। ਸੇਵਾਮੁਕਤ ਹੋਏ ਹਜ਼ਾਰਾਂ ਮੁਲਾਜ਼ਮਾਂ ਨੂੰ ਸੇਵਾਮੁਕਤੀ ਲਾਭ ਨਹੀਂ ਮਿਲਿਆ। ਬੁਢਾਪਾ ਪੈਨਸ਼ਨ 250 ਰੁਪਏ ਪ੍ਰਤੀ ਮਹੀਨਾ ਵਧਾਉਣ ਦੇ ਵਾਅਦੇ ਸਰਕਾਰ ਸਾਰੀਆਂ ਚੋਣਾਂ ਵਿਚ ਕਰ ਦਿੰਦੀ ਹੈ, ਉਸ 'ਤੇ ਅਮਲ ਅੱਜ ਤਕ ਨਹੀਂ ਕਰ ਸਕੀ। ਸਕੂਲੀ ਵਿਦਿਆਰਥੀਆਂ ਨੂੰ ਮੁਫ਼ਤ ਲੈਪਟਾਪ ਦੇਣ ਦਾ ਵਾਅਦਾ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਕੀਤਾ ਗਿਆ ਹੈ, ਪਰ ਇਹ ਵਫ਼ਾ ਕਦੋਂ ਹੋਵੇਗਾ, ਇਹ ਕੋਈ ਨਹੀਂ ਜਾਣਦਾ। ਧਰਮ ਨੂੰ ਰਾਜਨੀਤੀ ਦਾ ਆਧਾਰ ਬਣਾਉਣ ਵਾਲੀ ਜਥੇਦਾਰਾਂ ਦੀ ਪਾਰਟੀ ਅਕਾਲੀ ਦਲ ਨੂੰ ਇਕ ਕਾਰਪੋਰੇਟ ਕੰਪਨੀ ਦਾ ਰੂਪ ਦੇਣ ਦਾ ਸਿਹਰਾ ਇਸ ਦੇ ਮੌਜੂਦਾ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਹੀ ਪਹਿਲ ਕਰਦੇ ਹੋਏ ਪਿਛਲੀ ਵਾਰ ਪਾਰਟੀ ਦਾ ਚਿੰਤਨ ਕੈਂਪ ਸ਼ਿਮਲਾ ਦੀਆਂ ਖੂਬਸੂਰਤ ਵਾਦੀਆਂ ਵਿਚ ਕਰਵਾਇਆ ਸੀ ਅਤੇ ਇਸ ਵਾਰ ਗੋਆ ਦਾ ਪ੍ਰੋਗਰਾਮ ਬਣਿਆ। ਜ਼ਿਆਦਾ ਸਮਾਂ ਨਹੀਂ ਬੀਤਿਆ ਜਦੋਂ ਅਕਾਲੀ ਦਲ ਦੀਆਂ ਮੀਟਿੰਗਾਂ ਗੁਰਦੁਆਰਿਆਂ ਵਿਚ ਹੋਇਆ ਕਰਦੀਆਂ ਸਨ। ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਟਿੱਪਣੀ ਕੀਤੀ ਕਿ ਤੇਜਾ ਸਿੰਘ ਸਮੁੰਦਰੀ ਹਾਲ (ਹਰਿਮੰਦਰ ਸਾਹਿਬ) ਛੱਡ ਕੇ ਹੁਣ ਅਕਾਲੀ ਦਲ ਸਮੁੰਦਰ ਦੇ ਕਿਨਾਰੇ ਹੀ ਪਹੁੰਚ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਦਲ ਭਾਜਪਾ ਦੇ ਮੰਤਰੀਆਂ, ਵਿਧਾਇਕਾਂ, ਸੰਸਦ ਮੈਂਬਰਾਂ, ਸਾਬਕਾ ਵਿਧਾਇਕਾਂ, ਜ਼ਿਲ੍ਹਾ ਪ੍ਰਧਾਨਾਂ ਅਤੇ ਕੋਰ ਕਮੇਟੀ ਦੇ ਮੈਂਬਰਾਂ ਆਦਿ ਕੋਈ 150 ਤੋਂ ਜ਼ਿਆਦਾ ਡੈਲੀਗੇਟਜ਼ ਦੀ ਭੀੜ ਗੋਆ ਦੇ ਸਮੁੰਦਰੀ ਤੱਟਾਂ ਦੇ ਨਜ਼ਾਰੇ ਲੈ ਕੇ ਆਈ ਹੈ। ਸੱਚ ਇਹ ਹੀ ਕਿ ਪੰਜਾਬ ਆਰਥਕ ਤੰਗੀ ਝੱਲ ਰਿਹਾ ਹੈ, ਕਾਨੂੰਨ ਵਿਵਸਥਾ

ਸਮੁੰਦਰੀ ਹਾਲ ਚੋਂ ਨਿਕਲ ਕੇ ਗੋਆ ਦੇ ਸਮੁੰਦਰ 'ਚ ਪਹੁੰਚਿਆ ਅਕਾਲੀ ਦਲ...




ਦੀ ਸਥਿਤੀ ਤਰਸਯੋਗ ਹੈ ਤੇ ਸਰਕਾਰ ਗੋਆ ਦੇ ਸਮੁੰਦਰੀ ਤੱਟਾਂ 'ਤੇ ਪਿਕਨਿਕ ਬਣਾ ਰਹੀ ਸੀ। ਅਜਿਹੇ ਵਾਤਾਵਰਣ ਵਿਚ ਉਨ੍ਹਾਂ ਤੋਂ ਕਿਸੇ ਗੰਭੀਰ ਰਾਜਨੀਤਕ ਚਿੰਤਨ ਦੀ ਭਲਾ ਕੀ ਆਸ ਕੀਤੀ ਜਾ ਸਕਦੀ ਹੈ।

ਅਕਾਲੀ ਵਿਧਾਇਕਾਂ ਨੂੰ ਗੋਆ ਦੀ ਕੈਸੀਨੋ ਇੰਡਸਟ੍ਰੀ ਕਾਫ਼ੀ ਪਸੰਦ ਆਈ। ਨਾਮ ਨਾ ਛਾਪਣ ਦੀ ਸ਼ਰਤ 'ਤੇ ਇਕ ਮੰਤਰੀ ਨੇ ਦੱਸਿਆ ਕਿ ਬਹੁਤ ਸਾਰੇ ਵਿਧਾਇਕ ਕੈਸੀਨੋ ਦੇਖਣ ਵੀ ਗਏ ਅਤੇ ਉਨ੍ਹਾਂ ਇਸ ਤੋਂ ਹੋਣ ਵਾਲੀ ਕਮਾਈ ਬਾਰੇ ਸਮਝਿਆ ਵੀ। ਹਾਲਾਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕਿਸੇ ਵੀ ਤਰ੍ਹਾਂ ਦੇ ਨਕਾਰਾਤਮਕ ਪ੍ਰਚਾਰ ਤੋਂ ਬਚਣ ਲਈ ਉਥੇ ਨਹੀਂ ਗਏ। ਗੋਆ ਦੇ ਕੈਸੀਨੋ ਬਿਜਨੈਸ ਵਿਚ ਘਰੇਲੂ ਹੀ ਨਹੀਂ ਬਲਕਿ ਵਿਦੇਸ਼ੀ ਸੈਲਾਨੀ ਵੀ ਪਹੁੰਚਦੇ ਹਨ। ਅਕਾਲੀ ਨੇਤਾਵਾਂ ਨੇ ਮੰਡੋਵੀ ਨਦੀ 'ਤੇ ਬਣੇ ਕੈਸੀਨੋ ਵਿਚ ਤਿੰਨ ਘੰਟੇ ਗੁਜ਼ਾਰੇ ਅਤੇ ਉਥੇ ਲੱਗੀਆਂ ਮਸ਼ੀਨਾਂ, ਤਾਸ਼ ਦੀਆਂ ਖੇਡਾਂ, ਬਲੈਕਜੈਕ ਵਰਗੇ ਖੇਡ ਦੇਖੇ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਵਿਚ ਅਤੇ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਕਾਰਜਕਾਲ ਦੌਰਾਨ ਲੁਧਿਆਣਾ ਨੇੜੇ ਕੈਸੀਨੋ ਖੋਲ੍ਹਣ ਦੀ ਯੋਜਨਾ ਬਣਾਈ ਸੀ ਪਰ ਸਿੱਖ ਜਥੇਬੰਦੀਆਂ ਦੇ ਦਬਾਅ ਦੇ ਚਲਦਿਆਂ ਇਹ ਯੋਜਨਾ ਠੰਢੇ ਬਸਤੇ ਪਾ ਦਿੱਤੀ ਗਈ ਸੀ। ਪਰ ਹੁਣ ਲੱਗਦੈ ਕਿ ਸੁਖਬੀਰ ਸਿੰਘ ਬਾਦਲ ਦੀ 'ਮਿਹਰਬਾਨੀ' ਨਾਲ ਪੰਜਾਬ ਵਿਚ ਵੀ ਜੂਆਘਰ ਖੁਲ੍ਹਕੇ ਹੀ ਰਹਿਣਗੇ। ਜਥੇਦਾਰਾਂ ਦੀ 'ਜੈ ਹੋ'।

ਇਸੇ ਦੌਰਾਨ ਖ਼ਬਰ ਇਹ ਵੀ ਆਈ ਕਿ ਗੁਰਦੁਆਰਿਆਂ ਵਿਚ ਹੋਣ ਵਾਲੀ ਪੰਥਕ ਵਿਚਾਰ-ਚਰਚਾ ਨੂੰ ਗੋਆ ਵਿਚ ਕਰਵਾਉਣ 'ਤੇ ਨੁਕਤਾਚੀਨੀ ਵਿਚ ਘਿਰੇ ਸੁਖਬੀਰ ਸਿੰਘ ਬਾਦਲ ਦਾ ਬਚਾਅ ਕਰਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਅਗਲੀ ਵਿਚਾਰ-ਚਰਚਾ ਸ੍ਰੀ ਹਜ਼ੂਰ ਸਾਹਿਬ ਵਿਚ ਹੋਵੇਗੀ। ਬਾਦਲ ਨੇ ਕਿਹਾ, ''ਅਸੀਂ ਆਪਣੀ ਜ਼ਮੀਨ ਅਤੇ ਪਿੱਠਭੂਮੀ ਨਹੀਂ ਛੱਡੀ। ਮੈਂ ਗੋਆ 'ਚ ਵਿਚਾਰ-ਚਰਚਾ ਦੇ ਵਿਰੁੱਧ ਸੀ, ਪਰ ਉਥੇ ਜਾ ਕੇ ਚੰਗਾ ਲੱਗਾ। ਦੋ ਦਿਨ ਗੰਭੀਰ ਚਰਚਾ ਹੋਈ ਅਤੇ ਵਿਧਾਇਕਾਂ, ਮੰਤਰੀਆਂ ਨੇ ਅਰਾਮ ਵੀ ਕੀਤਾ।''

## ਪੰਜਾਬ ਦੇ 473 ਸਕੂਲਾਂ ਨੂੰ ਲੱਗਾ ਤਾਲਾ

ਪੰਜਾਬ 'ਚ ਸਿੱਖਿਆ ਦੇ ਅਧਿਕਾਰ ਕਾਨੂੰਨ 'ਤੇ ਅਮਲ ਨਾ ਕਰਨ ਵਾਲੇ 473 ਗੈਰ ਮਾਨਤਾ ਪ੍ਰਾਪਤ ਸਕੂਲਾਂ ਨੂੰ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਹੈ। ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਇਹ ਹੁਕਮ ਜਾਰੀ ਕਰਦੇ ਹੋਏ ਕਿਹਾ ਕਿ ਸਰਕਾਰੀ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਸਕੂਲਾਂ ਨੂੰ 10,000 ਰੁਪਏ ਰੋਜ਼ ਦਾ ਜੁਰਮਾਨਾ ਲਾਇਆ ਜਾਵੇਗਾ। ਮਲੂਕਾ ਨੇ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਸਕੂਲਾਂ ਪ੍ਰਤੀ ਲੰਮੇ ਸਮੇਂ ਤੋਂ ਹਮਦਰਦੀ ਵਾਲਾ ਰਵੱਈਆ ਰੱਖਦੀ ਰਹੀ ਹੈ ਅਤੇ ਸਮੇਂ-ਸਮੇਂ 'ਤੇ ਇਨ੍ਹਾਂ ਸਕੂਲਾਂ ਨੂੰ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਕਰਨ ਲਈ ਕਿਹਾ ਜਾਂਦਾ ਰਿਹਾ ਹੈ ਪਰ ਇਨ੍ਹਾਂ ਸਕੂਲਾਂ ਨੇ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਕਰਨਾ ਜ਼ਰੂਰੀ ਨਹੀਂ ਸਮਝਿਆ। ਇਨ੍ਹਾਂ ਸਕੂਲਾਂ ਲਈ ਆਰ.ਟੀ.ਈ. ਐਕਟ 2009 ਦੇ ਨਿਯਮਾਂ



ਤਹਿਤ ਮਾਨਤਾ ਲੈਣੀ ਜ਼ਰੂਰੀ ਹੈ। ਮਲੂਕਾ ਨੇ ਕਿਹਾ ਕਿ ਇਨ੍ਹਾਂ ਸਕੂਲਾਂ ਦੇ ਅਜਿਹੇ ਗੈਰ ਜ਼ਿੰਮੇਵਾਰਾਨਾ ਰਵੱਈਏ ਦੇ ਚਲਦਿਆਂ ਸਰਕਾਰ ਨੂੰ ਇਨ੍ਹਾਂ ਸਕੂਲਾਂ ਖ਼ਿਲਾਫ਼ ਇਹ ਸਖ਼ਤ ਕਾਰਵਾਈ ਕਰਨੀ ਪਈ ਹੈ। ਇਨ੍ਹਾਂ ਸਕੂਲਾਂ ਦੇ ਬੰਦ ਹੋਣ ਨਾਲ 37813 ਬੱਚੇ ਪ੍ਰਭਾਵਤ ਹੋਣਗੇ ਪਰ ਇਹ ਸਾਰੇ ਬੱਚੇ ਕਿਸੇ ਵੀ ਸਰਕਾਰੀ ਸਕੂਲ 'ਚ ਦਾਖ਼ਲਾ ਲੈ ਸਕਦੇ ਹਨ। ਮਲੂਕਾ ਨੇ ਕਿਹਾ ਕਿ ਇਨ੍ਹਾਂ ਸਕੂਲਾਂ ਨੂੰ 31 ਮਾਰਚ ਤਕ ਨਿਯਮ ਪੂਰੇ ਕਰਨ ਦਾ ਸਮਾਂ ਦਿੱਤਾ ਗਿਆ ਸੀ ਪਰ ਨਿਯਮ ਨਾ ਪੂਰੇ ਕਰਨ ਵਾਲੇ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਹੁਕਮ ਨਾ ਮੰਨਣ ਵਾਲੇ ਹਰ ਸਕੂਲ ਨੂੰ ਪਹਿਲਾਂ 1 ਲੱਖ ਰੁਪਏ ਜੁਰਮਾਨਾ ਲਗਾਇਆ ਜਾਵੇਗਾ ਅਤੇ ਇਸ ਦੇ ਬਾਵਜੂਦ ਹੁਕਮ ਨਾ ਮੰਨਣ ਵਾਲੇ ਸਕੂਲ 'ਤੇ 10000 ਰੁਪਏ ਰੋਜ਼ਾਨਾ ਦਾ ਜੁਰਮਾਨਾ ਪਾਇਆ ਜਾਵੇਗਾ।

ਜ਼ਿਕਰਯੋਗ ਹੈ ਕਿ ਮਾਨਤਾ ਲੈਣ ਲਈ 9301 ਨਿਜੀ ਸਕੂਲਾਂ ਵਿਚੋਂ 1935 ਸਕੂਲਾਂ ਨੇ ਹੀ ਪੱਤਰ ਭਰੇ ਸਨ ਅਤੇ 7300 ਪ੍ਰਾਈਵੇਟ ਸਕੂਲਾਂ ਨੂੰ ਮਾਨਤਾ ਲੈਣ ਲਈ ਇਕ ਸਾਲ ਦੀ ਮਿਆਦ ਵਧਾ ਦਿੱਤੀ ਸੀ ਅਤੇ 1635 ਪ੍ਰਾਈਵੇਟ ਸਕੂਲ ਮਾਨਤਾ ਪ੍ਰਾਪਤ ਕਰਨ ਵਿਚ ਅਸਮਰਥ ਰਹੇ ਅਤੇ 1162 ਪ੍ਰਾਈਵੇਟ ਸਕੂਲਾਂ ਨੇ ਮਾਨਤਾ ਪ੍ਰਾਪਤ ਕਰ ਲਈ ਸੀ ਪਰ 473 ਸਕੂਲ ਮਾਨਤਾ ਪ੍ਰਾਪਤ ਕਰਨ ਤੋਂ ਅਸਮਰਥ ਰਹੇ।

## ਜਨਮ-ਮੌਤ ਸਰਟੀਫਿਕੇਟ ਬਲੈਕਮੇਲਿੰਗ ਹੁਣ ਨਹੀਂ

ਨਗਰ ਨਿਗਮ ਦੇ ਜਨਮ ਤੇ ਮੌਤ ਰਜਿਸਟ੍ਰੇਸ਼ਨ ਵਿਭਾਗ ਵਲੋਂ ਲੋਕਾਂ ਦੀ ਕੀਤੀ ਜਾ ਰਹੀ ਬਲੈਕਮੇਲਿੰਗ ਹੁਣ ਨਹੀਂ ਹੋਵੇਗੀ। ਨਿਗਮ ਵਲੋਂ ਸਰਟੀਫਿਕੇਟਾਂ ਦੀ ਜਾਣਕਾਰੀ ਦੇਣ ਲਈ ਸ਼ੁਰੂ ਕੀਤੀ ਗਈ ਐੱਸ.ਐੱਮ.ਐੱਸ. ਸੇਵਾ 'ਤੇ ਖੁਦ ਸਹਾਇਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਜਿੱਥੇ ਨਜ਼ਰ ਰੱਖੀ ਹੋਈ ਹੈ, ਉਥੇ ਹੀ ਵਿਭਾਗੀ ਕਾਰਗੁਜ਼ਾਰੀ ਸੁਧਾਰਨ ਲਈ ਉਨ੍ਹਾਂ ਨੇ ਮੁਹਿੰਮ ਵੀ ਚਲਾਈ ਹੋਈ ਹੈ। ਪੂਰੇ ਸਿਸਟਮ ਨੂੰ ਆਨ-ਲਾਈਨ ਕਰਨ ਲਈ ਵਿਭਾਗ ਵਲੋਂ ਭੇਜਿਆ ਗਿਆ ਮਤਾ ਫਿਲਹਾਲ ਸਰਕਾਰ ਦੀ ਮਨਜ਼ੂਰੀ ਦੇ ਇੰਤਜ਼ਾਰ ਵਿਚ ਹੈ। ਕਰਮਚਾਰੀਆਂ ਦੇ ਫੇਰਬਦਲ ਨਾਲ ਵਿਭਾਗੀ ਕਾਰਗੁਜ਼ਾਰੀ ਨੂੰ ਸੁਧਾਰਨ ਦੀ ਕੋਸ਼ਿਸ਼ ਜਾਰੀ ਹੈ।

ਨਿਗਮ ਹਾਊਸ ਦੀ ਬੈਠਕ ਵਿਚ ਵਿਭਾਗੀ ਕਾਰਗੁਜ਼ਾਰੀ ਨੂੰ ਲੋਕ-ਹਿੱਤ ਵਿਚ ਕਰਨ ਦੀ ਕਵਾਇਦ ਸ਼ੁਰੂ ਕੀਤੀ ਗਈ ਸੀ। ਬੈਠਕ ਵਿਚ 25 ਲੱਖ ਦਾ



ਪ੍ਰੋਜੈਕਟ ਪਾਸ ਕੀਤਾ ਗਿਆ ਸੀ, ਜਿਸ ਵਿਚ ਵਿਭਾਗ ਦੇ ਸਰਟੀਫਿਕੇਟਾਂ ਦਾ ਸਾਰਾ ਸਿਸਟਮ ਆਨਲਾਈਨ ਕੀਤਾ ਜਾਣਾ ਹੈ। ਇਸ ਲਈ ਵੱਖਰੇ ਤੌਰ 'ਤੇ ਸਰਵਰ ਰੂਮ ਬਣੇਗਾ ਤੇ ਸਾਰਾ ਰਿਕਾਰਡ ਸਕੈਨ ਕਰਕੇ ਨੈਟ 'ਤੇ ਪਾ ਦਿੱਤਾ ਜਾਵੇਗਾ। ਇਸ ਨਾਲ ਲੋਕ ਘਰ ਬੈਠੇ ਹੀ ਸਰਟੀਫਿਕੇਟ ਅਪਲਾਈ ਕਰ ਸਕਣਗੇ ਤੇ ਲੋਕਾਂ ਨੂੰ ਨਿਗਮ ਦੇ ਚੱਕਰਾਂ ਤੋਂ ਨਿਜਾਤ ਮਿਲੇਗੀ ਪਰ ਹੈਰਾਨੀ ਹੈ ਕਿ ਸਰਕਾਰ ਕੋਲ ਪ੍ਰੋਜੈਕਟ ਮਨਜ਼ੂਰੀ ਲਈ ਗਿਆ ਹੋਇਆ ਹੈ ਤੇ ਢਾਈ ਮਹੀਨੇ ਬੀਤ ਜਾਣ ਦੇ ਬਾਵਜੂਦ ਹੁਣ ਤਕ ਇਸ ਦੀ ਮਨਜ਼ੂਰੀ ਨਹੀਂ ਆਈ ਹੈ।

ਇਸ ਸੇਵਾ ਵਿਚ ਡੀ.ਐਨ.ਡੀ. (ਡੂ ਨਾਟ ਡਿਸਟਰਬ) ਨੰਬਰ ਰੁਕਾਵਟ ਬਣੇ ਹੋਏ ਹਨ। ਵਿਭਾਗ ਨੇ ਟਰਾਈ (ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ) ਤੋਂ ਇਜਾਜ਼ਤ ਮੰਗੀ ਹੈ। ਮੈਸੇਜ ਸਰਵਿਸ ਲਈ ਵਿਭਾਗ ਨੇ ਨਵਾਂ ਸਾਫਟਵੇਅਰ ਤਿਆਰ ਕਰਵਾਇਆ ਹੈ। ਇਸ ਵਿਚ 6 ਮਹੀਨਿਆਂ ਲਈ 15 ਹਜ਼ਾਰ ਰੁਪਏ ਖਰਚ ਆ ਰਿਹਾ ਹੈ। ਇਸ ਨਾਲ 50 ਹਜ਼ਾਰ ਮੈਸੇਜ ਲੋਕਾਂ ਨੂੰ ਭੇਜੇ ਜਾ ਸਕਣਗੇ। ਪ੍ਰਤੀ ਮੈਸੇਜ ਨਿਗਮ ਨੂੰ 25 ਪੈਸੇ ਖਰਚਾ ਆਵੇਗਾ, ਜਿਸ ਦਾ ਭੁਗਤਾਨ ਨਿਗਮ ਕਰੇਗਾ। ਮੈਸੇਜ ਲੋਕਾਂ ਨੂੰ ਮਿਲ ਰਹੇ ਹਨ ਜਾਂ ਨਹੀਂ ਇਸ ਨੂੰ ਲੈ ਕੇ ਕੁਝ ਨੰਬਰਾਂ 'ਤੇ ਕਾਲ ਕੀਤੀ ਤਾਂ ਜ਼ਿਆਦਾਤਰ ਲੋਕਾਂ ਨੂੰ ਜਿੱਥੇ ਉਨ੍ਹਾਂ ਦੇ ਸਰਟੀਫਿਕੇਟ ਨਾਲ ਸਬੰਧਤ ਸੂਚਨਾ ਮਿਲ ਰਹੀ ਹੈ, ਉਥੇ ਹੀ ਸਾਫਟਵੇਅਰ ਵਿਚ ਰਿਸੀਵ ਮੈਸੇਜ ਦਿਖਾਏ ਜਾਣ ਦੇ ਬਾਵਜੂਦ ਕੁਝ ਲੋਕਾਂ ਨੂੰ ਇਸ ਦੀ ਸੂਚਨਾ ਨਹੀਂ ਮਿਲ ਰਹੀ ਹੈ। ਵਿਭਾਗੀ ਅਧਿਕਾਰੀ ਸਿਸਟਮ ਨੂੰ ਸਫਲਤਾ ਨਾਲ ਚਲਾਉਣ ਨੂੰ ਲੈ ਕੇ ਪੂਰੀ ਤਰ੍ਹਾਂ ਡਟੇ ਹੋਏ ਹਨ।

: ਜਨਮ ਤੇ ਮੌਤ ਰਜਿਸਟ੍ਰੇਸ਼ਨ ਵਿਭਾਗ ਵਿਚ ਸਰਟੀਫਿਕੇਟ ਦੇ ਦਲਾਲ ਬੰਦ ਹੋਣ, ਇਸ ਨੂੰ ਲੈ ਕੇ ਵੀ ਵਿਭਾਗੀ ਅਧਿਕਾਰੀ ਕਾਫੀ ਚੌਕਸ ਹੋਏ ਪਏ ਹਨ। ਨਿਗਮ ਹਾਊਸ ਦੀ ਬੈਠਕ ਵਿਚ ਕੌਂਸਲਰਾਂ ਵਲੋਂ ਵਾਰ-ਵਾਰ ਇਸ ਨੂੰ ਲੈ ਕੇ ਦੁਰਦਸ਼ਾ ਹੋਣ ਤੋਂ ਦੁਖੀ ਅਧਿਕਾਰੀਆਂ ਨੇ ਹੁਣ ਠਾਣ ਲਿਆ ਹੈ ਕਿ ਦਲਾਲਾਂ ਦਾ ਜਾਲ ਹਰ ਹਾਲ ਵਿਚ ਤੋੜਿਆ ਜਾਵੇਗਾ। ਸੂਤਰਾਂ ਦੀ ਮੰਨੀਏ ਤਾਂ ਵਿਭਾਗੀ ਕਰਮਚਾਰੀਆਂ ਤੇ ਦਲਾਲਾਂ ਵਿਚ ਕਿਸ ਤਰ੍ਹਾਂ ਦਾ ਜਾਲ ਬਣਿਆ ਹੋਇਆ ਹੈ, 'ਤੇ ਵੀ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਖਾਸ ਗੱਲ ਇਹ ਹੈ ਕਿ ਕੁਝ ਮੁਲਾਜ਼ਮ ਜੋ ਇਸ ਦਾ ਹਿੱਸਾ ਬਣੇ ਹੋਏ ਹਨ, ਦਾ ਰਿਕਾਰਡ ਵੀ ਫਰੋਲਿਆ ਜਾ ਰਿਹਾ ਹੈ ਤਾਂ ਕਿ ਦੋਸ਼ੀਆਂ ਦਾ ਪਰਦਾਫਾਸ਼ ਹੋ ਸਕੇ ਤੇ ਵਿਭਾਗ 'ਤੇ ਲੱਗ ਰਹੇ ਦਾਗ ਨੂੰ ਧੋਤਾ ਜਾ ਸਕੇ। ਇਸ ਕਵਾਇਦ ਵਿਚ ਹੀ ਵਿਭਾਗੀ ਸਿਸਟਮ ਨੂੰ ਆਨ-ਲਾਈਨ ਕਰਨ ਤੇ ਮੈਸੇਜ ਸੇਵਾ ਸ਼ੁਰੂ ਕਰਨ ਦੇ ਕਦਮ ਚੁੱਕੇ ਗਏ ਹਨ। ਵਿਭਾਗ ਵਿਚ ਚੱਲ ਰਹੀ ਸਰਟੀਫਿਕੇਟਾਂ ਦੀ ਬਲੈਕ-ਮੇਲਿੰਗ ਵਿਚ ਲੋਕਾਂ ਦਾ ਚਿਹਰਾ ਵੇਖ ਕੇ ਸਰਟੀਫਿਕੇਟ ਦੀ ਕੀਮਤ ਤੈਅ ਕੀਤੀ ਜਾਂਦੀ ਹੈ। ਵਿਭਾਗੀ ਸੂਤਰਾਂ ਦੀ ਮੰਨੀਏ ਤਾਂ ਇਸ ਨਾਲ ਜੁੜੇ ਲੋਕ ਵੇਖਦੇ ਹਨ ਕਿ ਜਿਸ ਵਿਅਕਤੀ ਨੂੰ ਸਰਟੀਫਿਕੇਟ ਚਾਹੀਦਾ ਹੈ, ਉਸ ਦੀ ਜ਼ਰੂਰਤ ਕਿੰਨੀ ਵੱਡੀ ਹੈ। ਯਾਨਿ ਕਿ ਜੇਕਰ ਵਿਦੇਸ਼ ਜਾਣ ਲਈ ਕਿਸੇ ਨੂੰ ਜਨਮ ਦਾ ਸਰਟੀਫਿਕੇਟ ਜ਼ਰੂਰੀ ਚਾਹੀਦਾ ਹੈ ਤਾਂ ਫਿਰ ਉਸੇ ਹਿਸਾਬ ਨਾਲ ਇਸ ਦਾ ਮੁੱਲ ਪਾਇਆ ਜਾਂਦਾ ਹੈ। ਇਸੇ ਤਰ੍ਹਾਂ ਬੱਚਿਆਂ ਦੇ ਸਕੂਲ ਵਿਚ ਦਾਖ਼ਲੇ ਵਿਚ ਜਨਮ ਸਰਟੀਫਿਕੇਟ ਦੇ ਲਾਜ਼ਮੀ ਕੀਤੇ ਜਾਣ ਨੇ ਵੀ ਅਜਿਹੇ ਲੋਕਾਂ ਦੀ ਚਾਂਦੀ ਕੀਤੀ ਹੋਈ ਹੈ। ਮਾਪੇ ਪ੍ਰੇਸ਼ਾਨੀ ਤੋਂ ਬਚਣ ਲਈ ਪੈਸੇ ਦੇਣ ਤੋਂ ਗੁਰੇਜ਼ ਨਹੀਂ ਕਰਦੇ। ਮੌਤ ਦੇ ਕੇਸ ਵਿਚ ਪਰਿਵਾਰਕ ਮੈਂਬਰਾਂ ਨੂੰ ਬੈਂਕ ਖਾਤਿਆਂ, ਲਾਈਫ ਇੰਸ਼ੋਰੈਂਸ ਪਾਲਸੀ ਆਦਿ ਨਾਲ ਸਬੰਧਤ ਸ਼ਰਤਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ। ਇਸ ਵਿਚ ਵੀ ਬਿਨੈਕਾਰ ਦੀ ਜ਼ਰੂਰਤ ਮੁਤਾਬਕ ਰੇਟ ਤੈਅ ਹੁੰਦਾ ਹੈ।

## ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਸੰਸਦ 'ਚ ਉਲਝੇ

ਵਿੱਤ ਮੰਤਰੀ ਪੀ. ਚਿਦੰਬਰਮ ਨੇ ਜਿਉਂ ਹੀ ਐਲਾਨ ਕੀਤਾ ਕਿ ਖੇਤੀ ਯੋਗ ਜ਼ਮੀਨ 'ਤੇ ਇਕ ਫ਼ੀਸਦੀ ਵੈਲਥ ਟੈਕਸ ਨਹੀਂ ਲੱਗੇਗਾ ਤਾਂ ਇਸ ਦਾ ਸਿਹਰਾ ਆਪਣੇ ਸਿਰ ਲੈਣ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਸਦਨ ਦੇ ਅੰਦਰ ਹੀ ਆਪਸ 'ਚ ਉਲਝ ਗਏ। ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ 'ਤੇ ਵੋਟ ਬੈਂਕ ਲਈ ਭਰਮਾਉਣ ਦਾ ਦੋਸ਼ ਲਾਇਆ। ਜਵਾਬ ਵਿਚ ਬਾਜਵਾ ਨੇ ਅਕਾਲੀ ਨੇਤਾਵਾਂ ਨੂੰ ਅਹਿਮਦ ਸ਼ਾਹ ਅਬਦਾਲੀ ਤੋਂ ਬਾਅਦ ਸਭ ਤੋਂ ਵੱਡਾ ਲੁਟੇਰਾ ਤਕ ਕਹਿ ਦਿੱਤਾ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਭੂ-ਮਾਫ਼ੀਆ ਦੀ ਪਾਰਟੀ ਹੈ। ਇਸ ਦੇ ਨੇਤਾ ਉਂਗਲੀ ਕਟਾ ਕੇ ਸ਼ਹੀਦ ਕਹਾਉਣਾ ਚਾਹੁੰਦੇ ਹਨ। ਇਸ ਤੋਂ ਬਾਅਦ ਸਦਨ ਤੋਂ ਬਾਹਰ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਾਜਵਾ ਨੂੰ ਘਟੀਆ, ਬੇਚਾਰਾ ਅਤੇ ਦਇਆ ਦਾ ਪਾਤਰ ਦੱਸਿਆ। ਸ. ਬਾਦਲ ਨੇ ਕਿਹਾ ਕਿ ਬਾਜਵਾ ਇਸ ਮੁੱਦੇ ਦਾ ਲਾਹਾ ਖੱਟਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਦੀ ਕੁਰਸੀ ਕੈਪਟਨ ਅਮਰਿੰਦਰ ਸਿੰਘ ਖੋਹ ਨਾ ਲਵੇ। ਮਾਮਲਾ ਇਹ ਹੈ ਕਿ ਸ਼ਹਿਰਾਂ ਦੇ ਅੱਠ ਕਿਲੋਮੀਟਰ ਦੇ ਦਾਇਰੇ ਵਿਚ ਆਉਣ ਵਾਲੀ ਜ਼ਮੀਨ 'ਤੇ ਵੈਲਥ ਟੈਕਸ ਪਹਿਲਾਂ ਤੋਂ ਹੀ ਹੈ ਪਰ ਹੁਣ ਛੋਟੀਆਂ ਜਿਹੀਆਂ ਨਗਰ ਪਾਲਿਕਾਵਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਣਾ ਸੀ। ਖੇਤੀ ਯੋਗ ਜ਼ਮੀਨ 'ਤੇ ਕਲੈਕਟਰ ਰੇਟ ਦਾ ਇਕ ਫ਼ੀਸਦੀ ਟੈਕਸ ਲਾਇਆ ਜਾਣਾ ਸੀ।





# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7′ x 12′ ONLY 00.50 ¢/SQ FT
CARPET REM OVER 7′ x 12′ ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8″ 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5″ x 13.5″ 1.29/SF (8870 IN STOCK) 2 COLORS TO CHOOSE
PORCELEIN TILE 13″ x 13″ 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596



# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY'S PIZZA
PACKS A LOT OF PUNCH!!
780 423 2323



# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: MAKING LIFE EASY

Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A–WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**





What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

◈ ਕਾਰ, ਮੋਟਰਸਾਈਕਲ ਇੰਸ਼ੌਰੈਂਸ
◈ ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੌਰੈਂਸ
◈ ਟਰੱਕ: ਲੌਂਗਹਾਲ ਅਤੇ ਗਰੈਵਲ
◈ ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੌਰੈਂਸ
◈ ਟਰੈਵਲ ਅਤੇ ਮੈਡੀਕਲ ਇੰਸ਼ੌਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

Discounts up to 60%

Payment Options available

**ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ**

**We Provide Services In English, Punjabi, Hindi & Urdu**

Edmonton: 780-465-6900
ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਰਮਨ ਗਿੱਲ, ਰਾਜਬੀਰ ਸਿੰਘ

Calgary: 403-775-2100
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**Gurkeerat Holding Ltd.**

- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

**G DRIVING SCHOOL LTD.**

Authorised teach Certification Course

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu

Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

Gurcharan Singh Garcha (M.Sc. M.Ed.)

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com

**PIZZA 99**

*Serving for over 16 years*

Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

ਪਰਮਜੀਤ ਸਿੰਘ ਬਾਠ

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.

**Sidhu Stucco Ltd.**

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।

Stucco is a versatile, beautiful, durable and fire resistant cladding.

All kind of Stucco
Acrylic & Rain Screen

Harinder Dhaliwal (780) 297-9165

**EconoLodge** BY CHOICE HOTELS

**Red Deer Econo Lodge Inn & Suites**

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca

Varinder Sidhu
President

37433 Highway 2 South, East Side Gasoline Alley
Red Deer, Alberta T4E 1B3

**$299,900**

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000

ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE
No Down Payment, No Problem
Call Rennie @ 780-966-1688
rennie1688@gmail.com



# GLOBAL MARKET DEVELOPMENT CORP.

We build strategies

## About Our Services

**BUSINESS PLANS FROM $900!**

***Business Planning and Communications:***

To get bank financing or move your business to the next level get your *Business Plan made with us.*
We design integrated communications plan including website development aimed at increasing traffic and effective content management.

***Strategic Planning:***

We provide strategic consulting. Services include competition analysis, analysis of the external environment to find out opportunities and threats and then matching them with strengths and weaknesses while considering the resource base.

CONTACT US: Phone: (780) 901-2966, Email: gmdcorporation@gmail.com , Website: www.gmdcorporation.com

# Ethnic Synergy Association

PRESENTS

**Tabla Solo performance by acclaimed percussionist and rising star in string instrument from India:**

**SUBHAJYOTI GUHA & PANKAJ MISHRA!**

## INDIAN CLASSICAL CONCERT

FRIDAY MAY 31ST 2013 FROM 7PM TILL 9PM, at University of Alberta, Campus Saint-Jean

Note: Due to Limited seating we request you to send us an email or call us in order to confirm your reservation.

Email: EthnicSynergy@btinterner.com or call Lipika @ (780) 901-2966!





You're invited!

Free Event!

# HARRY'S EXCAVATING

Ph 780-918-2252

**Specialist in : Digging Basements & All Kind of Services**

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



# WILDROSE MASONARY & STONE WORKS



Commertial & Residential

Ph: 780 340 1400
Off: 780 450 1413
Fax: 780 490 4888

Dave Johal

Culture Stone | Bricks
Blocks | Glass Blocks

ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜਰੂਰ ਐਸਟੀਮੇਟ ਲਗਵਾਓ



email:wildrosemasonary@live.ca ✦ 1404-69th St. SW Edmonton, AB T6L 1L4

# DASHMESH TIRE & LUBE



Enough Parking Space

All Brands of Tires
MRF or JK (Indian)
B.F Goodrich, Michelin, Dunlop

Tire Repairs, Brakes, Oil Change & Lubrication

Do Service on Remote Locations Including Weighing Scales
Vehicle Inpection By Certified Mechanics

ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।

Call: Manjit S.Khosa, Garry Dhaliwal

**Ph: 780-298-1114, 780-993-4441**

6609 34 St. Edmonton, Alberta.

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**

Certified Master Electrician

ਸਰਟੀਫਾਈਡ ਮਾਸਟਰ ਇਲੈਟ੍ਰੀਸ਼ਨ

# 'ਗ਼ਦਰ ਲਹਿਰ ਦਾ ਸ਼ਹੀਦ ਭਗਤ ਸਿੰਘ 'ਤੇ ਪ੍ਰਭਾਵ', ਵਿਸ਼ੇ ਉੱਪਰ ਸੈਮੀਨਾਰ





ਕੈਲਗਰੀ (ਡਾ. ਹਰਭਜਨ ਸਿੰਘ ਢਿੱਲੋਂ) ਅਰਪਨ ਲਿਖਾਰੀ ਸਭਾ ਕੈਲਗਰੀ ਨੇ ਕੋਸੋ ਹਾਲ ਵਿਖੇ ਸਤਨਾਮ ਸਿੰਘ ਢਾਅ, ਦਲਬੀਰ ਸਾਂਗਿਆਣ ਦੀ ਪ੍ਰਧਾਨਗੀ ਹੇਠ, ਗ਼ਦਰ ਲਹਿਰ ਦੀ ਸ਼ਤਾਬਦੀ ਦੇ ਪ੍ਰੋਗਰਾਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਸੈਮੀਨਾਰ ਕਰਵਇਆ। ਸੈਮੀਨਾਰ ਦਾ ਆਰੰਭ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਵੱਲੋਂ ਡਾ. ਤੇਜਵੰਤ ਸਿੰਘ ਗਿੱਲ ਅਤੇ ਸਰੋਤਿਆਂ ਨੂੰ ਜੀ ਆਇਆਂ ਕਹਿ ਕੇ ਕੀਤਾ ਗਿਆ। ਸੈਮੀਨਾਰ ਦੇ ਮੁਖ ਬੁਲਾਰੇ ਡਾ. ਤੇਜਵੰਤ ਸਿੰਘ ਗਿੱਲ ਦੀ ਸਰੋਤਿਆਂ ਨਾਲ ਜਾਣ-ਪਛਾਣ ਡਾ. ਹਰਭਜਨ ਸਿੰਘ ਢਿੱਲੋਂ ਨੇ ਕਰਾਈ। ਡਾ. ਢਿੱਲੋਂ ਨੇ ਕਿਹਾ ਕਿ ਡਾ. ਤੇਜਵੰਤ ਸਿੰਘ ਗਿੱਲ ਕਰਮਯੋਗੀ, ਦਾਰਸ਼ਨਿਕ ਵਿਦਵਾਨ ਹਨ, ਜੋ ਬਿਨਾਂ ਕਿਸੇ ਰੁਕਾਵਟ ਤੋਂ ਸੇਵਾਮੁਕਤੀ ਤੋਂ ਬਾਅਦ ਵੀ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਇਤਿਹਾਸ ਦਾ ਖੋਜ ਭਰਪੂਰ ਅਧਿਐਨ ਕਰ ਰਹੇ ਹਨ। ਪ੍ਰੋ. ਮਨਜੀਤ ਸਿੰਘ ਸਿੱਧੂ ਨੇ ਵੀ ਡਾ. ਤੇਜਵੰਤ ਗਿੱਲ ਨਾਲ ਆਪਣੀਆਂ ਪਰਾਣੀਆਂ ਯਾਦਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਆਖਿਆ।

ਡਾ. ਗਿੱਲ ਨੇ ਆਪਣੇ ਪੰਜਾਹ ਮਿੰਟ ਦੇ ਭਾਸ਼ਣ ਵਿਚ ਗ਼ਦਰ ਲਹਿਰ, ਭਗਤ ਸਿੰਘ ਦੇ ਪਰਿਵਾਰ, ਵਿਅਕਤੀਤਵ, ਵਿਚਾਰਧਾਰਾ ਅਤੇ ਰਾਜਨੀਤਕ ਪਹੁੰਚ ਬਾਰੇ ਗ਼ੰਭੀਰ ਅਤੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਮਹਾਤਮਾ ਗਾਂਧੀ ਦੇ ਭਗਤ ਸਿੰਘ ਦੀ ਫ਼ਾਂਸੀ ਬਾਰੇ, ਆਪਣੇ ਨਜ਼ਰੀਏ ਬਾਰੇ, ਲਾਰਡ ਵੇਵਲ ਦੀ ਸ਼ੈਤਾਨੀ ਚਾਲ ਬਾਰੇ ਅਤੇ ਭਗਤ ਸਿੰਘ ਦੀ ਦ੍ਰਿੜਤਾ ਬਾਰੇ ਨਵੇਂ ਨੁਕਤੇ ਨਿਗ੍ਹਾ ਤੋਂ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਰਵਿੰਦਰ ਨਾਥ ਟੈਗੋਰ ਬਾਰੇ ਵੀ ਨਵੀਂ ਜਾਣਕਾਰੀ ਸਾਂਝੀ ਕੀਤੀ। ਬਹੁਤ ਸਾਰੇ ਸਰੋਤਿਆਂ ਵੱਲੋਂ ਉਨ੍ਹਾਂ ਦੇ ਇਸ ਵਿਸ਼ੇ 'ਤੇ ਕੀਤੇ ਭਾਸ਼ਣ ਨੂੰ ਸਲਾਹਿਆ ਗਿਆ। ਉਨ੍ਹਾਂ ਦੇ ਭਾਸ਼ਨ ਤੋਂ ਬਾਅਦ ਸਰੋਤਿਆਂ ਵਿਚੋਂ ਪਰਮਿੰਦਰ ਗਰੇਵਾਲ, ਅਜਾਇਬ ਸੇਖੋਂ, ਜਗਦੀਸ਼ ਸਿੰਘ ਚੋਹਕਾ, ਰਾਜਿੰਦਰ ਕੌਰ ਚੌਹਕਾ, ਕੁਲਬੀਰ ਸਿੰਘ ਸ਼ੇਰਗਿੱਲ, ਮਾ. ਭਜਨ ਗਿੱਲ, ਗੁਰਦਿਆਲ ਸਿੰਘ ਖ਼ੈਹਰਾ, ਕੁੰਦਨ ਸਿੰਘ ਸ਼ੇਰਗਿੱਲ ਅਤੇ ਪ੍ਰਭਦੇਵ ਸਿੰਘ ਗਿੱਲ ਨੇ ਬੜੇ ਅਹਿਮ ਤੇ ਗੰਭੀਰ ਸਵਾਲ ਕੀਤੇ। ਡਾ. ਤੇਜਵੰਤ ਸਿੰਘ ਗਿੱਲ ਨੇ ਸਾਰੇ ਹੀ ਸਵਾਲਾਂ ਦੇ ਜਵਾਬ ਬਹੁਤ ਹੀ ਭਾਵਪੂਰਤ ਅਤੇ ਵਿਸਥਾਰ ਨਾਲ ਦਿੱਤੇ।

ਇਨ੍ਹਾਂ ਤੋ ਇਲਾਵਾ ਹਰਜੀਤ ਗਿੱਲ, ਬਖਤੌਰ ਸਿੰਘ ਬਰਾੜ, ਸਰਪਾਲ ਸਿੰਘ ਸੰਘਾ, ਤਾਰਾ ਸਿੰਘ ਹੁੰਝਣ, ਜਸਮੇਰ ਕੌਰ, ਜਸਵੰਤ ਸਿੰਘ ਹੁੰਝਣ, ਹਰਭਜਨ ਸਿੰਘ ਪਰਮਾਰ, ਕੇਹਰ ਸਿੰਘ ਸਿੱਧੂ, ਡਾ. ਮਹਿੰਦਰ ਸਿੰਘ ਹੱਲਣ, ਡਾ. ਮੁਖਤਿਆਰ ਸਿੰਘ, ਵਿਦਿਆ ਪਾਲ, ਜੀਤਇੰਦਰ ਪਾਲ, ਡਾ. ਗੁਰਜਿੰਦਰ ਕੌਰ ਢਿੱਲੋਂ, ਗੁਰਨਾਮ ਸਿੰਘ ਗਿੱਲ, ਹਰਬਖ਼ਸ਼ ਸਰੋਆ, ਹਰਪਾਲ ਸਿੰਘ ਬਾਸੀ, ਹਰਚਰਨ ਬਾਸੀ, ਪ੍ਰਸ਼ੋਤਮ ਭਾਰਦਵਾਜ, ਚਰਨ ਸਿੰਘ, ਭੁਪਿੰਦਰ ਸੱਗੂ, ਅਮਰਜੀਤ ਸੱਗੂ, ਜੀਤ ਸਿੰਘ ਕੰਬੋਜ, ਤੇਜਾ ਸਿੰਘ ਥਿਆੜਾ, ਸੁਰਿਦਰ ਢਿੱਲੋਂ, ਜਰਨੈਲ ਸਿੰਘ ਤੱਗੜ, ਸੁਖਪਾਲਵੀਰ ਸਿੰਘ, ਰਣਜੀਤ ਸਿੰਘ ਆਹਲੂਵਾਲ਼ੀਆ, ਸਵਰਣ ਸਿੰਘ ਗਿੱਲ, ਰਣਜੀਤ ਸਿੰਘ ਬੜਿੰਗ, ਗੋਪਾਲ ਸਿੰਘ ਮੱਲੀ, ਗੁਰਦੇਵ ਪੂਨੀ, ਕਮਲਜੀਤ ਕੌਰ ਸ਼ੇਰਗਿੱਲ, ਸੁਖਦੇਵ ਕੌਰ ਢਾਅ, ਕਿਰਨਜੋਤ ਕੌਰ ਹੁੰਝਣ, ਹਰਮਿੰਦਰ ਕੌਰ ਢਿੱਲੋਂ ਕੁਲਦੀਪ ਕੌਰ ਘਟੌੜਾ ਹੋਰਾਂ ਨੇ ਵੀ ਇਸ ਸਮਾਗਮ ਵਿਚ ਆਪਣੀ ਹਾਜ਼ਰੀ ਲਗਵਾਈ। ਪ੍ਰੋਗਰਾਮ ਦੇ ਅਖ਼ੀਰ 'ਤੇ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ, ਕੇਸਰ ਸਿੰਘ ਨੀਰ, ਡਾ. ਹਰਭਜਨ ਸਿੰਘ ਢਿੱਲੋਂ ਅਤੇ ਡਾ. ਮਨਜੀਤ ਸਿੰਘ ਸੋਹਲ ਅਤੇ ਦਲਬੀਰ ਸਾਂਗਿਆਨ ਨੇ ਡਾ. ਤੇਜਵੰਤ ਸਿੰਘ ਗਿੱਲ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਸ੍ਰੀ ਢਾਅ ਨੇ ਡਾ. ਤੇਜਵੰਤ ਸਿੰਘ ਗਿੱਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਆਖਿਆ ਕਿ ਡਾ. ਗਿੱਲ ਹੋਰਾਂ ਨੇ ਆਪਣੇ ਬਹੁਤ ਹੀ ਰੁਝੇਵੇ ਭਰੇ ਪ੍ਰੋਗਰਾਮ ਵਿਚੋਂ ਸਾਡੇ ਲਈ ਏਨਾਂ ਸਮਾਂ ਕੱਢਿਆ। ਕੈਲਗਰੀ ਅਤੇ ਐਡਮਿੰਟਨ ਤੋਂ ਆਏ ਨਵਤੇਜ ਬੈਂਸ, ਦਲਬੀਰ ਸਾਂਗਿਆਨ, ਹਰਿੰਦਰ ਸਿੰਘ ਅਤੇ ਸਾਰੇ ਹੀ ਸੂਝਵਾਨ ਸਰੋਤਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕੈਲਗਰੀ ਤੋਂ ਪੰਜਾਬੀ ਮੀਡੀਆ ਦਾ ਖ਼ਾਸ ਕਰ ਕੇ ਧੰਨਵਾਦ ਕੀਤਾ ਕਿ ਬਹੁਤ ਹੀ ਥੋੜ੍ਹੇ ਸਮੇਂ ਵਿਚ ਸਾਨੂੰ ਇਸ ਸਮਾਗਮ ਦੀ ਤਿਆਰੀ ਕਰਨੀ ਪਈ ਤੇ ਪੰਜਾਬੀ ਮੀਡੀਆਂ ਦੇ ਸਹਿਯੋਗ ਨੇ ਹੀ ਸਾਡੀ ਆਵਾਜ਼ ਨੂੰ ਪੰਜਾਬੀ ਭਾਈਚਾਰੇ ਤਕ ਪਹੁੰਚਾਉਣ ਕਰ ਕੇ ਹੀ ਏਨਾ ਇਕੱਠ ਹੋਇਆ। ਅਸੀਂ ਇਨ੍ਹਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ। ਫੋਟੋਗ੍ਰਾਫੀ ਦੀਆਂ ਸੇਵਾਵਾਂ ਗੁਰਤੇਜ ਸਿੰਘ ਹੁੰਝਣ ਵੱਲੋਂ ਬੜੇ ਸੁੱਚਜੇ ਢੰਗ ਨਾਲ ਨਿਭਾਈਆਂ ਗਈਆਂ।

### ਸਿਹਤ ਨਾਲ ਸਬੰਧਤ ਪ੍ਰੋਗਰਾਮ 'ਚ ਖੁਲਾਸਾ

## ਪੰਜਾਬ 'ਚ ਬੱਚਿਆਂ ਨੂੰ ਕਣਕ ਹਜ਼ਮ ਨਹੀਂ ਹੋ ਰਹੀ

ਜਲੰਧਰ (ਨਦਬ) : ਦੇਸ਼ ਦੇ ਸਭ ਤੋਂ ਜ਼ਿਆਦਾ ਕਣਕ ਉਗਾਉਣ ਵਾਲੇ ਪੰਜਾਬ ਦੇ ਬੱਚੇ ਹੀ ਹੁਣ ਕਣਕ ਨਹੀਂ ਖਾ ਰਹੇ। ਹਰ ਸੌ ਵਿਚੋਂ ਇਕ ਬੱਚੇ ਨੂੰ ਕਣਕ ਤੋਂ ਐਲਰਜੀ ਹੋ ਰਹੀ ਹੈ। ਇਹ ਐਲਰਜੀ ਕਣਕ ਦੀ ਪੈਦਾਵਾਰ ਵਧਾਉਣ ਲਈ ਅਪਣਾਈ ਜਾ ਰਹੀ ਨਵੀਂ ਵਰਾਇਟੀ ਕਾਰਨ ਹੈ ਜਾਂ ਫਿਰ ਖਾਦਾਂ ਦੇ ਕਾਰਨ। ਇਸ ਬਿਮਾਰੀ ਨਾਲ ਪੀੜਤ ਬੱਚੇ ਅਤੇ ਵੱਡੇ ਜ਼ਿੰਦਗੀ ਭਰ ਕਣਕ ਅਤੇ ਕਣਕ ਨਾਲ ਬਣੀਆਂ ਚੀਜ਼ਾਂ ਨਹੀਂ ਖਾ ਸਕਦੇ। ਇਨ੍ਹਾਂ ਵਿਚ ਖ਼ੂਨ ਦੀ ਕਮੀ ਹੋ ਜਾਂਦੀ ਹੈ ਅਤੇ ਡਾਇਰੀਆ ਦੀ ਸ਼ਿਕਾਇਤ ਰਹਿੰਦੀ ਹੈ। ਇਸ ਦਾ ਖੁਲਾਸਾ ਪੇਟ ਦੀਆਂ ਬਿਮਾਰੀਆਂ 'ਤੇ ਚਰਚਾ ਕਰਨ ਲਈ ਕਰਵਾਏ ਪ੍ਰੋਗਰਾਮ (ਗੈਸਟ੍ਰੋ-ਅਪਡੇਟ) ਵਿਚ ਪੀ.ਜੀ.ਆਈ. ਤੋਂ ਆਏ ਡਾ. ਰਾਕੇਸ਼ ਕੋਛੜ ਨੇ ਕੀਤਾ। ਐਸੋਸੀਏਸ਼ਨ ਆਫ਼ ਫ਼ਿਜੀਸ਼ੀਅਨ ਆਫ਼ ਇੰਡੀਆ (ਏ.ਪੀ.ਆਈ.) ਅਤੇ ਡਾਇਜੇਸਟਿਵ ਡਿਸੀਜ਼ ਫ਼ੋਰਮ (ਡੀ.ਡੀ.ਐਫ਼) ਨੇ ਇਹ ਪ੍ਰੋਗਰਾਮ ਕੰਟਰੀ ਇਨ ਹੋਟਲ ਵਿਚ ਕਰਵਾਇਆ ਸੀ। ਡਾ. ਕੋਛੜ ਨੇ ਦੱਸਿਆ ਕਿ ਛੋਟੇ ਬੱਚਿਆਂ ਵਿਚ ਜਦ ਬੱਚੇ ਕਣਕ ਖਾਣਾ ਸ਼ੁਰੂ ਕਰਦੇ ਹਨ ਤਾਂ ਉਨ੍ਹਾਂ ਵਿਚ ਇਕ ਤੋਂ ਦੋ ਸਾਲ ਦੇ ਅੰਦਰ ਇਹ ਬਿਮਾਰੀ ਹੋ ਜਾਂਦੀ ਹੈ। ਇਸ ਵਿਚ ਬੱਚਿਆਂ ਨੂੰ ਅਕਸਰ ਡਾਇਰੀਆ ਰਹਿੰਦਾ ਹੈ। ਉਨ੍ਹਾਂ ਦਾ ਖ਼ੂਨ ਨਹੀਂ ਬਣਦਾ। ਵਜ਼ਨ ਵੀ ਵੱਧਣਾ ਰੁਕ ਜਾਂਦਾ ਹੈ। ਇਸ ਵਿਚ ਕੈਲਸ਼ੀਅਮ, ਵਿਟਾਮਿਨ, ਪ੍ਰੋਟੀਨ ਅਤੇ ਹੋਰ ਚੀਜ਼ਾਂ ਦੀ ਕਮੀ ਆਉਣ ਲੱਗਦੀ ਹੈ। ਦੇਸ਼ ਭਰ ਵਿਚ ਸਭ ਤੋਂ ਜ਼ਿਆਦਾ ਸਮੱਸਿਆ ਇਹ ਪੰਜਾਬ ਵਿਚ ਹੀ ਹੈ। ਇਹ ਬਿਮਾਰੀ ਸਿਰਫ਼ ਪੇਟ ਨਾਲ ਨਹੀਂ ਜੁੜੀ ਹੋਈ, ਬਲਕਿ ਇਸ ਦੇ ਸਰੀਰ ਦੇ ਬਾਕੀ ਹਿੱਸਿਆਂ 'ਤੇ ਵੀ ਵੱਖ-ਵੱਖ ਪ੍ਰਭਾਵ ਹੁੰਦੇ ਹਨ। ਲਗਾਤਾਰ ਬਿਮਾਰੀ ਰਹਿਣ 'ਤੇ ਕੈਂਸਰ ਦੀ ਸੰਭਾਵਨਾ ਵੱਧ ਜਾਂਦੀ ਹੈ। 50 ਤੋਂ 60 ਫ਼ੀਸਦੀ ਮਰੀਜ਼ਾਂ ਵਿਚ ਖ਼ੂਨ ਦੀ ਕਮੀ ਤੋਂ ਇਲਾਵਾ ਕਦ ਨਾ ਵੱਧਣਾ, ਮਿਰਗੀ ਅਤੇ ਹੱਡੀਆਂ ਦਾ ਟੁੱਟਣਾ ਸ਼ੁਰੂ ਹੋ ਜਾਂਦਾ ਹੈ। ਸਮੱਸਿਆ ਇਹ ਵੀ ਹੈ ਕਿ ਡਾਕਟਰਾਂ ਨੂੰ ਵੀ ਇਸ ਬਿਮਾਰੀ ਦਾ ਸਮੇਂ 'ਤੇ ਪਤਾ ਨਹੀਂ ਚਲਦਾ। ਕਣਕ ਛੱਡ ਕੇ ਸਿਰਫ਼ ਚਾਵਲ ਅਤੇ ਮੱਕੀ ਦਾ ਆਟਾ ਖਾਣਾ ਹੀ ਇਸ ਦਾ ਇਲਾਜ ਹੈ।

## ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਵਿਚਾਰਧਾਰਾ 'ਤੇ ਸੈਮੀਨਾਰ





ਕੈਲਗਰੀ (ਮਾ. ਭਜਨ ਗਿੱਲ) ਪਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਥੇ ਕੋਸੋ ਹਾਲ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਸਾਥੀਆਂ ਦੀ ਵਿਚਾਰਧਾਰਾ 'ਤੇ ਸਫਲ ਸੈਮੀਨਾਰ ਕੀਤਾ ਗਿਆ। ਪ੍ਰਧਾਨ ਸੋਹਨ ਮਾਨ ਨੇ ਕਿਹਾ ਕਿ ਭਗਤ ਸਿੰਘ ਹੋਰਨਾਂ ਦੀ ਸੋਚ ਮੁਤਾਬਕ ਸਮਾਜਕ ਬਰਾਬਰੀ 'ਤੇ ਆਧਾਰਤ ਲੁੱਟ ਰਹਿਤ ਸਮਾਜ ਸਿਰਜਣ ਲਈ ਨੌਜਵਾਨ ਵਰਗ ਨੂੰ ਅੱਗੇ ਆ ਕੇ ਕੁਰਬਾਨੀਆਂ ਕਰਨ ਅਤੇ ਉਨ੍ਹਾਂ ਦੇ ਫਲਸਫੇ ਨੂੰ ਬਹੁਤ ਬਾਰੀਕੀਆਂ ਵਿਚ ਸਮਝ ਕੇ ਲਾਗੂ ਕਰਨਾ ਪੈਣਾ ਹੈ। ਰਮਨਜੀਤ ਸਿੱਧੂ (ਜਰਨਲਿਸਟ) ਨੇ ਕਿਹਾ ਕਿ ਉਨ੍ਹਾਂ ਮਹਾਨ ਦੇਸ਼ ਭਗਤਾਂ ਦੀ ਸੋਚ ਦੇ ਨਾਲ ਉਸ ਦੇ ਵਿਚਾਰਧਾਰਕ ਦੁਸ਼ਮਣਾਂ ਦੀ ਸੋਚ ਵੀ ਅੱਜ ਸੰਸਾਰ ਵਿਚ ਹਾਵੀ ਹੋਈ ਪਈ ਹੈ। ਇੰਜ. ਗੁਰਦਿਆਲ ਸਿੰਘ ਖਹਿਰਾ ਨੇ ਕਿਹਾ ਕਿ ਅੱਠ ਦਹਾਕੇ ਪਹਿਲਾਂ ਕਹੀਆਂ ਗੱਲਾਂ ਦੀ ਅੱਜ ਉਸ ਸਮੇਂ ਨਾਲੋਂ ਵੀ ਵੱਧ ਸਾਰਥਕਤਾ ਹੈ।

ਗੁਰਬਚਨ ਸਿੰਘ ਬਰਾੜ ਨੇ ਕਿਹਾ ਕਿ ਸੰਸਾਰ ਪ੍ਰਸਿੱਧ ਲੇਖਿਕਾ ਅਰੁਣਧਤੀ ਰਾਏ ਭਾਰਤ ਵਿਚ ਸਟੇਟ ਵਲੋਂ ਢਾਹੇ ਜਾ ਰਹੇ ਜ਼ੁਲਮਾਂ ਦਾ ਭਾਂਡਾ ਚੁਰਾਹੇ ਭੰਨ੍ਹ ਕੇ ਭਗਤ ਸਿੰਘ ਹੋਰਨਾਂ ਦੀ ਸੋਚ ਨੂੰ ਅੱਗੇ ਲਿਜਾ ਰਹੀ ਹੈ। ਮਾ. ਭਜਨ ਗਿੱਲ ਨੇ ਕਿਹਾ ਕਿ ਭਾਰਤ ਭਰ ਵਿਚ ਫ਼ੌਜ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਖ਼ਿਲਾਫ਼ ਸੰਘਰਸ਼ ਕਰਨਾ ਹੀ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਪਹਿਰਾ ਦੇਣਾ ਹੈ।

ਅਜਾਇਬ ਸਿੰਘ ਸੇਖੋਂ, ਪੈਰੀ ਮਹਿਲ, ਪਰੋਸੋਤ੍ਰਮ ਭਾਰਦਵਾਜ, ਬਲਜਿੰਦਰ ਸੰਘਾ, ਸਰਵਣ ਸਿੰਘ ਗਿਲ ਸੁਰਿੰਦਰਜੀਤ ਸਿੰਘ ਪਲਾਹਾ, ਜਸਪਾਲ ਸਿੰਘ ਕੰਗ, ਜਸਵੀਰ ਸਿੰਘ ਸਹੋਤਾ, ਮਾ. ਪਰਗਟ ਸਿੰਘ ਆਦਿ ਨੇ ਵਿਚਾਰ ਚਰਚਾ ਵਿਚ ਭਾਗ ਲਿਆ। ਵਿੱਤ ਸਕੱਤਰ ਜੀਤਇੰਦਰ ਪਾਲ ਨੇ 2012-13 ਦੀ ਸਾਲਾਨਾ ਰਿਪੋਰਟ ਜਨਰਲ ਹਾਊਸ ਤੋਂ ਪਾਸ ਕਰਵਾਈ। ਸਾਲਾਨਾ ਜਨਰਲ ਮੀਟਿੰਗ ਅਤੇ ਸੈਮੀਨਾਰ ਦਾ ਮੰਚ ਸੰਚਾਲਨ ਮਾ. ਭਜਨ ਗਿੱਲ ਨੇ ਕੀਤਾ।

ਨਵਕਿਰਨ ਕੌਰ, ਬੀਬੀ ਸੁਰਿੰਦਰ ਗੀਤ, ਰਵੀ ਜਨਾਗਲ, ਕਮਲਪ੍ਰੀਤ ਕੌਰ ਪੰਧੇਰ, ਕਮਲਜੀਤ ਕੌਰ ਸ਼ੇਰਗਿੱਲ, ਗੁਰਨਾਮ ਸਿੰਘ ਗਿੱਲ ਨੇ ਇਨਕਲਾਬੀ ਗੀਤਾਂ, ਕਵਿਤਾਵਾਂ, ਕਵੀਸ਼ਰੀ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਜਨਰਲ ਸਕੱਤਰ ਮਾ. ਭਜਨ ਗਿੱਲ ਨੇ ਦਸਿਆ ਕਿ 5 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਸਬੰਧੀ ਵਿਚਾਰ ਚਰਚਾ ਹੋਵੇਗੀ।






# 'ਆਓ ਪੰਜਾਬੀ ਸਿੱਖੀਏ' ਸੀ.ਡੀ. ਰਿਲੀਜ਼




ਕੈਲਗਰੀ, (ਸੁਖਵੀਰ ਗਰੇਵਾਲ ) ਪੰਜਾਬੀ ਲਿਖਾਰੀ ਸਭਾ, ਕੈਲਗਰੀ ਦੀ ਅਪਰੈਲ ਮਹੀਨੇ ਦੀ ਮੀਟਿੰਗ ਕਰਮਜੀਤ ਸਿੰਘ ਗਰੇਵਾਲ ਦੀ ਸੀ.ਡੀ. 'ਆਓ ਪੰਜਾਬੀ ਸਿੱਖੀਏ' ਰਿਲੀਜ਼ ਕੀਤੀ ਗਈ। ਇਸ ਸੀ.ਡੀ. ਵਿਚ ਬੱਚਿਆਂ ਨੂੰ ਨੱਚਦਿਆਂ-ਟੱਪਦਿਆਂ ਪੰਜਾਬੀ ਭਾਸ਼ਾ ਨਾਲ ਜੋੜਨ ਦੀ ਗੱਲ ਕੀਤੀ ਗਈ ਹੈ।

ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ ਸਭਾ ਦੇ ਸਕੱਤਰ ਬਲਜਿੰਦਰ ਸਿੰਘ ਨੇ ਪ੍ਰਧਾਨ ਮਹਿੰਦਰਪਾਲ, ਤਰਲੋਚਨ ਸੈਂਭੀ ਅਤੇ ਗੁਰਮੀਤ ਕੌਰ ਸਰਪਾਲ ਨੂੰ ਪ੍ਰਧਾਨਗੀ ਮੰਡਲ 'ਚ ਬੈਠਣ ਦਾ ਸੱਦਾ ਦਿੱਤਾ। ਸ੍ਰੀ ਸੰਘਾ ਨੇ ਸੀ.ਡੀ. ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦਾ ਇਹ ਨਿਵੇਕਲਾ ਉਪਰਾਲਾ ਹੈ। ਇਹ ਸੀ.ਡੀ. ਪਿੰਡ ਲਲਤੋਂ ਦੇ ਜੰਮਪਲ ਅਤੇ ਸਰਕਾਰੀ ਹਾਈ ਸਕੂਲ ਖੇੜੀ-ਝਮੇੜੀ (ਲੁਧਿਆਣਾ) ਵਿਚ ਬਤੌਰ ਪੰਜਾਬੀ ਅਧਿਆਪਕ ਨਿਯੁਕਤ ਕਰਮਜੀਤ ਗਰੇਵਾਲ ਦਾ ਉਪਰਾਲਾ ਹੈ। ਮਾਸਟਰ ਭਜਨ ਸਿੰਘ ਗਿੱਲ ਨੇ ਵੀ ਕਰਮਜੀਤ ਗਰੇਵਾਲ ਦੀਆਂ ਪ੍ਰਾਪਤੀਆਂ ਬਾਰੇ ਜ਼ਿਕਰ ਕੀਤਾ।

ਸਮਾਗਮ ਦੀ ਵੱਖਰੀ ਗੱਲ ਇਹ ਰਹੀ ਕਿ ਸੀ.ਡੀ. ਰਿਲੀਜ਼ ਕਰਨ ਦੀ ਰਸਮ ਛੋਟੇ ਬੱਚਿਆਂ ਸਿਮਰਨਪ੍ਰੀਤ, ਕਰਨਵੀਰ, ਸੁਖਚਰਨ, ਤਰਨਪ੍ਰੀਤ ਅਤੇ ਪ੍ਰਭਲੀਨ ਨੇ ਨਿਭਾਈ। ਪੰਜਾਬੀ ਲਿਖਾਰੀ ਸਭਾ ਦੇ ਸਾਬਕਾ ਪ੍ਰਧਾਨ ਗੁਰਬਚਨ ਬਰਾੜ ਨੇ ਆਪਣੀ ਸਾਹਿਤਕ ਵੈੱਬਸਾਈਟ 'ਸਾਜ਼' ਬਾਰੇ ਜਾਣਕਾਰੀ ਦਿੱਤੀ। ਇਹ ਮੀਟਿੰਗ ਕਹਾਣੀ ਨੂੰ ਸਮਰਪਿਤ ਸੀ ਜਿਸ ਦੌਰਾਨ ਗੁਰਚਰਨ ਕੌਰ ਥਿੰਦ ਤੇ ਜੋਗਿੰਦਰ ਸੰਘਾ ਨੇ ਆਪਣੀਆਂ ਕਹਾਣੀਆਂ ਪੜ੍ਹੀਆਂ। ਸਿਮਰਨਪ੍ਰੀਤ ਨੇ ਹਾਸ-ਰਸ ਕਵਿਤਾ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਇਸ ਮੌਕੇ ਗੁਰਮੀਤ ਕੌਰ ਗੁਰਪਾਲ ਨੂੰ ਐਵਾਰਡ ਮਿਲਣ 'ਤੇ ਵਧਾਈ ਦਿੱਤੀ ਗਈ। ਇਸ ਮੌਕੇ ਜਸਵੰਤ ਸਿੰਘ ਗਿੱਲ, ਸੁਰਿੰਦਰ ਮੀਤ, ਹਰਮਿੰਦਰ ਕੌਰ ਢਿੱਲੋਂ ਅਤੇ ਸੁਖਪਾਲ ਪਰਮਾਰ ਨੇ ਹਾਜ਼ਰੀ ਭਰੀ।

# ਢੁੱਡੀਕੇ 'ਚ ਗ਼ਦਰ ਸ਼ਤਾਬਦੀ ਸਮਾਗਮ ਕਰਵਾਇਆ

ਢੁੱਡੀਕੇ (ਨਦਬ) ਗ਼ਦਰ ਸ਼ਤਾਬਦੀ ਸਮਾਗਮਾਂ ਦੇ ਸਿਲਸਿਲੇ ਦਾ ਇਕ ਸਮਾਗਮ ਗ਼ਦਰੀ ਬਾਬਿਆਂ ਦੇ ਪਿੰਡ ਢੁੱਡੀਕੇ ਵਿਖੇ 'ਗ਼ਦਰ ਯਾਦਗਾਰੀ ਲੋਕ ਸੇਵਾ ਚੈਰੀਟੇਬਲ ਟਰੱਸਟ ਢੁੱਡੀਕੇ' ਵਲੋਂ ਕਰਵਾਇਆ ਗਿਆ। ਇਸ ਸਮਗਾਮ ਵਿਚ ਗ਼ਦਰ ਲਹਿਰ ਦੀ ਅਜੋਕੇ ਸਮਿਆਂ ਵਿਚ ਪ੍ਰਸੰਗਿਕਤਾ ਵਿਸ਼ੇ 'ਤੇ ਵਿਦਵਾਨਾਂ ਦੁਆਰਾ ਭਾਸ਼ਣ ਦਿੱਤੇ ਗਏ। ਸਮਾਗਮ ਦਾ ਆਰੰਭ ਰਮਨਪ੍ਰੀਤ ਕੌਰ ਦੇ ਇਨਕਲਾਬੀ ਗੀਤ ਨਾਲ ਹੋਇਆ। ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਮੌਨ ਧਾਰਨ ਕਰ ਕੇ ਦਿੱਤੀ ਗਈ ਸ਼ਰਧਾਂਜਲੀ ਉਪਰੰਤ ਪਹਿਲਾ ਭਾਸ਼ਣ ਡਾ. ਭੀਮਇੰਦਰ ਸਿੰਘ ਨੇ ਦਿੱਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਸ ਵਿਦਵਾਨ ਨੇ ਗ਼ਦਰ ਲਹਿਰ ਦੇ ਇਤਿਹਾਸਕ ਪਿਛੋਕੜ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਹਾਕਮ ਜਮਾਤ ਹਮੇਸ਼ਾ ਲੋਕਾਂ ਤੋਂ ਉਨ੍ਹਾਂ ਦਾ ਇਤਿਹਾਸ ਤੇ ਵਿਰਸਾ ਖੋਹਣ ਦਾ ਯਤਨ ਕਰਦੀ ਹੈ ਜਾਂ ਫਿਰ ਇਸ ਨੂੰ ਤੋੜ-ਮਰੋੜ ਕੇ ਪੇਸ਼ ਕਰਦੀ ਹੈ। ਇਸ ਲਈ ਸੁਚੇਤ ਰਹਿਣ ਦੀ ਲੋੜ ਹੈ ਤੇ ਗ਼ਦਰ ਲਹਿਰ ਨੂੰ ਸਹੀ ਨਜ਼ਰੀਏ ਨਾਲ ਸਮਝਣ ਦੀ ਜ਼ਰੂਰਤ ਹੈ। ਡਾ. ਭੀਮ ਇੰਦਰ ਨੇ ਕਿਹਾ ਕਿ ਗ਼ਦਰ ਪਾਰਟੀ ਦੀ ਰਾਜਨੀਤੀ ਦੇਸ਼ ਦੀ ਮਿੱਟੀ ਤੇ ਲੋਕ ਸਭਿਆਚਾਰ ਨਾਲ ਜੁੜੀ ਹੋਈ ਰਾਜਨੀਤੀ ਸੀ, ਜਿਸ ਤੋਂ ਅੱਜ ਦੀ ਲੋਕ ਪੱਖੀ ਰਾਜਨੀਤੀ ਨੂੰ ਸਾਰਥਕ ਸੇਧ ਮਿਲ ਸਕਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਸਕੱਤਰ ਬੀਬੀ ਰਘਬੀਰ ਕੌਰ ਨੇ ਆਪਣੇ ਜੋਸ਼ੀਲੇ ਭਾਸ਼ਣ ਵਿਚ ਕਿਹਾ ਕਿ ਗ਼ਦਰੀ ਬਾਬਿਆਂ ਦੀ ਸੋਚ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਸਦਾ ਯਾਦ ਰੱਖਣ ਵਾਲੀਆਂ ਹਨ, ਭਾਵੇਂ ਕਿ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੇ ਬਰਾਬਰ ਯਤਨ ਕੀਤੇ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਗ਼ਦਰੀਆਂ ਦੇ ਸੁਪਨਿਆਂ ਦਾ ਭਾਰਤ ਅਜੇ ਸਿਰਜਿਆ ਨਹੀਂ ਜਾ ਸਕਿਆ। ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਨੂੰ ਸੰਘਰਸ਼ ਜਾਰੀ ਰੱਖਣਾ ਪਵੇਗਾ। ਪ੍ਰੋ. ਰਾਕੇਸ਼ ਰਮਨ ਨੇ ਕਿਹਾ ਕਿ 21ਵੀਂ ਸਦੀ ਦੇ ਇਨ੍ਹਾਂ ਮੁਢਲੇ ਦਹਾਕਿਆਂ ਵਿਚ ਕਾਰਪੋਰੇਟ ਸਰਮਾਏਦਾਰੀ ਨੇ ਸਾਡੇ ਉਪਰ ਉਸ ਤੋਂ ਵੀ ਘਾਤਕ ਹੱਲਾ ਬੋਲਿਆ ਸੀ। ਲੋਕਾਂ ਨੂੰ ਗੁੱਝੀ ਚਾਲ ਅਧੀਨ ਸੰਵੇਦਨਹੀਣ ਅਤੇ ਆਦਰਸ਼ਹੀਣ ਕੀਤਾ ਜਾ ਰਿਹਾ ਹੈ। ਇਸ ਗੰਭੀਰ ਸਥਿਤੀ ਦਾ ਟਾਕਰਾ ਕਰਨ ਲਈ ਅਸੀਂ ਗ਼ਦਰੀ ਸੂਰਬੀਰਾਂ ਦੇ ਸੰਘਰਸ਼ ਅਤੇ ਵਿਚਾਰਧਾਰਾ ਤੋਂ ਅਗਵਾਈ ਲੈ ਸਕਦੇ ਹਾਂ। ਕਿਸਾਨ ਆਗੂ ਅਮੋਲਕ ਸਿੰਘ ਨੇ ਕਿਹਾ ਕਿ ਦੇਸ਼ ਬਹੁਤ ਖ਼ਤਰਨਾਕ ਹਾਲਾਤ ਵਿਚੋਂ ਗੁਜ਼ਰ ਰਿਹਾ ਹੈ। ਹਾਕਮ ਆਮ ਲੋਕਾਂ ਦੀ ਲੁੱਟ ਨੂੰ ਤਾਂ ਤਿੱਖਾ ਕਰ ਹੀ ਰਹੇ ਹਨ, ਨਾਲ ਹੀ ਆਮ ਲੋਕਾਂ ਦੇ ਮਾਨਵੀ ਅਧਿਕਾਰਾਂ ਨੂੰ ਵੀ ਬੁਰੀ ਤਰ੍ਹਾਂ ਲਤਾੜ ਰਹੇ ਹਨ, ਇਸ ਲਈ ਸਮੇਂ ਦੀ ਮੰਗ ਹੈ ਕਿ ਗ਼ਦਰੀਆਂ ਵਾਂਗ ਹੀ ਜ਼ੋਰਦਾਰ ਸੰਘਰਸ਼ ਕੀਤਾ ਜਾਵੇ।



ਡਾ. ਰਾਕੇਸ਼ ਕੁਮਾਰ ਮਦਾਨ ਅਤੇ ਡਾ. ਐਸ.ਕੇ. ਕਪੂਰ ਵਲੋਂ ਚਿਤਰਾ ਹਿਊਮਨ ਰਾਈਟਸ ਸੰਸਥਾ ਵਲੋਂ ਗ਼ਦਰੀ ਲਹਿਰ ਸਬੰਧੀ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗ਼ਦਰ ਮੈਮੋਰੀਅਲ ਸੁਸਾਇਟੀ ਵਲੋਂ ਇਲਾਕੇ ਦੇ ਗ਼ਦਰੀ ਬਾਬਿਆਂ ਦੇ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ। ਸਮਾਗਮ ਦਾ ਸਮੁੱਚਾ ਪ੍ਰਬੰਧ ਸੁਸਾਇਟੀ ਦੇ ਪ੍ਰਧਾਨ ਅਮਰਜੀਤ ਸਿੰਘ ਦੀ ਅਗਵਾਈ ਵਿਚ ਬੜੇ ਸੁਚੱਜੇ ਢੰਗ ਨਾਲ ਕੀਤਾ ਗਿਆ ਸੀ। ਕਿਸਾਨ ਆਗੂ ਨਿਰਭੈ ਸਿੰਘ ਢੁੱਡੀਕੇ ਨੇ ਸਮਾਗਮ ਵਿਚ ਸ਼ਾਮਲ ਲੋਕਾਂ ਦਾ ਧੰਨਵਾਦ ਕੀਤਾ। ਮੰਚ ਦੀ ਕਾਰਵਾਈ ਚਿਤਰਾ ਹਿਊਮਨ ਰਾਈਟਸ ਸੰਸਥਾ ਦੀ ਮੋਗਾ ਇਕਾਈ ਦੇ ਪ੍ਰਧਾਨ ਇੰਦਰਜੀਤ ਸ਼ਰਮਾ ਵਲੋਂ ਚਲਾਈ ਗਈ। ਸਮਾਗਮ ਦੀ ਸਫ਼ਲਤਾ ਲਈ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਚਿੱਤਰਾ ਹਿਊਮਨਟ ਰਾਈਟਸ ਐਸੋਸੀਏਸ਼ਨ ਵਲੋਂ ਸਹਿਯੋਗ ਦਿੱਤਾ ਗਿਆ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਓਮ ਪ੍ਰਕਾਸ਼ ਸ਼ਰਮਾ ਡੀ.ਜੀ., ਮੋਨਿਕ ਮੋਹਨ ਸ਼ਰਮਾ ਐਡਵੋਕੇਟ, ਪੂਰਨ ਚੰਦ, ਜਸਵੰਤ ਸਿੰਘ ਕੰਵਲ, ਸਰਪੰਚ ਜਗਤਾਰ ਸਿੰਘ ਧਾਲੀਵਾਲ, ਸੁਰਿੰਦਰ ਕੌਰ, ਪ੍ਰੋ. ਗੁਰਪ੍ਰੀਤ ਕੌਰ, ਬੰਤ ਸਿੰਘ ਬਧਨੀ, ਬਚਿੱਤਰ ਸਿੰਘ ਕੋਕਰੀ, ਅਵਤਾਰ ਸਿੰਘ ਕੋਕਰੀ, ਰਵੀ ਸ਼ੰਕਰ ਕੋਕਰੀ, ਰਘਬੀਰ ਸਿੰਘ ਅਜੀਤਵਾਲ, ਬੂਟਾ ਸਿੰਘ ਮੱਲ੍ਹਾ, ਨਿਰਭੈ ਸਿੰਘ ਮੂਮ ਅਤੇ ਬਾਲ ਕ੍ਰਿਸ਼ਨ ਢੁਡੀਕੇ ਵੀ ਸ਼ਾਮਲ ਹੋਏ।

# ਗ਼ਦਰ ਸ਼ਤਾਬਦੀ ਕਮੇਟੀ ਕੈਲਗਰੀ ਵੱਲੋਂ ਗ਼ਦਰ ਸ਼ਤਾਬਦੀ ਕਲੰਡਰ ਜਾਰੀ

ਕੈਲਗਰੀ (ਬਲਜਿੰਦਰ ਸੰਘਾ) : ਕੈਨੇਡਾ ਦੇ ਸ਼ਹਿਰ ਕੈਲਗਰੀ ਦੀਆਂ 6 ਨਾਮਵਰ ਜਥੇਬੰਦੀਆਂ ਅਧਾਰਿਤ ਪਹਿਲਾਂ ਹੀ ਬਣੀ ਸਾਂਝੀ ਕਮੇਟੀ ਦੀ ਮੀਟਿੰਗ ਕੈਲਗਰੀ ਵਿਚ ਪ੍ਰਸ਼ੋਤਮ ਭਾਰਦਵਾਜ਼ ਦੀ ਪ੍ਰਧਾਨਗੀ ਹੇਠ ਹੋਈ। ਗ਼ਦਰ ਸ਼ਤਾਬਦੀ ਕਮੇਟੀ ਨੂੰ ਅੱਜ ਹੋਰ ਹੁੰਗਾਰਾ ਮਿਲਿਆ ਜਦੋਂ ਮੀਡੀਆ ਕਲੱਬ ਕੈਲਗਰੀ ਵੀ ਇਸ ਕਮੇਟੀ ਵਿੱਚ ਬਕਾਇਦਾ ਸ਼ਾਮਲ ਹੋ ਗਿਆ।



ਜਨਰਲ ਸਕੱਤਰ ਕਮਲਜੀਤ ਖੰਨਾ ਜੂਨ ਦੇ ਪਹਿਲੇ ਹਫਤੇ ਕੈਲਗਰੀ ਵਿੱਚ ਪਹੁੰਚ ਜਾਣਗੇ। ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਸੰਪਰਕ ਜੀਤਇੰਦਰਪਾਲ ਕਰਨਗੇ। ਪਾਕਿਸਤਾਨੀ ਪੰਜਾਬੀ ਭਾਈਚਾਰੇ ਦੀ ਸਰਗਰਮ ਧਰਮ ਨਿਰਪੱਖ ਜਥੇਬੰਦੀ ਦੇ ਆਗੂਆਂ ਨਾਲ ਸ਼ਤਾਬਦੀ ਕਮੇਟੀ 'ਚ ਸ਼ਾਮਲ ਹੋਣ ਲਈ ਹਰਚਰਨ ਪਰਹਾਰ ਗੱਲਬਾਤ

ਮੀਟਿੰਗ ਵਿਚ ਕੈਲਗਰੀ ਕੋਆਰਡੀਨੇਟਰ ਮਾ.ਭਜਨ ਗਿੱਲ, ਸਹਾਇਕ ਕੋਆਰਡੀਨੇਟਰ ਤਰਲੋਚਨ ਦੂਹਰਾ, ਪ੍ਰੋਗਰੈਸਿਵ ਕਲਚਰਲ ਐਸ਼ੋਸੀਏਸ਼ਨ ਵੱਲੋਂ ਸੋਹਣ ਮਾਨ ਅਤੇ ਜੀਤ ਇੰਦਰਪਾਲ, ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਵੱਲੋਂ ਗੁਰਬਚਨ ਬਰਾੜ, ਪੰਜਾਬੀ ਸਾਹਿਤ ਸਭਾ ਵੱਲੋਂ ਕੁਲਬੀਰ ਸ਼ੇਰਗਿੱਲ ਅਤੇ ਮਨਮੋਹਣ ਬਾਠ, ਅਰਪਨ ਲਿਖ਼ਾਰੀ ਸਭਾ ਵੱਲੋਂ ਡਾ.ਹਰਭਜਨ ਢਿੱਲੋਂ ਅਤੇ ਕੇਸਰ ਸਿੰਘ ਨੀਰ, ਇੰਡੋ-ਕੈਨੇਡੀਅਨ ਸੀਨੀਅਰ ਇੰਮੀਗ੍ਰੈਂਟ ਦੇ ਪ੍ਰਧਾਨ ਪਰਸ਼ੋਤਮ ਭਾਰਦਵਾਜ, ਨੌਰਥ ਕਲਚਰਲ ਐਸ਼ੋਸੀਏਸ਼ਨ ਦੇ ਪ੍ਰਧਾਨ ਸੁਰਿੰਦਰਜੀਤ ਸਿੰਘ ਪਲਾਹਾ ਅਤੇ ਕੈਲਗਰੀ ਮੀਡੀਆ ਕਲੱਬ ਦੇ ਪ੍ਰਧਾਨ ਹਰਚਰਨ ਸਿੰਘ ਪਰਹਾਰ ਹਾਜ਼ਰ ਹੋਏ। ਉਪਰੋਤਕ ਜਥੇਬੰਦੀਆਂ ਦੇ ਆਗੂਆਂ ਨੇ ਵੈਨਕੂਵਰ ਕਮੇਟੀ ਵੱਲੋਂ ਪ੍ਰਕਾਸ਼ਤ ਗ਼ਦਰ ਲਹਿਰ ਇਤਿਹਾਸ ਬਾਰੇ ਕਲੰਡਰ ਜਾਰੀ ਕੀਤਾ। ਵਿਚਾਰ ਚਰਚਾ ਉਪੰਰਤ ਕਈ ਅਹਿਮ ਫੈਸਲੇ ਕੀਤੇ ਗਏ। ਗ਼ਦਰ ਲਹਿਰ ਨਾਲ ਸਬੰਧਿਤ ਨਾਟਕ 'ਗਾਥਾ ਕਾਲੇ ਪਾਣੀਆਂ ਦੀ' 22 ਜੂਨ ਨੂੰ ਕੈਲਗਰੀ, 30 ਜੂਨ ਨੂੰ ਵਿੰਨੀਪੈਗ, 6 ਜੁਲਾਈ ਨੂੰ ਸਰੀ ਅਤੇ 7 ਜੁਲਾਈ ਨੂੰ ਸਰੀ ਵੈਨਕੂਵਰ ਵਿੱਚ ਕਰਵਾਇਆ ਜਾਵੇਗਾ। ਇਸ ਨਾਟਕ ਦੀ ਤਿਆਰੀ ਲਈ ਨਾਟਕ ਦੇ ਲੇਖਕ ਅਤੇ ਨਿਰਦੇਸ਼ਕ ਹਰਕੇਸ਼ ਚੌਧਰੀ, ਸੁਰਿੰਦਰ ਸ਼ਰਮਾ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਪੰਜਾਬ ਦੇ ਕਰਨਗੇ। 20 ਜੁਲਾਈ ਨੂੰ ਗ਼ਦਰ ਲਹਿਰ ਤੇ ਕੈਲਗਰੀ ਵਿਖੇ ਸੈਮੀਨਾਰ ਕਰਵਇਆ ਜਾਵੇਗਾ। ਜਿਸ ਵਿੱਚ ਦੇਸ਼ ਭਗਤ ਹਾਲ ਜਲੰਧਰ ਤੋਂ ਚਰੰਜੀ ਲਾਲ, ਪ੍ਰੋਫੈਸਰ ਜਗਮੋਹਣ ਸਿੰਘ (ਸ਼ਹੀਦੇ ਆਜ਼ਮ ਭਗਤ ਸਿੰਘ ਦੇ ਭਾਣਜੇ) ਅਤੇ ਕਾਂ. ਹਰਭਜਨ ਸਿੰਘ ਚੀਮਾ ਵੈਨਕੂਵਰ ਮੁੱਖ ਬੁਲਾਰੇ ਹੋਣਗੇ। ਆਉਣ ਵਾਲੇ ਪ੍ਰੋਗਰਾਮਾਂ ਲਈ ਵਿੱਤ ਸਕੱਤਰ ਦੀ ਜ਼ਿੰਮੇਵਾਰੀ ਕੇਸਰ ਸਿੰਘ ਨੀਰ ਨਿਭਾਉਣਗੇ ਅਤੇ ਇਸ ਕਮੇਟੀ ਦੇ ਕੈਲਗਰੀ ਤੋਂ ਮੀਡੀਆਂ ਇੰਚਾਰਜ ਬਲਜਿੰਦਰ ਸੰਘਾ ਹੋਣਗੇ। ਸਾਰੇ ਗ਼ਦਰ ਸ਼ਾਤਬਦੀ ਪ੍ਰੋਗਰਾਮ ਇਸ ਕਮੇਟੀ ਦੀ ਦੇਖ-ਰੇਖ ਵਿਚ ਹੋਣਗੇ।

**ਅਰਪਨ ਲਿਖਾਰੀ ਸਭਾ ਕੈਲਗਰੀ ਦਾ ਸਾਲਾਨਾ ਸਮਾਗਮ**
**ਪੰਜਾਬੀ ਦੇ ਬਹੁ-ਪੱਖੀ ਲੇਖਕ ਸੁਖਿੰਦਰ ਦਾ 'ਇਕਬਾਲ ਅਰਪਨ ਯਾਦਗਾਰੀ ਐਵਾਰਡ' ਨਾਲ ਸਨਮਾਨ**



**1 ਜੂਨ 2013, ਦਿਨ ਸ਼ਨਿੱਚਰਵਾਰ ਦੁਪਹਿਰ 1:30 ਵਜੇ**

**167 ਟੈਂਪਲਗਰੀਨ ਰੋਡ ਨੌਰਥ ਈਸਟ ਕੈਲਗਰੀ**
**(ਟੈਂਪਲ ਕਮਿਊਨਟੀ ਹਾਲ)**
**ਜਿਸ ਵਿੱਚ ਇੰਡੀਆ ਤੋਂ ਅਤੇ ਕੈਨੇਡਾ ਭਰ ਦੇ ਸਹਿਤਕਾਰ ਸ਼ਾਮਲ ਹੋਣਗੇ**
**ਸਾਰੇ ਸਾਹਿਤਕ ਪ੍ਰੇਮੀਆਂ ਅਤੇ ਪੰਜਾਬੀ ਭਾਈਚਾਰੇ ਨੂੰ ਹੁੰਮ ਹੁਮਾ ਕੇ ਪੁਹੰਚਣ ਲਈ ਬੇਨਤੀ ਕੀਤੀ ਜਾਂਦੀ ਹੈ**
**(ਚਾਹ ਪਾਣੀ ਦਾ ਖ਼ਾਸ ਪ੍ਰਬੰਧ ਹੋਵੇਗਾ)**

**ਹੋਰ ਜਾਣਕਾਰੀ ਲਈ ਸੰਪਰਕ**
**ਪ੍ਰਧਾਨ: ਸਤਨਾਮ ਸਿੰਘ ਢਾਅ: 403-285-6091**
**ਜ: ਸਕੱਤਰ ਇਕਬਾਲ ਖ਼ਾਨ:403-921-8736**

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

## ਸੰਪਾਦਕੀ

# ਲੋਕ-ਪੱਖੀ ਜਨ-ਅੰਦੋਲਨਾਂ ਦੀ ਵਿਸ਼ਾਲ ਇਕਮੁੱਠਤਾ ਵਕਤ ਦੀ ਲੋੜ

ਭਾਰਤੀ ਅਦਾਲਤਾਂ ਅੱਜ ਕੱਲ੍ਹ ਸੁਰਖ਼ੀਆਂ ਵਿਚ ਹਨ। ਇੱਕੋ ਦਿਨ ਜਦੋਂ ਕੋਈ ਸਥਾਨਕ ਅਦਾਲਤ ਸਿੱਖ ਕਤਲੇਆਮ ਦੇ ਇਕ ਮਾਮਲੇ ਵਿਚ 29 ਵਰ੍ਹਿਆਂ ਬਾਅਦ ਸੱਜਣ ਕੁਮਾਰ ਵਰਗੇ ਵਿਅਕਤੀ ਨੂੰ ਬਰੀ ਕਰ ਦਿੰਦੀ ਹੈ; ਤਾਂ ਘੋਰ ਨਿਰਾਸ਼ਾ ਹੁੰਦੀ ਹੈ, ਪਰ ਐਨ ਉਦੋਂ ਹੀ ਭਾਰਤ ਦੀ ਸਰਵ ਉੱਚ ਅਦਾਲਤ ਸਰਕਾਰ ਨੂੰ ਸੀ.ਬੀ.ਆਈ. ਦੀ ਜਾਂਚ ਨੂੰ ਪ੍ਰਭਾਵਤ ਕਰਨ ਲਈ ਸਖ਼ਤ ਲਹਿਜ਼ੇ ਵਿਚ ਪੈ ਨਿਕਲਦੀ ਹੈ ਤਾਂ ਇਨਸਾਫ਼ ਦੀ ਉਮੀਦ ਵੀ ਬਚੀ ਰਹਿੰਦੀ ਹੈ। ਨਵੀਂ ਦਿੱਲੀ ਦੀ ਕੜਕੜਡੂੰਮਾ ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਜਿਵੇਂ ਬਰੀ ਕੀਤਾ ਹੈ, ਇਹਦੇ ਨਾਲ ਪੀੜਤ ਪਰਿਵਾਰਾਂ ਦੇ ਨਾਲ ਨਾਲ ਹਰ ਸੰਵੇਦਨਸ਼ੀਲ ਬੰਦੇ ਦੇ ਮਨ ਨੂੰ ਠੇਸ ਲੱਗੀ ਹੈ। ਪਰ ਜਦੋਂ ਸੁਪਰੀਮ ਕੋਰਟ ਸੀ.ਬੀ.ਆਈ. ਨੂੰ ਸਰਕਾਰ ਦੇ ਚੁੰਗਲ ਵਿਚੋਂ ਆਜ਼ਾਦ ਕਰਵਾਉਣ ਦੀ ਗੱਲ ਕਰਦੀ ਹੈ ਤਾਂ ਲੱਗਣ ਲੱਗਦਾ ਹੈ ਕਿ ਖ਼ਬਰੇ ਹਾਲੇ ਕੁੱਝ ਨਾ ਕੁੱਝ ਤਾਂ ਜ਼ਰੂਰ ਹੀ ਬਚਿਆ ਹੋਇਆ ਹੈ। ਮਾਮਲਾ ਲਗਭਗ ਦੋ ਲੱਖ ਕਰੋੜ ਦੇ ਉਸ ਕੋਲਾ ਘੁਟਾਲੇ ਨਾਲ ਜੁੜਿਆ ਹੋਇਆ ਹੈ, ਜਿਸ ਦੀ ਸਟੇਟਸ ਰਿਪੋਰਟ ਸੀ.ਬੀ.ਆਈ. ਨਾ ਸਿਰਫ਼ ਮੁਲਕ ਦੇ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਅਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਦਿਖਉਂਦੀ ਹੈ, ਸਗੋਂ ਸਰਕਾਰੀ ਦਖ਼ਲਅੰਦਾਜ਼ੀ ਤੋਂ ਬਾਅਦ ਇਸ ਰਿਪੋਰਟ ਵਿਚ 20 ਫ਼ੀਸਦੀ ਤਕ ਤਬਦੀਲੀ ਵੀ ਕਰ ਦਿੰਦੀ ਹੈ। ਜੇ ਇਓਂ ਹੈ ਤਾਂ ਕਿਵੇਂ ਮੁਲਕ ਦੇ 'ਇਮਾਨਦਾਰ' ਪ੍ਰਧਾਨ ਮੰਤਰੀ ਨੂੰ ਵੀ ਇਹਦੇ ਵਿਚੋਂ ਬਰੀ ਕੀਤਾ ਜਾ ਸਕਦਾ ਹੈ? ਫਿਰ ਤਾਂ ਵਿਰੋਧੀ ਧਿਰਾਂ ਵੱਲੋਂ ਕਾਨੂੰਨ ਮੰਤਰੀ ਦੇ ਨਾਲ ਨਾਲ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਦੀ ਮੰਗ 'ਤੇ ਵੀ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਜਦੋਂ ਇਸ ਸਥਿਤੀ ਵਿਚ ਸੁਪਰੀਮ ਕੋਰਟ ਭਾਰਤ ਸਰਕਾਰ ਨੂੰ ਵੀ ਕਟਹਿਰੇ ਵਿਚ ਹੀ ਖੜਾ ਨਹੀਂ ਕਰਦੀ ਸਗੋਂ ਸੀ.ਬੀ.ਆਈ. ਦੇ ਬਕਾਇਆ ਕੇਸਾਂ ਦੀ ਨਿਗਰਾਨੀ ਲਈ ਵੀ ਕੇਂਦਰੀ ਵਿਜੀਲੈਂਸ ਬਿਊਰੋ ਹੁਕਮ ਦੇ ਦਿੰਦੀ ਹੈ, ਤਾਂ ਫੇਰ ਲੱਗਣ ਲੱਗਦਾ ਹੈ ਕਿ ਸ਼ਾਇਦ ਇਨਸਾਫ਼ ਦੀ ਦੇਵੀ ਦੀਆਂ ਅੱਖਾਂ 'ਤੇ ਬੱਝੀ ਪੱਟੀ ਥੋੜ੍ਹੀ ਢਿੱਲੀ ਹੋ ਰਹੀ ਹੈ।

ਇਹੀ ਨਹੀਂ; ਇਨ੍ਹੀਂ ਦਿਨੀਂ ਸੁਪਰੀਮ ਕੋਰਟ ਨੇ ਬਿਨਾਂ ਕਿਸੇ ਪਟੀਸ਼ਨ ਤੋਂ ਕੁੱਝ ਹੋਰ ਵੱਖ ਵੱਖ ਮਾਮਲਿਆਂ 'ਤੇ ਸਰਕਾਰ ਨੂੰ ਲੰਮੇ ਹੱਥੀਂ ਲਿਆ ਹੈ। ਬਾਕੀ ਮਾਮਲੇ ਛੱਡਦੇ ਹੋਏ ਕੁੱਝ ਦਿਨ ਪਹਿਲਾਂ ਭਾਰਤੀ ਪੁਲੀਸ ਦੇ ਵਿਹਾਰ 'ਤੇ ਕੀਤੀਆਂ ਤਲਖ਼ ਟਿੱਪਣੀਆਂ ਦਾ ਹੀ ਜ਼ਿਕਰ ਕਰੀਏ ਤਾਂ ਸੁਪਰੀਮ ਕੋਰਟ ਨੇ ਇਥੋਂ ਤਕ ਕਿਹਾ ਕਿ ਭਾਰਤੀ ਪੁਲੀਸ ਆਮ ਬੰਦੇ ਨਾਲ ਜਾਨਵਰਾਂ ਤੋਂ ਵੀ ਭੈੜਾ ਵਿਹਾਰ ਕਰ ਰਹੀ ਹੈ ਤੇ ਇਹ ਬਰਦਾਸ਼ਤ ਯੋਗ ਨਹੀਂ ਹੈ। ਇਨ੍ਹੀਂ ਦਿਨੀਂ ਖਾਸ ਤੌਰ 'ਤੇ ਪੰਜਾਬ ਸਮੇਤ ਉੱਤਰੀ ਭਾਰਤ ਵਿਚ ਔਰਤਾਂ ਅਤੇ ਬੱਚੀਆਂ ਦੇ ਯੋਨ ਸੋਸ਼ਣ ਦੀਆਂ ਤੇਜ਼ੀ ਨਾਲ ਵਧੀਆਂ ਵਾਰਦਾਤਾਂ ਅਤੇ ਪੀੜਤਾਂ ਨਾਲ ਪੁਲੀਸ ਦੇ ਬੇਹੱਦ ਅਸੰਵੇਦਨਸ਼ੀਲ ਵਰਤਾਅ ਦਾ ਸੁਪਰੀਮ ਕੋਰਟ ਨੇ ਸਖ਼ਤ ਨੋਟਿਸ ਲਿਆ। ਸੁਪਰੀਮ ਕੋਰਟ ਨੇ ਫੇਰ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਹੀ ਇਹ ਕਹਿ ਕੇ ਲਤਾੜਿਆ ਹੈ ਕਿ ਜੇਕਰ ਇਹ ਘਟਨਾਵਾਂ ਨਾ ਰੁਕੀਆਂ ਤਾਂ ਅਦਾਲਤ ਖ਼ੁਦ ਹੀ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਹੋਵੇਗੀ। ਭਾਰਤ ਦੀ ਸਰਵ ਉੱਚ ਅਦਾਲਤ ਦੀਆਂ ਇਸ ਤਰ੍ਹਾਂ ਦੀਆਂ ਲੋਕ-ਪੱਖੀ ਹਦਾਇਤਾਂ ਫੇਰ ਇਹ ਕਹਿਣ ਲਈ ਮਜਬੂਰ ਕਰਦੀਆਂ ਹਨ ਕਿ ਨਹੀਂ, ਹਾਲੇ ਸਾਰਾ ਕੁੱਝ ਹੀ ਖ਼ਤਮ ਨਹੀਂ ਹੋਇਆ। ਪਰ ਫੇਰ ਨਾਲ ਹੀ ਇਹ ਵੀ ਲੱਗਣ ਲੱਗਦਾ ਹੈ ਕਿ ਜੇ ਇਸ ਤਰ੍ਹਾਂ ਦੇ ਮਸਲਿਆਂ ਦਾ ਸੁਪਰੀਮ ਕੋਰਟ ਨੇ ਹੀ ਨੋਟਿਸ ਲੈਣਾ ਹੈ, ਤਾਂ ਸਰਕਾਰ ਕਿੱਥੇ ਹੈ? ਸੱਚ ਇਹ ਹੈ ਕਿ ਸਰਕਾਰ ਆਪਣੀ ਪ੍ਰਸੰਗਕਤਾ ਪੂਰੀ ਤਰ੍ਹਾਂ ਗਵਾ ਚੁੱਕੀ ਹੈ ਤੇ ਸਰਵ ਉੱਚ ਅਦਾਲਤ ਦੀਆਂ ਗਾਹੇ-ਬਗਾਹੇ ਆਉਂਦੀਆਂ ਟੱਪਣੀਆਂ ਇਨ੍ਹਾਂ ਬੁਰੇ ਹਾਲਾਤ ਵਿਚ ਘੁੱਪ ਹਨੇਰੇ ਵਿਚ ਜੁਗਨੂੰ ਦਾ ਅਹਿਸਾਸ ਮਾਤਰ ਹੀ ਹੈ; ਸੂਰਜ ਦਾ ਨਿੱਘ ਨਹੀਂ। ਇਹ ਅਸੀਂ ਇਸ ਲਈ ਕਹਿ ਰਹੇ ਹਾਂ ਕਿਉਂਕਿ ਭਾਰਤ ਦੀ ਮੁਕੰਮਲ ਨਿਆਂ ਵਿਵਸਥਾ ਲੱਚਰ ਕਿਸਮ ਦੇ ਗਵਾਹ ਪ੍ਰਬੰਧ 'ਤੇ ਡਿਗੂੰ-ਡਿਗੂੰ ਕਰ ਰਹੀ ਹੈ, ਇਸੇ ਲਈ ਹੇਠਲੀਆਂ ਅਦਾਲਤਾਂ ਵਿਚੋਂ ਮਨੁੱਖਤਾ ਦੇ ਗੁਨਾਹਗਾਰ ਜਾਂ ਤਾਂ ਸਾਫ਼ ਬਰੀ ਹੋ ਜਾਂਦੇ ਹਨ ਜਾਂ ਫਿਰ ਪੀੜ੍ਹੀਆਂ ਦੀਆਂ ਪੀੜ੍ਹੀਆਂ ਮੁੱਕ ਜਾਂਦੀਆਂ ਹਨ ਤੇ ਮੁਕੱਦਮੇ ਧੂੜ ਫ਼ਕਦੀਆਂ ਫਾਈਲਾਂ ਵਿਚ ਸਹਿਕ-ਸਹਿਕ ਕੇ ਬੇਦਮ ਹੋ ਜਾਂਦੇ ਹਨ। ਇਸ ਲਈ ਸੌ-ਸੌ ਖਾਮੀਆਂ ਦੀ ਸਿਊਂਕ ਨਾਲ ਖਾਧੀ ਨਿਆਂ ਵਿਵਸਥਾ ਵਿਚ ਜਦੋਂ ਸੱਜਣ ਕੁਮਾਰ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ ਤਾਂ ਜੱਜ ਵੱਲ ਜੁੱਤੀ ਵਗਾਹ ਮਾਰਨਾ ਮਸਲੇ ਦਾ ਕੋਈ ਹੱਲ ਨਹੀਂ ਸਮਝਿਆ ਜਾ ਸਕਦਾ ਤੇ ਨਾ ਹੀ ਸਰਵ ਉੱਚ ਅਦਾਲਤ ਵੱਲੋਂ ਸਰਕਾਰ ਦੀ ਝਾੜ-ਝੰਬ 'ਤੇ ਖ਼ੁਸ਼ ਹੋ ਕੇ ਬੈਠ ਜਾਣਾ ਚਾਹੀਦਾ ਹੈ। ਲੋੜ ਅੱਖਾਂ ਅਤੇ ਕੰਨ-ਖੋਲ੍ਹ ਕੇ ਰੱਖਣ ਦੀ ਹੈ ਤਾਂ ਜੋ ਦੇਖ-ਸੁਣ ਕੇ ਸਹੀ ਦੀ ਪਛਾਣ ਕਰ ਸਕੀਏ ਤੇ ਫੇਰ ਸੱਚ ਦੀ ਆਵਾਜ਼ ਵਿਚ ਆਪਣੀ ਆਵਾਜ਼ ਮਿਲਾ ਸਕੀਏ। ਸਾਡੀ ਨਿਆਂ ਵਿਵਸਥਾ ਦੀਆਂ ਚੂਲਾਂ ਏਨੀ ਬੁਰੀ ਤਰ੍ਹਾਂ ਹਿੱਲ ਚੁੱਕੀਆਂ ਹਨ ਕਿ ਹੁਣ ਇਹਦੇ ਸਮੁੱਚੇ ਢਾਂਚੇ ਨੂੰ ਬਦਲਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ ਤੇ ਇਹ ਰਾਜਸੀ ਵਿਵਸਥਾ ਨੂੰ ਮੁਕੰਮਲ ਰੂਪ ਵਿਚ ਬਦਲ ਦੇਣ ਤੋਂ ਬਿਨਾਂ ਸੰਭਵ ਨਹੀਂ। ਇਹਦੇ ਲਈ ਲੋਕ-ਪੱਖੀ ਜਨ-ਅੰਦੋਲਨਾਂ ਦੀ ਵਿਸ਼ਾਲ ਇਕਮੁੱਠਤਾ ਹੀ ਇਕੋ-ਇਕ ਰਸਤਾ ਹੈ ਤੇ ਇਹੀ ਵਕਤ ਦੀ ਸਭ ਤੋਂ ਵੱਡੀ ਲੋੜ ਹੈ।

# ਰਾਲਫ਼ ਕਲਾਇਨ ਦੀਆਂ ਨੀਤੀਆਂ 'ਤੇ ਚਰਚਾ ਕਰਨ ਦੀ ਲੋੜ



ਰਿਕਾਰਡੋ ਐਕੂਨਾ
ਐਗਜ਼ੈਕਟਿਵ ਡਾਇਰੈਕਟਰ
ਪਾਰਕਲੈਂਡ ਇੰਸਟੀਚਿਊਟ, ਐਡਮਿੰਟਨ
Email : racuna@ualberta.ca

ਰਾਲਫ਼ ਕਲਾਇਨ 29 ਮਾਰਚ ਨੂੰ ਚਲ ਵਸੇ। ਉਹ 1992 ਤੋਂ 2006 ਤੱਕ ਸੂਬੇ ਦੇ ਪ੍ਰੀਮੀਅਰ ਰਹੇ। ਉਹਨਾਂ ਦੀ ਮੌਤ ਤੋਂ ਬਾਅਦ ਕਈ ਦਿਨਾਂ ਤੱਕ ਅਲਬਰਟਾ ਵਾਸੀਆਂ ਵੱਲੋਂ ਉਹਨਾਂ ਨੂੰ ਸਰਧਾਂਜਲੀਆਂ ਭੇਟ ਕੀਤੀਆਂ ਗਈਆਂ ਤੇ ਉਹਨਾਂ ਦੀ ਸਾਦਗੀ, ਮਿਲਣਸਾਰ ਸੁਭਾਅ ਅਤੇ ਨਿਮਰਤਾ ਦਾ ਗੁਣਗਾਣ ਕੀਤਾ ਗਿਆ। ਬਹੁਤ ਸਾਰੇ ਲੋਕਾਂ ਨੇ ਅਜਿਹੀਆਂ ਟਿੱਪਣੀਆਂ ਵੀ ਕੀਤੀਆਂ ਜਿਨ੍ਹਾਂ ਵਿੱਚ ਉਹਨਾਂ ਨੂੰ ਸੂਝਵਾਨ ਸਿਆਸੀ ਆਗੂ ਕਿਹਾ ਗਿਆ। ਪਰ ਸੱਚ ਇਹ ਹੈ ਕਿ ਅਜਿਹੀਆਂ ਗੱਲਾਂ ਭਾਵੁਕਤਾਵਸ ਵਧਾ ਚੜ੍ਹਾ ਕੇ ਕੀਤੀਆਂ ਗਈਆਂ ਹਨ।

ਅਸਲ ਵਿੱਚ ਕਲਾਇਨ ਸਿਆਸੀ ਆਗੂ ਵਜੋਂ ਉਹਨਾਂ ਸਮਿਆਂ 'ਚ ਸਾਹਮਣੇ ਆਇਆ ਜਦੋਂ ਸੂਬੇ ਵਿੱਚ ਸਿਆਸੀ ਹਾਲਾਤ ਗ਼ੈਰ ਸਾਧਾਰਣ ਸਨ ਤੇ ਸਿਆਸਤ ਅਤੇ ਵਿਚਾਰਧਾਰਾ ਵਿੱਚ ਨਵੇਂ ਰੁਝਾਨ ਸਾਹਮਣੇ ਆ ਰਹੇ ਸਨ, ਜਿਨ੍ਹਾਂ ਦਾ ਪ੍ਰਭਾਵ ਹੁਣ ਵੀ ਦੇਖਿਆ ਜਾ ਸਕਦਾ ਹੈ। ਅਜਿਹੀਆਂ ਹਾਲਤਾਂ ਵਿੱਚ ਸਾਧਾਰਣ ਅਲਬਰਟਾ ਵਾਸੀਆਂ ਵੱਲੋਂ ਉਹਨਾਂ ਦੀ ਰਾਜਨੀਤਿਕ ਵਿਰਾਸਤ ਦਾ ਮੁਲੰਕਣ ਕਰਨਾ ਤੇ ਇਸਦਾ ਸੂਬੇ ਦੇ ਹਲਾਤਾਂ 'ਤੇ ਪਏ ਜਾਂ ਪੈ ਰਹੇ ਪ੍ਰਭਾਵ ਬਾਰੇ ਚਰਚਾ ਕਰਨਾ ਮੁਸ਼ਕਿਲ ਹੈ ਜਾਂ ਇਹ ਕਹਿ ਲਵੋ ਕਿ ਇਹ ਉਹਨਾਂ ਦੇ ਵਸ ਤੋਂ ਬਾਹਰ ਹੈ।

ਜਦੋਂ ਅਸੀਂ ਕਲਾਇਨ ਦੀ ਰਾਜਨੀਤਿਕ ਵਿਰਾਸਤ ਬਾਰੇ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਦਿਮਾਗ਼ ਵਿੱਚ ਰੱਖਣਾ ਚਾਹੀਦਾ ਹੈ ਕਿ ਉਹ ਸਿਆਸਤ ਵਿੱਚ ਆਪਣਾ ਕੋਈ ਖ਼ਾਸ ਏਜੰਡਾ ਲੈ ਕੇ ਨਹੀਂ ਆਏ। ਆਮ ਕਿਹਾ ਜਾਂਦਾ ਹੈ ਕਿ ਉਹ ਰਾਈਟ ਵਿੰਗ ਏਜੰਡੇ ਨੂੰ ਲੈ ਕੇ ਕੰਮ ਕਰਦੇ ਰਹੇ ਪਰ ਅਸਲ ਵਿੱਚ ਇਹ ਫਰਾਸਰ ਇੰਸਟੀਟਿਊਟ, ਦਾ ਸੀਡੀ ਹੋਵ ਇੰਸਟੀਟਿਊਟ, ਕੈਲਗਰੀ ਯੂਨੀਵਰਸਿਟੀ ਦੇ ਪੁਲੀਟੀਕਲ ਸਾਇੰਸ ਵਿਭਾਗ ਅਤੇ ਕਲਾਇਨ ਦੀ ਮਿੱਤਰ ਜੁੰਡਲੀ ਦਾ ਘੜਿਆ ਹੋਇਆ ਏਜੰਡਾ ਸੀ। ਰਾਈਟ ਵਿੰਗ ਮੀਡੀਆ ਨੇ ਇਸ ਏਜੰਡੇ ਲਈ ਸਿਆਸੀ ਮਤ ਤਿਆਰ ਕੀਤਾ। ਰਾਈਟ ਵਿੰਗ ਨੂੰ ਹਮਾਇਤ ਦੇਣ ਵਾਲੀਆਂ ਹੋਰ ਬਹੁਤ ਸਾਰੀਆਂ ਸੰਸਥਾਵਾਂ ਇਸ ਏਜੰਡੇ ਨੂੰ ਸਥਾਪਤ ਕਰਨ ਲਈ ਕੰਮ ਕਰ ਰਹੀਆਂ ਸਨ। ਜੇਕਰ ਸਿਆਸੀ ਆਗੂਆਂ ਦੀ ਗੱਲ ਕਰੀਏ ਤਾਂ ਸਿਰਫ਼ ਕਲਾਇਨ ਇੱਕੋ ਇੱਕ ਅਜਿਹਾ ਆਗੂ ਨਹੀਂ ਸੀ ਜਿਹੜਾ ਕੱਟੜ ਰੂਪ ਵਿੱਚ ਸਰਕਾਰ ਵਿਰੋਧੀ ਅਤੇ ਟੈਕਸ ਨੀਤੀਆਂ ਵਿਰੋਧੀ ਸੀ ਤੇ ਰਾਈਟ ਵਿੰਗ ਏਜੰਡੇ ਨੂੰ ਹਮਾਇਤ ਦੇ ਰਿਹਾ ਸੀ। 1993 ਦੀਆਂ ਚੋਣਾਂ ਵਿੱਚ ਜਦੋਂ ਕਲਾਇਨ ਸੂਬੇ ਦੇ ਆਗੂ ਵਜੋਂ ਪਹਿਲੀ ਵਾਰ ਸਾਹਮਣੇ ਆਇਆ, ਉਦੋਂ ਲਿਬਰਲ ਪਾਰਟੀ ਦੀ ਅਗਵਾਈ ਲੌਰੈਂਸ ਡਿਕੋਰ ਕਰ ਰਿਹਾ ਸੀ। ਉਹਨਾਂ ਦੀ ਅਗਵਾਈ ਵਿੱਚ ਉਪਰੋਕਤ ਨੀਤੀਆਂ ਲਈ ਮੰਚ ਤਿਆਰ ਹੋ ਚੁੱਕਾ ਸੀ। ਜੇ ਇਸ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਰਾਲਫ਼ ਕਲਾਇਨ ਕੋਈ ਬਹੁਤ ਵੱਡਾ ਜਾਂ ਜ਼ਿਆਦਾ ਸੂਝਵਾਨ ਸਿਆਸੀ ਆਗੂ ਨਹੀਂ ਸੀ, ਉਸਨੇ ਸਿਰਫ਼ ਪਹਿਲਾਂ ਤੋਂ ਹੀ ਤਹਿ ਕੀਤੀ ਦਿਸ਼ਾ 'ਚ ਹੀ ਕੰਮ ਕੀਤਾ।

ਰਾਲਫ਼ ਕਲਾਇਨ ਉਦੋਂ ਸੱਤਾ ਵਿੱਚ ਆਇਆ ਜਦੋਂ ਸੂਬਾ ਅੱਸੀਵਿਆਂ ਦੇ ਆਰਥਿਕ ਮੰਦਵਾੜੇ ਦੀ ਚਪੇਟ ਤੋਂ ਉੱਭਰ ਰਿਹਾ ਸੀ। ਕਲਾਇਨ ਨੇ ਵੱਖ-ਵੱਖ ਖੇਤਰਾਂ ਵਿੱਚ ਜਿਵੇਂ ਸਿਹਤ ਸੇਵਾਵਾਂ, ਸਿੱਖਿਆ, ਸਮਾਜਿਕ ਸੇਵਾਵਾਂ ਅਤੇ ਇਸ ਤਰ੍ਹਾਂ ਦੇ ਹੋਰ ਮਹੱਤਵਪੂਰਨ ਖੇਤਰਾਂ ਵਿੱਚ ਹਜ਼ਾਰਾਂ ਮੁਲਾਜ਼ਮਾਂ ਦੀ ਛਾਂਟੀ ਕੀਤੀ। ਇਸ ਤੋਂ ਇਲਾਵਾ ਉਹਨਾਂ ਨੇ ਬਹੁਤ ਸਾਰੇ ਫੰਡਾਂ 'ਤੇ ਰੋਕ ਲਾ ਦਿੱਤੀ। ਆਰਥਿਕ ਪੱਖ ਤੋਂ ਵੀ ਜੇਕਰ ਇਹਨਾਂ ਫੈਸਲਿਆਂ ਨੂੰ ਦੇਖਿਆ ਜਾਵੇ ਤਾਂ ਨਾਕਾਰਾਤਮਕ ਸਿੱਟੇ ਹੀ ਸਾਹਮਣੇ ਆਏ। ਇਸ ਨਾਲ ਸੂਬੇ ਦੀ ਆਰਥਿਕ ਗਤੀ ਹੋਰ ਧੀਮੀ ਹੋ ਗਈ। ਕਲਾਇਨ ਵਲੋਂ ਲਏ ਗਏ ਫੈਸਲਿਆਂ ਕਾਰਣ ਕਲਾਸ ਰੂਮਾਂ ਵਿੱਚ ਭੀੜ ਵਧ ਗਈ, ਸਿਹਤ ਸੇਵਾਵਾਂ ਲੈਣ ਲਈ ਲੋਕਾਂ ਨੂੰ ਲੰਮਾ ਸਮਾਂ ਲਾਈਨ ਵਿੱਚ ਖੜਨਾ ਪਿਆ। ਸੂਬੇ ਨੇ ਵੱਖ-ਵੱਖ ਖੇਤਰਾਂ ਜਿਵੇਂ ਸਿਹਤ, ਸਿੱਖਿਆ ਦੇ ਬਹੁਤ ਸਾਰੇ ਮਾਹਿਰਾਂ ਨੂੰ ਗਵਾ ਲਿਆ। ਅਲਬਰਟਾ ਵਾਸੀਆਂ ਨੂੰ ਰੁਜ਼ਗਾਰ ਦੀ ਭਾਲ਼ ਵਿੱਚ ਦੂਸਰੇ ਸੂਬਿਆਂ ਵੱਲ ਰੁਖ਼ ਕਰਨਾ ਪਿਆ ਤੇ ਇਸ ਵਰਤਾਰੇ ਦੇ ਸਿੱਟੇ ਸਾਡਾ ਸੂਬਾ 20 ਸਾਲ ਬਾਅਦ ਅੱਜ ਵੀ ਭੁਗਤ ਰਿਹਾ ਹੈ। ਕਲਾਇਨ ਦੀਆਂ ਇਹਨਾਂ ਨੀਤੀਆਂ ਨੇ ਸੂਬੇ ਦਾ ਬਹੁਤ ਸਾਰਾ ਨੁਕਸਾਨ ਕੀਤਾ। ਦੁੱਖ ਦੀ ਗੱਲ ਇਹ ਹੈ ਕਿ ਉਪਰੋਕਤ ਵਰਤਾਰੇ ਨਾਲ ਸੂਬੇ ਨੂੰ ਕੋਈ ਆਰਥਿਕ ਲਾਭ ਨਹੀਂ ਹੋਇਆ। ਕਲਾਇਨ ਦੀਆਂ ਇਹਨਾਂ ਹੀ ਨੀਤੀਆਂ ਕਾਰਣ ਕੁੱਝ ਸਮੇਂ ਬਾਅਦ ਸੂਬੇ ਨੂੰ ਆਪਣੀ ਸੰਪੰਤੀ ਦਾਅ 'ਤੇ ਲਾਉਣੀ ਪਈ। ਸਰਕਾਰ ਨੂੰ ਵਾਧੇ ਵਿੱਚ ਚੱਲ ਰਹੀਆਂ ਜਨਤਕ ਖੇਤਰ ਦੀਆਂ ਕੰਪਨੀਆਂ ਅਲਬਰਟਾ ਐਨਰਜ਼ੀ ਕੰਪਨੀ ਅਤੇ ਅਲਬਰਟਾ ਸਰਕਾਰ ਟੈਲੀਫੋਨਜ਼ ਘੱਟ ਕੀਮਤ 'ਤੇ ਵੇਚਣੀਆਂ ਪਈਆਂ। ਜਦੋਂਕਿ ਸਰਕਾਰ ਲਈ ਇਹ ਕੰਪਨੀਆਂ ਆਮਦਨ ਦਾ ਚੰਗਾ ਸਰੋਤ ਸਨ। ਇਸ ਫੈਸਲੇ ਨੂੰ ਜੇ ਦੂਰਦਰਸ਼ੀ ਨਜ਼ਰੀਏ ਤੋਂ ਦੇਖਿਆ ਜਾਂਦਾ ਤਾਂ ਸਰਕਾਰ ਲਈ ਇਹ ਘਾਟੇ ਦਾ ਵੱਡਾ ਸੌਦਾ ਸੀ। ਅਜਿਹੇ ਫੈਸਲਿਆਂ ਕਾਰਣ ਹੀ ਸੂਬਾ ਸਰਕਾਰ ਨੂੰ ਹੁਣ ਆਮਦਨ ਲਈ ਤੇਲ ਅਤੇ ਗੈਸ 'ਤੇ ਨਿਰਭਰ ਰਹਿਣਾ ਪੈ ਰਿਹਾ ਹੈ। ਇਸ ਸਮੇਂ ਦੌਰਾਨ ਹੀ ਕਲਾਇਨ ਦੁਆਰਾ ਇੱਕ ਹੋਰ ਫ਼ੈਸਲਾ ਕੀਤਾ ਗਿਆ ਜਿਸ ਨਾਲ ਸੂਬੇ ਨੂੰ ਕਾਫ਼ੀ ਆਰਥਿਕ ਨੁਕਸਾਨ ਹੋਇਆ। ਕਲਾਇਨ ਨੇ ਰਾਇਲਟੀ ਰੇਟਾਂ ਵਿੱਚ ਕਟੌਤੀ ਕਰਕੇ ਬਿਟੂਮਨ ਪ੍ਰਜੈਕਟ ਲਈ ਇੱਕ ਪ੍ਰਤੀਸ਼ਤ ਰਾਇਲਟੀ ਰੇਟ ਤਹਿ ਕਰ ਦਿੱਤਾ। ਇਸ ਫੈਸਲੇ ਸਬੰਧੀ ਕੰਜ਼ਰਵੇਟਿਵਾਂ ਨੇ ਭਾਵੇਂ ਅਕਸਰ ਦਾਅਵਾ ਕੀਤਾ ਹੈ ਕਿ ਇਸ ਨਾਲ 90 ਦੇ ਦਹਾਕੇ ਵਿੱਚ ਨਿਵੇਸ਼ ਗਤੀ ਵਿੱਚ ਤੇਜ਼ੀ ਆਈ ਪਰ ਸੱਚ ਇਹ ਹੈ ਕਿ ਇਸ ਫੈਸਲੇ ਕਾਰਣ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਤੇ ਨਿਵੇਸ਼ ਦੇ ਖੇਤਰ ਵਿੱਚ ਇਸ ਨਾਲ ਕੋਈ ਵਾਧਾ ਨਹੀਂ ਹੋਇਆ। ਸਾਨੂੰ ਇੱਥੇ ਇਹ ਗੱਲ ਨਿਰਾਸ਼ਾ ਨਾਲ ਕਰਨੀ ਪੈ ਰਹੀ ਹੈ ਕਿ ਕਲਾਇਨ ਦੇ ਪ੍ਰੀਮੀਅਰ ਕਾਲ ਦੌਰਾਨ ਜੂਆਬਾਜ਼ੀ ਅਤੇ ਕੈਸੀਨੋ ਤੋਂ ਹੋਣ ਵਾਲੀ ਆਮਦਨ ਵਿੱਚ ਵਾਧਾ ਹੋਇਆ ਜੋ ਕਿ ਉਸ ਵੇਲੇ ਆਇਲ-ਸੈਂਡਜ਼ ਦੀ ਰਾਇਲਟੀ ਤੋਂ ਹੋਣ ਵਾਲੀ ਆਮਦਨ ਤੋਂ ਵੱਧ ਸੀ।

ਤੇਲ ਦੀਆਂ ਕੀਮਤਾਂ ਵਧਣ ਕਾਰਣ ਸੂਬੇ ਦੇ ਖਜ਼ਾਨੇ ਵਿੱਚ ਇਕੱਠਾ ਕੀਤਾ ਗਿਆ ਧਨ ਫਿਰ ਤੋਂ ਖਿਸਕਣਾ ਸ਼ੁਰੂ ਹੋ ਗਿਆ, ਇਸ ਸਥਿਤੀ ਨੂੰ ਭਾਂਪਦਿਆਂ ਕਲਾਇਨ ਨੇ ਸਿੰਗਲ ਰੇਟ ਟੈਕਸ ਢਾਂਚਾ ਸਿਰਜਿਆ। ਜ਼ਿਕਰਯੋਗ ਹੈ ਕਿ ਅਜਿਹਾ ਤਜ਼ਰਬਾ ਨੌਰਥ ਅਮਰੀਕਾ ਵਿੱਚ ਪਹਿਲੀ ਵਾਰ ਹੋ ਰਿਹਾ ਸੀ। ਇਸ ਫ਼ੈਸਲੇ ਨਾਲ ਧਨਵਾਨ ਲੋਕਾਂ ਤੋਂ ਆਉਣ ਵਾਲਾ ਟੈਕਸ ਕਾਫ਼ੀ ਘੱਟ ਗਿਆ ਤੇ ਇਸਦੇ ਮੁਕਾਬਲੇ ਮੱਧ ਵਰਗੀ ਅਤੇ ਗਰੀਬ ਲੋਕਾਂ 'ਤੇ ਟੈਕਸ ਦਾ ਭਾਰ ਵਧ ਗਿਆ। ਅੰਕੜਿਆਂ ਮੁਤਾਬਿਕ ਇਸ ਨਾਲ ਸਰਕਾਰੀ ਖਜ਼ਾਨੇ ਨੂੰ ਸਾਲਾਨਾ ਦੋ ਬਿਲੀਅਨ ਦਾ ਘਾਟਾ ਪਿਆ। ਇਹ ਉਹ ਸਮਾਂ ਸੀ ਜਦੋਂ ਸਾਧਾਰਣ ਅਲਬਰਟਾ ਵਾਸੀ ਦੂਜਿਆਂ ਸੂਬਿਆਂ ਤੋਂ ਵੱਧ ਟੈਕਸ ਭਰ ਰਹੇ ਸਨ। ਉਹਨਾਂ ਨੂੰ ਬਿਜਲੀ ਅਤੇ ਹੋਰ ਸੁਵਿਧਾਵਾਂ ਲਈ ਵੱਧ ਖਰਚ ਕਰਨਾ ਪੈ ਰਿਹਾ ਸੀ। ਕੀਮਤਾਂ ਵਿੱਚ ਵਾਧੇ ਕਾਰਣ ਕਲਾਇਨ ਨੇ ਜਨਤਕ ਖੇਤਰ ਵਿੱਚ ਪ੍ਰਾਈਵੇਟੇਸ਼ਨ ਕਰਨ ਦਾ ਫ਼ੈਸਲਾ ਕੀਤਾ। ਅਜਿਹੇ ਫ਼ੈਸਲਿਆਂ ਕਾਰਣ ਹੀ ਅੱਜ ਅਲਬਰਟਾ ਵਿੱਚ ਆਰਥਿਕ ਨਾ ਬਰਾਬਰੀ ਇੰਨੇ ਵੱਡੇ ਪੱਧਰ 'ਤੇ ਪਹੁੰਚ ਚੁੱਕੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਸੂਬੇ ਦੀ ਖੁਸ਼ਹਾਲੀ ਤੇ ਆਰਥਿਕ ਵਿਕਾਸ ਵਿੱਚ ਕਲਾਇਨ ਦਾ ਕੋਈ ਯੋਗਦਾਨ ਨਹੀਂ। ਇਹ ਮੌਕਾ ਮੇਲ ਹੈ ਕਿ ਉਹਨਾਂ ਦੇ ਕਾਲ ਦੌਰਾਨ ਗੈਸ ਅਤੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਤੇ ਉਹਨਾਂ ਵਲੋਂ ਲਏ ਫ਼ੈਸਲਿਆਂ ਦੇ ਨਾਕਾਰਾਤਮਕ ਨਤੀਜਿਆਂ ਦਾ ਉਹਨਾਂ ਨੂੰ ਸਾਹਮਣਾ ਨਹੀਂ ਕਰਨਾ ਪਿਆ। ਇਸ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਕਲਾਇਨ ਦੀ ਸਿਆਸੀ ਵਿਰਾਸਤ ਵਿੱਚ ਦਿਨ ਪ੍ਰਤੀ ਦਿਨ ਵਧ ਰਿਹਾ ਵਿੱਤੀ ਘਾਟਾ, ਤੇਲ ਅਤੇ ਗੈਸ 'ਤੇ ਸੂਬੇ ਦੀ ਨਿਰਭਰਤਾ, ਭੀੜ ਵਾਲੇ ਕਲਾਸ ਰੂਮ, ਵੱਖ-ਵੱਖ ਖੇਤਰਾਂ ਵਿੱਚ ਸੁੰਘੜਦਾ ਸਾਜ਼ੋ ਸਾਮਾਨ ਅਤੇ ਗਰੀਬ ਅਮੀਰ ਵਿੱਚ ਲਗਾਤਾਰ ਵਧ ਰਿਹਾ ਆਰਥਿਕ ਪਾੜਾ ਆਉਂਦਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਲਾਇਨ ਦੇ ਚਲਾਣੇ ਨਾਲ ਉਹਨਾਂ ਦੇ ਪਰਿਵਾਰਕ ਮੈਂਬਰ ਅਤੇ ਮਿੱਤਰਾਂ ਵਿੱਚ ਸ਼ੋਕ ਦੀ ਲਹਿਰ ਹੈ ਤੇ ਦੁੱਖ ਦੀ ਇਸ ਘੜੀ ਅਸੀਂ ਉਹਨਾਂ ਨਾਲ ਦੁੱਖ ਵੰਡਾਉਣ ਲਈ ਤਿਆਰ ਹਾਂ। ਪਰ ਇਸ ਸਮੇਂ ਅਸੀਂ ਰਾਲਫ਼ ਕਲਾਇਨ ਦੀਆਂ ਨੀਤੀਆਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ, ਸਾਨੂੰ ਉਹਨਾਂ 'ਤੇ ਵੀ ਚਰਚਾ ਕਰਨੀ ਚਾਹੀਦੀ ਹੈ। ਜੇਕਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਇਹ ਸੂਬੇ ਲਈ ਚੰਗਾ ਨਹੀਂ ਹੋਵੇਗਾ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ

ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪਾਰਲੀਮਾਨੀ ਚੋਣਾਂ ਦਾ ਅਸਲ ਮੁੱਦਾ ਰਾਹੁਲ ਜਾਂ ਮੋਦੀ ਨਹੀਂ, ਨੀਤੀਗਤ ਬਦਲ



ਮੰਗਤ ਰਾਮ ਪਾਸਲਾ
+91-98141-82998

ਕੇਂਦਰ ਦੀ ਯੂ.ਪੀ.ਏ. ਸਰਕਾਰ ਦੀਆਂ ਨਵਉਦਾਰਵਾਦੀ ਲੋਕ ਦੋਖੀ ਨੀਤੀਆਂ ਵਿਰੁੱਧ ਜਿਓਂ-ਜਿਓਂ ਤੀਬਰਤਾ ਨਾਲ ਲੋਕ ਰੋਹ ਲਾਮਬੰਦ ਹੋ ਰਿਹਾ ਹੈ ਅਤੇ ਅਗਲੀਆਂ ਲੋਕ ਸਭਾ ਚੋਣਾਂ ਅੰਦਰ ਇਸਦੇ ਮੁੜ ਸੱਤਾ ਸੰਭਾਲਣ ਦੀਆਂ ਆਸ਼ਾਵਾਂ ਧੁੰਦਲੀਆਂ ਪੈ ਰਹੀਆਂ ਹਨ, ਤਿਵੇਂ-ਤਿਵੇਂ ਕਾਰਪੋਰੇਟ ਘਰਾਣਿਆਂ ਵਲੋਂ, ਆਪਣੇ ਹਿੱਤਾਂ ਦੀ ਰਾਖੀ ਤੇ ਲੁੱਟ ਖਸੁੱਟ ਜਾਰੀ ਰੱਖਣ ਵਾਸਤੇ ਇਸਦੇ ਮੁਕਾਬਲੇ ਦੀ ਦੂਸਰੀ ਰਾਜਸੀ ਧਿਰ, ਐਨ.ਡੀ.ਏ. (ਜਿਸ ਵਿਚ ਨਿਰਣਾਇਕ ਸ਼ਕਤੀ ਭਾਜਪਾ ਦੀ ਹੈ) ਉਪਰ ਡੋਰੇ ਸੁੱਟਣੇ ਸ਼ੁਰੂ ਕਰ ਦਿੱਤੇ ਗਏ ਹਨ। ਇਸ ਮੰਤਵ ਲਈ ਮੀਡੀਏ ਤੇ ਹੋਰ ਪ੍ਰਚਾਰ ਸਾਧਨਾਂ ਰਾਹੀਂ, ਯੋਜਨਾਬੱਧ ਢੰਗ ਨਾਲ, ਆਰ.ਐਸ.ਐਸ. ਦੇ ਸ਼ਿਸ਼ਕੇਰੇ ਹੋਏ ਅੱਤ ਦੇ ਫਿਰਕੂ ਸੋਚ ਦੇ ਧਾਰਨੀ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਭਾਰਤ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਉਭਾਰਿਆ ਜਾ ਰਿਹਾ ਹੈ। ਗੁਜਰਾਤ ਦੰਗਿਆਂ, ਜਿਹਨਾਂ ਵਿਚ ਹਜ਼ਾਰਾਂ ਬੇਗੁਨਾਹ ਮੁਸਲਮਾਨਾਂ ਦੀਆਂ ਹੱਤਿਆਵਾਂ ਕਰ ਦਿੱਤੀਆਂ ਗਈਆਂ ਸਨ, ਦੇ ਮੁੱਖ ਦੋਸ਼ੀ ਹੋਣ ਕਾਰਨ ਆਮ ਲੋਕਾਂ ਦੀ ਨਿਗਾਹ ਵਿਚ ਨਫਰਤ ਦੇ ਪਾਤਰ ਬਣੇ ਹੋਏ ਨਰਿੰਦਰ ਮੋਦੀ ਦੇ ਗੁਣਗਾਨ ਕਰਨ ਲਈ ਨਵੀਆਂ-ਨਵੀਆਂ ਵਿਧੀਆਂ ਖੋਜੀਆਂ ਜਾ ਰਹੀਆਂ ਹਨ। ਇਜਾਰੇਦਾਰ ਘਰਾਣਿਆਂ ਦੀਆਂ ਸੰਸਥਾਵਾਂ ਅਤੇ ਅਨੇਕਾਂ ਸਮਾਜਕ ਤੇ ਸਭਿਆਚਾਰਕ ਸੰਗਠਨਾਂ ਦੇ ਇਕੱਠਾਂ ਵਿਚ ਮੋਦੀ ਵਲੋਂ ਦਿੱਤੇ ਜਾ ਰਹੇ ਨੀਵੀਂ ਪੱਧਰ ਦੇ ਬੇਤੁਕੇ ਭਾਸ਼ਣਾਂ ਨੂੰ ਮਸਾਲੇ ਲਾ-ਲਾ ਕੇ ਲੋਕਾਂ ਸਾਹਮਣੇ ਇੰਝ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਮਹਾਨ ਅਨੁਭਵ ਦੇ ਮਾਲਕ ਕਿਸੇ ਮਹਾਂਪੁਰਸ਼ ਜਾਂ ਧਾਰਮਕ ਗੁਰੂ ਦੇ ਵਿਖਿਆਨਾਂ ਨੂੰ ਉਨ੍ਹਾਂ ਦੇ ਸ਼ਰਧਾਲੂਆਂ ਸਾਹਮਣੇ ਪ੍ਰਸਤੁਤ ਕੀਤਾ ਜਾ ਰਿਹਾ ਹੋਵੇ। ਸਿਰੇ ਦੇ ਹੰਕਾਰੀ, ਗੈਰ ਜਮਹੂਰੀ ਵਿਵਹਾਰ, ਕੰਮ ਕਰਨ ਦੇ ਤਾਨਾਸ਼ਾਹੀ ਅੰਦਾਜ਼ ਅਤੇ ਗੈਰ ਸੰਵੇਦਨਸ਼ੀਲਤਾ ਦੇ ਮਾਲਕ, ਮੋਦੀ ਨੂੰ ਦੇਸ਼ ਵਿਚ ਇਕੋ ਇਕ ਕਾਰਗਰ ਤੇ ਯੋਗ ਨੇਤਾ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਕੋਲ ਲੋਕਾਂ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਦੇ ਹੱਲ ਕਰਨ ਦੀ ਅਸੀਮ ਸਮਰੱਥਾ ਹੈ। ਇਸ ਪੱਖ ਤੋਂ ਮੋਦੀ ਦੁਆਰਾ ਸਿਰਜੇ ਗਏ ਨਾਮ ਨਿਹਾਦ ਵਿਕਾਸ ਦੇ 'ਗੁਜਰਾਤ ਮਾਡਲ' ਨੂੰ ਇਕ ਉਦਾਹਰਣ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਭਾਰਤੀ ਮੰਡੀ ਉਪਰ ਕਬਜ਼ਾ ਜਮਾਉਣ ਹਿੱਤ ਲਲਚਾਈਆਂ ਅੱਖਾਂ ਨਾਲ ਦੇਖਣ ਵਾਲੇ ਸਾਮਰਾਜੀ ਲੁਟੇਰੇ, ਜੋ ਗੁਜਰਾਤ ਦੰਗਿਆਂ ਤੋਂ ਬਾਅਦ ਮੋਦੀ ਦੇ ਫਿਰਕੂ ਕਾਰਿਆਂ ਕਾਰਨ ਉਸ ਉਪਰ ਅਨੇਕਾਂ ਕਿਸਮ ਦੀਆਂ 'ਪਾਬੰਦੀਆਂ' ਠੋਸਣ ਦੇ ਨਾਟਕ ਰਚ ਰਹੇ ਸਨ, ਹੁਣ ਉਸੇ ਨਰਿੰਦਰ ਮੋਦੀ ਦੀਆਂ ਸਿਫਤਾਂ ਦੇ ਪੁਲ ਬੰਨ੍ਹਣੋਂ ਨਹੀਂ ਥੱਕ ਰਹੇ। ਮੋਦੀ ਦੇ ਮਾਣ ਸਨਮਾਨ ਵਿਚ ਯੂਰਪੀਨ ਦੇਸ਼ਾਂ ਵਲੋਂ 'ਡਿਨਰ' ਆਯੋਜਿਤ ਕੀਤੇ ਜਾ ਰਹੇ ਹਨ ਤੇ ਘ੍ਰਿਣਤ ਮੋਦੀ ਨੂੰ 'ਫਿਰਕੂ ਲਿਬਾਸ' ਵਿਚੋਂ ਕੱਢ ਕੇ ਨਵੀਆਂ 'ਪੋਸ਼ਾਕਾਂ' ਵਿਚ ਸਜਾਇਆ ਜਾ ਰਿਹਾ ਹੈ ਤਾਂ ਜੋ ਉਸਦੇ ਫਾਸ਼ੀਵਾਦੀ ਕਰੂਪ ਚਿਹਰੇ ਦੀ ਪਹਿਚਾਣ ਨਾ ਹੋ ਸਕੇ। ਪ੍ਰੰਤੂ ਜਿਵੇਂ ਪ੍ਰੈਸ ਕੌਂਸਿਲ ਦੇ ਪ੍ਰਧਾਨ ਸ਼੍ਰੀ ਕਾਟਜੂ ਨੇ ਕਿਹਾ ਹੈ ਕਿ ''ਅਰਬ ਦੇਸ਼ਾਂ ਦਾ ਸਾਰਾ ਅਤਰ ਫਲੇਲ ਵੀ ਸ਼ਾਇਦ ਮੋਦੀ ਦੇ ਫਿਰਕੂ ਗੰਦ ਨੂੰ ਲਕੋਣ ਲਈ ਕਾਫੀ ਸਿੱਧ ਨਾ ਹੋਵੇ।'' ਦੇਸ਼ ਦੀਆਂ ਸਮੂਹ ਧਰਮ ਨਿਰਪੱਖ ਸ਼ਕਤੀਆਂ ਤੇ ਅਗਾਂਹਵਧੂ ਲੋਕਾਂ ਦੇ ਮਨਾਂ ਅੰਦਰ 'ਮੋਦੀ' ਸ਼ਬਦ ਦਾ ਅਰਥ ਫਾਸ਼ੀ ਹਿਟਲਰ ਵਜੋਂ ਉਕਰਿਆ ਹੋਇਆ ਹੈ, ਜਿਸਦੇ ਗੈਰ ਮਨੁੱਖੀ ਜ਼ਾਲਿਮਾਨਾ ਕਾਰਿਆਂ ਵਿਚੋਂ ਬੇਗੁਨਾਹ ਲੋਕਾਂ ਦੇ ਖ਼ੂਨ ਦੀ ਦੁਰਗੰਧ ਆਉਣੀ ਅੱਜ ਤੱਕ ਜਾਰੀ ਹੈ। ਉਂਝ ਦੇਸੀ ਤੇ ਵਿਦੇਸ਼ੀ ਲੁਟੇਰੇ ਇਸ ਕੌੜੀ ਹਕੀਕਤ ਉਪਰ ਪਰਦਾ ਪਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ!

ਭਾਰਤ ਦੇ ਪੂੰਜੀਪਤੀ ਵਰਗ ਤੇ ਇਸ ਦੁਆਰਾ ਸਿਰਜੀਆਂ ਗਈਆਂ ਰਾਜਨੀਤਕ ਪਾਰਟੀਆਂ ਅਜ਼ਾਦੀ ਪ੍ਰਾਪਤੀ ਤੋਂ ਬਾਅਦ ਲਗਾਤਾਰ ਹੀ ਦੇਸ਼ ਅੰਦਰ ਦੋ ਪਾਰਟੀ ਸਿਸਟਮ ਕਾਇਮ ਕਰਨ ਲਈ ਯਤਨਸ਼ੀਲ ਹਨ, ਜੋ ਬੇਝਿਜਕ ਹੋ ਕੇ ਮੌਜੂਦਾ ਲੋਟੂ ਢਾਂਚੇ ਨੂੰ ਜਿਓਂ ਦਾ ਤਿਓਂ ਕਾਇਮ ਰੱਖਣ ਤੇ ਹੋਰ ਮਜ਼ਬੂਤ ਕਰਨ ਲਈ ਵਾਰੋ ਵਾਰੀ ਰਾਜ ਸੱਤਾ ਉਪਰ ਕਬਜ਼ਾ ਜਮਾਈ ਰੱਖਣ। ਦੇਸ਼ ਵਿਚ ਅਗਾਂਹਵਧੂ ਤੇ ਖੱਬੀ ਧਿਰ ਦੀ ਰੜਕਵੀਂ ਹੋਂਦ ਮੌਜੂਦਾ ਪੂੰਜੀਵਾਦੀ ਢਾਂਚੇ ਲਈ ਹਮੇਸ਼ਾ ਹੀ ਖਤਰਾ ਸਮਝੀ ਜਾਂਦੀ ਹੈ। ਹਾਕਮ ਜਮਾਤਾਂ ਵਲੋਂ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਕਿ ਉਨਤ ਪੂੰਜੀਵਾਦੀ ਦੇਸ਼ਾਂ ਵਾਂਗਰ ਭਾਰਤ ਅੰਦਰ ਵੀ ਪੂੰਜੀਪਤੀ ਵਰਗ ਦੇ ਦੋ ਰਾਜਸੀ ਗੁੱਟ ਹੋਣ ਤੇ ਹੋਰ ਰਾਜਨੀਤਕ ਧਿਰਾਂ ਤੇ ਖਾਸਕਰ ਖੱਬੀਆਂ ਸ਼ਕਤੀਆਂ, ਇਨ੍ਹਾਂ ਦੋਨਾਂ ਮੁੱਖ ਰਾਜਸੀ ਗੁੱਟਾਂ ਵਿਚੋਂ ਕਿਸੇ ਇਕ ਨਾਲ ਬੱਝੀਆਂ ਰਹਿਣ। ਪਿਛਲੇ ਲੰਮੇ ਸਮੇਂ ਦੌਰਾਨ ਇਸ ਕੰਮ ਵਿਚ ਉਹ ਇਕ ਹੱਦ ਤੱਕ ਸਫਲ ਵੀ ਰਹੀਆਂ ਹਨ। ਜਦੋਂ ਖੱਬੀਆਂ ਪਾਰਟੀਆਂ ਸਮੇਤ ਬਹੁਤ ਸਾਰੀਆਂ ਇਲਾਕਾਈ ਸਰਮਾਏਦਾਰ-ਜਗੀਰਦਾਰ ਰਾਜਸੀ ਪਾਰਟੀਆਂ ਕਾਂਗਰਸ ਤੇ ਭਾਜਪਾ ਵਿਚੋਂ ਇਕ ਧਿਰ ਨਾਲ ਸਿੱਧੀ ਜਾਂ ਲੁਕਵੀਂ ਸਾਂਠਗਾਂਠ ਕਰਦੀਆਂ ਰਹੀਆਂ ਹਨ। ਇਸ ਤਰ੍ਹਾਂ ਮੰਤਕੀ ਰੂਪ ਵਿਚ ਕਮਿਊਨਿਸਟ ਪਾਰਟੀਆਂ ਵੀ ਕਿਸੇ ਨਾ ਕਿਸੇ ਬਹਾਨੇ ਵਿੰਗੇ ਟੇਢੇ ਢੰਗ ਨਾਲ ਕਾਂਗਰਸ ਜਾਂ ਇਸਦੀ ਅਗਵਾਈ ਹੇਠਲੇ ਗਠਬੰਧਨ ਨਾਲ ਮਿਲਵਰਤੋਂ ਕਰਕੇ ਦੋ ਪਾਰਟੀ ਸਿਸਟਮ ਦੇ ਸੰਕਲਪ ਨੂੰ ਮਜ਼ਬੂਤੀ ਪ੍ਰਦਾਨ ਕਰਦੀਆਂ ਰਹੀਆਂ ਹਨ।

ਬਿਨਾਂ ਸ਼ੱਕ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ, ਸਾਮਰਾਜੀ ਦਬਾਅ ਅਤੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਨੂੰ ਬੜ੍ਹਾਵਾ ਦੇਣ ਲਈ ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਆਰਥਿਕ ਨੀਤੀਆਂ ਪੂਰੇ ਜ਼ੋਰ ਨਾਲ ਲਾਗੂ ਕਰ ਰਹੀ ਹੈ। ਇਹਨਾਂ ਨੀਤੀਆਂ ਦੇ ਸਿੱਟੇ ਵਜੋਂ ਮਹਿੰਗਾਈ, ਬੇਕਾਰੀ, ਗਰੀਬੀ ਅਤੇ ਭਰਿਸ਼ਟਾਚਾਰ ਵਿਚ ਲਗਾਤਾਰ ਭਾਰੀ ਵਾਧਾ ਹੋ ਰਿਹਾ ਹੈ। ਇਸੇ ਲਈ ਕੇਂਦਰੀ ਸਰਕਾਰ ਦਾ ਮੌਜੂਦਾ ਅਵਸਥਾਵਾਂ ਵਿਚ ਇਕ ਪੱਲ ਵਾਸਤੇ ਵੀ ਸੱਤਾ ਵਿਚ ਬਣੇ ਰਹਿਣਾ ਭਾਰਤੀ ਲੋਕਾਂ ਦੇ ਹਿੱਤਾਂ ਨਾਲ ਵਿਸ਼ਵਾਸਘਾਤ ਕਰਨ ਦੇ ਤੁਲ ਹੋਵੇਗਾ। ਇਸ ਹਕੂਮਤ ਵਿਰੁੱਧ ਹਰ ਢੰਗ ਨਾਲ ਲੋਕ ਲਹਿਰਾਂ ਦਾ ਤੂਫਾਨ ਖੜਾ ਕਰਨਾ ਹੋਵੇਗਾ। ਯੂ.ਪੀ.ਏ. ਸਰਕਾਰ ਦੇ ਮੁਤਬਾਦਲ ਵਜੋਂ ਜਿਸ ਤਰ੍ਹਾਂ ਸੰਘ ਪਰਿਵਾਰ ਤੇ ਭਾਜਪਾ ਨਰਿੰਦਰ ਮੋਦੀ ਨੂੰ ਅਗਲੇ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਕੇ ਕੌਮੀ ਜਮਹੂਰੀ ਮੁਹਾਜ਼ (ਐਨ.ਡੀ.ਏ.) ਦੀ ਕੇਂਦਰੀ ਸੱਤਾ ਉਪਰ ਕਬਜ਼ੇ ਲਈ ਮੁੱਖ ਦਾਅਵੇਦਾਰੀ ਪੇਸ਼ ਕਰ ਰਿਹਾ ਹੈ, ਉਹ ਸਮੁੱਚੇ ਦੇਸ਼ ਲਈ ਵੱਡੀ ਫਿਕਰਮੰਦੀ ਤੇ ਤਬਾਹੀ ਵਾਲੀ ਗੱਲ ਹੈ। ਫਿਰਕਾਪ੍ਰਸਤੀ ਤੇ ਹਿੰਦੂਤਵ ਦੇ ਮੁਤ੍ਹੈਲੀ ਨਰਿੰਦਰ ਮੋਦੀ ਨੂੰ ਭਵਿੱਖੀ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਨ ਨਾਲ ਸਮੁੱਚੇ ਸਮਾਜ ਵਿਚ ਫਿਰਕੂ ਲੀਹਾਂ ਉਪਰ ਕਤਾਰਬੰਦੀ ਖਤਰਨਾਕ ਹੱਦ ਤੱਕ ਹੋਰ ਡੂੰਘੀ ਹੋ ਸਕਦੀ ਹੈ ਜੋ ਸਾਡੇ ਧਰਮ ਨਿਰਪੱਖ ਅਤੇ ਜਮਹੂਰੀ ਸਮਾਜੀ ਤਾਣੇ ਬਾਣੇ ਲਈ ਅਤੀ ਨੁਕਸਾਨਦੇਹ ਸਾਬਤ ਹੋਵੇਗੀ। ਹੁਣ ਤੋਂ ਹੀ ਸੰਘ ਪਰਿਵਾਰ ਨੇ ਮੁੜ ਤੋਂ ਰਾਮ ਮੰਦਿਰ ਦਾ ਮੁੱਦਾ ਉਭਾਰਨ ਦਾ ਛੜਯੰਤਰ ਰਚਣਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਬਾਬਰੀ ਮਸਜਿਦ ਦੇ ਢਾਹੇ ਜਾਣ ਤੇ ਝਗੜੇ ਵਾਲੀ ਜਗ੍ਹਾ ਉਪਰ 'ਰਾਮ ਮੰਦਰ' ਦੀ ਉਸਾਰੀ ਕੀਤੇ ਜਾਣ ਦੇ ਪ੍ਰਯੋਜਨ ਨੂੰ 'ਮਾਣ ਕਰਨ' ਵਾਲੀ ਗੱਲ ਗਰਦਾਨ ਰਹੇ ਹਨ। ਮੁਸਲਮਾਨਾਂ, ਇਸਾਈਆਂ ਤੇ ਹੋਰ ਅਨੇਕਾਂ ਧਾਰਮਿਕ ਘੱਟ ਗਿਣਤੀਆਂ ਦਾ ਅੰਨ੍ਹਾ ਵਿਰੋਧ, ਸੰਘ ਪਰਿਵਾਰ ਦੀ ਬੁਨਿਆਦੀ ਸੋਚ ਦਾ ਅਨਿੱਖੜਵਾਂ ਅੰਗ ਹੈ ਜੋ ਮੰਤਕੀ ਰੂਪ ਵਿਚ ਧਰਮ ਆਧਾਰਤ ਰਾਜ (ਥੀਓਕਰੈਟਿਕ ਸਟੇਟ) ਦੀ ਕਾਇਮੀ ਕਰਨ ਵਿਚ ਨਿਕਲਦਾ ਹੈ। ਇਸ ਤਰ੍ਹਾਂ ਮੋਦੀ ਭਾਵੇਂ ਪ੍ਰਧਾਨ ਮੰਤਰੀ ਬਣੇ ਜਾ ਨਾ ਬਣੇ, ਪ੍ਰੰਤੂ ਇਸ ਤਰ੍ਹਾਂ ਦੇ ਦਾਅਵਿਆਂ ਤੋਂ ਉਪਜੇ ਮਾਹੌਲ ਨਾਲ ਸਮਾਜ ਨੂੰ ਵਿਭਾਜਤ ਕਰਨ ਲਈ ਧਾਰਮਕ ਕੱਟੜਤਾ ਦੀ ਲਕੀਰ ਹੋਰ ਡੂੰਘੀ ਜ਼ਰੂਰ ਹੋ ਸਕਦੀ ਹੈ।

ਨਰਿੰਦਰ ਮੋਦੀ ਗੁਜਰਾਤ ਵਿਚ ਹਜ਼ਾਰਾਂ ਮੁਸਲਮਾਨਾਂ ਦੇ ਕਤਲੇਆਮ ਦਾ ਹੀ ਦੋਸ਼ੀ ਨਹੀਂ ਹੈ, ਉਹ ਸਮੁੱਚੇ ਭਾਰਤੀ ਸਮਾਜ ਦੇ ਕਰੋੜਾਂ ਲੋਕਾਂ ਦੇ ਜਮਹੂਰੀ ਹੱਕਾਂ ਅਤੇ ਆਜ਼ਾਦੀਆਂ ਦਾ ਵੀ ਦੁਸ਼ਮਣ ਹੈ, ਜਿਨ੍ਹਾਂ ਵਿਚ ਵੱਡੀ ਬਹੁਗਿਣਤੀ ਹਿੰਦੂਆਂ ਦੀ ਹੈ। ਫਿਰਕਾਪ੍ਰਸਤੀ ਤੇ ਜਮਹੂਰੀਅਤ ਨਾਲੋ ਨਾਲ ਨਹੀਂ ਚੱਲ ਸਕਦੀਆਂ। ਹਰ ਰੰਗ ਦਾ ਫਿਰਕੂ ਜਨੂੰਨੀ ਤੇ ਆਤੰਕੀ ਆਪਣੇ ਖਾਸ ਧਰਮ ਜਾਂ ਫਿਰਕੇ ਦੀ ਹਮਾਇਤ ਜੁਟਾਉਣ ਲਈ ਭਾਵੇਂ ਉਨ੍ਹਾਂ ਦੇ ਸਮੁੱਚੇ ਹਿੱਤਾਂ ਦੀ ਰਾਖੀ ਤੇ ਅਲੰਬਰਦਾਰ ਹੋਣ ਦੀ ਧੋਖੇ ਭਰੀ ਦੁਹਾਈ ਦਿੰਦਾ ਹੈ, ਪ੍ਰੰਤੂ ਬਾਕੀ ਸਮਾਜ ਨਾਲੋਂ ਵੀ ਜ਼ਿਆਦਾ ਉਹ ਉਸ ਵਿਸ਼ੇਸ਼ ਧਰਮ ਜਾਂ ਫਿਰਕੇ ਦੇ ਲੋਕਾਂ ਦੇ ਸਮੁੱਚੇ ਹਿੱਤਾਂ ਦਾ ਨੁਕਸਾਨ ਕਰ ਰਿਹਾ ਹੁੰਦਾ ਹੈ। ਪੰਜਾਬ ਵਿਚ ਅੱਤਵਾਦੀ ਦੌਰ ਦੌਰਾਨ ਸਿੱਖ ਦਹਿਸ਼ਤਗਰਦਾਂ ਅਤੇ ਜਨੂੰਨੀਆਂ ਨੇ ਹੋਰਨਾਂ ਲੋਕਾਂ ਦੇ ਮੁਕਾਬਲੇ ਸਿੱਖ ਜਨ ਸਮੂਹਾਂ ਦੇ ਹਿੱਤਾਂ ਨੂੰ ਘੱਟ ਠੇਸ ਨਹੀਂ ਪਹੁੰਚਾਈ। ਇਹੀ ਅਵਸਥਾ ਮੁਸਲਮਾਨਾਂ ਤੇ ਇਸਾਈ ਧਰਮ ਵਿਚਲੇ ਮੂਲਵਾਦੀ ਤੱਤਾਂ ਦੀ ਹੈ। ਇਸ ਸੇਧ ਵਿਚ ਨਰਿੰਦਰ ਮੋਦੀ ਵਰਗੇ ਫਿਰਕੂ ਦਾ ਸੱਤਾ ਦੀ ਟੀਸੀ ਉਪਰ ਪਹੁੰਚਣਾ (ਭਾਵੇਂ ਸੋਚਣ ਦੀ ਹੱਦ ਤੱਕ ਹੀ ਸਹੀ) ਦੇਸ਼ ਦੀ ਸਵਾ ਅਰਬ ਅਬਾਦੀ ਦੇ ਹਿੱਤਾਂ ਨਾਲ ਧ੍ਰੋਹ ਕਰਨ ਦੇ ਤੁਲ ਹੋਵੇਗਾ ਜਿਸ ਵਿਚ ਵੱਡੀ ਗਿਣਤੀ ਹਿੰਦੂ ਧਰਮ ਦੇ ਅਨੁਆਈਆਂ ਦੀ ਹੈ।

ਗੁਜਰਾਤ ਵਿਚ ਮੋਦੀ ਮਾਰਕਾ 'ਵਿਕਾਸ ਮਾਡਲ' ਇੰਨ ਬਿੰਨ ਉਸੇ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਦਾ ਸਾਮਰਾਜੀ ਧਾੜਵੀਆਂ ਤੇ ਕਾਰਪੋਰੇਟ ਘਰਾਣਿਆਂ ਨੂੰ ਬੇਕਿਰਕ ਲੁੱਟ ਖਸੁੱਟ ਕਰਨ ਦੀ ਖੁੱਲ੍ਹ ਦੇਣ ਵਾਲਾ ਵਿਕਾਸ ਮਾਡਲ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਵਲੋਂ ਦੇਸ਼ ਪੱਧਰ ਉਪਰ ਸਿਰਜਿਆ ਜਾ ਰਿਹਾ ਹੈ। ਜੇਕਰ ਮਨਮੋਹਨ ਸਿੰਘ-ਚਿਦੰਬਰਮ-ਮੋਨਟੇਕ ਸਿੰਘ ਆਹਲੂਵਾਲੀਆ ਦੀ ਸਾਮਰਾਜ ਭਗਤ ਜੁੰਡਲੀ ਵਲੋਂ ਲਾਗੂ ਕੀਤਾ ਜਾ ਰਿਹਾ ਆਰਥਿਕ ਵਿਕਾਸ ਦਾ ਨਮੂਨਾ ਦੇਸ਼ ਭਰ ਵਿਚ ਤਬਾਹੀ ਮਚਾ ਰਿਹਾ ਹੈ, ਤਦ ਉਹੀ ਵਿਕਾਸ ਮਾਡਲ ਗੁਜਰਾਤ ਵਿਚ ਕੋਈ ਚੰਗੇ ਸਿੱਟੇ ਕਿਵੇਂ ਕੱਢ ਸਕਦਾ ਹੈ? ਇਸੇ ਕਰਕੇ ਮੋਦੀ ਵਲੋਂ ਗੁਜਰਾਤ ਵਿਚ ਕਥਿਤ ਆਰਥਿਕ ਵਿਕਾਸ ਦੇ ਨਮੂਨੇ ਦਾ ਗੁਣਗਾਨ ਕਰਦੇ ਸਮੇਂ ਕਦੀ ਗੁਜਰਾਤ ਦੀ ਗਰੀਬੀ ਹੰਢਾ ਰਹੀ ਆਮ ਲੋਕਾਈ ਦੀ ਅਵਸਥਾ, ਰਹਿਣ ਸਹਿਣ ਦਾ ਪੱਧਰ, ਘਟੀਆ ਖੁਰਾਕ, ਵਿਦਿਆ, ਸਿਹਤ ਸਹੂਲਤਾਂ ਆਦਿ ਦਾ ਜ਼ਿਕਰ ਨਹੀਂ ਕੀਤਾ ਜਾਂਦਾ। ਸਿਰਫ ਵਿਦੇਸ਼ੀ ਤੇ ਦੇਸੀ ਕਾਰਪੋਰੇਟ ਘਰਾਣਿਆਂ ਵਲੋਂ ਆਪਣੇ ਮੁਨਾਫੇ ਕਮਾਉਣ ਲਈ ਲਗਾਈ ਗਈ ਪੂੰਜੀ ਨਾਲ ਮੁਨਾਫਿਆਂ ਦੀ ਉਚੀ ਦਰ, ਆਪਣੇ ਮਿੱਤਰ ਪਿਆਰੇ 'ਅੰਬਾਨੀ ਭਰਾਵਾਂ' ਨੂੰ ਲੁੱਟ-ਖਸੁੱਟ ਕਰਨ ਵਿਚ ਸਰਕਾਰੀ ਸਹਾਇਤਾ ਤੇ ਕੀਤੀ ਗਈ ਲਿਹਾਜਦਾਰੀ, ਭੌਂ-ਮਾਫੀਆ ਤੇ ਭਰਿਸ਼ਟਾਚਾਰੀ ਤੱਤਾਂ ਦੇ ਹਰ ਖੇਤਰ ਵਿਚ ਦਬ-ਦਬਾਅ ਨੂੰ ਲੋਕ ਪੱਖੀ ਵਿਕਾਸ ਮਾਡਲ ਦਾ ਨਾਮ ਨਹੀਂ ਦਿੱਤਾ ਜਾ ਸਕਦਾ।

ਆਉਂਦੀਆਂ ਲੋਕ ਸਭਾ ਚੋਣਾਂ ਅੰਦਰ ਮੁੱਦਾ ਯੂ.ਪੀ.ਏ. ਦੇ ਯੁਵਾ ਆਗੂ ਰਾਹੁਲ ਗਾਂਧੀ ਜਾਂ ਸੰਘ ਪਰਿਵਾਰ ਵਲੋਂ ਉਭਾਰੇ ਜਾ ਰਹੇ ਫਿਰਕਾਪ੍ਰਸਤੀ ਦੇ ਰੰਗ ਵਿਚ ਰੰਗੇ ਹੋਏ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦਾ ਨਹੀਂ ਹੈ। ਅਸਲ ਮੁੱਦਾ ਹੈ ਦੇਸ਼ ਵਿਚ ਹਾਕਮ ਜਮਾਤਾਂ ਵਲੋਂ 'ਆਰਥਿਕ ਸੁਧਾਰਾਂ' ਦੇ ਨਾਂਅ ਹੇਠਾਂ ਅਪਣਾਈਆਂ ਜਾ ਰਹੀਆਂ ਆਰਥਿਕ ਨੀਤੀਆਂ ਜੋ ਹਰ ਪੱਖ ਤੋਂ ਜਨ ਸਧਾਰਨ ਨੂੰ ਤਬਾਹ ਕਰ ਰਹੀਆਂ ਹਨ ਤੇ ਦੇਸ਼ ਨੂੰ ਨਵ-ਬਸਤੀਵਾਦ ਵੱਲ ਨੂੰ ਧਕੇਲ ਰਹੀਆਂ ਹਨ, ਨੂੰ ਠੱਲਣ ਦਾ ਅਤੇ ਲੋਕਾਂ ਸਾਹਮਣੇ ਬਦਲਵੀਆਂ ਲੋਕ ਪੱਖੀ ਤੇ ਵਿਕਾਸਮੁਖੀ ਆਰਥਿਕ ਨੀਤੀਆਂ 'ਤੇ ਆਧਾਰਤ ਮੁਤਬਾਦਲ ਪੇਸ਼ ਕਰਨ ਦਾ। ਇਸ ਵਿਚ ਵੀ ਕੋਈ ਸੰਦੇਹ ਨਹੀਂ ਹੈ ਕਿ ਅਜੇ ਰਾਜਸੀ ਤਾਕਤਾਂ ਦਾ ਤੋਲ ਅਜਿਹਾ ਨਹੀਂ ਹੈ ਜੋ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਕੇਂਦਰ ਵਿਚ ਲੋਕ ਪੱਖੀ ਸ਼ਕਤੀਆਂ ਨੂੰ ਅੱਗੇ ਲਿਆ ਕੇ ਰਾਜ ਸੱਤਾ ਉਪਰ ਬਿਠਾ ਸਕੇ। ਪ੍ਰੰਤੂ ਸਮੁੱਚੀਆਂ ਖੱਬੀਆਂ, ਜਮਹੂਰੀ ਤੇ ਅਗਾਂਹਵਧੂ ਸ਼ਕਤੀਆਂ ਇਹਨਾਂ ਸਰਮਾਏਦਾਰ ਜਗੀਰਦਾਰ ਜਮਾਤਾਂ ਦੇ ਮੁਤ੍ਹੈਲੀ ਦੋਨੋਂ ਗੁੱਟਾਂ, ਯੂ.ਪੀ.ਏ. ਅਤੇ ਐਨ.ਡੀ.ਏ., ਦੇ ਸਾਮਰਾਜ ਪੱਖੀ ਅਤੇ ਇਜਾਰੇਦਾਰ-ਜਗੀਰਦਾਰ ਜਮਾਤਾਂ ਦੇ ਹਿੱਤਾਂ ਨੂੰ ਬੜ੍ਹਾਵਾ ਦੇਣ ਲਈ ਜਨ ਸਮੂਹਾਂ ਦੀ ਤਬਾਹੀ ਕਰੀ ਜਾ ਰਹੀਆਂ ਆਰਥਿਕ ਨੀਤੀਆਂ ਦੇ ਮੂਲ ਸੱਚ ਨੂੰ ਪੂਰੀ ਤਰ੍ਹਾਂ ਬੇਪਰਦ ਕਰਕੇ ਲੋਕ ਮੁਖੀ ਆਰਥਿਕ ਵਿਕਾਸ ਦਾ ਮਾਡਲ ਲੋਕਾਂ ਸਾਹਮਣੇ ਪੇਸ਼ ਜ਼ਰੂਰ ਕਰ ਸਕਦੀਆਂ ਹਨ। ਪਿਛਲੇ ਸਮੇਂ ਦੌਰਾਨ ਲੋਕ ਹਿੱਤਾਂ ਦੀ ਰਾਖੀ ਲਈ ਅਤੇ ਤਬਾਹਕੁੰਨ ਆਰਥਿਕ ਨੀਤੀਆਂ ਤੇ ਗੈਰ ਜਮਹੂਰੀ ਅਮਲਾਂ ਵਿਰੁੱਧ ਕੀਤੇ ਗਏ ਜਨ ਸੰਘਰਸ਼ਾਂ, ਰਾਜਨੀਤੀ ਵਿਚ ਲਏ ਗਏ ਅਸੂਲੀ ਪੈਂਤੜਿਆਂ, ਜਨਸਮੂਹਾਂ ਦੀ ਨਿਰਸਵਾਰਥ ਸੇਵਾ ਅਤੇ ਫਿਰਕਾਪ੍ਰਸਤੀ ਵਿਰੁੱਧ ਨਿਰੰਤਰ ਵਿਚਾਰਧਾਰਕ ਸੰਘਰਸ਼ਾਂ ਦਾ ਸ਼ਾਨਦਾਰ ਇਤਿਹਾਸ ਅਜਿਹੇ ਕਾਰਗਰ ਹਥਿਆਰ ਹਨ ਜਿਨ੍ਹਾਂ ਨੂੰ ਉਭਾਰ ਕੇ ਮਿਹਨਤਕਸ਼ ਲੋਕਾਂ ਦੇ ਵੱਡੇ ਭਾਗਾਂ ਨੂੰ ਜਮਹੂਰੀ ਲਹਿਰ ਵਾਲੇ ਪਾਸੇ ਖਿੱਚਿਆ ਜਾ ਸਕਦਾ ਹੈ। ਮਿਹਨਤਕਸ਼ ਲੋਕਾਂ ਦੀ ਇਹੀ ਸ਼ਕਤੀ ਭਵਿੱਖ ਵਿਚ ਵਿੱਢੇ ਜਾਣ ਵਾਲੇ ਲੋਕ ਘੋਲਾਂ ਲਈ ਇਕ ਮਜ਼ਬੂਤ ਤੇ ਅਸਰਦਾਇਕ ਅਧਾਰ ਮੁਹੱਈਆ ਕਰੇਗੀ। ਹੁਣ ਇਹ ਦੇਖਣਾ ਬਾਕੀ ਹੈ ਕਿ ਸਾਮਰਾਜ ਨਿਰਦੇਸ਼ਤ ਆਰਥਿਕ ਨੀਤੀਆਂ ਤੇ ਫਿਰਕਾਪ੍ਰਸਤੀ ਵਿਰੋਧੀ ਖੱਬੀਆਂ ਤੇ ਅਗਾਂਹਵਧੂ ਸ਼ਕਤੀਆਂ ਅਸੂਲੀ ਰਾਜਸੀ ਪੈਂਤੜਾ ਲੈਣ ਲਈ ਕਿਸ ਹੱਦ ਤੱਕ ਇਕਜੁਟ ਹੋ ਕੇ ਮੈਦਾਨ ਵਿਚ ਨਿੱਤਰਦੀਆਂ ਹਨ? ਇਨਕਲਾਬੀ ਲਹਿਰ ਉਸਾਰਨ ਅਤੇ ਸਮਾਜਵਾਦ ਦੀ ਪ੍ਰਾਪਤੀ ਦਾ ਨਿਸ਼ਾਨਾ ਹਾਸਲ ਕਰਨ ਵਾਸਤੇ ਕੋਈ ਥੋੜ੍ਹ ਚਿਰਾ ਮੌਕਾਪ੍ਰਸਤ ਰਾਜਨੀਤਕ ਦਾਅਪੇਚ ਕੰਮ ਨਹੀਂ ਆ ਸਕਦਾ, ਬਲਕਿ ਇਸ ਵਾਸਤੇ ਤਾਂ ਲੰਬਾ, ਬੱਝਵਾਂ, ਸਿਰੜੀ, ਨਿਰੰਤਰ ਅਤੇ ਅਸੂਲੀ ਰਾਹ ਹੀ ਅਖਤਿਆਰ ਕਰਨਾ ਹੋਵੇਗਾ। ਇਸ ਮਹਾਨ ਮੰਤਵ ਵਾਸਤੇ ਸਮੂਹ ਖੱਬੀਆਂ, ਜਮਹੂਰੀ ਅਤੇ ਅਗਾਂਹਵਧੂ ਸ਼ਕਤੀਆਂ ਦੀ ਆਪਸੀ ਏਕਤਾ ਤੇ ਸਾਂਝੇ ਸੰਘਰਸ਼ ਅਜੋਕੇ ਸਮੇਂ ਦੀ ਪ੍ਰਮੁੱਖ ਲੋੜ ਹਨ, ਜੋ ਆਉਂਦੀਆਂ ਲੋਕ ਸਭਾ ਚੋਣਾਂ ਅੰਦਰ ਵੀ ਜਨ ਸਮੂਹਾਂ ਨੂੰ ਜਾਗਰਤ ਕਰਨ ਵਿਚ ਭਾਰੀ ਮਦਦਗਾਰ ਸਾਬਤ ਹੋ ਸਕਦੇ ਹਨ।

ਸਕੱਤਰ ਸੀ.ਪੀ.ਐਮ. ਪੰਜਾਬ

---

ਧੁਖ਼ਦਾ ਕਾਲਮ

# 'ਫੋਕੀ ਸਰਦਾਰੀ ਨੇ ਪੰਜਾਬ ਪੱਟਿਆ'

**ਸੁਸ਼ੀਲ ਦੁਸਾਂਝ +91-97813-60066**

ਸੰਸਾਰ ਭਰ ਵਿਚ ਇਸ ਵਕਤ 20 ਕਰੋੜ 50 ਲੱਖ ਲੋਕ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਇਸ ਮਾਮਲੇ ਵਿਚ ਏਸ਼ੀਆਈ ਮੁਲਕਾਂ ਦੀ ਹਾਲਤ ਕੁਝ ਜ਼ਿਆਦਾ ਹੀ ਖਰਾਬ ਹੈ। ਏਸ਼ੀਆਈ ਮੁਲਕਾਂ ਵਿਚੋਂ ਵੀ ਸਾਡਾ ਮੁਲਕ ਨਸ਼ਿਆਂ ਦੀ ਜ਼ਿਆਦਾ ਮਾਰ ਹੇਠ ਹੈ। ਇਕ ਰਿਪੋਰਟ ਮੁਤਾਬਕ ਭਾਰਤ ਵਿਚ ਸ਼ਰਾਬ ਦੇ ਆਦੀ ਲੋਕਾਂ ਦੀ ਗਿਣਤੀ 7 ਕਰੋੜ ਤੱਕ ਪਹੁੰਚ ਗਈ ਹੈ ਜਦਕਿ 9 ਲੱਖ ਲੋਕ ਚਰਸ ਅਤੇ 27 ਲੱਖ ਲੋਕ ਅਫੀਮ, ਸਮੈਕ, ਹੈਰੋਇਨ ਅਤੇ 20 ਲੱਖ ਲੋਕ ਹੋਰ ਨਸ਼ੀਲੇ ਪਦਾਰਥਾਂ (ਨਸ਼ੇ ਵਾਲੀਆਂ ਗੋਲੀਆਂ ਆਦਿ) ਦੇ ਆਦੀ ਹਨ। ਅਸੀਂ ਕਿਉਂਕਿ ਆਪਣੀ ਗੱਲ ਪੰਜਾਬ 'ਤੇ ਕੇਂਦਰਤ ਕਰਨੀ ਹੈ ਤਾਂ ਸੱਚ ਇਹ ਹੈ ਕਿ ਪੰਜਾਬ ਬਹੁਤ ਬੁਰੀ ਤਰ੍ਹਾਂ ਨਸ਼ਿਆਂ ਦੀ ਜਕੜ 'ਚ ਆਕੇ ਤਬਾਹੀ ਦੀਆਂ ਹਨੇਰੀਆਂ ਸੁਰੰਗਾਂ ਦੇ ਦਰਵਾਜ਼ਿਆਂ 'ਤੇ ਆਣ ਪਹੁੰਚਾ ਹੈ। ਹਾਲਤ ਇਹ ਹੈ ਪੰਜਾਬ ਦੇ 80 ਫ਼ੀਸਦੀ ਨੌਜਵਾਨ ਕਿਸੇ ਨਾ ਕਿਸੇ ਨਸ਼ੇ ਦੀ ਵਰਤੋਂ ਕਰਦੇ ਹਨ। ਪੰਜ-ਆਬ ਦੀ ਧਰਤੀ 'ਤੇ ਅੱਜ ਨਸ਼ਿਆਂ ਦੀਆਂ ਜ਼ਹਿਰੀਲੀਆਂ ਨਦੀਆਂ ਵਹਿੰਦੀਆਂ ਹਨ। ਸ਼ਰਾਬ, ਸਿਗਰਟ, ਤੰਬਾਕੂ ਅਫੀਮ ਅਤੇ ਭੁੱਕੀ ਤਾਂ ਸੀ ਹੀ ਹੁਣ ਸਾਡੀ ਨਵੀਂ ਪੌਦ ਕੈਪਸੂਲ, ਹੈਰੋਈਨ, ਸਮੈਕ ਅਤੇ ਚਰਸ ਦਾ ਸ਼ਿਕਾਰ ਹੋ ਰਹੀ ਹੈ। ਸ਼ੁਰੂ-ਸ਼ੁਰੂ 'ਚ ਹੋਰਨਾਂ ਨਸ਼ਈਆਂ ਦੇ ਬਹਿਕਾਵੇ 'ਚ ਆ ਕੇ ਪਲ ਭਰ ਦੇ 'ਅਨੰਦ' ਲਈ ਕੀਤਾ ਗਿਆ ਨਸ਼ਾ, ਕੱਚੀ ਉਮਰ ਦੇ ਬਚਿਆਂ ਲਈ ਮੌਤ ਦਾ ਫਰਮਾਨ ਹੋ ਨਿਬੜਦਾ ਹੈ। ਸਵਾਲ ਇਹ ਹੈ ਕਿ ਨਸ਼ਿਆਂ ਦਾ ਇਹ ਕੁਚੱਕਰ ਲਗਾਤਾਰ ਵੱਧ ਕਿਉਂ ਰਿਹਾ ਹੈ ਅਤੇ ਇਸ 'ਤੇ ਕੋਈ ਰੋਕ ਕਿਉਂ ਨਹੀਂ ਲਾਈ ਜਾ ਰਹੀ? ਦਰਅਸਲ, ਇਹ ਗੱਲ ਸਮਝਣੀ ਬੜੀ ਜ਼ਰੂਰੀ ਹੈ ਕਿ ਵੱਖੋ-ਵੱਖਰੇ ਇਲਾਕਿਆਂ ਵਿਚ ਨਸ਼ੇ ਵੱਖੋ-ਵੱਖਰੇ ਵਰਤੇ ਜਾਂਦੇ ਹੋ ਸਕਦੇ ਹਨ ਪਰ ਇਸਦਾ ਵਰਤਾਰਾ ਇਕੋ ਹੈ। ਇਸ ਨਸ਼ਾ-ਤੰਤਰ ਦੇ ਪਿੱਛੇ ਸਮਾਜ ਅਤੇ ਦੇਸ਼ ਵਿਰੋਧੀ ਤਾਕਤਾਂ ਦਾ ਇਕ ਵੱਡਾ ਨੈਟਵਰਕ ਕੰਮ ਕਰ ਰਿਹਾ ਹੈ। ਹਰ ਤੀਸਰੇ ਦਿਨ ਕਰੋੜਾਂ ਦੀ ਹੈਰੋਇਨ ਫੜੇ ਜਾਣ ਦੀਆਂ ਖ਼ਬਰਾਂ ਆਉਂਦੀਆਂ ਹਨ ਪਰ ਇਸਦੇ ਬਾਵਜੂਦ ਵੱਡੇ ਪੱਧਰ 'ਤੇ ਤਸਕਰੀ ਰਾਹੀਂ ਹੈਰੋਇਨ, ਚਰਸ, ਸਮੈਕ ਅਤੇ ਹੋਰ ਨਸ਼ੇ ਪੰਜਾਬ ਅਤੇ ਬਾਕੀ ਮੁਲਕ ਵਿਚ ਸਪਲਾਈ ਹੁੰਦੇ ਹਨ।

ਅਸਲ ਵਿਚ ਇਸ ਕੌਮਾਂਤਰੀ ਨੈਟਵਰਕ ਵਿਚ ਬਿਨਾ ਸ਼ੱਕ ਸਾਡੇ ਬਹੁਤ ਸਾਰੇ ਭ੍ਰਿਸ਼ਟ ਰਾਜਸੀ ਆਗੂ, ਭ੍ਰਿਸ਼ਟ ਪੁਲਿਸ ਅਤੇ ਪ੍ਰਸਾਸ਼ਨਿਕ ਅਧਿਕਾਰੀ ਵੀ ਸ਼ਾਮਲ ਹਨ। ਜੇ ਇਉਂ ਨਾ ਹੋਵੇ ਤਾਂ ਜੇਲ੍ਹਾਂ ਵਿਚ ਵੀ ਨਸ਼ਿਆਂ ਦਾ ਇਹ ਕਾਰੋਬਾਰ ਸ਼ਰੇਆਮ ਕਿਉਂ ਚੱਲੇ? ਬਹੁਤ ਸਾਰੇ ਸਮਗਲਰਾਂ ਦਾ ਸਿਆਸਤ ਵਿਚ ਆਉਣਾ ਵੀ ਇਹੀ ਦਰਸਾਉਂਦਾ ਹੈ। ਭ੍ਰਿਸ਼ਟ ਰਾਜਸੀ ਆਗੂਆਂ ਅਤੇ ਹੋਰਨਾਂ ਭ੍ਰਿਸ਼ਟ ਅਫਸਰਾਂ ਦਾ ਇਹ ਗਠਜੋੜ ਹੀ ਹੈ ਜਿਸ ਕਰਕੇ ਨਸ਼ਿਆਂ ਵਿਚ ਗਰਕ ਹੁੰਦੀ ਜਵਾਨੀ ਦੀ ਬਾਂਹ ਫੜਨ ਵਾਲਾ ਕੋਈ ਦਿਖਾਈ ਨਹੀਂ ਦੇ ਰਿਹਾ। ਸਵਾਲ ਹੋ ਸਕਦਾ ਹੈ ਕਿ ਪੰਜਾਬ ਦੀਆਂ ਰਾਜਸੀ ਪਾਰਟੀਆਂ ਦੇ ਚੋਣ ਐਲਾਨਨਾਮੇ ਇਸ ਭਿਅੰਕਰ ਸਮਸਿਆ 'ਤੇ ਚੁੱਪ ਕਿਉਂ ਹਨ? ਜੁਆਬ ਸਿੱਧਾ ਹੈ ਕਿ ਜਿਨ੍ਹਾਂ ਨੇ ਹਰ ਨਿੱਕੀ-ਮੋਟੀ ਚੋਣ ਚੋਂ ਲੈ ਕੇ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਦੀਆਂ ਚੋਣਾਂ ਵੀ ਨਸ਼ਿਆਂ ਅਤੇ ਹੋਰ ਭ੍ਰਿਸ਼ਟ ਤਰੀਕਿਆਂ ਦੇ ਆਸਰੇ ਲੜਈਆਂ ਜਾਂਦੀਆਂ ਹੋਣ, ਉਹ ਨਸ਼ਿਆਂ ਵਿਰੁੱਧ ਝੰਡੇ ਚੁੱਕ ਕੇ ਆਪਣੇ ਪੈਰੀਂ ਆਪ ਕੁਹਾੜੀ ਕਿਉਂ ਮਾਰਨ। ਪੰਜਾਬੀ ਸ਼ਾਇਰ ਇੰਦਰਜੀਤ ਹਸਨਪੁਰੀ ਆਪਣਾ ਫਿਕਰ ਇਨ੍ਹਾਂ ਸਤਰਾਂ ਰਾਹੀਂ ਪ੍ਰਗਟਾਉਂਦੇ ਹਨ-

'ਵਿਹਲੇ ਰਹਿਣ ਦੀ ਬਿਮਾਰੀ ਨੇ ਪੰਜਾਬ ਪੱਟਿਆ
ਲੋਕੋ ਫੋਕੀ ਸਰਦਾਰੀ ਨੇ ਪੰਜਾਬ ਪੱਟਿਆ
ਸਾਡਾ ਨਸ਼ੇ ਦੇ ਵਪਾਰੀ ਨੇ ਪੰਜਾਬ ਪੱਟਿਆ।'

ਨਸ਼ੇ ਹੀ ਹਨ ਜੋ ਸਵਾਲ ਕਰਨ ਦੀ ਸ਼ਕਤੀ ਖੋਹ ਲੈਂਦੇ ਹਨ। ਸਤਾ ਦੀਆਂ ਲਾਲਚੀ ਪਾਰਟੀਆਂ ਅਤੇ ਉਨ੍ਹਾਂ ਦੇ ਭ੍ਰਿਸ਼ਟ ਆਗੂਆਂ ਨੂੰ ਇਸੇ ਤਰ੍ਹਾਂ ਦੇ 'ਗੂੰਗੇ-ਬੋਲੇ' ਬੰਦੇ ਚਾਹੀਦੇ ਹਨ। ਇਹ ਲੋਕ ਹੀ ਉਨ੍ਹਾਂ ਦੇ ਸਤਾ ਦੇ ਪਾਵੇ ਹਨ। ਜੇਕਰ ਇਹ ਪਾਵੇ ਹੀ ਹਿਲਣ-ਜਲੁਣ ਲੱਗ ਪਏ ਤਾਂ ਫੇਰ ਭ੍ਰਿਸ਼ਟ ਰਾਜਤੰਤਰ ਦਾ ਕੀ ਬਣੂ? ਜੇ ਇਸੇ ਤਰ੍ਹਾਂ ਦਾ ਰਾਜ-ਤੰਤਰ ਕਾਇਮ ਰੱਖਣਾ ਹੈ ਤਾਂ ਫੇਰ ਨਸ਼ਾ-ਤੰਤਰ ਬੇਹੱਦ ਲੋੜੀਂਦਾ ਹੈ। ਸਾਡੀ ਆਸ ਬੱਚਿਆਂ ਦੇ ਮਾਪਿਆਂ, ਵੱਖ-ਵੱਖ ਖੇਤਰਾਂ ਵਿਚ ਸਰਗਰਮ ਲੋਕ-ਪੱਖੀ ਜਥੇਬੰਦੀਆਂ ਅਤੇ ਸਮਾਜ ਦੀ ਚਿੰਤਾ ਕਰਨ ਵਾਲੇ ਲੋਕਾਂ ਉਪਰ ਹੈ। ਜੇਕਰ ਸੱਭੇ ਚੇਤੰਨ, ਫ਼ਿਕਰਮੰਦ ਲੋਕ ਬੁੱਧੀਜੀਵੀ ਅਤੇ ਅਖ਼ਬਾਰ, ਰਸਾਲੇ ਆਪੋ-ਆਪਣੀ ਭੂਮਿਕਾ ਨਿਭਾਉਣ ਤਾਂ ਇਸ ਸੰਕਟ ਵਿਚੋਂ ਪਾਰ ਨਿਕਲਣ ਦੇ ਰਸਤੇ ਵੀ ਜ਼ਰੂਰ ਹੀ ਦਿਖਾਈ ਦੇਣਗੇ।





# ਦੁਨੀਆ ਦੇ ਸਭ ਤੋਂ ਖ਼ਰਚੀਲੇ 10 ਯੁੱਧ

# ਇਕ ਹੀ ਝਟਕੇ ਵਿਚ ਕੰਗਾਲ ਹੋਏ ਦੇਸ਼, ਲੋਕਾਂ ਨੂੰ ਮੰਗਣੀ ਪਈ ਭੀਖ

ਅਤਿਵਾਦ ਵਿਰੁੱਧ ਯੁੱਧ ਭਾਵੇਂ ਨਵਾਂ ਹੋਵੇ ਪਰ ਲੜਾਈਆਂ ਪ੍ਰਾਚੀਨ ਸਮੇਂ ਤੋਂ ਲੜੀਆਂ ਜਾਂਦੀਆਂ ਰਹੀਆਂ ਹਨ। ਯੁੱਧਾਂ ਦੇ ਬਾਰੇ ਵਿਚ ਵੀ ਇਹ ਕਿਹਾ ਜਾਂਦਾ ਹੈ ਕਿ ਯੁੱਧ ਕਦੇ ਜਿੱਤੇ ਨਹੀਂ ਜਾ ਸਕਦੇ, ਇਸ ਲਈ ਇਨ੍ਹਾਂ ਨਾਲ ਲੜਿਆ ਵੀ ਨਹੀਂ ਜਾਣਾ ਚਾਹੀਦਾ। ਧਰਤੀ 'ਤੇ ਲੜੇ ਗਏ ਯੁੱਧਾਂ ਦੇ ਕਾਰਨ ਵੀ ਵੱਖ-ਵੱਖ ਰਹੇ ਹਨ। ਕਦੇ ਹਿਟਲਰ ਪੂਰੀ ਦੁਨੀਆ 'ਤੇ ਰਾਜ ਕਰਨਾ ਚਾਹੁੰਦਾ ਸੀ ਤਾਂ ਕਦੇ ਮਹਿਜ਼ ਕਮਜ਼ੋਰ ਅਰਥਵਿਵਸਥਾ ਨੂੰ ਪਟੜੀ 'ਤੇ ਲਿਆਉਣ ਲਈ ਲੜਿਆ ਗਿਆ ਤਾਂ ਕਿ ਹਥਿਆਰਾਂ ਦੀ ਮੰਗ ਵੱਧ ਸਕੇ ਅਤੇ ਹਥਿਆਰਾਂ ਦੀ ਫ਼ੈਕਟਰੀ ਵਿਚ ਲੋਕਾਂ ਨੂੰ ਰੁਜ਼ਗਾਰ ਜ਼ਿਆਦਾ ਮਿਲ ਸਕੇ। ਜੇਕਰ ਇਨ੍ਹਾਂ ਯੁੱਧਾਂ ਨੂੰ ਆਰਥਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਨ੍ਹਾਂ 'ਤੇ ਐਨਾ ਖਰਚਾ ਕੀਤਾ ਗਿਆ ਹੈ, ਜੋ ਕਿ ਇਸ ਧਰਤੀ 'ਤੇ ਭੁੱਖਮਰੀ ਦੀ ਸਮੱਸਿਆ ਨੂੰ ਕਈ ਵਾਰ ਖ਼ਤਮ ਕਰਨ ਲਈ ਵਾਧੂ ਸੀ। ਇਹ ਯੁੱਧ ਇਸ ਪ੍ਰਕਾਰ ਹਨ :

## 1. ਦੂਜਾ ਵਿਸ਼ਵ ਯੁੱਧ (1939-1945)
**ਖ਼ਰਚਾ : 2,25,500 ਅਰਬ ਰੁਪਏ**



ਦੂਜਾ ਵਿਸ਼ਵ ਯੁੱਧ ਵੈਸੇ ਤਾਂ 1939 ਦੇ ਆਖ਼ਰੀ ਮਹੀਨੇ ਵਿਚ ਸ਼ੁਰੂ ਹੋਇਆ ਪਰ ਅਸਲ ਵਿਚ ਇਸ ਨੇ ਜੋੜ ਫੜਿਆ 1941 ਤੋਂ, ਜਦੋਂ ਨਾਜੀਵਾਦੀ ਜਰਮਨੀ ਨੇ ਪੋਲੈਂਡ ਵਿਰੁੱਧ ਬੰਬਾਂ ਦੀ ਵਰਖਾ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਲੜਾਈ ਪੂਰੇ ਯੂਰਪ ਵਿਚ ਫ਼ੈਲ ਗਈ। ਛੇਤੀ ਹੀ ਬਰਤਾਨੀਆ ਅਤੇ ਫਰਾਂਸ ਨੇ ਜਰਮਨੀ ਅਤੇ ਇਟਲੀ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। 1941 ਵਿਚ ਜਾਪਾਨ ਨੇ ਜਰਮਨੀ ਅਤੇ ਇਟਲੀ ਦੇ ਪੱਖ ਵਿਚ ਪਰਲ ਹਾਰਬਰ ਬੰਦਰਗਾਹ 'ਤੇ ਹਮਲਾ ਕਰ ਦਿੱਤਾ। ਅਮਰੀਕਾ ਯੂਰਪ ਅਤੇ ਏਸ਼ੀਆ ਵਿਚ ਲੜ ਰਿਹਾ ਸੀ। ਇਸ ਯੁੱਧ ਵਿਚ ਅਮਰੀਕਾ ਨੇ ਜਾਪਾਨ 'ਤੇ ਦੋ ਪਰਮਾਣੂ ਬੰਬ ਸੁੱਟੇ ਸਨ।

## 2. 9/11 ਤੋਂ ਬਾਅਦ (2001 ਤੋਂ 2010)
**ਖ਼ਰਚਾ: 110000 ਕਰੋੜ ਡਾਲਰ**



ਨਿਊਯਾਰਕ ਅਤੇ ਵਾਸ਼ਿੰਗਟਨ ਵਿਚ 11 ਸਤੰਬਰ 2002 ਦੇ ਅਤਿਵਾਦੀ ਹਮਲੇ ਨੇ ਪੂਰੀ ਦੁਨੀਆ ਵਿਚ ਰੋਸ ਪੈਦਾ ਕਰ ਦਿੱਤਾ। ਅਮਰੀਕਾ ਨੇ ਇਸ ਲਈ ਜ਼ਿੰਮੇਵਾਰ ਅਤਿਵਾਦੀ ਸੰਗਠਨ ਅਲਕਾਇਦਾ ਅਤੇ ਉਸ ਦੇ ਨੇਤਾ ਓਸਾਮਾ ਬਿਨ ਲਾਦੇਨ ਵਿਰੁੱਧ, ਜੋ ਅਫ਼ਗਾਨਿਸਤਾਨ ਵਿਚ ਲੁੱਕਿਆ ਹੋਇਆ ਸੀ, ਉਸ ਵਿਰੁੱਧ ਕਾਰਵਾਈ ਸ਼ੁਰੂ ਕੀਤੀ। ਅੰਤ ਵਿਚ 2011 ਵਿਚ ਲਾਦੇਨ ਪਾਕਿਸਤਾਨ ਵਿਚ ਮਾਰਿਆ ਗਿਆ। ਇਸ ਦੇ ਨਾਲ ਹੀ ਅਮਰੀਕਾ ਨੇ ਇਰਾਕ ਨੂੰ ਪਰਮਾਣੂ ਹਥਿਆਰ ਬਣਾਉਣ ਤੋਂ ਰੋਕਣ ਦੇ ਨਾਮ 'ਤੇ ਹਮਲਾ ਕੀਤਾ ਅਤੇ 2006 ਵਿਚ ਇਥੋਂ ਦੇ ਸ਼ਾਸਕ ਸੱਦਾਮ ਹੁਸੈਨ ਦਾ ਖਾਤਮਾ ਕਰ ਦਿੱਤਾ। ਹਾਲਾਂਕਿ ਇਰਾਕ ਵਿਚ ਪਰਮਾਣੂ ਹਥਿਆਰਾਂ ਦਾ ਕੋਈ ਵੀ ਪ੍ਰਮਾਣ ਨਹੀਂ ਮਿਲਿਆ।

## 3. ਵਿਅਤਨਾਮ ਯੁੱਧ (1965-1975)
**ਕੁਲ ਖਰਚਾ : 73800 ਕਰੋੜ ਡਾਲਰ**



ਵਿਅਤਨਾਮ ਯੁੱਧ ਸ਼ੀਤਯੁੱਧ ਦਾ ਹਿੱਸਾ ਸੀ ਅਤੇ ਅਮਰੀਕਾ ਕਿਸੇ ਵੀ ਕਮਿਊਨਿਸਟ ਦੇਸ਼ ਨੂੰ ਛੱਡਣ ਦੇ ਮੂੜ ਵਿਚ ਨਹੀਂ ਸੀ। ਉਥੇ ਹੀ, ਵਿਅਤਨਾਮ ਦੀ ਲੋਕਪ੍ਰਿਯ ਸਰਕਾਰ ਨੇ ਆਪਣੇ ਹੀ ਬਹੁਤ ਸਾਰੇ ਲੋਕਾਂ ਨੂੰ ਮਾਰ ਦਿੱਤਾ ਸੀ। ਸਰਕਾਰ ਆਪਣੇ ਤਾਨਸ਼ਾਹੀ ਸ਼ਾਸਨ ਵਿਚ ਖੁਦ ਹੀ ਕਮਿਊਨਿਸਟ ਗੁਰੀਲਿਆਂ ਨੂੰ ਪਾਲ ਰਹੀ ਸੀ ਪਰ ਅਮਰੀਕਾ ਨੇ ਵਿਅਤਨਾਮ ਦੇ ਲੋਕਾਂ ਨੂੰ ਹੀ ਨਿਸ਼ਾਨਾ ਬਣਾਇਆ, ਜਿਨ੍ਹਾਂ ਨੇ ਅਮਰੀਕਾ ਵਿਰੁੱਧ ਕੁਝ ਵੀ ਨਹੀਂ ਕੀਤਾ ਸੀ। ਇਕ ਤਰ੍ਹਾਂ ਨਾਲ ਅਮਰੀਕਾ ਦੀ ਇਥੇ ਹਾਰ ਹੀ ਹੋਈ, ਕਿਉਂਕਿ ਇਥੋਂ ਦੇ ਲੋਕਾਂ ਨੇ ਹਾਰ ਨਹੀਂ ਮੰਨੀ ਅਤੇ ਅੰਤ ਅਮਰੀਕਾ ਨੂੰ ਆਪਣੇ ਪੈਰ ਪਿਛੇ ਖਿੱਚਣੇ ਪਏ ਸਨ। ਪਰ ਇਸ ਯੁੱਧ ਨੇ ਲੱਖਾਂ ਵਿਅਤਨਾਮੀਆਂ ਨੂੰ ਤਬਾਹ ਕਰ ਦਿੱਤਾ।

## 4-ਕੋਰੀਅਨ ਯੁੱਧ (1950-1953)
**ਖ਼ਰਚ : 34100 ਕਰੋੜ ਡਾਲਰ**

ਸ਼ੀਤ ਯੁੱਧ ਦੀ ਸ਼ੁਰੂਆਤ 'ਤੇ ਕੋਰੀਆ ਪਹਿਲਾ ਯੁੱਧ ਦਾ ਖੇਤਰ ਬਣਿਆ। ਕੋਰੀਆ ਦੋ ਹਿੱਸਿਆਂ ਦੱਖਣੀ ਕੋਰੀਆ ਅਤੇ ਉਤਰੀ ਕੋਰੀਆ ਵਿਚ ਵੰਡਿਆ ਗਿਆ। ਸੋਵੀਅਤ ਸੰਘ ਅਤੇ ਚੀਨ ਨੇ ਉਤਰੀ ਕੋਰੀਆ ਦਾ ਸਮਰਥਨ ਕੀਤਾ ਅਤੇ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਨੇ ਸਾਊਥ ਕੋਰੀਆ ਦਾ ਸਮਰਥਨ ਕੀਤਾ। ਇਨ੍ਹਾਂ ਦੋਵੇਂ ਦੇਸ਼ਾਂ ਵਿਚਕਾਰ ਯੁੱਧ ਵਿਚ ਪਰਮਾਣੂ ਹਥਿਆਰਾਂ ਦੀ ਵਰਤੋਂ ਸਥਾਪਤੀ ਬਣ ਗਈ ਸੀ।



## 5. ਪਹਿਲਾ ਵਿਸ਼ਵ ਯੁੱਧ (1917-1921)
**ਖ਼ਰਚਾ : 33400**



ਪਹਿਲੇ ਵਿਸ਼ਵ ਯੁੱਧ ਦੀ ਸ਼ੁਰੂਆਤ ਅਸਲ ਵਿਚ 1914 ਵਿਚ ਹੀ ਹੋ ਗਈ ਸੀ ਪਰ ਅਮਰੀਕਾ ਇਸ ਵਿਚ 1917 ਵਿਚ ਸ਼ਾਮਲ ਹੋਇਆ। ਪੂਰਾ ਯੂਰਪ ਦੋ ਧੜਿਆਂ ਵਿਚ ਵੰਡਿਆ ਹੋਇਆ ਸੀ। ਇਕ ਧੜਾ ਮਿੱਤਰ ਦੇਸ਼ਾਂ ਦਾ ਸੀ, ਜਿਸ ਵਿਚ ਬਰਤਾਨੀਆ, ਫਰਾਂਸ ਅਤੇ ਹੋਰ ਸ਼ਾਮਲ ਸਨ, ਉਥੇ ਹੀ ਦੂਜਾ ਧੜਾ ਜਰਮਨੀ, ਬੁਲਗਾਰੀਆ, ਆਸਟਰੀਆ-ਹੰਗਰੀ ਅਤੇ ਤੁਰਕੀ ਸੀ। ਅਮਰੀਕਾ ਇਸ ਵਿਚ ਕਾਫ਼ੀ ਦਿਨਾਂ ਤਕ ਇਸ ਲਈ ਸ਼ਾਮਲ ਨਹੀਂ ਹੋਇਆ ਕਿਉਂਕਿ ਉਸ ਦੇ ਕੋਈ ਹਿੱਤ ਪ੍ਰਭਾਵਤ ਨਹੀਂ ਹੋ ਰਹੇ ਸਨ। ਉਹ ਦੋਵੇਂ ਧਿਰਾਂ ਨੂੰ ਹਥਿਆਰ ਵੀ ਵੇਚਦਾ ਰਿਹਾ ਹੈ। ਪਰ ਜਰਮਨੀ ਨੇ 1917 ਵਿਚ ਜਦੋਂ ਉਸ ਦੇ ਯਾਤਰੀ ਜਹਾਜ਼ ਨੂੰ ਡਬੋ ਦਿੱਤਾ ਤਾਂ ਉਹ ਵੀ ਯੁੱਧ ਵਿਚ ਮਿੱਤਰ ਦੇਸ਼ਾਂ ਵਿਚ ਸ਼ਾਮਲ ਹੋ ਗਿਆ।

## 6. ਖਾੜੀ ਦਾ ਯੁੱਧ (1990-1999)
**ਖ਼ਰਚਾ : 10200 ਕਰੋੜ ਡਾਲਰ**

ਇਰਾਕ ਦੇ ਫ਼ੌਜੀ ਸ਼ਾਸਕ ਸੱਦਾਮ ਹੁਸੈਨ ਨੇ 1990 ਵਿਚ ਕੁਵੈਤ 'ਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ। ਉਸ ਨੇ ਇਹ ਦਾਅਵਾ ਕੀਤਾ ਕਿ ਇਤਿਹਾਸਕ ਤੌਰ 'ਤੇ ਕੁਵੈਤ ਇਰਾਕ ਦਾ ਹਿੱਸਾ ਹੈ। ਇਸ ਨਾਲ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੀ ਤੇਲ ਦੀ ਸਪਲਾਈ ਖਤਰੇ ਵਿਚ ਪੈ ਗਈ। ਇਸ ਤੋਂ ਬਾਅਦ ਸੱਦਾਮ ਹੁਸੈਨ ਨੇ ਹਮਲੇ ਤੋਂ ਬਚਣ ਲਈ ਖਾੜੀ ਵਿਚ ਆਪਣੀਆਂ ਫ਼ੌਜਾਂ ਭੇਜ ਕੇ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਸੱਦਾਮ ਨੂੰ ਕੁਵੈਤ ਤੋਂ ਹਟਣਾ ਪਿਆ।

## 7. ਸਿਵਲ ਵਾਰ (1861-1865), ਖ਼ਰਚਾ : 7970 ਕਰੋੜ ਡਾਲਰ



ਅਮਰੀਕਾ ਵਿਚ ਗੁਲਾਮੀ ਪ੍ਰਥਾ ਵਿਰੁੱਧ ਯੁੱਧ ਹੋਇਆ। ਜਿਸ ਵਿਚ ਅਮਰੀਕਾ ਦੋ ਧੜਿਆਂ ਵਿਚ ਵੰਡਿਆ ਗਿਆ। ਕੁਝ ਸਿਆਸੀ ਗੁਲਾਮੀ ਪ੍ਰਥਾ ਨੂੰ ਬਣਾਈ ਰੱਖਣ ਦੇ ਪੱਖ ਵਿਚ ਸਨ। ਇਸ ਸਿਵਲ ਵਾਰ ਵਿਚ ਲਗਭਗ 80 ਅਰਬ ਡਾਲਰ ਖ਼ਰਚ ਹੋਏ ਸਨ।

## 8. ਸਪੇਨ-ਅਮਰੀਕਾ ਯੁੱਧ (1898-1899), ਖ਼ਰਚਾ : 900 ਕਰੋੜ ਡਾਲਰ



1898 ਵਿਚ ਸਪੇਨ ਦੇ ਕਬਜ਼ੇ ਵਿਚ ਸੀ ਕਿਊਬਾ, ਜੋ ਫਲੋਰਿਡਾ ਵਿਚ ਲੱਗਾ ਹੋਇਆ ਸੀ। ਵਾਸ਼ਿੰਗਟਨ ਨੇ ਸਪੇਨ ਤੋਂ ਕਿਊਬਾ ਮੰਗਿਆ ਪਰ ਸਪੇਨ ਇਸ ਤੋਂ ਮੁਕਰ ਗਿਆ। ਇਸ ਨਾਲ ਅਮਰੀਕਾ ਅਤੇ ਸਪੇਨ ਵਿਚਕਾਰ ਯੁੱਧ ਸ਼ੁਰੂ ਹੋ ਗਿਆ। ਇਹ ਅਮਰੀਕਾ ਦੀ ਵਿਸਥਾਰਵਾਦੀ ਨੀਤੀ ਦੀ ਸ਼ੁਰੂਆਤ ਸੀ। ਇਸ ਨੀਤੀ ਤਹਿਤ ਉਸ ਨੇ ਕਿਊਬਾ, ਪੋਟੀਰਿਕੋ, ਗੁਆਮ ਅਤੇ ਫਿਲੀਪੀਂਸ 'ਤੇ ਕਬਜ਼ਾ ਕਰ ਲਿਆ।

## 9. ਅਮਰੀਕਾ ਦੀ ਕ੍ਰਾਂਤੀ (1775-1783), ਖ਼ਰਚਾ : 240 ਕਰੋੜ ਡਾਲਰ



ਬਰਤਾਨਵੀ ਸਾਮਰਾਜ ਅਤੇ 13 ਉਪ ਨਿਵੇਸ਼ਾਂ ਦਾ ਇਹ ਵਿਵਾਦ ਸੀ। ਅਮਰੀਕੀ ਬਰਾਬਰੀ ਦੇ ਅਧਿਕਾਰ ਦੀ ਮੰਗ ਕਰ ਰਹੇ ਸਨ ਪਰ ਜਦੋਂ ਬਰਤਾਨਵੀ ਸਾਮਰਾਜ ਇਸ 'ਤੇ ਸਹਿਮਤ ਨਹੀਂ ਹੋਇਆ ਤਾਂ ਉਨ੍ਹਾਂ ਨੇ ਨੋ ਟੈਕਸੇਸ਼ਨ ਵਿਦਾਊਟ ਰਿਜ਼ਰਵੇਸ਼ਨ ਦੀ ਆਵਾਜ਼ ਉਠਾਈ। ਇਹ ਯੁੱਧ ਅੱਠ ਸਾਲ ਚਲਿਆ ਅਤੇ 1883 ਵਿਚ ਪੈਰਿਸ ਦੀ ਸੰਧੀ ਨਾਲ ਖ਼ਤਮ ਹੋਇਆ। ਇਸ ਸਮੇਂ ਤੋਂ ਪਹਿਲਾਂ ਹੀ ਅਮਰੀਕਾ ਇਕ ਸੁਤੰਤਰ ਦੇਸ਼ ਸੀ।

## 10. ਮੈਕਸਿਕਨ ਵਾਰ (1846-1849), ਖ਼ਰਚ : 237 ਕਰੋੜ ਡਾਲਰ



ਅਮਰੀਕਾ ਨੇ 1845 ਵਿਚ ਜਦੋਂ ਟੈਕਸਾਸ 'ਤੇ ਕਬਜ਼ਾ ਕੀਤਾ ਤਾਂ ਇਹ ਯੁੱਧ ਸ਼ੁਰੂ ਹੋ ਗਿਆ ਅਤੇ ਇਸੇ ਘਟਨਾਕ੍ਰਮ ਵਿਚ ਨਿਊ ਮੈਕਸਿਕੋ ਅਤੇ ਕੈਲੀਫ਼ੋਰਨੀਆ 'ਤੇ ਵੀ ਕਬਜ਼ਾ ਹੋ ਗਿਆ। ਇਸ ਯੁੱਧ ਵਿਚ ਮੈਕਸਿਕੋ ਮਜ਼ਬੂਤ ਹੋ ਗਿਆ, ਅਮਰੀਕਾ ਨੂੰ ਨਿਊ ਮੈਕਸਿਕੋ ਦੇਣ ਲਈ 15 ਮਿਲੀਅਨ ਡਾਲਰ ਵਿਚ। ਅਮਰੀਕਾ ਦਾ ਮੈਕਸਿਕੋ 'ਤੇ 3.25 ਮਿਲੀਅਨ ਡਾਲਰ ਕਰਜ਼ਾ ਸੀ।

# ਪ੍ਰਮਾਣੂ ਜੰਗ ਕੋਈ ਖੇਡ ਨਹੀਂ



ਡਾ. ਦਲਜੀਤ ਸਿੰਘ

ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਭਾਰਤ ਅਤੇ ਪਾਕਿਸਤਾਨ, ਦੋਹਾਂ ਦੇ ਕੋਲ ਲਗਭਗ 100 ਪ੍ਰਮਾਣੂ ਬੰਬ ਹਨ। ਦੋਵੇਂ ਇਸ ਯੋਗ ਹਨ ਕਿ ਇਨ੍ਹਾਂ ਬੰਬਾਂ ਨੂੰ ਜਹਾਜ਼ਾਂ ਜਾਂ ਰਾਕਟਾਂ ਦੇ ਨਾਲ ਮਿੱਥੇ ਹੋਏ ਟਿਕਾਣਿਆਂ 'ਤੇ ਇਕ ਦੂਜੇ ਦੇਸ਼ ਉਤੇ ਸੁੱਟ ਸਕਣ। ਭਾਰਤੀ ਪ੍ਰਮਾਣੂ ਤਕਨਾਲੋਜੀ ਤਾਂ ਸ਼ਾਇਦ ਘਰ ਦੀ ਹੀ ਉਪਜ ਸੀ ਪਰ ਪਾਕਿਸਤਾਨ ਦੇ ਅੰਦਰ ਪ੍ਰਮਾਣੂ ਹਥਿਆਰ ਦੀ ਤਕਨਾਲੋਜੀ ਅਮਰੀਕਨ ਸੀ, ਆਈ.ਏ. ਵਲੋਂ ਤੋਹਫ਼ਾ ਸੀ। ਉਨ੍ਹਾਂ ਡਾ. ਖ਼ਾਨ ਨੂੰ ਮੋਹਰਾ ਬਣਾ ਕੇ ਨਾ ਕੇਵਲ ਪਾਕਿਸਤਾਨ ਨੂੰ ਹੀ ਬੰਬ ਬਣਾਉਣ ਯੋਗ ਕੀਤਾ, ਬਲਕਿ ਉਹਦੇ ਰਾਹੀਂ ਪ੍ਰਮਾਣੂ ਤਕਨਾਲੋਜੀ ਲਿਬੀਆ, ਈਰਾਨ ਅਤੇ ਉਤਰੀ ਕੋਰੀਆ ਤਕ ਪੁਚਾਈ। ਅਮਰੀਕਾ ਦੀ ਇਹ ਇਕ ਗਿਣੀ ਮਿਥੀ ਸ਼ਤਰੰਜੀ ਚਾਲ ਸੀ। ਉਨ੍ਹਾਂ ਆਪਣੇ ਚੁਣੇ ਸਮੇਂ ਸਿਰ ਇਨ੍ਹਾਂ ਦੇਸ਼ਾਂ ਨੂੰ ਚੁਣੌਤੀ ਦੇਣੀ ਸੀ। ਲਿਬੀਆ ਬਹੁਤ ਪਹਿਲਾਂ ਏਸ ਚਾਲ ਨੂੰ ਸਮਝ ਕੇ ਹੱਥ ਖੜੇ ਕਰ ਗਿਆ ਅਤੇ ਨਾਲ ਹੀ ਬੇਅੰਤ ਤੇਲ ਸੋਮਿਆਂ ਨੂੰ ਅਮਰੀਕਨ ਕੰਪਨੀਆਂ ਦੇ ਹਵਾਲੇ ਕਰ ਕੇ 'ਅਮਨ ਪਸੰਦ' ਦੇਸ਼ ਬਣ ਗਿਆ। ਈਰਾਨ ਨੇ ਵੀ ਪ੍ਰਮਾਣੂ ਹਥਿਆਰ ਬਣਾਉਣ ਦੇ ਇਰਾਦੇ ਨੂੰ ਤਿਆਗ ਦਿੱਤਾ, ਅੱਜ ਤੋਂ 17 ਸਾਲ ਪਹਿਲਾਂ, ਪ੍ਰੰਤੂ 'ਅਮਨ ਪਸੰਦ' ਬਣਨ ਲਈ ਆਪਣਾ ਤੇਲ ਅਮਰੀਕਨ ਕੰਪਨੀਆਂ ਨੂੰ ਵਾਰਨ ਦੀ ਕੁਰਬਾਨੀ ਨਹੀਂ ਦਿੱਤੀ। ਏਸੇ ਲਈ ਅੱਜ ਉਸ ਦੇਸ਼ ਦੇ ਦੁਆਲੇ ਆਕਰਮਕ ਜੰਗੀ ਬੱਦਲ ਛਾਏ ਹੋਏ ਹਨ। ਉਤਰੀ ਕੋਰੀਆ ਅੱਜ ਤੋਂ 57 ਸਾਲ ਪਹਿਲਾਂ ਅਮਰੀਕਾ ਨਾਲ ਖਹਿ ਚੁੱਕਿਆ ਸੀ ਅਤੇ ਕੇਵਲ ਯੁੱਧ ਬੰਦ ਦੇ ਪੜਾਅ ਉਤੇ ਹੀ ਸੀ। ਉਤਰ ਕੋਰੀਆ ਅਮਰੀਕਨ ਬੰਬਾਰੀ ਦੇ ਨਾਲ ਖੰਡਰਾਂ ਦੀ ਹਾਲਤ ਵਿਚੋਂ ਮੁਸ਼ਕਲ ਦੇ ਨਾਲ ਉਠਿਆ ਸੀ। ਉਹ ਮੌਕੇ ਦਾ ਫ਼ਾਇਦਾ ਉਠਾ ਕੇ ਆਪਣੀ ਰੱਖਿਆ ਦੀ ਤਿਆਰੀ ਵਿਚ ਪ੍ਰਮਾਣੂ ਬੰਬ ਅਤੇ ਮਿਜ਼ਾਇਲਾਂ ਤਿਆਰ ਕਰ ਗਿਆ। ਉਸ ਨੂੰ ਅਮਰੀਕਾ ਵੱਲੋਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ ਪਰ ਉਤਰੀ ਕੋਰੀਆ ਦੀ ਫ਼ੌਜੀ ਤਿਆਰੀ ਨੂੰ ਵੇਖਦਿਆਂ ਅਜੇ ਅਮਰੀਕਾ ਦੀ ਹਿੰਮਤ ਨਹੀਂ ਪੈਂਦੀ ਕਿ ਉਸ ਨਾਲ ਸਚਮੁੱਚ ਲੜਾਈ ਛੇੜ ਲਵੇ। ਪਿਛਲੇ ਸੱਤ ਦਹਾਕਿਆਂ ਵਿਚ ਅਮਰੀਕਾ ਨੇ ਬੇਅੰਤ ਗ਼ਰੀਬ ਅਤੇ ਮਾੜੂਏ ਦੇਸ਼ਾਂ ਉਤੇ ਹਮਲੇ ਅਤੇ 'ਕਬਜ਼ੇ' ਕੀਤੇ ਹਨ। ਈਰਾਨ ਅਤੇ ਉਤਰੀ ਕੋਰੀਆ ਅੰਦਰ ਸੰਭਾਵੀ ਜੰਗਾਂ ਸ਼ੁਰੂ ਕਰਨ ਲਈ ਅਮਰੀਕਾ ਨੇ ਪ੍ਰਮਾਣੂ ਹਥਿਆਰ 'ਵਰਤੇਗਾ' ਦੇ ਸੰਕੇਤ ਕਈ ਵਾਰ ਦੇ ਦਿੱਤੇ ਹਨ।

ਪ੍ਰਮਾਣੂ ਹਥਿਆਰ ਦਾ ਕਿਸੇ ਵੀ ਦੇਸ਼ ਕੋਲ ਹੋਣਾ, ਹੋਰਨਾ ਦੇਸ਼ਾਂ ਲਈ ਖ਼ਤਰਾ ਹੈ। ਏਸੇ ਡਰ ਦੇ ਮਾਰੇ, ਗ਼ੈਰ ਪ੍ਰਮਾਣੂ ਦੇਸ਼, ਕਿਸੇ ਨਾ ਕਿਸੇ ਗਠਬੰਧਨ ਵਿਚ ਆਪ ਫਸ ਜਾਂਦੇ ਨੇ ਜਾਂ ਫਸਾਏ ਜਾਂਦੇ ਹਨ। ਕਈ ਨਾਟੋ ਦੇਸ਼ ਏਸੇ ਹੀ ਸ਼੍ਰੇਣੀ ਵਿਚ ਆਉਂਦੇ ਹਨ।

ਭਾਰਤ ਅਤੇ ਪਾਕਿਸਤਾਨ ਦੀ ਵੱਖਰੀ ਹੀ ਸ਼੍ਰੇਣੀ ਹੈ। ਇਹ ਮੂਰਖ ਦੇਸ਼ ਆਪਣਾ ਬੇਅੰਤ ਸਰਮਾਇਆ ਏਸ ਰਸਤੇ ਫੂਕ ਕੇ ਪਛੜੇ ਹੋਏ ਦੇਸ਼ਾਂ ਦੀ ਕਤਾਰ ਨੂੰ ਸ਼ਿੰਗਾਰ ਰਹੇ ਹਨ। ਪਾਕਿਸਤਾਨ ਤਾਂ 'ਭਾਰਤ ਤੋਂ ਖ਼ਤਰਾ' ਕਹਿ ਕੇ ਪ੍ਰਮਾਣੂ ਹਥਿਆਰ ਬਣਾਉਂਦਾ ਹੈ। ਪਰ ਭਾਰਤ ਚੀਨ ਨੂੰ ਅਗਾਊਂ ਦੁਸ਼ਮਣ ਕਰਾਰ ਦੇ ਕੇ ਆਪਣੀ ਰੱਖਿਆ ਲਈ ਪ੍ਰਮਾਣੂ ਹਥਿਆਰ ਅਤੇ ਰਾਕੇਟ ਤਿਆਰ ਕਰਦਾ ਹੈ। ਭਾਰਤ ਨੂੰ ਪਾਕਿਸਤਾਨ ਜੇਹੇ 'ਤੁੱਛ' ਦੇਸ਼ ਦਾ ਨਾਂ ਲੈਣ ਵਿਚ ਹੇਠੀ ਹੁੰਦੀ ਜਾਪਦੀ ਹੈ।

ਭਾਰਤ ਅਤੇ ਪਾਕਿਸਤਾਨ ਦੋਵੇਂ ਆਪਣੇ ਆਪ ਨੂੰ ਬੜੇ ਚਤੁਰ ਦਰਸਾਉਂਦੇ ਹਨ। ਦੋਵੇਂ ਸਰਹੱਦਾਂ ਦੇ ਅੰਦਰ ਅਤੇ ਉਤੇ ਤਾਪਮਾਨ ਵਧਾ ਕੇ ਆਪਣੀਆਂ ਫ਼ੌਜਾਂ ਨੂੰ ਸਾਵਧਾਨ ਰਖਦੇ ਨੇ। ਕਦੇ ਕਦਾਈਂ ਅਜਿਹੇ ਬਿਆਨ ਵੀ ਆ ਜਾਂਦੇ ਨੇ ਕਿ ਕਿਹੜੇ ਕਿਹੜੇ ਭਾਰਤੀ ਜਾਂ ਪਾਕਿਸਤਾਨੀ ਸ਼ਹਿਰ ਰਾਕਟਾਂ ਦੀ ਮਾਰ ਹੇਠ ਹਨ।

ਭਾਰਤੀ ਉਪ ਮਹਾਂਦੀਪ ਅੰਦਰ ਬੇਅੰਤ ਸਮੱਸਿਆਵਾਂ, ਸਮੇਤ ਕਸ਼ਮੀਰ ਦੇ ਐਂਗਲੋ-ਅਮਰੀਕਨ ਸਾਮਰਾਜ ਦੀ ਦੇਣ ਹਨ। ਜੰਗੀ ਨਗਾਰਿਆਂ ਦੀ ਚੋਟ ਹੇਠ, ਇਹ ਦੇਸ਼ ਤਰੱਕੀ ਕਰਨ ਦੀ ਥਾਂ, ਪੱਛਮ ਤੋਂ ਹਥਿਆਰ ਖ਼ਰੀਦਦੇ ਹਨ। ਜਦੋਂ ਵੀ ਅਮਨ ਵੱਲ ਲਿਜਾਂਦੀ ਕੋਈ ਵਾਰਤਾ ਸਫ਼ਲਤਾ ਵੱਲ ਜਾਂਦੀ ਦਿਸਦੀ ਹੈ ਤਾਂ ਇਕ ਨਵਾਂ 'ਹਾਦਸਾ' ਹੋ ਜਾਂਦਾ ਹੈ, ਭਾਵ ਕਰਵਾਇਆ ਜਾਂਦਾ ਹੈ। ਸਾਮਰਾਜ ਦੇ ਕੰਨਾਂ ਨੂੰ ਮਿੱਠੇ ਲੱਗਦੇ ਬਿਆਨ, ਦੋਹਾਂ ਦੇਸ਼ਾਂ ਵੱਲੋਂ ਬੁਛਾੜੇ ਜਾਂਦੇ ਹਨ ਅਤੇ ਦੋ-ਪਾਸੀਂ ਲੋਕਾਂ ਦੀ ਸਦੀਵੀ ਅਮਨ ਦੀ ਖ਼ਾਹਸ਼ ਛੂ-ਮੰਤਰ ਹੋ ਜਾਂਦੀ ਹੈ।

ਪੱਛਮੀ ਸਾਮਰਾਜ ਨਾ ਕੇਵਲ ਭਾਰਤੀ ਉਪ-ਮਹਾਂਦੀਪ ਦੀ ਹਾਲਤ ਜਿਉਂ ਦੀ ਤਿਉਂ ਰੱਖਣਾ ਚਾਹੁੰਦਾ ਹੈ, ਬਲਕਿ ਕਦੇ ਕਦਾਈਂ ਦੇ ਇੱਟ ਖੜੱਕੇ ਨੂੰ ਵੀ ਦਿਲੋਂ ਜਾਨ ਨਾਲ ਪਸੰਦ ਕਰਦਾ ਹੈ। ਮੈਨੂੰ ਤਾਂ ਇਹ ਵੀ ਡਰ ਹੈ ਕਿ ਕੋਈ ਅਜਿਹਾ ਸਮਾਂ ਵੀ ਪੈਦਾ ਕੀਤਾ ਜਾ ਸਕਦੈ ਜਦੋਂ ਜ਼ਬਾਨੀ ਗਾਲੀ ਗਲੋਚ (ਸਿਆਸੀ) ਤੋਂ ਉਠਾ ਕੇ ਇਨ੍ਹਾਂ ਦੇਸ਼ਾਂ ਦੇ ਕੋਲੋਂ ਸਚਮੁੱਚ ਦੀ ਪ੍ਰਮਾਣੂ ਜੰਗ ਕਰਵਾਈ ਜਾਵੇ।

ਪ੍ਰਮਾਣੂ ਹਥਿਆਰਾਂ, ਰਾਕਟਾਂ ਅਤੇ ਇਨ੍ਹਾਂ ਦੇ ਨਾਲ ਜੰਗਾਂ ਦੀਆਂ ਸੰਭਾਵਨਾਵਾਂ ਨੂੰ ਨਿਹਾਇਤ ਸਾਧਾਰਨ ਜਿਹੇ ਸ਼ਬਦਾਂ ਦੇ ਨਾਲ ਉਲੀਕਿਆ ਜਾਂਦਾ ਹੈ। ਇੰਜ ਲੱਗਦਾ ਹੈ ਕਿ ਸਿਆਸੀ ਨੀਤੀਆਂ ਦੇ ਮਾਲਕ ਅਤੇ ਜਨ-ਸਮੂਹ, ਪ੍ਰਮਾਣੂ ਸ਼ਸਤਰਾਂ ਦੇ ਵਿਨਾਸ਼ਕਾਰੀ ਚਿਹਰੇ ਤੋਂ ਬੇਖ਼ਬਰ ਹਨ। ਏਸੇ ਲਈ ਪ੍ਰਮਾਣੂ ਜੰਗ ਬਾਰੇ ਵਧੇਰੇ ਸੁਚੇਤ ਹੋਣ ਦੀ ਲੋੜ ਹੈ।

ਸਭ ਤੋਂ ਪਹਿਲਾਂ ਇਹ ਚੰਗੀ ਤਰ੍ਹਾਂ ਜਾਣਨਾ ਚਾਹੀਦਾ ਹੈ ਕਿ ਪ੍ਰਮਾਣੂ ਬੰਬ ਹਮਲੇ ਦਾ ਹਥਿਆਰ ਹੈ, ਰੱਖਿਆ ਦਾ ਨਹੀਂ। ਜੋ ਵੀ ਹਮਲਾ ਕਰੇਗਾ, ਉਸ ਦੀ ਕੋਸ਼ਿਸ਼ ਇਹ ਹੋਵੇਗੀ ਕਿ ਦੁਸ਼ਮਣ ਦੀ ਅਜਿਹੀ ਤਬਾਹੀ ਹੋਵੇ ਕਿ ਵਾਪਸੀ ਜਵਾਬ ਨਾ ਦੇ ਸਕੇ। ਜ਼ਾਹਰ ਹੈ ਕਿ ਹਮਲਾ, ਇਕ ਪ੍ਰਮਾਣੂ ਬੰਬ ਦੇ ਨਾਲ ਨਹੀਂ ਬਲਕਿ ਆਪਣੇ ਕੁਲ ਜ਼ਖ਼ੀਰੇ ਦੇ ਨਾਲ ਕੀਤਾ ਜਾਵੇਗਾ। ਉਸ ਨੇ ਹੀਰੋਸ਼ੀਮਾ, ਨਾਗਾਸਾਕੀ ਵਾਲੇ 20 ਕਿਲੋ ਟਨ ਵਾਲੇ ਨਿੱਕੇ ਬੰਬ ਵੀ ਨਹੀਂ ਵਰਤਣੇ ਬਲਕਿ ਵੱਧ ਤੋਂ ਵੱਧ ਸ਼ਕਤੀ ਵਾਲੇ ਮੈਗਾਟਨਾਂ ਵਾਲੇ ਬੰਬ ਵਰਤਣੇ ਹਨ। ਭਾਰਤ ਅਤੇ ਪਾਕਿਸਤਾਨ ਦੇ ਕੋਲ ਕਿੰਨੀ ਸ਼ਕਤੀ ਵਾਲੇ ਬੰਬ ਹਨ, ਸਾਨੂੰ ਕੋਈ ਖ਼ਬਰ ਨਹੀਂ।

ਇਕੋ ਹੀ ਸਮੇਂ ਬੇਅੰਤ ਪ੍ਰਮਾਣੂ ਬੰਬਾਂ ਤੋਂ ਉਤਪੰਨ ਹੋਈ ਹਾਲਤ ਤਾਂ ਬਿਆਨ ਕਰਨ ਤੋਂ ਬਾਹਰ ਹੈ। ਕੋਸ਼ਿਸ਼ ਕਰਦੇ ਹਾਂ, ਵੇਖੀਏ ਕਿ ਇਕ ਪ੍ਰਮਾਣੂ ਬੰਬ ਦਾ ਧਮਾਕਾ ਕੀ 'ਨਜ਼ਾਰਾ' ਲਿਆ ਸਕਦੈ। ਘੱਟੋ ਘੱਟ ਮੈਗਾਟਨ ਤਾਂ ਇਕ ਹੀ ਹੁੰਦਾ ਹੈ। ਚਲੋ ਏਡੇ ਕੁ ਪ੍ਰਮਾਣੂ ਬੰਬ ਦੇ ਅਸਰਾਂ ਬਾਰੇ ਜਾਣਕਾਰੀ ਲਈਏ। ਭਾਰਤ ਅਤੇ ਪਾਕਿਸਤਾਨ ਅੰਦਰ (ਅਮਰੀਕਾ ਅੰਦਰ ਵੀ ਏਹੀ ਹਾਲ ਹੈ) ਲੋਕ ਇਹ ਸੋਚਦੇ ਹਨ ਕਿ ਪ੍ਰਮਾਣੂ ਲਿਸ਼ਕਾਰਾ ਵੱਜੇਗਾ ਅਤੇ ਸਰੀਰ ਭਸਮ ਹੋ ਜਾਵੇਗਾ। ਬਸ ਏਨਾ ਹੀ। ਅਸਲੀਅਤ ਏਨੀ ਸਾਦ ਮੁਰਾਦੀ ਨਹੀਂ ਹੈ।



ਇਕ ਪ੍ਰਮਾਣੂ ਭੜਾਕੇ ਵਾਲੀ ਥਾਂ ਦੇ ਛੇ ਵਰਗ ਮੀਲ ਦੇ ਇਲਾਕੇ ਨੂੰ 'ਗਰਾਊਂਡ ਜ਼ੀਰੋ' ਕਿਹਾ ਜਾ ਸਕਦਾ ਹੈ। ਉਥੇ ਖੜੋਤੇ ਲੋਕਾਂ ਨੂੰ ਤਾਂ ਖ਼ਬਰ ਹੀ ਨਹੀਂ ਹੋਣੀ ਕਿ ਉਹ ਬੰਬ ਦੀਆਂ 'ਗਾਮਾ ਕਿਰਨਾਂ' ਦੇ ਨਾਲ ਕਦੋਂ ਭਸਮ ਅਤੇ ਗਾਇਬ ਹੋ ਗਏ। ਹਜ਼ਾਰਾਂ ਲੱਖਾਂ ਲੋਕਾਂ ਦੇ ਪੱਥਰਾਂ ਅਤੇ ਕੰਧਾਂ ਉਤੇ ਭੂਤਨੁਮਾ ਪਰਛਾਵੇਂ ਛਪੇ ਹੋਏ ਦਿੱਸਣਗੇ। ਪ੍ਰਮਾਣੂ ਜੰਗ ਅੰਦਰ ਇੰਜ ਮਰ ਕੇ ਸਰੀਰ ਅਤੇ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਣ ਵਾਲੇ ਸਭ ਤੋਂ ਖ਼ੁਸ਼ਕਿਸਮਤ ਲੋਕ ਹੋਣਗੇ।

ਪ੍ਰਮਾਣੂ ਭੜਾਕੇ ਵਿਚੋਂ ਨਿਕਲੀ ਰੌਸ਼ਨੀ ਅਤੇ ਗਰਮੀ ਸੂਰਜ ਦੀ ਅੰਦਰਲੀ ਗਰਮੀ ਨਾਲੋਂ ਵੀ ਕਈ ਗੁਣਾ ਵੱਧ ਹੋਵੇਗੀ। ਦਸ ਮੀਲ ਦੂਰ ਤਕ ਹਰ ਸੜ ਸਕਣ ਵਾਲੀ ਚੀਜ਼ ਨੂੰ ਅੱਗ ਲੱਗ ਜਾਵੇਗੀ। ਕਰੀਬ 700 ਵਰਗ ਮੀਲ ਦੇ ਇਲਾਕੇ ਅੰਦਰ ਹਰ ਜਾਨਦਾਰ, ਇਕਦਮ ਅਤੇ ਸਦਾ ਲਈ ਅੰਨਾ ਹੋ ਜਾਵੇਗਾ- ਇਨਸਾਨ, ਪਸ਼ੂ, ਪਾਲਤੂ ਜਾਨਵਰ, ਉਡਦੇ ਜਾਂਦੇ ਪੰਛੀ ਆਦਿ। ਨਾ ਕੋਈ ਸਰਕਾਰੀ, ਨਾ ਕੋਈ ਫ਼ੌਜੀ, ਨਾ ਹੀ ਕੋਈ ਸਾਧਾਰਨ ਮਨੁੱਖ, ਅੰਨ੍ਹੇ ਹੋਣ ਤੋਂ ਬਚ ਸਕੇਗਾ ਭਾਵੇਂ ਉਸ ਨੇ ਅੱਖਾਂ ਖੁੱਲ੍ਹੀਆਂ ਰੱਖੀਆਂ ਹੋਣ, ਭਾਵੇਂ ਬੰਦ। ਪੰਜਾਹ ਮੀਲ ਦੂਰ ਭਾਵ ਕਰੀਬ 7500 ਵਰਗ ਮੀਲ ਦੇ ਇਲਾਕੇ ਅੰਦਰ ਜੇ ਕਿਸੇ ਨੇ ਏਸ ਭੜਾਕੇ ਵੱਲ ਅੱਖ ਉਠਾ ਕੇ ਵੇਖ ਵੀ ਲਿਆ ਤਾਂ ਉਸ ਦੀ ਅੱਖ ਦਾ ਕੇਂਦਰੀ ਭਾਗ, ਮੈਕੂਲਾ ਪੂਰੀ ਤਰ੍ਹਾਂ ਸੜ ਜਾਵੇਗਾ। ਉਹ ਲੋਕ ਚੱਲਣ ਫਿਰ ਜੋਗਾ ਤਾਂ ਵੇਖ ਲੈਣਗੇ ਪਰ ਪੜ੍ਹਨਾ ਜਾਂ ਪਛਾਣਨਾ ਸਦਾ ਲਈ ਨਾਕਸ ਰਹੇਗਾ। ਇਕਦਮ ਜਾਂ ਸਕਿੰਟ ਦੇ ਦਸਵੇਂ ਹਿੱਸੇ ਵਿਚ ਮਰਨ ਵਾਲੇ ਖ਼ੁਸ਼ਕਿਸਮਤਾਂ ਦੀ ਗਿਣਤੀ ਤਾਂ 10 ਫ਼ੀਸਦੀ ਦੇ ਕਰੀਬ ਹੋਵੇਗੀ। ਬਾਕੀ ਨੱਬੇ ਫੀਸਦੀ ਮਰਨ ਵਾਲਿਆਂ ਨੂੰ ਹੇਠ ਲਿਖੇ ਦੁੱਖ ਸਹਿਣੇ ਪੈਣਗੇ। ਭੜਾਕੇ ਦੀ ਪ੍ਰੈਸ਼ਰ ਲਹਿਰ ਦੇ ਨਾਲ, ਸਰੀਰ ਦੇ ਹਰ ਰਸਤੇ ਵਿਚੋਂ ਖ਼ੂਨ ਚੋਣਾਂ ਸ਼ੁਰੂ ਹੋ ਜਾਵੇਗਾ। ਭੜਾਕੇ ਦੀ ਥਾਂ ਤੋਂ ਸੈਂਕੜੇ ਮੀਲ ਰਫ਼ਤਾਰ ਦੀ ਹਨੇਰੀ ਝੁੱਲੇਗੀ ਜੋ 6 ਮੀਲ ਦੂਰ ਜਾ ਕੇ 70 ਮੀਲ ਪ੍ਰਤੀ ਘੰਟਾ ਰਹਿ ਜਾਵੇਗੀ। ਤੇਜ਼ ਹਨੇਰੀ ਨੇ ਬੇਅੰਤ ਕੁਝ ਉਡਾ ਕੇ ਜਾਨਦਾਰਾਂ ਨਾਲ ਟਕਰਾਉਣਾ ਅਤੇ ਜ਼ਖ਼ਮੀ ਕਰਨਾ ਹੈ। ਕੋਈ 100 ਮੀਲ ਦੇ ਚੱਕਰ (7500 ਵਰਗ ਮੀਲ) ਵਿਚ ਪ੍ਰੈਸ਼ਰ ਲਹਿਰ ਅਤੇ ਹਨੇਰੀ ਦੇ ਨਾਲ ਇਮਾਰਤਾਂ ਅਤੇ ਜਾਨਦਾਰਾਂ ਦੀ ਭਾਰੀ ਤਬਾਹੀ ਹੋਵੇਗੀ। ਲੋਕਾਂ ਦੀਆਂ ਉਲਟੀਆਂ ਨਹੀਂ ਰੁਕਣਗੀਆਂ, ਚਮੜੀ ਉਤੇ ਛਾਲੇ ਪੈ ਜਾਣਗੇ, ਬੇਅੰਤ ਤ੍ਰੇਹ ਲੱਗੇਗੀ (ਕੋਈ ਪਾਣੀ ਪਿਆਉਣ ਵਾਲਾ ਨਹੀਂ ਮਿਲੇਗਾ।) ਅਤੇ ਸਿਰ ਦੇ ਵਾਲਾਂ ਦੇ ਗੁੱਛੇ ਝੜਨ ਲੱਗ ਪੈਣਗੇ। ਜਾਨਵਰਾਂ ਦਾ ਵੀ ਇਹੀ ਹਾਲ ਹੋਵੇਗਾ। ਪ੍ਰਭਾਵਤ ਲੋਕਾਂ ਨੂੰ ਏਸ ਇਲਾਕੇ ਤੋਂ ਦੂਰ ਲਿਜਾਣਾ ਔਖਾ ਹੋਵੇਗਾ। ਲੱਖਾਂ ਲੋਕਾਂ ਨੂੰ ਕੌਣ ਤੁਰੰਤ ਲਿਜਾਣ ਵਾਲਾ ਹੈ? ਜੇ ਕਾਮਯਾਬੀ ਹੋ ਵੀ ਜਾਏ ਤਾਂ ਵੀ ਉਪਰ ਲਿਖੀਆਂ ਤਕਲੀਫ਼ਾਂ ਤਾਂ ਹੋਣੀਆਂ ਹੀ ਹੋਣੀਆਂ ਹਨ।

ਇਕ ਮੈਗਾਟਨ ਪ੍ਰਮਾਣੂ ਭੜਾਕੇ ਤੋਂ ਉਠਦਾ ਬੱਦਲ ਕਰੀਬ ਦਸ ਮੀਲ ਉੱਚਾ ਅਤੇ ਏਨਾ ਹੀ ਚੌੜਾ ਹੋਵੇਗਾ। ਘੰਟੇ ਕੁ ਪਿਛੋਂ ਇਹ ਦਿਸਣੋਂ ਹਟ ਜਾਵੇਗਾ। ਉਪਰ ਚੜ੍ਹੀ ਰੇਡੀਓ ਐਕਟਿਵ ਟੁੱਟ ਭੱਜ ਧਰਤੀ ਉਤੇ ਬਰਸਾਤ ਵਾਂਗ ਡਿੱਗੇਗੀ। ਰੇਡੀਓ ਐਕਟਿਵ ਬੱਦਲ ਅੰਦਰਲਾ ਮਾਦਾ ਹਵਾ ਦੇ ਰੁਖ ਨਾਲ 400 ਮੀਲ ਲੰਮਾ ਹੋ ਕੇ ਖਿਲਰੇਗਾ। ਬੇਅੰਤ ਮੌਤਾਂ ਅਤੇ ਤਬਾਹੀ ਦੀ ਜ਼ਿੰਮੇਵਾਰੀ, ਦੋਹਾਂ ਦੇਸ਼ਾਂ ਵਿਚ ਕੌਣ ਲੈਣ ਵਾਲਾ ਹੈ? ਕੋਈ ਬਚਿਆ ਹੋਵੇਗਾ ਤਾਂ ਬੋਲੂ, ਜੇ ਕੋਈ ਟੀ.ਵੀ. ਜਾਂ ਰੇਡੀਓ ਮੀਡੀਆ ਕੰਮ ਕਰਦਾ ਬਚਿਆ ਹੋਵੇਗਾ ਤਾਂ ਹੀ ਖ਼ਬਰ ਖਿਲਰੂ ਸੁਣਨ ਵੇਖਣ ਵਾਲਿਆਂ ਦੇ ਯੰਤਰ ਬਚ ਰਹੇ ਹੋਣਗੇ? ਬਿਜਲੀ ਚੱਲ ਰਹੀ ਹੋਵੇਗੀ?

ਹਮਲੇ ਦਾ ਹੁਕਮ ਦੇਣ ਵਾਲੇ ਅਤੇ ਕੰਪਿਊਟਰ ਰਾਹੀਂ ਰਾਕਟ ਦਾਗ਼ਣ ਵਾਲੇ ਆਪ ਤਾਂ ਧਰਤੀ ਦੇ ਹੇਠਾਂ ਏਅਰ ਕੰਡੀਸ਼ਨਡ ਭੋਰਿਆਂ ਵਿਚ ਹੋਣਗੇ। ਜਦੋਂ ਕਦੇ ਬਾਹਰ ਨਿਕਲ ਕੇ ਵੇਖਣਗੇ ਤਾਂ ਸਮਝ ਆਵੇਗੀ ਕਿ ਉਨ੍ਹਾਂ ਨੇ ਕਿੰਨਾ ਭਾਰੀ ਗੁਨਾਹ ਕੀਤਾ ਹੈ।

ਪ੍ਰਮਾਣੂ ਭੜਾਕੇ ਦਾ ਧੱਕਾ ਮਹਿਸੂਸ ਕਰਨ ਵਾਲੇ ਤਾਂ ਹੈਰਾਨੀ ਅਤੇ ਸਹਿਮ ਨਾਲ ਸੁੰਨ ਹੋਏ ਪਏ ਹੋਣਗੇ। ਉਨ੍ਹਾਂ ਦੀ ਸੋਚਣ ਸ਼ਕਤੀ ਤਾਂ ਸਿਫ਼ਰ ਦੇ ਨੇੜੇ ਹੋਵੇਗੀ। ਕਈ ਤਾਂ ਪਲਾਂ ਵਿਚ ਪਾਗਲ ਹੋ ਜਾਣਗੇ (ਉਨ੍ਹਾਂ ਨੂੰ ਵੀ ਕਿਸਮਤ ਵਾਲੇ ਕਹਿ ਲਵੋ)। ਹੁਣ ਤਾਂ ਮਹਾਂ ਤੱਤੀ ਅੱਗੇ ਹਨੇਰੀ ਨੇ ਆਉਣਾ ਹੈ। ਅੱਗ ਹਨੇਰੀ, ਮਿੰਟਾਂ ਵਿਚ ਹੀ ਤੂਫ਼ਾਨ ਵਾਂਗ ਉਠੇਗੀ। ਏਨੀ ਤੱਤੀ ਕਿ ਪੱਕੀਆਂ ਸੜਕਾਂ ਦੇ ਪੱਥਰ ਵੀ ਪੰਘਰ ਜਾਣਗੇ। ਭੱਜ ਕੇ ਸੜਕ ਟੱਪਣ ਵਾਲੇ ਰਾਹ ਵਿਚ ਹੀ ਖੁਰ ਕੇ ਸੜਕ ਵਿਚ ਰਲ ਜਾਣਗੇ। ਲੋਕ ਛੱਪੜਾਂ, ਨਹਿਰਾਂ, ਦਰਿਆਵਾਂ ਵਿਚ ਛਾਲਾਂ ਮਾਰਨਗੇ। ਜਿਉਂ ਹੀ ਸਰੀਰ ਨੂੰ ਪਾਣੀਓਂ ਬਾਹਰ ਕੱਢਣਗੇ, ਫਿਰ ਅੱਗ ਲੱਗ ਜਾਵੇਗੀ, ਬਚਣ ਦਾ ਤਾਂ ਸਵਾਲ ਹੀ ਨਹੀਂ ਉਠਦਾ। ਇਹ ਸੜ ਮਰਨ ਵਾਲੇ ਵੀ ਥੋੜ੍ਹਾ ਕਿਸਮਤ ਵਾਲੇ ਸਮਝੋਗੇ, ਜਦੋਂ ਅਗਲਿਆਂ ਦਾ ਹਾਲ ਪੜ੍ਹੋਗੇ ਤਾਂ।

ਬੇਅੰਤ ਬਚੇ ਹੋਏ ਕੁਝ ਚਿਰ ਲਈ ਆਪਣੇ ਆਪ ਨੂੰ ਠੀਕ ਠਾਕ ਸਮਝਣਗੇ। ਉਨ੍ਹਾਂ ਨੂੰ ਆਉਣ ਵਾਲੀ ਭਿਆਨਕ ਦੁਖਦਾਈ ਮੌਤ ਦਾ ਗਿਆਨ ਹੌਲੀ ਹੌਲੀ ਹੋਣਾ ਹੈ। ਸ਼ੁਰੂਆਤ ਹੁੰਦੀ ਹੈ ਚਮੜੀ ਦੀ ਝੁਨਝੁਨਾਹਟ ਦੇ ਨਾਲ। ਦਰਅਸਲ ਅੰਦਰਲੇ ਸਰੀਰ ਦਾ ਕਿਣਕਾ ਕਿਣਕਾ ਮਾਲੀਕਿਊਲ ਦੀ ਪੱਧਰ ਉਤੇ ਟੁੱਟ ਚੁੱਕਾ ਹੁੰਦਾ ਹੈ। ਫ਼ੇਫੜੇ, ਜਿਗਰ, ਆਂਦਰਾਂ, ਦਿਲ, ਗੁਰਦੇ ਆਦਿ, ਸਭ ਲਹੂ ਲੁਹਾਨ ਪਿਲਪਿਲੇ ਹੋ ਜਾਂਦੇ ਹਨ। ਸਰੀਰ ਦੀ ਹਰ ਮੋਰੀ ਵਿਚੋਂ ਲਹੂ ਸਿੰਮਦਾ ਹੈ। ਅਖ਼ੀਰ ਮੌਤ ਹੀ ਇਕ ਦੇਵੀ ਵਾਂਗ ਆ ਕੇ ਦੁੱਖਾਂ ਤੋਂ ਛੁਟਕਾਰਾ ਦਿਵਾਉਂਦੀ ਹੈ।

ਮੌਤ ਨੇ ਏਥੇ ਹੀ ਬਸ ਨਹੀਂ ਕਰ ਦੇਣੀ। ਰੇਡੀਓ ਐਕਟਿਵ ਕਿਣਕੇ ਬੜੀ ਦੂਰ ਤਕ ਬਲਕਿ ਕੁਲ ਦੁਨੀਆਂ ਅੰਦਰ ਫ਼ੈਲਣੇ ਹਨ ਅਤੇ ਕੈਂਸਰ, ਲਿਊਕੀਮੀਆ ਦੇ ਨਾਲ-ਨਾਲ ਬੇਅੰਤ ਜੱਦੀ ਰੋਗਾਂ ਦਾ ਕਾਰਨ ਬਣਨੇ ਹਨ। ਪ੍ਰਮਾਣੂ ਹਥਿਆਰਾਂ ਨੂੰ ਕੀ ਪਤਾ ਕਿ ਜੰਗ ਬੰਦ ਹੋ ਗਈ ਹੈ। ਉਨ੍ਹਾਂ ਦੇ ਕਿਣਕੇ ਜਿਸ ਕਿਸੇ ਅੰਦਰ ਗਏ, ਉਸ ਦਾ ਸਮਝੋ ਕਿਸੇ ਭਿਆਨਕ ਰੋਗ ਦੇ ਨਾਲ ਕਲਿਆਣ ਹੋ ਗਿਆ। ਪ੍ਰਮਾਣੂ ਕਿਣਕਿਆਂ ਨੇ ਦਰਿਆਵਾਂ, ਨਹਿਰਾਂ ਦੇ ਪਾਣੀਆਂ ਦੇ ਨਾਲ ਵਹਿ ਕੇ ਦੂਰ-ਦੁਰਾਡੇ ਪਹੁੰਚ ਕੇ ਮਾਰ ਕਰਨੀ ਹੈ। ਹਨੇਰੀਆਂ ਤੇ ਬਾਰਸ਼ਾਂ ਨੇ ਵੀ ਇਹੀ ਕੁਝ ਕਰਨਾ ਹੈ।

ਪ੍ਰਮਾਣੂ ਹਥਿਆਰ ਦੇਸ਼ਾਂ ਦੀਆਂ ਸਿਆਸੀ ਸਰਹੱਦਾਂ ਨੂੰ ਨਹੀਂ ਪਛਾਣਦੇ। ਉਨ੍ਹਾਂ ਲਈ ਤਾਂ ਲਾਹੌਰ ਅਤੇ ਅੰਮ੍ਰਿਤਸਰ ਇਕ ਹੀ ਹੈ। ਪ੍ਰਮਾਣੂ ਬੰਬ ਕਿਸੇ ਇਕ ਉਤੇ ਫਟ ਜਾਵੇ, ਤਬਾਹ ਦੋਵੇਂ ਹੀ ਹੋਣਗੇ। ਜੇ ਦੋਹਾਂ ਉਤੇ ਹਮਲਾ ਹੋਇਆ, ਫਿਰ ਤਾਂ ਕੁਝ ਕਹਿਣ ਸੁਣਨ ਦੀ ਲੋੜ ਹੀ ਨਹੀਂ। ਦੋਵੇਂ ਸ਼ਹਿਰ ਰਲ ਕੇ ਇਕ ਨਵਾਂ 'ਖੰਡਰ ਸ਼ਹਿਰ' ਬਣਾਉਣਗੇ, ਜੋ ਸਦੀਵੀ ਹੋਵੇਗਾ।

ਜੇ ਪ੍ਰਮਾਣੂ ਬੰਬ ਹਵਾ ਵਿਚ ਫਟਾਇਆ ਜਾਵੇ ਤਾਂ ਉਸ ਤੋਂ ਉਪਜਦੀਆਂ ਜ਼ੋਰਦਾਰ ਬਿਜਲ-ਚੁੰਬਕੀ ਤਰੰਗਾਂ (ਇਲੈਕਟ੍ਰੋਮੈਗਨੈਟਿਕ ਲਹਿਰਾਂ) ਦਾ ਭੜਾਕਾ ਜਿੰਨਾ ਉਚਾ ਕੀਤਾ ਜਾਵੇਗਾ, ਬਿਜਲ-ਚੁੰਬਕ ਹਮਲਾ ਓਨਾ ਹੀ ਦੂਰ ਤਕ ਜਾਵੇਗਾ। ਟੈਲੀਫ਼ੋਨ ਅਤੇ ਮੋਬਾਈਲ ਸੰਪਰਕ, ਕੁਲ ਦੁਨੀਆਂ ਤੋਂ ਕੱਟ। ਜਿਹੜੇ ਹਿਰਦਾ ਰੋਗੀ, ਪੇਸਮੇਕਰਾਂ ਦੇ ਸਿਰ 'ਤੇ ਜਿਊਂਦੇ ਹਨ, ਉਹ ਤਾਂ ਉਸੇ ਪਲ ਮਰ ਡਿੱਗਣਗੇ। ਕੁਲ ਕੰਪਿਊਟਰ ਸਦਾ ਲਈ ਬੰਦ ਹੋ ਜਾਣਗੇ ਅਤੇ ਬਿਜਲੀ ਵੀ ਗੁੱਲ ਹੋ ਜਾਵੇਗੀ। ਉੱਡ ਰਹੇ ਸਵਾਰੀ ਅਤੇ ਤਜਾਰਤੀ ਹਵਾਈ ਜਹਾਜ਼ ਬੇਕਾਬੂ ਹੋ ਕੇ ਧੜੰਮ ਡਿੱਗਣਗੇ। ਇਸ ਪਿਛੋਂ ਹਵਾਈ ਸਹਾਇਤਾ ਕਿਹੜੇ ਪਾਸਿਓਂ ਆਉਣੀ ਹੈ?

ਜਦੋਂ ਵੀ ਭਾਰਤ ਅਤੇ ਪਾਕਿਸਤਾਨ ਅੰਦਰ ਪ੍ਰਮਾਣੂ ਤਜਰਬੇ ਹੋਏ ਹਨ, ਮੂੜ੍ਹ ਸਿਆਸੀਆਂ ਦੀ ਚੁੱਕ ਵਿਚ ਆ ਕੇ ਲੋਕਾਂ ਨੇ ਸੜਕਾਂ ਉਤੇ ਜਸ਼ਨ ਮਨਾਏ ਹਨ, ਲੱਡੂ ਵੰਡੇ ਹਨ, ਪ੍ਰਮਾਣੂ ਮੰਦਰ ਉਸਾਰਨ ਦੀ ਗੱਲ ਹੋਈ ਹੈ। ਕਿਉਂ ਭਲਾ? ਨਿਰੀ ਮੂਰਖਤਾ।

ਘਰਾਂ ਦੇ ਅੰਦਰ ਜਿਥੇ ਵੀ ਕੋਈ ਧਾਤ ਵਰਤੀ ਗਈ ਹੈ, ਇਕਦਮ ਬੇਅੰਤ ਬਿਜਲੀ ਉਚੀ ਚੜ੍ਹ ਜਾਵੇਗੀ, ਜਿਸ ਨਾਲ ਕੁਲ ਮੋਟਰਾਂ ਆਦਿ ਇਲੈਕਟ੍ਰਾਨਿਕ ਉਪਕਰਨ ਸੜ ਜਾਣਗੇ। ਫਿਰ ਪੀਣ ਲਈ ਪਾਣੀ ਕਿਉਂ ਆਉਣਾ ਹੈ? ਕੋਈ ਵੀ ਕੰਮ ਨਵੇਂ ਸਿਰਿਓਂ ਕਿਵੇਂ ਸ਼ੁਰੂ ਕਰਨਾ ਹੈ? ਰੇਲਵੇ ਲਾਈਨਾਂ, ਟੈਲੀਫ਼ੋਨ ਤਾਰਾਂ, ਮੋਟਰ ਗੱਡੀਆਂ, ਗੱਲ ਕੀ, ਧਾਤ ਵਾਲੀਆਂ ਚੀਜ਼ਾਂ ਅੰਦਰ ਇਕੋ ਹੀ ਸਮੇਂ ਬੇਅੰਤ ਬਿਜਲੀ ਸ਼ਕਤੀ ਨੇ ਪ੍ਰਵੇਸ਼ ਕਰਨਾ ਹੈ ਅਤੇ ਇਕੋ ਹੀ ਪਲ ਵਿਚ ਕੁਲ ਗੈਸ ਸਿਲੰਡਰ ਟੈਂਕੀਆਂ ਕਾਰਾਂ ਅਤੇ ਟਰੱਕ ਫ਼ਟ ਜਾਣਗੇ। ਜੋ ਚੀਜ਼ ਪਾਟੇਗੀ ਨਹੀਂ, ਉਹ ਕੰਮ ਕਰਨੋਂ ਤਾਂ ਹਟ ਹੀ ਜਾਵੇਗੀ।

ਅਜੇ ਤਾਂ ਇਕੋ ਹੀ ਮੈਗਾਟਨ ਦੇ ਪ੍ਰਮਾਣੂ ਬੰਬ ਦੇ ਨਤੀਜਿਆਂ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਹੈ। ਜੇ ਬੰਬਾਂ ਦੀ ਗਿਣਤੀ ਦਰਜਨਾਂ ਤੋਂ ਉਪਰ ਹੋਈ ਜਾਂ ਬੰਬ ਵੱਡਾ ਹੋਇਆ ਤਾਂ ਕੁਲ 'ਹਿੰਦ-ਪਾਕਿ ਖੰਡਰਸਤਾਨ' ਹੋਂਦ ਵਿਚ ਆ ਜਾਵੇਗਾ।

ਕਿਸੇ ਫ਼ੌਜੀ ਪ੍ਰਮਾਣੂ ਪ੍ਰਾਪਤੀ ਸਮੇਂ ਭੰਗੜੇ ਅਤੇ ਲੱਡੂਆਂ ਦੀ ਕੋਈ ਥਾਂ ਨਹੀਂ। ਗੰਭੀਰ ਵਿਚਾਰਾਂ ਦੀ ਲੋੜ ਹੈ। ਪ੍ਰਮਾਣੂ ਹਥਿਆਰਾਂ ਦੇ ਵਿਕਾਸ ਦੀ ਥਾਂ ਕੁਲ ਦੇਸ਼ਾਂ ਨੂੰ ਬਹੁਪੱਖੀ ਵਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ। ਪ੍ਰਮਾਣੂ ਡਿਪਲੋਮੇਸੀ ਨਾਂ ਦੀ ਕੋਈ ਚੀਜ਼ ਨਹੀਂ। ਪ੍ਰਮਾਣੂ ਹਥਿਆਰਾਂ ਨੂੰ ਕੁਲ ਦੇਸ਼ਾਂ ਅੰਦਰੋਂ ਖ਼ਤਮ ਕਰਨ ਲਈ ਲੋਕਾਈ ਨੂੰ ਇਕਜੁੱਟ ਹੋਣਾ ਚਾਹੀਦਾ ਹੈ।

ਸੰਨ 2000 ਦੇ ਅੰਤ ਜਾਂ 2001 ਦੇ ਸ਼ੁਰੂ ਵਿਚ ਇਕ ਯੂਰਪੀ-ਅਮਰੀਕੀ ਡੈਲੀਗੇਸ਼ਨ, ਜਿਸ ਦੀ ਅਗਵਾਈ ਅਮਰੀਕਨ ਮੀਤ ਸਕੱਤਰ 'ਕ੍ਰਿਸਟੀਨਾ ਰੋਕਾ' ਕਰ ਰਹੀ ਸੀ, ਅੰਮ੍ਰਿਤਸਰ ਵਿਚੋਂ ਲੰਘਿਆ। ਰਾਤ ਨੂੰ ਪ੍ਰਸ਼ਾਸਨ ਵਲੋਂ ਕਰਵਾਏ ਭੋਜ ਸਮੇਂ ਮੈਂ ਇਕੋ ਇਕ ਗ਼ੈਰ ਸਰਕਾਰੀ ਸ਼ਹਿਰੀ ਸਾਂ। ਗੱਲਾਂ ਗੱਲਾਂ ਵਿਚ ਮੈਂ ਇਕ ਯੂਰਪੀ ਇਸਤਰੀ ਨੂੰ ਉਨ੍ਹਾਂ ਦੇ ਹਿੰਦ-ਪਾਕਿ ਦੌਰੇ ਦੇ ਕਾਰਨ ਬਾਰੇ ਪੁੱਛਿਆ। ਉਸ ਨੇ ਜਵਾਬ ਦਿੱਤਾ, ''ਵੀ ਆਰ ਲੁਕਿੰਗ ਐਟ ਦਾ ਪੌਸੀਬਲ ਨਿਊਕਲੀਅਰ ਫਲੈਸ਼ ਪੁਆਇੰਟ'' ਭਾਵ ਭਵਿੱਖ ਵਿਚ ਸੰਭਵ ਪ੍ਰਮਾਣੂ ਲੜਾਈ ਦਾ ਖ਼ਿੱਤਾ। ਓਦੋਂ ਕਾਰਗਿਲ ਦਾ ਝਗੜਾ ਨਹੀਂ ਸੀ ਸ਼ੁਰੂ ਹੋਇਆ। ਬਾਹਰਲੀਆਂ ਸ਼ਕਤੀਆਂ ਨੂੰ ਇਲਹਾਮ ਹੁੰਦੇ ਜਾਂ ਜੰਗਾਂ ਦੇ ਪਿੱਛੇ ਇਹ ਆਪ ਹੁੰਦੀਆਂ ਨੇ?

ਕਾਰਲ ਕਲਾਸਵਿਟਜ਼ (1780-1831) ਇਕ ਜਰਮਨ ਫ਼ਿਲਾਸਫ਼ਰ ਦੇ ਕਥਨ ਅਨੁਸਾਰ, ''ਜੰਗ, ਸਿਆਸਤ ਨੂੰ ਜਾਰੀ ਰੱਖਣ ਦਾ ਇਕ ਵੱਖਰਾ ਰੂਪ ਹੈ।'' ਇਸ ਸਿਆਸਤ ਨੂੰ ਸਮਝਣ ਦੀ ਲਗਾਤਾਰ ਕੋਸ਼ਿਸ਼ ਕਰਨਾ ਹਰ ਸਮਝਦਾਰ ਪ੍ਰਾਣੀ ਦਾ ਫ਼ਰਜ਼ ਹੈ।

# ਜ਼ਹਿਰੀਲੇ ਪਾਣੀ ਦਾ ਡੰਗ

*ਕਿਸੇ ਵੇਲੇ ਪੰਜਾਬ ਦੀ ਧਰਤੀ ਦੇ ਪਾਣੀ ਨੂੰ ਪਵਿੱਤਰ ਤੇ ਰੋਗ ਮੁਕਤ ਮੰਨਿਆ ਜਾਂਦਾ ਸੀ। ਇਥੋਂ ਤਕ ਕਿ ਭਾਰਤ ਦੇ ਦੂਸਰੇ ਪ੍ਰਾਂਤਾਂ ਤੋਂ ਲੋਕ ਪੰਜਾਬ ਦੇ ਪਾਣੀ ਦੀ ਸਿਫ਼ਤ ਕਰਦੇ ਸਨ। ਪੰਜਾਬ ਦੀ ਵੰਡ ਵੀ ਪਾਣੀਆਂ ਦੇ ਅਧਾਰ 'ਤੇ ਹੋਈ ਸੀ। ਪਰ ਹੁਣ ਏਸ ਪੰਜਾਬ ਦੀ ਧਰਤੀ ਦੇ ਪਾਣੀ ਨੂੰ 'ਕੈਂਸਰ ਦਾ ਪਾਣੀ' ਵੀ ਕਿਹਾ ਜਾਣ ਲੱਗ ਪਿਆ ਹੈ। ਜੋ ਪਾਣੀ ਭੁੱਖੇ ਪੇਟ ਦੀ ਅੱਗ ਬੁਝਾਉਣ ਲਈ ਵਰਤਿਆ ਜਾਂਦਾ ਸੀ ਹੁਣ ਉਹੀ ਜ਼ਹਿਰ ਬਣ ਗਿਆ ਹੈ। ਲੋਕ ਪਾਣੀ ਨਾਲ ਲੱਗਣ ਵਾਲੀਆਂ ਬਿਮਾਰੀਆਂ ਦੇ ਡਰੋਂ ਦੂਜੇ ਸੂਬਿਆਂ ਵੱਲ ਪ੍ਰਵਾਸ ਕਰ ਰਹੇ ਹਨ। ਇਸ ਸਬੰਧੀ ਵਿਸਥਾਰ ਨਾਲ 'ਬਲਜਿੰਦਰ ਕੋਟਭਾਰਾ' ਹਥਲੇ ਲੇਖਕ ਵਿਚ ਵਿਚਾਰ ਚਰਚਾ ਕਰ ਰਹੇ ਹਨ।*



ਬਲਜਿੰਦਰ ਕੋਟਭਾਰਾ
+91-96536-12211

ਲਗਾਤਾਰ ਦੂਜੀ ਵਾਰ ਸੱਤਾ ਦਾ ਸੁੱਖ ਮਾਣ ਰਹੇ ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ, ਪੰਥ ਰਤਨ ਫਖ਼ਰ-ਏ-ਕੌਮ ਵਰਗੀਆਂ ਪਦਵੀਆਂ ਨਾਲ ਨਿਵਾਜੇ ਜਾ ਚੁੱਕੇ ਪੰਜਾਬ ਦੇ ਪੰਜਵੀਂ ਵਾਰ ਮੁੱਖ ਮੰਤਰੀ ਬਣੇ ਸ.ਪਰਕਾਸ਼ ਸਿੰਘ ਬਾਦਲ ਸੂਬੇ ਦੇ ਵਿਕਾਸ ਦੀਆਂ ਗੱਲਾਂ ਦਾ ਕੜਾਹ ਕਰਕੇ ਵੋਟਰਾਂ ਨੂੰ ਭਰਮਾਅ ਲੈਂਦੇ ਹਨ। ਇਹ ਵਿਕਾਸ ਕਿੱਥੇ ਹੋ ਰਿਹਾ ਹੈ? ਇਹ ਸੁਆਲ ਹਰ ਉਸ ਸ਼ਖਸ ਦੇ ਮਨ ਵਿਚ ਜ਼ਰੂਰ ਉੱਠਦਾ ਹੈ ਜੋ ਸ ਬਾਦਲ ਦੇ ਜੱਦੀ ਹਲਕੇ ਦੇ ਨੇੜੇ ਦੇ ਪਿੰਡਾਂ ਦੀ ਜ਼ਮੀਨੀ ਹਕੀਕਤ ਜਾਣਦਾ ਹੈ। ਜਿਹੜੇ ਵਿਕਾਸ ਦੀ ਗੱਲ ਕਰਕੇ ਵੋਟਾਂ ਬਟੋਰੀਆਂ ਜਾਂਦੀਆਂ ਹਨ, ਉਹ ਵਿਕਾਸ ਇਹਨਾਂ ਪਿੰਡਾਂ ਦੇ ਲੋਕਾਂ ਲਈ ਕੋਈ ਮਾਇਨੇ ਨਹੀਂ ਰੱਖਦਾ। ਬਾਕੀ ਸੁੱਖ ਸਹੂਲਤਾਂ ਦੀ ਗੱਲ ਛੱਡੋ, ਇਹਨਾਂ ਪਿੰਡਾਂ ਵਿਚ ਪੀਣ ਲਈ ਜਿਹੜਾ ਪਾਣੀ ਉਪਲੱਬਧ ਹੈ, ਉਸ ਨੂੰ ਸਾਧਨ ਸੰਪੰਨ ਲੋਕਾਂ ਦੀ ਭਾਸ਼ਾ 'ਚ ਸੀਵਰੇਜ ਦਾ ਪਾਣੀ ਕਿਹਾ ਜਾਂਦਾ ਹੈ ਪਰ ਸਾਧਨ ਵਿਹੂਣੇ ਲੋਕ ਇਹੀ ਪਾਣੀ ਪੀ ਰਹੇ ਹਨ। ਹੋਰ ਕੋਈ ਚਾਰਾ ਨਹੀਂ, ਮਜਬੂਰੀ ਹੈ। ਫਿਲਟਰ ਪਾਣੀ ਦੀਆਂ ਕੁਰਲੀਆਂ ਕਰਨ ਵਾਲੀ 'ਵੱਡੀ ਸਰਕਾਰ' ਸ਼ਾਇਦ ਨਹੀਂ ਜਾਣਦੀ ਕਿ ਉਸ ਦੇ ਗੁਆਂਢੀ ਪਿੰਡਾਂ ਦੇ ਲੋਕ ਕੱਚੀਆਂ ਫਲੱਸ਼ਾਂ ਦੀ ਗੰਦਗੀ ਰਲਿਆ ਪਾਣੀ ਪੀ ਕੇ ਮੌਤ ਨੂੰ 'ਵਾਜਾਂ ਮਾਰ ਰਹੇ ਹਨ।

ਅੱਤ ਦੀ ਗਰੀਬੀ ਤੇ ਜਗ੍ਹਾ ਦੀ ਤੰਗੀ ਦੇ ਚੱਲਦਿਆਂ ਬਾਦਲ ਪਿੰਡ ਨੇੜਲੇ ਪਿੰਡਾਂ ਦੇ ਲੋਕਾਂ ਨੇ ਆਪਣੇ ਘਰਾਂ ਵਿਚ 15-20 ਫੁੱਟ ਡੂੰਘੀਆਂ ਕੱਚੀਆਂ ਖੂਹੀਆਂ ਪੁੱਟ ਕੇ ਬੁੱਤਾ ਸਾਰਨ ਜੋਗੀਆਂ ਟਾਇਲਟਾਂ ਬਣਾਈਆਂ ਹੋਈਆਂ ਹਨ ਤੇ ਨਿੱਕੇ ਵਿਹੜਿਆਂ ਵਿਚ ਇਹਨਾਂ ਕੱਚੀਆਂ ਖੂਹੀਆਂ ਦੇ ਬਿਲਕੁਲ ਨਜ਼ਦੀਕ ਹੀ ਨਲਕੇ ਦੇ ਬੋਰ ਕੀਤੇ ਹੋਏ ਹਨ। ਮਾੜੀ-ਮੋਟੀ ਸੋਝੀ ਰੱਖਣ ਵਾਲੇ ਵੀ ਜਾਣਦੇ ਹਨ ਕਿ ਜ਼ਮੀਨ ਹੇਠਲਾ ਪਾਣੀ ਮਿੱਟੀ ਦੀਆਂ ਪਰਤਾਂ ਨੂੰ ਪਾਰ ਕਰਕੇ ਰ਼ਲ ਜਾਂਦਾ ਹੈ। ਕੱਚੀ ਮਿੱਟੀ ਗੰਦੇ ਤੇ ਸਾਫ ਪਾਣੀ ਦਰਮਿਆਨ ਦੀਵਾਰ ਨਹੀਂ ਬਣ ਸਕਦੀ। ਫਲੱਸ਼ਾਂ ਦੀ ਗੰਦਗੀ ਨਲਕੇ ਦੇ ਬੋਰ ਵਾਲੇ ਪਾਣੀ 'ਚ ਘੁਲੀ ਸਾਫ ਨਜ਼ਰ ਆਉਂਦੀ ਹੈ। ਨਤੀਜਾ ਭਿਆਨਕ ਬਿਮਾਰੀਆਂ ਨੇ ਪਰਿਵਾਰ ਦੇ ਜੀਆਂ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਇਹ ਗੰਦਾ ਪਾਣੀ ਹੱਡਾਂ ਨੂੰ ਕਿਸ ਹੱਦ ਤੱਕ ਗਾਲਦਾ ਹੈ ਉਸ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਇਹ ਨਲਕੇ ਦੀਆਂ ਲੋਹੇ ਵਾਲੀਆਂ ਨਾਲੀਆਂ ਨੂੰ ਵੀ ਨਿਗਲ ਰਿਹਾ ਹੈ।

ਬਾਦਲ ਪਰਿਵਾਰ ਦੇ ਤਿੰਨ ਮੈਂਬਰ ਪੰਜਾਬ ਦੀ ਰਾਜਨੀਤੀ ਵਿੱਚ ਉੱਚ ਅਹੁਦਿਆਂ 'ਤੇ ਬਿਰਾਜਮਾਨ ਹਨ, ਇਹਨਾਂ ਦੇ ਆਪਣੇ ਹੀ ਜੱਦੀ ਪਿੰਡ ਤੋਂ ਮਹਿਜ 12-14 ਕਿਲੋਮੀਟਰ ਦੂਰ ਪੈਂਦੇ ਕੁਝ ਪਿੰਡਾਂ ਦੇ ਸਰਵੇਖਣ ਤੋਂ ਬਾਅਦ ਦਿਲ ਕੰਬਾਊ ਤੱਥ ਸਾਹਮਣੇ ਆਏ ਹਨ।

ਪਿੰਡ ਬਾਦਲ ਤੋਂ 12 ਕਿਲੋਮੀਟਰ ਦੂਰ ਪੈਂਦੇ ਪਿੰਡ ਕੋਟ ਗੁਰੂ ਵਿਚ ਇੱਕ ਦਰਜਨ ਦੇ ਕਰੀਬ ਘਰਾਂ ਵਿੱਚ ਇਹ ਭਿਆਨਕ ਸਥਿਤੀ ਦੇਖਣ ਨੂੰ ਮਿਲਦੀ ਹੈ। ਪਿੰਡ ਦਾ ਮਿਸਤਰੀ ਬਲਜੀਤ ਸਿੰਘ ਭਰ ਜਵਾਨੀ ਵਿੱਚ ਇਸ ਗੰਦੇ ਪਾਣੀ ਦਾ ਨਤੀਜਾ ਭੁਗਤ ਰਿਹਾ ਹੈ। ਇਸ ਦੇ ਘਰ ਵਿੱਚ ਕੱਚੀ ਫਲੱਸ਼ ਕੋਲ ਹੀ ਪਾਣੀ ਵਾਲਾ ਨਲਕਾ ਹੋਣ ਕਾਰਣ ਉਸ ਨੂੰ 33 ਸਾਲ ਦੀ ਉਮਰ ਵਿੱਚ ਹੀ ਗੋਡਿਆਂ ਅਤੇ ਪਿੱਠ ਦਾ ਭਿਆਨਕ ਦਰਦ ਰਹਿਣ ਲੱਗ ਪਿਆ। ਉਹ ਅਜੇ ਇਸ ਦਰਦ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਵਿੱਚ ਹੀ ਸੀ ਕਿ ਉਸ ਨੂੰ ਦੌਰੇ ਪੈਣ ਲੱਗ ਪਏ। ਇਹ ਨੌਜਵਾਨ ਦੌਰਿਆਂ ਤੋਂ ਖਹਿੜਾ ਛੁਡਵਾਉਣ ਦੇ ਯਤਨਾਂ ਵਿੱਚ ਸੀ ਕਿ ਉਸ ਦੇ ਗੁਰਦੇ ਵੀ ਇਸ ਰੋਗ ਦੀ ਮਾਰ ਵਿੱਚ ਆ ਗਏ। ਨਿਰਾਸ਼ਾ ਦੀ ਹਾਲਤ ਵਿੱਚ ਆਪਣੇ ਨਾਲ ਬੀਤੇ ਦੁੱਖਾਂ ਦੀ ਕਹਾਣੀ ਦੱਸਦਾ ਕਹਿੰਦਾ ਹੈ ਕਿ 6 ਮਹੀਨਿਆਂ ਤੋਂ ਉਹ ਆਪਣੇ ਗੁਰਦੇ ਦਾ ਇਲਾਜ ਕਰਵਾ ਰਿਹਾ ਹੈ। ਪ੍ਰਾਈਵੇਟ ਹਸਪਤਾਲ ਵਿੱਚੋਂ ਇਲਾਜ ਕਰਵਾਉਣ 'ਤੇ ਉਸ ਦੇ ਲੱਖਾਂ ਰੁਪਏ ਖ਼ਰਚ ਹੋ ਗਏ, ਜਿਸ ਕਾਰਣ ਉਹ ਡੇਢ ਲੱਖ ਰੁਪਏ ਦਾ ਕਰਜ਼ਈ ਵੀ ਹੋ ਗਿਆ ਅਤੇ ਉਸ ਦਾ ਉਸਾਰੀਵਾਲਾ ਕੰਮ ਜਿਸ ਦੀ ਕਮਾਈ ਨਾਲ ਉਹ ਪਰਿਵਾਰ ਦਾ ਪੇਟ ਭਰਦਾ ਸੀ, ਉਹ ਵੀ ਛੁੱਟ ਗਿਆ। ਉਸ ਦੇ ਕੰਮ ਤੋਂ ਲਾਚਾਰ ਹੋਣ ਕਾਰਣ ਉਸ ਦਾ ਪਰਿਵਾਰ ਗੁਰਬਤ ਦੀ ਮਾਰ ਹੇਠ ਆ ਰਿਹਾ ਹੈ। ਪਰਿਵਾਰ ਦੇ ਬਾਕੀ ਜੀਅ ਵੀ ਪੂਰੀ ਤਰ੍ਹਾਂ ਤੰਦਰੁਸਤ ਨਹੀਂ।

ਪਿੰਡ ਦਾ ਮਜ਼ਦੂਰ ਮੇਜਰ ਸਿੰਘ ਘਰ ਦੇ ਨਿੱਕੇ ਜਿਹੇ ਵਿਹੜੇ ਵਿਚ ਬਣੀ ਕੱਚੀ ਖੂਹੀ ਵਾਲੀ ਫਲੱਸ਼ ਤੇ ਕੋਲ ਹੀ ਕੁਝ ਕੁ ਫੁੱਟ ਦੀ ਦੂਰੀ 'ਤੇ ਲੱਗੇ ਨਲਕੇ ਦਾ ਪਾਣੀ ਗੇੜ ਕੇ ਵਿਖਾਉਂਦਾ ਹੈ, ਮਟਮੈਲਾ ਤੇ ਬਦਬੂ ਮਾਰਦਾ ਪਾਣੀ ਹੀ ਇਸ ਪਰਿਵਾਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ। ਘਰ ਦੀ ਔਰਤ ਮਨਜੀਤ ਕੌਰ ਦੱਸਦੀ ਹੈ ਕਿ ਵਾਟਰ ਵਰਕਸ ਦਾ ਪਾਣੀ ਆਉਂਦਾ ਨਹੀਂ, ਕੁਝ ਕੁ ਮਹੀਨਿਆਂ ਬਾਅਦ ਬਿੱਲ ਜ਼ਰੂਰ 7-8 ਸੌ ਰੁਪਏ ਆ ਜਾਂਦਾ ਹੈ। ਵਾਟਰ ਵਰਕਸ ਦੀ ਸਹੀ ਸਪਲਾਈ ਨਾ ਹੋਣ ਕਰਕੇ ਉਹ ਗੰਦਾ ਪਾਣੀ ਪੀਣ ਲਈ ਮਜਬੂਰ ਹਨ। ਪਿੰਡ ਦੀ 35 ਸਾਲਾ ਮਜ਼ਦੂਰ ਔਰਤ ਬਲਜਿੰਦਰ ਕੌਰ 'ਤੇ ਬੁਢਾਪੇ ਅਤੇ ਕਮਜ਼ੋਰੀ ਦੇ ਲੱਛਣ ਐਨੇ ਭਾਰੂ ਹਨ ਕਿ ਉਸ ਦਾ ਧੁੰਦਲਾ ਭਵਿੱਖ ਸਾਫ਼ ਦਿਸਦਾ ਹੈ। ਗੰਦੇ ਪਾਣੀ ਨਾਲ ਲੱਗ ਰਹੀਆਂ ਬਿਮਾਰੀਆਂ ਨੇ ਉਸ 'ਤੇ ਇਸ ਕਦਰ ਤੱਕ ਹੱਲਾ ਬੋਲ ਦਿੱਤਾ ਹੈ ਕਿ ਉਸ ਦਾ ਹੋਮਿਓਗਲੋਬਿਨ ਕੇਵਲ 4 ਗ੍ਰਾਮ ਹੀ ਰਹਿ ਗਿਆ ਹੈ। ਉਸ ਦੇ ਮੂੰਹ ਤੋਂ ਉੱਧੜ ਰਹੇ ਮਾਸ ਬਾਰੇ ਉਹ ਅਗਿਆਨਤਾ ਪ੍ਰਗਟ ਕਰਦੀ ਕਹਿੰਦੀ ਹੈ ਕਿ ਪਤਾ ਨਹੀਂ ਇਹ ਕਿਸੇ ਰੋਗ ਕਾਰਣ ਹੈ ਜਾਂ ਡਾਕਟਰਾਂ (ਅਸਲ ਵਿੱਚ ਦੁਕਾਨ-ਨੁਮਾ ਝੋਲਾ ਛਾਪ ਅਖੌਤੀ ਡਾਕਟਰਾਂ) ਵੱਲੋਂ ਦਿੱਤੀ ਗਲਤ ਦਵਾਈ ਕਰਕੇ ਹੈ?



ਵਾਟਰ ਵਰਕਸ ਦਾ ਪਾਣੀ ਭਰਨ ਲਈ ਘੜਿਆਂ ਦਾ ਪ੍ਰਬੰਧ ਤਾਂ ਬਹੁਤ ਸਾਰੇ ਪਰਿਵਾਰਾਂ ਨੇ ਕੀਤਾ ਹੈ ਪਰ ਅਕਸਰ ਇਹ ਘੜੇ ਖਾਲੀ ਹੀ ਰਹਿ ਜਾਂਦੇ ਹਨ।

ਗੁਰਬਤ ਮਾਰੇ ਇਨ੍ਹਾਂ ਕਾਮਿਆਂ ਦੇ ਘਰਾਂ ਵਿੱਚ ਜਾ ਕੇ ਵੇਖਣ 'ਤੇ ਪਤਾ ਲੱਗਿਆ ਕਿ ਮਜ਼ਦੂਰ ਰੂਪ ਸਿੰਘ, ਜਗਤਾਰ ਸਿੰਘ, ਬਲਵਿੰਦਰ ਸਿੰਘ, ਮਹਿੰਦਰ ਸਿੰਘ ਆਦਿ ਦੇ ਘਰਾਂ ਵਿੱਚ ਵੀ ਫਲੱਸ਼ਾਂ ਅਤੇ ਨਲਕਿਆਂ ਵਿੱਚ ਫਾਸਲਾ ਨਾਮਾਤਰ ਹੈ। ਛੋਟੇ ਜ਼ਿਮੀਂਦਾਰ ਪਰਿਵਾਰਾਂ ਦਾ ਵੀ ਇਹੋ ਹਾਲ ਹੈ। ਇਸ ਗੰਦੇ ਪਾਣੀ ਨਾਲ ਖਾਸ ਕਰਕੇ ਹੱਡੀਆਂ ਦੀਆਂ ਬਹੁਤ ਬਿਮਾਰੀਆਂ ਲੱਗਦੀਆਂ ਹਨ। ਕਈ ਮਰੀਜ਼ ਹੱਡੀਆਂ ਦੇ ਭਿਆਨਕ ਦਰਦ ਤੋਂ ਪੀੜਤ ਹਨ। ਪਿੰਡ ਦੇ ਨੌਜਵਾਨ ਅੰਗਰੇਜ਼ ਸਿੰਘ ਵਿੱਕੀ ਨੇ ਰਾਜਸੀ ਨੇਤਾਵਾਂ 'ਤੇ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਨਾਲ ਧੱਕੇਸ਼ਾਹੀ ਤੇ ਵਿਤਕਰੇਬਾਜ਼ੀ ਦੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਕੁਝ ਲੋਕ ਖਹਿਬਾਜ਼ੀ ਕਾਰਣ ਪਿੰਡ ਵਿੱਚ ਵਾਟਰ ਵਰਕਸ ਦਾ ਪਾਣੀ ਗਰੀਬ ਲੋਕਾਂ ਤੱਕ ਪੁੱਜਣ ਹੀ ਨਹੀਂ ਦਿੰਦੇ ਜਿਸ ਕਾਰਣ ਲੋਕ ਫਲੱਸ਼ਾਂ ਨੇੜੇ ਲੱਗੇ ਨਲਕਿਆਂ ਦਾ ਪਾਣੀ ਵਰਤ ਰਹੇ ਹਨ । ਉਹਨਾਂ ਇਸ ਪਿੱਛੇ ਉਹਨਾਂ ਦੀ ਗਰੀਬੀ ਦਾ ਕਾਰਣ ਵੀ ਦੱਸਦਿਆਂ ਕਿਹਾ ਕਿ ਗਰੀਬੀ ਕਾਰਣ ਬੇਹੱਦ ਤੰਗ ਮਕਾਨਾਂ ਵਿੱਚ ਇਹੋ ਹੀ ਸੰਭਵ ਹੈ। ਇਸ ਪਿੰਡ ਵਿਚ ਬਾਦਲ ਹਕੂਮਤ ਵੱਲੋਂ ਪਿੰਡ ਵਿੱਚ ਸਾਫ਼ ਪਾਣੀ ਦੇ ਪ੍ਰਬੰਧ ਲਈ ਇੱਕ ਆਰ. ਓ. ਪ੍ਰੋਜੈਕਟ ਵੀ ਲਗਾਇਆ ਗਿਆ ਹੈ, ਇੱਥੋਂ ਪਾਣੀ ਭਰ ਕੇ ਲਿਜਾਣ ਲਈ 2-2 ਘੰਟੇ ਸਵੇਰੇ-ਸ਼ਾਮ ਦਾ ਸਮਾਂ ਵੀ ਮਿਥਿਆ ਗਿਆ ਹੈ, 60 ਰੁਪਏ ਪ੍ਰਤੀ ਮਹੀਨਾ ਬਿੱਲ ਵੀ ਵਸੂਲਿਆ ਜਾਂਦਾ ਹੈ, ਪਰ ਲੋਕਾਂ ਦੀ ਗਰੀਬੀ, ਦਿਹਾੜੀਦਾਰਾ ਤੇ ਖੇਤੀ ਦੇ ਕੰਮਾਂ-ਧੰਦਿਆਂ ਵਿੱਚ ਰੁੱਝੇ ਹੋਣ ਕਾਰਣ 500 ਘਰਾਂ ਵਿੱਚੋਂ ਕੇਵਲ 50 ਦੇ ਹੀ ਪਾਣੀ ਵਾਲੇ ਕਾਰਡ ਬਣੇ ਹੋਏ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿੰਡ ਦੇ ਬੱਸ ਅੱਡੇ ਕੋਲ ਇੱਕ ਕੰਧ 'ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਵੱਡ ਅਕਾਰੀ ਇਸ਼ਤਿਹਾਰ ਲਿਖਿਆ ਹੋਇਆ ਹੈ ਜਿਸ ਵਿੱਚ ਵਿਸ਼ਵ ਬੈਂਕ ਦੀ ਮਦਦ ਨਾਲ ਘਰ-ਘਰ ਵਿੱਚ ਸਾਫ਼ ਪਾਣੀ ਪਹੁੰਚਾ ਕੇ ਖ਼ੁਸ਼ਹਾਲੀ ਲੈ ਕੇ ਆਉਣ ਦੀ ਅੱਖੀਂ ਘੱਟਾ ਪਾਉਣ ਦੀ ਗੱਲ ਕਹੀ ਗਈ ਹੈ।



ਕੱਚੀ ਖੂਹੀ ਵਾਲੀ ਫਲੱਸ਼ ਦੇ ਕੋਲ ਲੱਗਿਆ ਨਲਕਾ।

ਬਾਦਲ ਪਿੰਡ ਨੇੜਲੇ ਪੈਂਦੇ ਮੁਹਾਲਾ ਪਿੰਡ ਵਿੱਚ ਗਰੀਬ ਵਰਗ ਦੀ ਹਾਲਤ ਐਨੀ ਬਦਤਰ ਹੈ ਕਿ ਇਹ ਜਾਪਦਾ ਹੀ ਨਹੀਂ ਕਿ ਇਹ ਲੋਕ ਵੀ ਪੰਜ ਦਰਿਆਵਾਂ ਵਾਲੇ (ਪੰਜ+ਆਬ) ਪੰਜਾਬ ਦਾ ਕੋਈ ਹਿੱਸਾ ਹਨ। ਇਸ ਪਿੰਡ ਦੇ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੇ ਘਰਾਂ ਵਿੱਚ ਸਹੂਲਤ ਨਾਂ ਦੀ ਕੋਈ ਸ਼ੈਅ ਨਹੀਂ, ਇਹ ਵੀ ਕੱਚੀਆਂ ਫਲੱਸ਼ਾਂ ਨੇੜੇ ਲੱਗੇ ਨਲਕਿਆਂ ਦਾ ਪਾਣੀ ਪੀਣ ਨੂੰ ਮਜਬੂਰ ਹਨ। ਪਿੰਡ ਦੀ ਵਿਧਵਾ ਔਰਤ 60 ਸਾਲਾਂ ਦੀ ਨਸੀਬ ਕੌਰ ਦੇ ਨਸੀਬ ਫੁੱਟ ਚੁੱਕੇ ਹਨ। ਨਸੀਬ ਕੌਰ ਉਹ ਹਨੇਰਾ ਕੋਠੜਾ ਵਿਖਾਉਂਦੀ ਹੈ ਜਿਸ ਵਿੱਚ ਦਾਖ਼ਲ ਹੋਣ ਲਈ ਅਗਲੇ ਨੂੰ ਆਪਣਾ ਸਿਰ ਪੇਟ ਤੱਕ ਝੁਕਾਉਣਾ ਪੈਂਦਾ ਹੈ। ਗਰੀਬੀ ਦੇ ਜ਼ਹਿਰੀਲੇ ਡੰਗ ਦੀ ਸ਼ਿਕਾਰ ਇਹ ਮਜ਼ਦੂਰ ਔਰਤ ਦੱਸਦੀ ਹੈ ਕਿ ਇਸ ਗੰਦੇ ਪਾਣੀ ਕਾਰਣ ਉਸ ਦਾ ਪਤੀ ਮਹਿੰਦਰ ਸਿੰਘ ਅਨੇਕਾਂ ਰੋਗਾਂ ਦਾ ਸ਼ਿਕਾਰ ਹੋ ਗਿਆ ਸੀ। ਜਦੋਂ ਲੋਕਾਂ ਦੇ ਬਨੇਰਿਆਂ 'ਤੇ ਦੀਵਾਲੀ ਵਾਲੇ ਦਿਨ ਰੋਸ਼ਨੀਆਂ ਰੁਸ਼ਨਾ ਰਹੀਆਂ ਸਨ ਤਾਂ ਉਸ ਦੇ ਘਰ ਹਮੇਸ਼ਾ ਲਈ ਹਨੇਰ ਪਸਰ ਗਿਆ। ਦੀਵਾਲੀ ਤੋਂ ਇੱਕ ਦਿਨ ਪਹਿਲਾਂ ਹੀ ਮਹਿੰਦਰ ਸਿੰਘ ਦੀ ਮੌਤ ਹੋ ਗਈ। ਮਹਿੰਦਰ ਸਿੰਘ ਦੇ ਇਲਾਜ ਲਈ ਹਜ਼ਾਰਾਂ ਰੁਪਏ ਖ਼ਰਚ ਹੋਏ। ਨਸੀਬ ਕੌਰ ਦੱਸਦੀ ਹੈ ਕਿ 10 ਹਜ਼ਾਰ ਰੁਪਏ ਤਾਂ ਉਸ ਦੀ ਮੌਤ ਤੋਂ ਕੁਝ ਕੁ ਦਿਨ ਪਹਿਲਾਂ ਹੀ ਖ਼ਰਚ ਹੋ ਗਏ ਸਨ। ਪਤੀ ਦੀ ਬਿਮਾਰੀ ਕਾਰਣ ਇਸ ਮਜ਼ਦੂਰ ਔਰਤ ਸਿਰ 70 ਹਜ਼ਾਰ ਰੁਪਏ ਕਰਜ਼ਾ ਚੜ੍ਹ ਗਿਆ। ਨਸੀਬ ਕੌਰ ਆਪਣਾ ਪੇਟ ਪਾਲਣ ਅਤੇ ਕਰਜ਼ਾ ਉਤਾਰਨ ਦੇ ਯਤਨਾਂ ਵਿੱਚ ਪਿੰਡ ਦੇ ਜ਼ਿਮੀਦਾਰਾਂ ਦੇ ਖ਼ੇਤਾਂ ਵਿੱਚ ਮਰਦਾਂ ਦੇ ਬਰਾਬਰ ਕਸੀਏ ਨਾਲ ਗੋਡੀ ਅਤੇ ਹੋਰ ਕੰਮ ਕਰਦੀ ਹੈ। ਪਿੰਡ ਨੇੜਲੀ ਬਾਦਲ ਹਕੂਮਤ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਗੱਲ ਕਰਦਿਆਂ ਉਹ ਸਿਰ ਨੂੰ ਛੂੰਹਦੀ ਕਾਨ੍ਹਿਆਂ ਦੀ ਛੱਤ ਵੱਲ ਇਸ਼ਾਰਾ ਕਰਕੇ ਆਖਦੀ ਹੈ ਕਿ ਜੇ ਚਾਰ ਛਿੱਲੜ ਹੁੰਦੇ ਤਾਂ ਇਸ ਘੋਰਨੇ ਦੀ ਸਿਰੋਂ ਉੱਚੀ ਛੱਤ ਨਾ ਪਾ ਲੈਂਦੀ? ਗਰੀਬਾਂ ਲਈ ਸਰਕਾਰ ਵੱਲੋਂ ਬਣਾਏ ਗਏ ਨੀਲੇ ਕਾਰਡ ਨੂੰ ਵਿਖਾਉਂਦੀ ਹੋਈ ਉਹ ਸੁਆਲ ਕਰਦੀ ਹੈ ਕਿ ਇਹ ਕਾਗਜ਼ ਦਾ ਟੁਕੜਾ ਕੀ ਕੰਮ ਜਿਸ 'ਤੇ ਕੋਈ ਸਹੂਲਤ ਨਹੀਂ ਮਿਲਦੀ? ਪਾਣੀ ਭਰਨ ਲਈ ਕੱਚੇ ਘਰ ਵਿੱਚ ਲੱਗੀ ਹੋਈ ਘੜਿਆਂ ਦੀ ਕਤਾਰ "ਸਾਫ਼ ਪਾਣੀ" ਦੇ ਪ੍ਰਬੰਧ ਦੀ ਅਸਲੀ ਕਹਾਣੀ ਬਿਆਨ ਕਰਦੀ ਹੈ। ਸ਼ਿੰਗਾਰਾ ਸਿੰਘ ਤੇ ਇਸ ਦੇ ਪਰਿਵਾਰ ਦਾ ਸ਼ਿੰਗਾਰ ਗੰਦੇ ਪਾਣੀ ਨੇ ਮੁਕਾ ਦਿੱਤਾ ਹੈ। ਫਲੱਸ਼ ਕੋਲ ਲੱਗਿਆ ਤੇ ਜੰਗਾਲ ਖਾਧਾ ਨਲਕਾ ਦਿਖਾਉਂਦਾ ਹੋਇਆ ਸ਼ਿੰਗਾਰਾ ਸਿੰਘ ਦੱਸਦਾ ਹੈ ਕਿ ਉਹ ਮਜਬੂਰੀ ਵੱਸ ਪਿਛਲੇ 15-20 ਸਾਲਾਂ ਤੋਂ ਇਹ ਗੰਦਾ ਪਾਣੀ ਪੀ ਰਹੇ ਹਨ ਅਤੇ ਇਹ ਸਾਡੇ ਅੰਦਰ ਦੀ ਹਾਲਤ ਕੀ ਕਰਦਾ ਹੋਵੇਗਾ ਜਦੋਂ ਕਿ ਲੋਹੇ ਦੀਆਂ ਪਾਇਪਾਂ ਨੂੰ ਵੀ ਹਰ ਸਾਲ ਜੰਗਾਲ ਕਾਰਣ ਗਾਲ ਦਿੰਦਾ ਹੈ। ਪਿੰਡ ਵਾਸੀ ਵਜ਼ੀਰ ਸਿੰਘ ਕੋਈ ਸੱਤਾ ਦਾ ਵਜ਼ੀਰ ਨਹੀਂ ਉਹ ਪਰਿਵਾਰ ਸਣੇ ਕਈ ਦਹਾਕਿਆਂ ਤੋਂ ਕੱਚੇ ਪਖਾਨੇ ਨੇੜਲੇ ਨਲਕੇ ਤੋਂ ਪਾਣੀ ਪੀ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਇਹ ਸਾਡੀ ਅਗਿਆਨਤਾ ਨਹੀਂ ਸਗੋਂ ਮਜਬੂਰੀ ਹੈ, ਪਰ ਹੋਰ ਕੋਈ ਹੱਲ ਨਾ ਹੋਣ ਕਰਕੇ ਇਸ ਗੰਦਗੀ ਵੱਲੋਂ ਅੱਖਾਂ ਮੀਚਣੀਆਂ ਪੈ ਰਹੀਆਂ ਹਨ। ਪਿੰਡ ਵਾਸੀ ਮਜ਼ਦੂਰ ਸੁੱਕੀਆਂ ਹੱਡੀਆਂ ਵਾਲਾ ਨਾਂ ਦਾ ਹੀ ਦਾਰਾ ਸਿੰਘ ਹੈ। ਹਕੂਮਤ ਦੇ ਮਾੜੇ ਪ੍ਰਬੰਧਾਂ ਕਾਰਣ ਉਹ ਜ਼ਿੰਦਗੀ ਦੇ ਹਰ ਪੜਾਅ 'ਤੇ ਕੁਸ਼ਤੀ ਹਾਰਦਾ ਜਾ ਰਿਹਾ ਹੈ। ਪਿੰਡ ਦੇ ਕੁਝ ਮਜ਼ਦੂਰਾਂ ਹਰਬੰਸ ਸਿੰਘ, ਰੁਲਦੂ ਸਿੰਘ, ਮਹਿੰਦਰ ਸਿੰਘ, ਕਪੂਰ ਸਿੰਘ ਆਦਿ ਦੇ ਘਰਾਂ ਵਿੱਚ ਜਾ ਕੇ ਦੇਖਣ ਤੋਂ ਬਾਅਦ 'ਸਰਕਾਰੀ ਦਾਅਵਿਆਂ ਵਾਲੇ ਵਿਕਾਸ' ਦੀ ਜ਼ਮੀਨੀ ਹਕੀਕਤ ਦਾ ਗਿਆਨ ਹੁੰਦਾ ਹੈ।

ਬਾਦਲ ਪਿੰਡ ਨਜ਼ਦੀਕ ਪੈਂਦੇ ਪਿੰਡ ਜੈ ਸਿੰਘ ਵਾਲਾ ਦੇ ਕਿਰਤੀਆਂ ਦੀ ਹੁਣ ਕੋਈ "ਜੈ-ਜੈਕਾਰ" ਨਹੀਂ ਹੈ। ਕੱਚੀਆਂ ਖੂਹੀਆਂ ਦੇ ਵਿਚਕਾਰ ਘਿਰੇ ਜਲ ਸਾਧਨ ਨਲਕਿਆਂ ਤੋਂ ਗੰਦਾ ਪਾਣੀ ਵਰਤ ਰਹੇ ਕਿਰਤੀਆਂ ਦੀ ਹੋਣੀ ਕਿਸੇ ਦੇ ਕਦੇ ਵੀ ਨਜ਼ਰ ਨਹੀਂ ਪਈ। ਕੋਈ ਵੀ ਘਰ ਅਜਿਹਾ ਨਹੀਂ ਜਿੱਥੇ ਇਹ ਨਰਕੀ ਜੀਵਨ ਹੰਢਾਅ ਰਹੇ ਲੋਕ ਬਿਮਾਰ ਨਾ ਹੋਣ। ਚਮੜੀ, ਸਾਹ, ਪੇਟ ਦੀ ਖਰਾਬੀ, ਜੋੜਾਂ ਦੀ ਦਰਦ, ਬੁਖ਼ਾਰ ਆਦਿ ਬਿਮਾਰੀਆਂ ਤਾਂ ਹੁਣ ਇੱਥੇ ਆਮ ਗੱਲ ਹੋ ਗਈ ਹੈ। ਇਸੇ ਪਿੰਡ ਵਿੱਚ ਤਿੰਨ ਕੱਚੀਆਂ ਫਲੱਸ਼ਾਂ ਦੇ ਵਿਚਾਲੇ ਲੱਗੇ ਨਲਕੇ ਦਾ ਪਾਣੀ ਪੀਣ ਕਾਰਣ 65 ਸਾਲ ਦੀ ਹਰਬੰਸ ਕੌਰ ਪੁਲਾਂਘ ਪੁੱਟਣ ਤੋਂ ਵੀ ਮੁਥਾਜ ਹੈ। ਪੀੜਤ ਦੇ ਪਤੀ ਸਾਧੂ ਸਿੰਘ ਨੂੰ ਵੀ 5 ਸਾਲ ਪਹਿਲਾਂ ਕਈ ਬਿਮਾਰੀਆਂ ਨੇ ਅਜਿਹਾ ਘੇਰਿਆ ਕਿ ਦੋਹੇਂ ਮੀਆਂ-ਬੀਵੀ ਗੁਰਦੁਆਰੇ ਦੀਆਂ ਰੋਟੀਆਂ ਆਸਰੇ ਦਿਨ ਕਟੀ ਕਰਨ ਨੂੰ ਮਜਬੂਰ ਹੋ ਗਏ।

ਜ਼ਿੰਦਗੀ ਦੇ 6 ਦਹਾਕੇ ਪੂਰੇ ਕਰ ਚੁੱਕਿਆ ਪਿਆਰਾ ਸਿੰਘ ਤੇ ਇਸ ਦੇ ਪਰਿਵਾਰ ਦਾ ਜੀਵਨ 20 ਸਾਲਾਂ ਤੋਂ ਕੱਚੀ ਖੂਹੀ ਵਾਲੀ ਫ਼ਲੱਸ਼ ਕੋਲ ਲੱਗੇ ਨਲਕੇ ਦੇ ਗੰਧਲੇ ਪਾਣੀ 'ਤੇ ਹੀ ਨਿਰਭਰ ਹੋ ਕੇ ਰਹਿ ਗਿਆ ਹੈ। ਉਸ ਦਾ ਸਵਾਲ ਹੈ ਕਿ ਇਕੱਲੀਆਂ ਗੱਲਾਂ ਕਰਨ ਨਾਲ ਕੀ ਬਣਦਾ ਹੈ ਕੋਈ ਤਾਂ ਇਸ ਸਮੱਸਿਆ ਦਾ ਹੱਲ ਲੱਭੇ? ਪਿੰਡ ਜੈ ਸਿੰਘ ਵਾਲੇ ਦੇ ਹੋਰ ਅਨੇਕਾਂ ਘਰਾਂ ਵਿੱਚ ਜਾ ਕੇ ਵੇਖਣ 'ਤੇ ਸਾਫ਼ ਨਜ਼ਰ ਆਉਂਦਾ ਹੈ ਕਿ 65 ਸਾਲ ਦੇ ਮਜ਼ਦੂਰ ਸਖੀਦੀਨ, ਨਸੀਬ, ਖੇਤਾ ਖਾਨ, ਦੁਰਗਾ ਖਾਨ, ਕੱਟੂ ਸਿੰਘ, ਬਾਵਾ ਸਿੰਘ ਆਦਿ ਦੇ ਘਰਾਂ ਵਿੱਚ ਵੀ ਨਲਕੇ ਕੱਚੀਆਂ ਖੂਹੀਆਂ ਦੇ ਕੋਲ ਹੋਣ ਕਾਰਣ ਇਹ ਪਰਿਵਾਰ ਗੰਦਾ ਪਾਣੀ ਪੀਣ ਲਈ ਮਜਬੂਰ ਹਨ।

## ਧਰਤੀ ਹੇਠਲੇ ਪਾਣੀ ਵਿੱਚ ਡਿੱਗਦੀ ਹੈ ਗੰਦਗੀ

ਲੋਕਾਂ ਦਾ ਕਹਿਣਾ ਹੈ ਕਿ ਨਾ ਤਾਂ ਐਨੀ ਖੁੱਲ੍ਹੀ ਥਾਂ ਹੈ ਤੇ ਨਾ ਹੀ ਪੱਕੀ ਫਲੱਸ਼ ਬਣਾਉਣ ਜੋਗੇ ਪੈਸੇ। ਫਲੱਸ਼ਾਂ ਦੀ ਉਸਾਰੀ ਦੇ ਕੰਮ ਨਾਲ ਜੁੜੇ ਮਿਸਤਰੀਆਂ ਨੇ ਦੱਸਿਆ ਕਿ ਕੱਚੀ ਫਲੱਸ਼ 'ਤੇ 4-5 ਕੁ ਹਜ਼ਾਰ ਰੁਪਏ ਦਾ ਖਰਚਾ ਤੇ ਪੱਕੀ ਤਿੰਨ ਖੂਹੀਆਂ ਵਾਲੀ ਫਲੱਸ਼ 'ਤੇ 20-25 ਹਜ਼ਾਰ ਰੁਪਏ ਦਾ ਖਰਚਾ ਆਉਂਦਾ ਹੈ। ਕੱਚੀ ਖੂਹੀ ਦੀ ਫਲੱਸ਼ ਵਰਤਣ ਵਾਲਿਆਂ ਦੀ ਇਕ ਹੋਰ ਤਰਾਸਦੀ ਹੈ ਕਿ ਇਹ ਖੂਹੀਆਂ 2-3 ਸਾਲ ਬਾਅਦ ਭਰ ਜਾਂਦੀਆਂ ਹਨ, ਫਿਰ ਨਵੇਂ ਸਿਰਿਓਂ ਹੋਰ ਖੂਹੀ ਪੁੱਟਣੀ ਪੈਂਦੀ ਹੈ। ਨਿੱਕੇ ਜਿਹੇ ਵਿਹੜਿਆਂ ਵਿਚ ਗੰਦਗੀ ਦੀਆਂ ਖੂਹੀਆਂ ਹੀ ਨੇ, ਜੋ ਕਿਸੇ ਵੀ ਵੇਲੇ ਗਰਕਣ ਨਾਲ ਵੱਡੇ ਹਾਦਸਿਆਂ ਦਾ ਕਾਰਨ ਵੀ ਬਣ ਸਕਦੀਆਂ ਨੇ। ਕਈ ਘਰਾਂ ਦੀ ਹਾਲਤ ਤਾਂ ਇਹ ਹੈ ਕਿ ਇੱਕ ਨਲਕੇ ਦੇ ਦੁਆਲੇ 3-4 ਫਲੱਸ਼ਾਂ ਬਣੀਆਂ ਹੋਈਆਂ ਹਨ, ਪਾਣੀ ਦੀ ਹਾਲਤ ਕੀ ਹੋਵੇਗੀ, ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ। ਨਲਕੇ ਹੀ ਨਹੀਂ ਡੂੰਘੇ ਲੱਗੇ ਸਬਮਰਸੀਬਲਾਂ ਦਾ ਪਾਣੀ ਵੀ ਇਸ ਦੂਸ਼ਿਤਤਾ ਤੋਂ ਨਹੀਂ ਬਚਿਆ। ਅਸੀਂ ਇੱਥੇ ਖਰਚੇ ਦਾ ਅੰਦਾਜ਼ਾ ਦੇ ਕੇ ਸਪੱਸ਼ਟ ਕਰਾਂਗੇ ਕਿ ਗਰੀਬਾਂ ਨੂੰ ਕੱਚੀ ਖੂਹੀ ਕਿਉਂ ਪੁਟਵਾਉਣੀ ਪੈਂਦੀ ਹੈ।

### ਕੱਚੀ ਖੂਹੀ ਦਾ ਖ਼ਰਚਾ

ਪੁਟਾਈ 35 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ 35×35=1225 ਰੁ.

| | |
|---|---|
| 500 ਇੱਟ, ਕੰਧ ਤੇ ਲੈਂਟਰ 'ਤੇ | 2000 ਰੁ. |
| ਰਾਜ ਮਿਸਤਰੀ ਦੀ ਦਿਹਾੜੀ | 450 ਰੁ. |
| ਡੇਢ ਗੱਟਾ ਸੀਮਿੰਟ | 420 ਰੁ. |
| ਬਰੇਤੀ, ਬਜਰੀ, ਸਰੀਆ | 500 ਰੁ. |

ਇਹ ਲਗਭਗ 5 ਹਜ਼ਾਰ ਰੁਪਏ ਵਿੱਚ ਲੱਗਦੀ ਹੈ।

### ਪੱਕੀ ਤੇ ਤਿੰਨ ਟੋਇਆਂ ਵਾਲੀ ਖੂਹੀ ਦਾ ਖ਼ਰਚਾ

ਇਸ ਟੋਏ ਦੀ ਪੁਟਾਈ ਲੰਬਾਈ 6 ਫੁੱਟ, ਚੌੜਾਈ 4 ਫੁੱਟ ਤੇ ਡੂੰਘਾਈ 5 ਫੁੱਟ ਰੱਖ ਕੇ ਵਿਚਕਾਰ ਦੀ ਦੋ ਕੰਧਾਂ ਉਸਾਰ ਕੇ ਤਿੰਨ ਪੱਕੇ ਟੋਏ ਬਣਾਏ ਜਾਂਦੇ ਹਨ।

### ਖ਼ਰਚ ਦਾ ਵੇਰਵਾ

ਇੱਟਾਂ 1000, ਕੀਮਤ 4500 ਰੁ.

| | |
|---|---|
| 10 ਗੱਟੇ ਸੀਮਿੰਟ 285 ਰੁ. ਪ੍ਰਤੀ ਗੱਟਾ | 2850 ਰੁ. |
| ਰਾਜ ਮਿਸਤਰੀ+ਮਜ਼ਦੂਰੀ | 3700 ਰੁ. |
| ਸੀਟ | 1000 ਰੁ. |
| ਪਾਇਪਾਂ | 500 ਰੁ. |
| ਫਲੱਸ਼ ਅੰਦਰਲੀ ਟੈਂਕੀ | 600 ਰੁ. |
| ਬਰੇਤੀ+ਬਜਰੀ | 1500 ਰੁ. |
| ਲੋਹੇ ਦਾ ਸਰੀਆ 25 ਫੁੱਟ | 1250 ਰੁ. |
| ਉੱਪਰਲੀ ਪਾਣੀ ਵਾਲੀ ਟੈਂਕੀ ਪ੍ਰਤੀ ਲੀਟਰ 3 ਰੁਪਏ 500 ਲਿਟਰ | 1500 ਰੁ. |
| ਪਾਇਪਾਂ ਪਾਣੀ ਦੀ ਸਪਲਾਈ ਲਈ | 3000 ਰੁ. |
| ਹੋਰ ਫੁੱਟਕਲ | 1000 ਰੁ. |
| ਕੁੱਲ | 21,400 ਰੁ. |

ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਇੱਕ ਪੇਂਡੂ ਮਜ਼ਦੂਰ ਨੂੰ 60 ਹਜ਼ਾਰ ਰੁਪਏ ਤੋਂ 70 ਹਜ਼ਾਰ ਰੁਪਏ ਪ੍ਰਤੀ ਸਾਲ ਜ਼ਿਮੀਦਾਰ ਨਾਲ ਦਿਨ ਰਾਤ ਕੰਮ ਕਰਨ ਦਾ ਰੁਪਿਆ ਮਿਲਦਾ ਹੈ ਜੋ ਕਿ 5 ਹਜ਼ਾਰ ਰੁਪਏ ਤੋਂ ਲੈ ਕੇ 5 ਹਜ਼ਾਰ 8 ਸੌ ਰੁਪਏ ਪ੍ਰਤੀ ਮਹੀਨਾ ਪੈਂਦਾ ਹੈ। ਇਸ ਕਮਾਈ ਦੇ ਆਸਰੇ ਹੀ ਉਸਨੇ ਪਰਿਵਾਰ ਦੀਆਂ ਸਾਰੀਆਂ ਗਰਜਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ।

ਪਿਛਲੇ 20 ਸਾਲਾਂ ਤੋਂ ਪਿੰਡਾਂ ਵਿੱਚ ਪਖਾਨੇ ਖਾਤਰ ਕੱਚੀਆਂ ਖੂਹੀਆਂ ਪੁੱਟ ਰਹੇ ਭੋਲਾ ਸਿੰਘ ਨੇ ਦੱਸਿਆ ਕਿ ਗਰੀਬੀ ਕਾਰਣ ਪੇਂਡੂ ਮਜ਼ਦੂਰ ਧਰਤੀ ਹੇਠ ਬਰੇਤੀ 'ਤੇ ਜਿੱਥੇ ਪਾਣੀ ਹੁੰਦਾ ਹੈ ਉੱਥੋਂ ਤੱਕ ਹਰ ਹਾਲਤ ਵਿੱਚ ਕੱਚੀਆਂ ਖੂਹੀਆਂ ਪੁਟਾਉਂਦੇ ਹਨ, ਉਹਨਾਂ ਦੀ ਇਹ ਮਜਬੂਰੀ ਹੁੰਦੀ ਹੈ ਕਿ ਇਹ ਗੰਦਗੀ ਨਾਲ ਛੇਤੀ ਨਾ ਭਰਨ। ਨਤੀਜੇ ਵਜੋਂ ਸਾਰੀ ਗੰਦਗੀ ਸਿਮ ਕੇ ਧਰਤੀ ਹੇਠਲੇ ਪਾਣੀ ਵਿੱਚ ਜਾਂਦੀ ਹੈ। ਉਹ ਆਪਣੇ ਦੋ ਦਹਾਕਿਆਂ ਦੇ ਨਿੱਜੀ ਤਜ਼ਰਬੇ ਸਾਂਝੇ ਕਰਦੇ ਹੋਏ ਦੱਸਦੇ ਹਨ ਕਿ ਮਾਲਵੇ ਦੇ ਪਿੰਡਾਂ ਵਿੱਚ ਲੋਕ ਜਿੱਥੋਂ ਤੱਕ ਧਰਤੀ ਹੇਠਲੇ ਪਾਣੀ ਦਾ ਪੱਧਰ ਹੈ ਭਾਵ 30 ਤੋਂ 35 ਫੁੱਟ ਤੱਕ ਹੈ, ਉੱਥੋਂ ਤੱਕ ਕੱਚੀਆਂ ਖੂਹੀਆਂ ਪੁਟਾਉਂਦੇ ਹਨ ਅਤੇ ਹਰ ਇੱਕ ਦੀ ਸ਼ਰਤ ਹੁੰਦੀ ਹੈ ਕਿ ਇਹ ਬਰੇਤੀ 'ਤੇ ਲਿਜਾ ਕੇ ਹੀ ਛੱਡੀ ਜਾਵੇ ਤਾਂ ਕਿ ਕਈ ਸਾਲ ਪਖਾਨੇ ਦਾ ਗੰਦ ਧਰਤੀ ਵਿੱਚ ਖੱਪਦਾ ਰਹੇ ਤੇ ਦੁਬਾਰਾ ਖੂਹੀ ਪੁੱਟਣ ਦਾ ਖ਼ਰਚਾ ਨਾ ਪਵੇ। ਉਹਨਾਂ ਅਨੁਸਾਰ ਕੁਝ ਉੱਚੇ ਇਲਾਕਿਆਂ ਵਿੱਚ ਇਹ ਡੂੰਘਾਈ 40 ਫੁੱਟ ਤੋਂ 45 ਫੁੱਟ ਤੱਕ ਵੀ ਹੋ ਜਾਂਦੀ ਹੈ। ਉਹਨਾਂ ਦਾ ਕਹਿਣਾ ਹੈ ਕਿ ਕਈ ਵਾਰ ਕੁਝ ਪੜ੍ਹੇ ਲਿਖੇ ਲੋਕ ਇਹ ਗੱਲ ਲੋਕਾਂ ਨੂੰ ਦੱਸ ਵੀ ਜਾਂਦੇ ਹਨ ਕਿ ਇਹ ਗੰਦਗੀ ਤੁਹਾਡੇ ਨਲਕੇ ਰਾਹੀਂ ਖਿੱਚੀ ਜਾ ਰਹੀ ਹੈ ਪਰ ਮਰਦੀ ਕੀ ਨਾ ਕਰਦੀ ਵਾਂਗ ਉਹ ਇਸ ਨਸੀਹਤ ਨੂੰ ਅੱਖੋਂ ਪਰੋਖਾ ਕਰ ਰਹੇ ਹਨ ਤੇ ਇਹ ਉਹਨਾਂ ਦੀ ਮਜਬੂਰੀ ਹੈ।

### 5 ਫ਼ੁੱਟ ਫਿਲਟਰ ਵਾਲਾ ਨਲਕਾ ਵੀ ਕਈ ਸੈਂਕੜੇ ਫੁੱਟ ਤੋਂ ਬਰੇਤੀ ਰਾਹੀਂ ਖਿੱਚਦਾ ਹੈ ਪਾਣੀ

ਪਿਛਲੇ 25 ਸਾਲਾਂ ਤੋਂ ਪੇਂਡੂ ਹਲਕਿਆਂ ਵਿੱਚ ਲੋਕਾਂ ਦੇ ਘਰਾਂ ਨਲਕੇ ਲਗਾਉਣ ਦਾ ਕੰਮ ਕਰਨ ਵਾਲੇ ਨਲਕਾ ਮਿਸਤਰੀ ਕਾਕਾ ਸਿੰਘ ਦਾ ਕਹਿਣਾ ਹੈ ਕਿ ਮਜ਼ਦੂਰ ਅਤੇ ਗਰੀਬ ਕਿਸਾਨ ਕਿਉਂਕਿ ਸਬਰਸੀਵਲ ਦਾ ਖ਼ਰਚਾ ਨਹੀਂ ਝੱਲ ਸਕਦੇ ਇਸ ਲਈ ਉਹ ਨਲਕਾ ਲਗਾਉਣ ਨੂੰ ਤਰਜੀਹ ਦਿੰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਹ ਲੋਕ 35 ਤੋਂ 42 ਫੁੱਟ (ਜਿਵੇਂ ਕਿ ਉੱਪਰ ਵਰਣਨ ਕੀਤਾ ਹੈ ਕਿ ਇਸ ਪੱਧਰ 'ਤੇ ਹੀ ਪਖਾਨੇ ਲਈ ਕੱਚੀਆਂ ਖੂਹੀਆਂ ਛੱਡੀਆਂ ਜਾਂਦੀਆਂ ਹਨ) 'ਤੇ ਜਾ ਕੇ 5 ਫ਼ੁੱਟ ਦਾ ਫਿਲਟਰ ਪਾਉਂਦੇ ਹਨ। ਉਹਨਾਂ ਨੇ ਆਪਣੇ 25 ਸਾਲਾਂ ਦੇ ਅਨੁਭਵ ਵਿੱਚੋਂ ਦੱਸਿਆ ਕਿ ਬਰੇਤੀ ਰਾਹੀਂ ਰਿਸ ਕੇ ਆਉਂਦੀ ਸਾਰੀ ਗੰਦਗੀ ਫ਼ਿਲਟਰ ਖਿੱਚ ਕੇ ਨਲਕੇ ਰਾਹੀਂ ਬਾਹਰ ਕੱਢਦੇ ਹਨ।



ਨਲਕੇ ਦੇ ਪਾਣੀ 'ਚੋਂ ਨਿਕਲਦੀ ਗੰਦਗੀ ਵਿਖਾਉਂਦਾ ਹੋਇਆ ਇਕ ਬਜ਼ੁਰਗ।

### ਕਿਰਤੀਆਂ ਦੇ ਘਰਾਂ ਦਾ ਔਸਤ ਅਕਾਰ

ਜਿਹਨਾਂ ਕਿਰਤੀਆਂ ਦੇ ਘਰਾਂ ਵਿੱਚ ਨਲਕਿਆਂ ਦੇ ਨਜ਼ਦੀਕ ਪਖਾਨੇ ਲਈ ਕੱਚੀਆਂ ਖੂਹੀਆਂ ਬਣੀਆਂ ਹੋਈਆਂ ਹਨ, ਇਸ ਸਰਵੇਖਣ ਤਹਿਤ ਕੁਝ ਮਜ਼ਦੂਰਾਂ ਦੇ ਘਰਾਂ ਦੀ ਮਿਣਤੀ ਕਰਕੇ ਨਾਪ ਕੱਢੇ ਗਏ। ਇਹ ਔਸਤ ਅਕਾਰ 25 × 20 ਫੁੱਟ ਭਾਵ ਕਿ 500 ਵਰਗ ਫੁੱਟ ਪੇਂਡੂ ਮਜ਼ਦੂਰਾਂ ਦੇ ਘਰਾਂ ਦਾ ਹੁਣ ਦੀ ਤਾਰੀਖ ਤੱਕ ਬਣਦਾ ਹੈ। ਇਸ ਔਸਤ ਮੁਤਾਬਕ ਮਜ਼ਦੂਰ ਦੇ ਘਰ ਦੀ ਲੰਬਾਈ 25 ਫੁੱਟ ਹੈ ਤੇ ਚੌੜਾਈ 20 ਫੁੱਟ ਹੈ। ਪਿਛਲੇ ਪਾਸੇ 12-12 ਫੁੱਟ ਦੀ ਲੰਬਾਈ ਤੇ 6-6 ਫੁੱਟ ਚੌੜਾਈ ਵਾਲੇ ਦੋ ਕਮਰੇ ਹਨ। ਇਸ 12 ਫੁੱਟ ਦੇ ਮੂਹਰੇ 6 ਫੁੱਟ ਦੀ ਲੰਬਾਈ ਤੇ 8 ਫੁੱਟ ਦੀ ਚੌੜਾਈ ਵਾਲੀ ਅਰਧ ਕੱਚੀ ਭਾਵ ਟੀਨ ਪਾ ਕੇ ਰਸੋਈ ਬਣਦੀ ਹੈ। (ਇਸ ਦੇ ਦੂਜੇ ਪਾਸੇ 6 ਫੁੱਟ ਵਿੱਚ ਮਜ਼ਦੂਰਾਂ ਦੀਆਂ ਭੇਡਾਂ-ਬੱਕਰੀਆਂ ਜੋ ਕਿ ਉਹਨਾਂ ਦੀ ਜ਼ਿੰਦਗੀ ਬਸਰ ਕਰਨ ਲਈ ਜ਼ਰੂਰੀ ਹਨ) ਵਾਸਤੇ ਬਾੜੀ ਬਣਾਈ ਜਾਂਦੀ ਹੈ ਤੇ ਰਹਿੰਦੇ 7 ਫੁੱਟ ਵਿੱਚ ਹੀ ਨਲਕਾ ਤੇ ਕੱਚੀ ਖੂਹੀ ਵਾਲੀ ਫਲੱਸ਼ ਬਣਾ ਕੇ ਲੋਕ ਗੰਦਾ ਪੀਣ ਲਈ ਮਜਬੂਰ ਹੋ ਰਹੇ ਹਨ।




### ਵਾਟਰ ਵਰਕਸ ਚਿੱਟਾ ਹਾਥੀ

ਇਹਨਾਂ ਪਿੰਡਾਂ ਵਿਚ ਜਾਂ ਨੇੜੇ ਲੱਗੇ ਵਾਟਰ ਵਰਕਸ ਦਾ ਵੀ ਕੋਈ ਫਾਇਦਾ ਨਹੀਂ ਹੋ ਰਿਹਾ ਕਿਉਂਕਿ ਕਦੇ ਵੀ ਸਮੇਂ ਸਿਰ ਪਾਣੀ ਦੀ ਸਪਲਾਈ ਨਹੀਂ ਹੁੰਦੀ। ਸੁਣਵਾਈ ਵੀ ਕਿਧਰੇ ਨਹੀਂ, ਪੰਚਾਇਤਾਂ ਨੂੰ ਹੋਰ ਸਿਆਸੀ ਰੁਝੇਵਿਆਂ ਤੋਂ ਵਿਹਲ ਨਹੀਂ। ਸਭ ਪਾਸਿਓਂ ਥੱਕ ਹਾਰ ਕੇ ਨਿਰਾਸ਼ ਹੋ ਚੁੱਕੇ ਇਹਨਾਂ ਲੋਕਾਂ ਨੇ ਸ਼ਾਇਦ ਹਾਲਾਤ ਨਾਲ ਸਮਝੌਤਾ ਕਰ ਲਿਆ ਹੈ, ਪਰ ਆਖ਼ਰ ਕਦ ਤੱਕ..? ਇਹ ਵੀ ਆਪਣੇ ਆਪ ਵਿਚ ਇਕ ਵੱਡਾ ਸਵਾਲ ਹੈ ਕਿ ਹਰ ਘਰ ਨੂੰ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਵਾਸਤੇ ਵਿਸ਼ਵ ਬੈਂਕ ਫੰਡ ਦਿੰਦਾ ਹੈ, ਫਿਰ ਇਹ ਪੈਸਾ ਆਖ਼ਰ ਜਾ ਕਿਹੜੇ ਖ਼ਜ਼ਾਨਿਆਂ 'ਚ ਰਿਹਾ ਹੈ?

### ਕੀ ਕਹਿੰਦੇ ਨੇ ਮਾਹਰ

ਇਸ ਭਿਆਨਕ ਹਾਲਤ ਬਾਰੇ ਕੁਝ ਡਾਕਟਰਾਂ ਨਾਲ ਵੀ ਗੱਲ ਕੀਤੀ ਗਈ ਕਿ ਇਸ ਦੂਸ਼ਿਤ ਪਾਣੀ ਦਾ ਸਿਹਤ 'ਤੇ ਆਖਰ ਕਿਵੇਂ ਤੇ ਕਿੰਨਾ ਕੁ ਪ੍ਰਭਾਵ ਪੈਂਦਾ ਹੈ, ਤਾਂ ਕਪੂਰਥਲਾ ਦੇ ਹੋਮਿਓਪੈਥਿਕ ਡਾ. ਹਰਭਜਨ ਸਿੰਘ ਨੇ ਕਿਹਾ ਕਿ ਪਹਿਲੀ ਗੱਲ ਤਾਂ ਇਸ ਗੰਦੇ ਪਾਣੀ ਨੂੰ ਪੀਣ ਦੀ ਗੱਲ ਕਰਨਾ ਹੀ ਭਿਆਨਕ ਗਲਤੀ ਹੈ, ਪਰ ਜੇ ਮਜਬੂਰੀਆਂ ਦੇ ਮਾਰੇ ਲੋਕ ਇਹ ਪਾਣੀ ਪੀ ਰਹੇ ਹਨ ਤਾਂ ਇਸ ਹਲਕੇ ਵਿਚ ਟਾਈਫਾਈਡ, ਹੈਜਾ, ਹਰ ਤਰ੍ਹਾਂ ਦਾ ਹੈਪੇਟਾਈਟਸ, ਜਿਗਰ ਦੀ ਸੋਜ, ਅੰਤੜੀਆਂ ਦੀ ਸੋਜ, ਅੰਤੜੀਆਂ ਦਾ ਅਲਸਰ, ਦਮਾ, ਚਮੜੀ ਦੇ ਰੋਗ, ਦਿਲ ਦੇ ਰੋਗ, ਗੁਰਦਿਆਂ ਦੀ ਖਰਾਬੀ, ਹੱਡੀਆਂ ਦੀ ਖਰਾਬੀ, ਵਾਲ ਝੜਨੇ ਜਾਂ ਸਮੇਂ ਤੋਂ ਪਹਿਲਾਂ ਧੌਲੇ ਆਉਣਾ, ਦੰਦ ਖਰਾਬ ਹੋਣੇ ਤੇ ਮੂੰਹ 'ਚ ਛਾਲੇ ਹੋਣ ਦੀਆਂ ਤਕਲੀਫਾਂ ਇੱਥੇ ਆਮ ਹੀ ਵੇਖਣ ਨੂੰ ਮਿਲਦੀਆਂ ਹੋਣਗੀਆਂ। ਆਉਂਦੀ ਪੀੜ੍ਹੀ ਲਈ ਹਾਲਾਤ ਹੋਰ ਵੀ ਭਿਆਨਕ ਹੋਣਗੇ, ਬੱਚਿਆਂ ਦਾ ਹਾਜ਼ਮਾ ਬੇਹੱਦ ਕਮਜ਼ੋਰ ਹੋਵੇਗਾ, ਮਰੀਅਲ ਜਿਹੇ ਬੱਚੇ ਪੈਦਾ ਹੋਣਗੇ, ਬੱਚਿਆਂ ਨੂੰ ਜਿਗਰ ਦੀਆਂ ਬਿਮਾਰੀਆਂ ਹੋਣਗੀਆਂ ਤੇ ਅੰਗ ਪੈਰ ਵੀ ਖਰਾਬ ਹੋਣਗੇ।



ਡਾ. ਹਰਭਜਨ ਸਿੰਘ ਕਪੂਰਥਲਾ

ਡਾ. ਹਰਭਜਨ ਨੇ ਕਿਹਾ ਕਿ ਇਹ ਵੀ ਨਹੀਂ ਸੋਚਿਆ ਜਾ ਸਕਦਾ ਕਿ ਇਹ ਪਾਣੀ ਉਬਾਲ ਕੇ ਦੂਸ਼ਿਤ ਮੁਕਤ ਕੀਤਾ ਜਾ ਸਕਦਾ ਹੈ, ਕਿਉਂਕਿ ਅਜਿਹੇ ਪਾਣੀ ਨੂੰ ਕੁਝ ਖਾਸ ਤਕਨੀਕਾਂ ਜ਼ਰੀਏ ਸਾਫ ਕੀਤਾ ਜਾ ਸਕਦਾ ਹੈ, ਅਲਟਰਾਵਾਇਲਟ ਰੇਅਜ਼ ਜਾਂ ਨੈਰੋ ਫਿਲਟ੍ਰੇਸ਼ਨ ਨਾਲ ਹੀ ਕਿਸੇ ਹੱਦ ਤੱਕ ਇਹ ਪਾਣੀ ਪੀਣਯੋਗ ਬਣਾਇਆ ਜਾ ਸਕਦਾ ਹੈ, ਪਰ ਇੱਥੇ ਅਜਿਹੇ ਪ੍ਰਬੰਧ ਨਹੀਂ ਹਨ।

### ਤੇ ਬਾਦਲਕਿਆਂ ਦਾ ਘਾਲਾ-ਮਾਲਾ..

ਬਾਦਲ ਦਲ ਨੇ ਆਪਣੀ ਪਾਰਟੀ ਦੇ ਚੋਣ ਮੈਨੀਫੈਸਟੋ ਵਿਚ 2007 'ਚ ਇਹ ਵਾਅਦਾ ਕੀਤਾ ਸੀ ਕਿ ਗਰੀਬ ਖਾਸ ਕਰਕੇ ਦਲਿਤ ਪਰਿਵਾਰਾਂ ਦੇ ਹਰ ਘਰ ਵਿਚ ਪੱਕੀ ਫਲੱਸ਼ ਬਣਾ ਕੇ ਦਿੱਤੀ ਜਾਵੇਗੀ। ਪੂਰੇ 5 ਸਾਲ ਸੱਤਾ ਮਾਣੀ ਤੇ ਫਿਰ ਅਗਲੀ ਭਾਵ 2012 ਦੀ ਚੋਣ ਵੇਲੇ ਇਹੋ ਵਾਅਦਾ ਮੁੜ ਕੀਤਾ ਗਿਆ। ਤੇ ਸਾਲ ਪੂਰਾ ਐਤਕੀ ਵੀ ਹੋ ਗਿਆ ਹੈ ਸੱਤਾ ਸਾਂਭੀ ਨੂੰ, ਹਾਲਾਤ 'ਚ ਕੋਈ ਸੁਧਾਰ ਨਜ਼ਰ ਨਹੀਂ ਆਇਆ। ਇਹਨਾਂ ਜਿਹੜੇ ਪਿੰਡਾਂ ਦਾ ਇਸ ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ਉਹਨਾਂ ਦੇ ਕਿਸੇ ਵੀ ਘਰ ਵਿਚ ਜਾਂ ਨੇੜੇ-ਤੇੜੇ ਦੇ ਕਿਸੇ ਵੀ ਘਰ ਵਿਚ ਸਰਕਾਰ ਵੱਲੋਂ ਪੱਕੀ ਫਲੱਸ਼ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਕੁਝ ਸਾਲ ਪਹਿਲਾਂ ਕੇਂਦਰ ਸਰਕਾਰ ਦੀ ਇਕ ਯੋਜਨਾ ਆਈ ਸੀ ਕਿ ਹਰ ਘਰ ਵਿਚ ਪੱਕੀ ਫਲੱਸ਼ ਬਣਾ ਕੇ ਦਿੱਤੀ ਜਾਣੀ ਸੀ, ਪਰ ਸਮੇਂ ਦੀਆਂ ਸਰਕਾਰਾਂ ਖਾਨਾਪੂਰਤੀ ਹੀ ਕਰਦੀਆਂ ਰਹੀਆਂ।

ਬਾਦਲ ਸਰਕਾਰ ਨੇ ਤਾਂ ਆਪਣੀ ਛਪਾਈ ਸਰਕਾਰੀ ਡਾਇਰੀ ਵਿਚ ਵੀ ਚਿੱਟੇ ਦਿਨ ਵਰਗਾ ਝੂਠ ਬੋਲਿਆ ਹੈ, ਸਾਲ 2012 ਦੀ ਡਾਇਰੀ ਵਿਚ ਸਫਾ ਨੰਬਰ 23 'ਤੇ ਦਿਹਾਤੀ ਵਿਕਾਸ ਵਾਲੇ ਕਾਲਮ ਵਿਚ ਦੱਸਿਆ ਗਿਆ ਕਿ-"ਪਿੰਡਾਂ ਵਿਚ ਕਮਜ਼ੋਰ ਵਰਗ ਦੇ ਲੋਕਾਂ ਲਈ ਪਾਖਾਨਿਆਂ ਦੀ ਉਸਾਰੀ ਲਈ ਵਿੱਤੀ ਸਾਲ 2010-11 ਦੌਰਾਨ 50 ਕਰੋੜ ਦੀ ਰਾਸ਼ੀ ਨਾਲ ਪ੍ਰਤੀ ਪਾਖਾਨੇ 10,000/- ਰੁਪਏ ਦੀ ਲਾਗਤ ਨਾਲ 50000 ਪਾਖਾਨਿਆਂ ਦੀ ਉਸਾਰੀ ਕੀਤੀ। ਸਾਲ 2011-12 ਦੌਰਾਨ 89.00 ਕਰੋੜ ਰੁਪਏ ਦੀ ਰਾਸ਼ੀ ਖਰਚੀ ਗਈ। ਇਸ ਤੋਂ ਇਲਾਵਾ ਇਕ ਹੋਰ ਸਕੀਮ ਆਰ.ਡੀ.ਓ. (ਐਸ)-14 ਅਧੀਨ ਵਿੱਤੀ ਸਾਲ 2011-12 ਦੌਰਾਨ 220.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ। "

ਹੈਰਾਨੀ ਹੋਵੇਗੀ ਇਹ ਜਾਣ ਕੇ ਕਿ ਇਸ ਚੱਲ ਰਹੇ ਵਰ੍ਹੇ ਦੀ ਡਾਇਰੀ ਵਿਚ ਪਿਛਲੇ ਸਾਲ ਵਾਲੀ ਡਾਇਰੀ ਵਾਂਗ ਉਸੇ ਹੀ ਸਫੇ 'ਤੇ ਭਾਵ 23 ਨੰਬਰ ਸਫੇ ਉੱਤੇ ਉਹੋ ਜਿਹੀ ਹੀ ਇਬਾਰਤ ਲਿਖੀ ਗਈ ਹੈ- " ਪਿੰਡਾਂ ਵਿਚ ਕਮਜ਼ੋਰ ਵਰਗ ਦੇ ਲੋਕਾਂ ਲਈ ਪਾਖਾਨਿਆਂ ਦੀ ਉਸਾਰੀ ਲਈ ਵਿੱਤੀ ਸਾਲ 2010-11 ਦੌਰਾਨ 50 ਕਰੋੜ ਦੀ ਰਾਸ਼ੀ ਨਾਲ ਪ੍ਰਤੀ ਪਾਖਾਨੇ 10,000/- ਰੁਪਏ ਦੀ ਲਾਗਤ ਨਾਲ 50000 ਪਾਖਾਨਿਆਂ ਦੀ ਉਸਾਰੀ ਕੀਤੀ। ਸਾਲ 2011-12 ਦੌਰਾਨ 89.00 ਕਰੋੜ ਰੁਪਏ ਦੀ ਰਾਸ਼ੀ ਖਰਚੀ ਗਈ। ਇਸ ਤੋਂ ਇਲਾਵਾ ਇਕ ਹੋਰ ਸਕੀਮ ਆਰ.ਡੀ.ਓ.(ਐਸ)-14 ਅਧੀਨ ਵਿੱਤੀ ਸਾਲ 2011-12 ਦੌਰਾਨ 220.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ।"

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



WE CARE YOUR CAR BETTER
Phone:780 463 2886

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 39

# ਨਿੱਕਿਆਂ ਤਾਂ ਹੁੰਦਿਆਂ ਦਾ ਵਿਆਹ ਹੋਇਆ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

'ਖੂਹ ਪਰ ਪਾਣੀ ਭਰੇਂਦੀਏ ਮੁਟਿਆਰੇ ਨੀ' ਵਾਲਾ ਗੀਤ ਪੂਰੇ ਪੰਜਾਬ ਦੀ ਮਾਨਸਿਕਤਾ ਦਾ ਹਿੱਸਾ ਬਣਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਹੈ ਇਸ ਦੀ ਨਾਟਕੀ ਸਥਿਤੀ ਤੇ ਨਾਟਕੀ ਸਥਿਤੀ ਤੋਂ ਪੈਦਾ ਹੋਇਆ ਸੁਹਜ। ਸੁਰਿੰਦਰ ਕੌਰ, ਪ੍ਰਕਾਸ਼ ਕੌਰ ਵਰਗੇ ਕਲਾਕਾਰਾਂ ਦੇ ਗਾਉਣ ਨੇ ਵੀ ਇਸ ਗੀਤ ਨੂੰ ਲੋਕਮਨ ਦਾ ਹਿੱਸਾ ਬਣਾਉਣ ਵਿਚ ਬਣਦਾ ਯੋਗਦਾਨ ਪਾਇਆ ਹੈ। ਕਈ ਵਾਰੀ ਅਜਿਹੀਆਂ ਸਥਿਤੀਆਂ ਇਸ ਪਿੱਛੇ ਕੰਮ ਕਰਦੇ ਕੁੜੱਤਣ ਭਰੇ ਸਮਾਜਕ ਯਥਾਰਥ ਨੂੰ ਅੱਖੋਂ ਉਹਲੇ ਕਰ ਦਿੰਦੀਆਂ ਹਨ। ਇੱਥੇ ਤਾਂ ਇਹ ਕੁਝ ਅਚੇਤ ਹੀ ਹੋਇਆ ਹੈ ਪਰ ਕਈ ਵਾਰ ਸੁਚੇਤ, ਬਲਕਿ ਰਾਜਨੀਤਕ ਪੱਧਰ 'ਤੇ ਵੀ ਅਜਿਹਾ ਕੁਝ ਕੀਤਾ ਜਾਂਦਾ ਹੈ, ਜਿਵੇਂ ਸਮਕਾਲੀ ਜੀਵਨ ਵਿਚ 'ਸਤੀ' ਦੀ ਮਹਿਮਾ ਕਰ ਕੇ ਤੇ ਉਸ ਨੂੰ ਮਹਾਨ ਕਾਰਜ ਦਾ ਦਰਜਾ ਦੇ ਕੇ ਸਮਾਜ ਵਿਚ ਉਨ੍ਹਾਂ ਕਰੂਰ ਪਰੰਪਰਾਵਾਂ ਤੇ ਯਥਾਰਥ ਨੂੰ ਇਕ ਪਾਸੇ ਕੀਤਾ ਜਾਂਦਾ ਹੈ ਜੋ ਇਸਤਰੀ ਨੂੰ ਸਤੀ ਹੋਣ ਲਈ ਮਜਬੂਰ ਕਰਦੀਆਂ ਹਨ। ਸਮਾਜ ਵਿਚ ਇਸਤਰੀ ਦੇ ਦਰਜੇ ਨੂੰ ਸਮਝਣ ਸਮਝਾਉਣ ਤੋਂ ਇਸ ਤਰ੍ਹਾਂ ਕੰਨੀਂ ਕਤਰਾਈ ਜਾਂਦੀ ਹੈ। ਇਹੀ ਕੁਝ ਜਾਤ-ਪਾਤ ਦੇ ਸਬੰਧ ਵਿਚ ਵੀ ਹੋ ਰਿਹਾ ਹੈ। ਸਮਾਜਕ ਤੌਰ 'ਤੇ ਹੁੰਦੇ ਵਿਤਕਰੇ ਤੇ ਅਮਾਨਵੀ ਵਿਹਾਰ ਦੀ ਸਮਾਪਤੀ ਕਰਨ ਦੀ ਬਜਾਇ ਜੇ ਹੇਠਲੀਆਂ ਜਾਤਾਂ/ਜਮਾਤਾਂ ਧਰਮ ਪਰਿਵਰਤਨ ਕਰ ਕੇ ਝੂਠੀ/ਸੱਚੀ ਸੰਤੁਸ਼ਟੀ ਕਰਨੀ ਚਾਹੁੰਦੀਆਂ ਹਨ ਤਾਂ ਸਾਰਾ ਜ਼ੋਰ ਇਸਾਈ ਮਿਸ਼ਨਰੀਆਂ ਖ਼ਿਲਾਫ਼ ਲਾਇਆ ਜਾ ਰਿਹਾ ਹੈ, ਇਉਂ ਆਪਣੇ ਸਮਾਜੀ ਕੋਹੜ ਨੂੰ ਪਛਾਨਣ ਦੀ ਬਜਾਇ ਉਸ ਨੂੰ ਲਗਾਤਾਰ ਬਣਾਈ ਰੱਖਣ ਦੀ ਰਣਨੀਤੀ ਤਿਆਰ ਕੀਤੀ ਜਾਂਦੀ ਹੈ। ਇਸੇ ਦ੍ਰਿਸ਼ਟੀ ਤੋਂ ਵਿਧਵਾ ਦੀ ਸਥਿਤੀ ਨੂੰ ਸਮਝਣ ਦੀ ਬਜਾਇ 'ਵਾਟਰ' ਫ਼ਿਲਮ ਬਾਰੇ ਵਾਵੇਲੇ ਨੂੰ ਵੀ ਸਮਝਿਆ ਜਾ ਸਕਦਾ ਹੈ।

ਅਸੀਂ ਥੋੜ੍ਹਾ ਵਿਸ਼ੇ ਤੋਂ ਲਾਂਭੇ ਹੋ ਗਏ ਹਾਂ ਪਰ ਹਥਲੇ ਲੋਕ-ਗੀਤ ਦੀ ਸਥਿਤੀ ਨੂੰ ਸਮਝਣ ਲਈ ਸ਼ਾਇਦ ਇਹ ਜ਼ਰੂਰੀ ਸੀ। ਜਿਨ੍ਹਾਂ ਗੀਤਾਂ ਦੀ ਗੱਲ ਅਸੀਂ ਕਰ ਰਹੇ ਹਾਂ ਇਸ ਪਿੱਛੇ ਛੋਟੀ ਉਮਰ ਦੇ ਵਿਆਹ ਦਾ ਯਥਾਰਥ ਕੰਮ ਕਰ ਰਿਹਾ ਹੈ। ਇਹ ਪ੍ਰਥਾ ਨੂੰ ਸਮਝਣ ਲਈ ਤਾਂ ਸਮਾਜ ਸ਼ਾਸਤਰੀਆਂ ਨੇ ਵੀ ਬਹੁਤਾ ਤਰੱਦਦ ਨਹੀਂ ਕੀਤਾ। ਇਸ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਬੱਚੇ ਨੂੰ ਸੋਝੀ ਹੋਣ ਤੋਂ ਪਹਿਲਾਂ ਹੀ ਕਿ ਉਸ ਦੇ ਆਪਣੇ ਵੀ ਕੋਈ ਅਧਿਕਾਰ ਹਨ, ਉਸ ਨੂੰ ਇਨ੍ਹਾਂ ਬੰਧਨਾਂ ਵਿਚ ਬੰਨ੍ਹ ਦਿੱਤਾ ਜਾਵੇ ਤੇ ਉਹ ਵਿਆਹ ਦੁਆਲੇ ਜੁੜੇ ਚੱਕਰਾਂ ਵਿਚ ਹੀ ਆਪਣੀ ਸੰਤੁਸ਼ਟੀ ਭਾਲਣੀ ਸ਼ੁਰੂ ਕਰ ਦੇਵੇ। ਧੀ ਵਾਲਿਆਂ ਵੱਲੋਂ ਤਾਂ ਜੁਆਨ ਹੋਣ ਤੋਂ ਪਹਿਲਾਂ ਹੀ ਇੱਜ਼ਤ ਆਬਰੂ ਬਚਾਉਣ ਲਈ ਬੇਟੀ ਨੂੰ ਉਸ ਦੇ ਦੂਸਰੇ ਘਰ ਤੋਰ ਕੇ ਸੁਰਖਰੂ ਹੋਣ ਦਾ ਤਰਕ ਤਾਂ ਆਮ ਹੀ ਦਿੱਤਾ ਜਾਂਦਾ ਹੈ। ਇਹ ਮਾਨਸਿਕਤਾ ਹੋਰ ਵੀ ਚੰਗੀ ਤਰ੍ਹਾਂ ਸਮਝੀ ਜਾ ਸਕਦੀ ਹੈ। ਜਦੋਂ ਅਸੀਂ ਮੁਕਲਾਵੇ ਦੀ ਰਸਮ ਨੂੰ ਵੇਖਦੇ ਹਾਂ। ਛੋਟੀ ਉਮਰ ਵਿਚ ਵਿਆਹ ਕਰਨ ਮਗਰੋਂ ਕੁੜੀ ਸਹੁਰੇ ਰਹੇਗੀ ਤਾਂ ਸੱਸ ਨਾਲ ਸੌਵੇਂਗੀ ਜਾਂ ਉਹ ਪੇਕੇ ਹੀ ਰਹੇਗੀ। ਸਾਰੀਆਂ ਰਸਮਾਂ ਸਹੁਰਾ, ਘਰ ਦਾ ਵਡੇਰਾ ਜਾਂ ਨਾਈ/ਪਰੋਹਿਤ ਹੀ ਕਰਨਗੇ। ਇਉਂ ਵਿਆਹ ਸਮਾਜਕ ਬੰਧਨ ਬਣਦਾ ਹੈ, ਵਿਅਕਤੀਗਤ ਚੋਣ ਨਹੀਂ। ਅਜਿਹੇ ਵਿਆਹ ਦੇ ਗੁਣਗਾਨ ਬਜ਼ੁਰਗ ਆਮ ਕਰਦੇ ਹਨ। ਅਜੋਕੇ ਸਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰਨਾ ਭਾਵੇਂ ਕਾਨੂੰਨਨ ਵਿਵਰਜਿਤ ਹੈ, ਪਰ ਪਛੜੇ ਖਿੱਤਿਆਂ ਦੇ ਲੋਕਾਂ ਵਿਚ ਇਹ ਅੱਜ ਵੀ ਪ੍ਰਚੱਲਿਤ ਹੈ। ਜਿਸ ਗੀਤ ਦਾ ਜ਼ਿਕਰ ਮੈਂ ਕਰ ਰਿਹਾ ਹਾਂ ਉਸ ਨੂੰ ਸਮਝਣ ਲਈ ਸ਼ਾਇਦ ਵਿਸ਼ੇ ਤੋਂ ਲਾਂਭੇ ਜਾਣ ਦਾ ਜ਼ੋਖ਼ਮ ਉਠਾ ਕੇ ਵੀ ਕੋਸ਼ਿਸ਼ ਕਰਨੀ ਜ਼ਰੂਰੀ ਹੈ।

ਗੀਤ ਦੀ ਸ਼ੁਰੂਆਤ ਬੜੀ ਨਾਟਕੀ ਹੈ। ਨਾਜੋ ਖੂਹ 'ਤੇ ਪਾਣੀ ਭਰ ਰਹੀ ਹੈ, ਇਉਂ ਪ੍ਰਤੀਤ ਹੁੰਦਾ ਹੈ ਕਿ ਨਾਜੋ ਨਾਲ ਹੋਰ ਕੋਈ ਸਹੇਲੀ ਨਹੀਂ ਹੈ। ਮਾਹੌਲ ਰੁਮਾਂਟਿਕ ਹੈ।

ਖੂਹ ਪਰ ਨੀਰ ਭਰੇਂਦੀਏ ਨਾਜੋ ਨੀ ਗੋਰੀਏ
ਨਾਜੋ ਨੀ ਗੋਰੀਏ।
ਇਕ ਘੁੱਟ ਨੀਰ ਪਲਾ, ਮੌਜ ਲਈ ਓ ਰਸੀਆ।

ਗੀਤ ਦਾ ਹਰ ਸ਼ਬਦ ਰੁਮਾਂਟਿਕ ਤੇ ਸੁਹਜ ਭਰਪੂਰ ਹੈ। ਨਾਜੋ-ਨਾਜ਼ੁਕ ਜਾਂ ਨਾਜ ਨਖ਼ਰਿਆਂ ਵਾਲੀ, ਸੰਬੋਧਨ ਗੋਰੀ ਹੈ। ਪਾਣੀ ਦੀ ਥਾਂ ਨੀਰ। ਮੌਜ ਲਈ ਓ ਰਸੀਆ, ਬਿਰਤਾਂਤ ਦਾ ਹਿੱਸਾ ਨਾ ਹੋ ਕੇ ਵੀ, ਗੀਤ ਵਿਚ ਰਸ ਘੋਲ ਰਿਹਾ ਹੈ। ਲੈਅ ਅਜਿਹੀ ਕਿ ਗਾਇਕਾਵਾਂ ਵੀ ਮੁਗਧ ਤੇ ਸਰੋਤਾ ਵੀ। ਸ਼ੁਰੂ ਵਿਚ ਸੈੱਟ ਕੀਤੀ ਟੋਨ ਅਖ਼ੀਰ ਤਕ ਇਕ ਸਾਰ ਚਲਦੀ ਹੈ। ਸ਼ੁਰੂ ਤੋਂ ਹੀ ਨਾਜੋ ਤੇ ਚੀਰੇ ਵਾਲੇ ਦਾ ਸੰਵਾਦ ਗੀਤ ਵਿਚ ਰੰਗ ਭਰਨੇ ਸ਼ੁਰੂ ਕਰ ਦਿੰਦਾ ਹੈ।

ਆਪਣਾ ਤਾਂ ਭਰਿਆ ਨਾ ਦੇਵਾਂ ਚੀਰੇ ਵੇ ਵਾਲਿਆ
ਚੀਰੇ ਵੇ ਵਾਲਿਆ
ਲੱਜ ਪਈਉ ਭਰ ਪੀ, ਮੌਜ ਲਈ ਓ ਰਸੀਆ।

ਨਾਜੋ ਓਪਰੇ ਮਰਦ ਨੂੰ ਜਾਣਦੀ ਤਕ ਨਹੀਂ ਪਰ ਉਸ ਨੂੰ 'ਚੀਰੇ ਵਾਲਾ' ਕਹਿ ਕੇ ਸੰਬੋਧਨ ਕਰਦੀ ਹੈ। ਇਹ ਕਾਰਨਾਮਾ ਸਿਰਜਕ ਦਾ ਹੈ। ਇਹ ਸਿਰਜਣਾ ਹੋਰ ਵੀ ਨਾਜ਼ੁਕ ਸਥਿਤੀਆਂ ਪੈਦਾ ਕਰਦੀ ਹੈ। ਨਾਜੋ ਆਪ ਪਾਣੀ ਪਿਲਾਉਣ ਦੀ ਬਜਾਇ ਚੀਰੇ ਵਾਲੇ ਨੂੰ ਪਈ ਲੱਜ ਲੈ ਕੇ ਪਾਣੀ ਕੱਢ ਕੇ ਪੀਣ ਲਈ ਕਹਿੰਦੀ ਹੈ ਜਾਂ ਇਕ ਤਰ੍ਹਾਂ ਦਾ ਮਿਹਣਾ ਹੀ ਦਿੰਦੀ ਹੈ। ਪਰ ਚੀਰੇ ਵਾਲੇ ਮੂੰਹੋਂ ਕਹੇ ਸ਼ਬਦ ਕਿਸੇ ਕਲਪਨਾਸ਼ੀਲ ਕਵਿਤਰੀ ਦੇ ਹੀ ਹੋ ਸਕਦੇ ਹਨ।

ਲੱਜ ਤੇਰੀ ਨੂੰ ਘੁੰਗਰੂ ਨਾਜੋ ਨੀ ਗੋਰੀਏ,
ਨਾਜੋ ਨੀ ਗੋਰੀਏ
ਹੱਥ ਲਾਵਾਂ ਝੜ ਜਾਣ, ਮੌਜ ਲਈ ਓ ਰਸੀਆ।

ਜਵਾਬ, ਇਨਕਾਰ ਕਰਦਾ ਹੋਇਆ ਸੁਹਜਾਤਮਕ ਬਹਾਨਾ ਵੀ ਬਣਾ ਦਿੰਦਾ ਹੈ। ਘੁੰਗਰੂਆਂ ਵਾਲੀ ਲੱਜ ਦੀ ਕਲਪਨਾ ਤੇ ਹੱਥ ਲਾਉਣ ਨਾਲ ਘੁੰਗਰੂਆਂ ਦੇ ਝੜਨਾ ਦੇ ਨਾਜ਼ੁਕ ਸੰਕੇਤ ਗ਼ਜ਼ਲ ਵਿਚ ਹੀ ਸ਼ਾਇਦ ਹੋ ਸਕਦੇ ਹਨ, ਪਰ ਇੱਥੇ ਲੋਕ ਕਵਿਤਰੀ ਆਪਣੇ ਜੌਹਰ ਦਿਖਾ ਰਹੀ ਹੈ। ਨਾਜੋ ਘੁੰਗਰੂ ਝੜਨ 'ਤੇ ਇਤਰਾਜ਼ ਨਹੀਂ ਕਰਦੀ ਪਰ ਸ਼ਰਤ ਵੀ ਜੋੜ ਦਿੰਦੀ ਹੈ।

ਇਕ ਝੜੇ ਮੈਂ ਨਾ ਕਹਾਂ, ਚੀਰੇ ਵੇ ਵਾਲਿਆ,
ਚੀਰ ਵੇ ਵਾਲਿਆ
ਦੂਜੇ ਝੜੇ ਲੈ ਲਊਂ ਚਾਰ, ਮੌਜ ਲਈ ਓ ਰਸੀਆ।

ਇਹ ਸੰਵਾਦ ਇੱਥੇ ਹੀ ਸਮਾਪਤ ਹੋ ਜਾਂਦਾ ਹੈ। ਨਾਟਕ ਦਾ ਸੀਨ ਬਦਲ ਕੇ ਘਰ ਦਾ ਹੋ ਜਾਂਦਾ ਹੈ। ਗੀਤ ਬਹੁਤ ਕੁਝ ਛੱਡ ਗਿਆ ਹੈ, ਜਾਣ ਬੁਝ ਕੇ। ਨੈਤਿਕ ਕਦਰਾਂ-ਕੀਮਤਾਂ ਦੇ ਦਬਾਅ ਹੇਠ। ਨਾਜੋ ਤੇ ਚੀਰੇ ਵਾਲੇ ਵਿਚਕਾਰ ਹੋਰ ਕੀ ਹੋਇਆ ਇਸ ਦੀ ਕਲਪਨਾ ਸਰੋਤਿਆਂ ਉੱਪਰ ਛੱਡ ਦਿੱਤੀ ਗਈ ਹੈ।

ਰੱਤੜੇ ਪੀੜ੍ਹੇ 'ਤੇ ਬੈਠੀਏ, ਸੱਸੂ ਨੀ ਮੇਰੀਏ
ਸੱਸੂ ਨੇ ਮੇਰੀਏ
ਉੱਠ ਕੇ ਤੂੰ ਪਾਣੀ ਲਹਾ, ਮੌਜ ਲਈ ਓ ਰਸੀਆ।
ਘੜਾ ਤਾਂ ਕਰ ਦਿਆਂ ਠੀਕਰੀ ਨੋਹੇਂ ਨੀ ਮੇਰੀਏ
ਨੋਹੇਂ ਨੀ ਮੇਰੀਏ
ਏਤਨੀ ਦੇਰ ਕਿਉਂ ਲਾਈ, ਮੌਜ ਲਈ ਓ ਰਸੀਆ।

ਸੱਸ ਪੀੜ੍ਹੇ 'ਤੇ ਬੈਠੀ ਹੈ। ਇਹ ਉਹੀ ਘਰ ਹੈ, ਜਿਸ ਦੀ ਕਲਪਨਾ ਕੁੜੀ ਨੇ ਸੁਹਾਗਾਂ ਵਿਚ ਕੀਤੀ ਸੀ। 'ਦੇਈਂ ਵੇ ਬਾਬਲਾ' ਓਸ ਘਰੇ, ਜਿੱਥੇ ਸੱਸ ਭਲੀ ਪ੍ਰਧਾਨ ਸਹੁਰਾ ਸਰਦਾਰ ਹੋਵੇ।' ਪਰ ਔਰਤ/ਨੂੰਹ ਪਾਣੀ ਨੂੰ ਗਈ ਦੇਰ ਨਾਲ ਆਈ ਹੈ। ਇਸ ਲਈ ਸੱਸ ਦਾ ਰੂਪ 'ਬਘਿਆੜੀ' ਵਾਲਾ ਵੀ ਹੈ। ਜੋ ਘੜੇ ਨੂੰ ਠੀਕਰੀਆਂ ਕਰਨ ਲਈ ਤੁਲ ਗਈ ਹੈ। ਰੁਮਾਂਟਿਕਤਾ ਤੋਂ ਇਕਦਮ ਸੱਸ ਦਾ ਰੌਦ੍ਰ ਰੂਪ। ਪਰ 'ਮੌਜ ਲਈ ਓ ਰਸੀਆ' ਦੀ ਲੈਅ ਇਸ ਨੂੰ ਕਾਬੂ ਵਿਚ ਰੱਖਦੀ ਹੈ। ਨੂੰਹ ਦਾ ਸਹੀ ਜਵਾਬ ਵੀ ਸੱਸ ਨੂੰ ਸੰਵਾਦ ਵਿਚ ਸ਼ਾਮਲ ਕਰ ਲੈਂਦਾ ਹੈ।

ਲੰਮਾ ਤੇ ਛੰਮਾ ਸੀ ਗਭਰੂ, ਸੱਸੂ ਨੀ ਮੇਰੀਏ,
ਸੱਸੂ ਨੀ ਮੇਰੀਏ,
ਬੈਠਾ ਸੀ ਝਗੜਾ ਓ ਪਾ, ਮੌਜ ਲਈ ਓ ਰਸੀਆ।
ਕੇਹਦੇ ਤਾਂ ਵਰਗਾ ਸੀ ਗਭਰੂ, ਨੋਹੇਂ ਨੀ ਮੇਰੀਏ।
ਨੋਹੇਂ ਨੀ ਮੇਰੀਏ
ਕੇਹਦੇ ਤਾਂ ਵਰਗੀ ਨੁਹਾਰ, ਮੌਜ ਲਈ ਓ ਰਸੀਆ।

ਲੰਮੇ-ਛੰਮੇ ਗਭਰੂ ਦੇ ਵਰਣਨ ਨੇ ਸੱਸ ਦੇ ਮਨ ਵਿਚ ਉਤਸੁਕਤਾ ਜਗਾ ਦਿੱਤੀ ਹੈ, ਇਸੇ ਲਈ ਉਹ ਗਭਰੂ ਦੇ ਪਛਾਣ ਚਿੰਨ੍ਹ ਲੱਭਣਾ ਚਾਹੁੰਦੀ ਹੈ। ਇਹ ਉਤਸੁਕਤਾ ਇਸ ਗੱਲ ਦੀ ਵੀ ਹੈ ਕਿ ਸ਼ਾਇਦ ਸੱਸੂ ਦਾ ਕੋਈ ਆਪਣਾ ਹੀ ਨਿਕਲ ਆਵੇ। ਝਗੜੇ ਨਾਲੋਂ ਉਸ ਦੀ ਝਗੜਨ ਵਾਲੇ ਨਾਲ ਦਿਲਚਸਪੀ ਵਧੇਰੇ ਹੈ। ਉਸ ਦੇ ਨੂੰਹ ਨੂੰ ਕੀਤੇ ਸਵਾਲ ਇਸ ਦੀ ਮੂੰਹ ਬੋਲਦੀ ਮਿਸਾਲ ਹੈ।

ਕੇਹਦੇ ਤਾਂ ਵਰਗਾ ਸੀ ਗਭਰੂ ਨੋਹੇਂ ਨੀ ਮੇਰੀਏ
ਨੋਹੇਂ ਨੀ ਮੇਰੀਏ
ਕੇਹਦੇ ਤਾਂ ਵਰਗੀ ਨੁਹਾਰ, ਮੌਜ ਲਈ ਓ ਰਸੀਆ
ਤੇਰੇ ਤਾਂ ਵਰਗਾ ਸੀ ਗਭਰੂ, ਸੱਸੂ ਨੀ ਮੇਰੀਏ
ਨਣਦ ਤਾਂ ਵਰਗੀ ਨੁਹਾਰ, ਮੌਜ ਲਈ ਓ ਰਸੀਆ।

ਸੱਸ ਦੇ ਸਵਾਲ ਤਾਂ ਸੁਭਾਵਕ ਹਨ, ਪਰ ਜਵਾਬ ਸਾਡੇ ਲਈ ਵਧੇਰੇ ਦਿਲਚਸਪ ਹਨ। ਨੂੰਹ, ਗਭਰੂ ਦਾ ਮੁਹਾਂਦਰਾ ਸਹੁਰੇ ਵਰਗਾ ਜਾਂ ਜੇਠ ਵਰਗਾ ਨਹੀਂ ਦੱਸਦੀ ਕਿਉਂਕਿ ਉਸ ਨੇ ਕਦੇ ਉਨ੍ਹਾਂ ਨੂੰ ਢੰਗ ਨਾਲ ਵੇਖਿਆ ਹੀ ਨਹੀਂ। ਘੁੰਡ ਦੀ ਪ੍ਰਥਾ ਕਰ ਕੇ ਇਹ ਸੰਭਵ ਵੀ ਨਹੀਂ। ਜੇ ਨੂੰਹ ਗਭਰੂ ਦੀ ਨੁਹਾਰ ਸਹੁਰੇ ਜਾਂ ਜੇਠ ਵਰਗੀ ਕਹਿੰਦੀ ਤਾਂ ਗੱਲ ਉਲਝ ਵੀ ਸਕਦੀ ਸੀ, ਇਸ ਲਈ ਉਸ ਦੀ ਸਮਝਦਾਰੀ ਵੀ ਅਜਿਹਾ ਜਵਾਬ ਦੇਣ ਵਿਚ ਹੀ ਹੈ। ਉਸ ਦਾ ਅਸਲੀ ਵਾਹ ਤਾਂ ਸੱਸ ਤੇ ਨਣਾਨ ਨਾਲ ਹੈ, ਇਸ ਲਈ ਵੀ ਇਹ ਜਵਾਬ ਢੁਕਵਾਂ ਹੈ। ਸੱਸ ਨੇ ਅਸਲੀਅਤ ਸਮਝ ਲਈ।

ਛੰਨਾ ਤਾਂ ਭਰਿਆ ਸੀ ਦੁੱਧ ਦਾ ਨੋਹੇਂ ਨੀ ਮੇਰੀਏ
ਨੋਹੇਂ ਨੀ ਮੇਰੀਏਂ,
ਰੁੱਸੜਾ ਕੌਂਤ ਮਨਾ, ਮੌਜ ਲੀ ਓ ਰਸੀਆ।

ਨਾਟਕੀ ਮੋੜ ਆਇਆ ਸੱਸ 'ਬਘਿਆੜੀ' ਤੋਂ ਮੋਮ ਬਣ ਗਈ ਕਿਉਂਕਿ ਉਸ ਦਾ ਪੁੱਤ ਹੀ ਉਹ ਗਭਰੂ ਹੈ ਜਿਸ ਨੇ ਖੂਹ 'ਤੇ ਝਗੜਾ ਪਾਇਆ ਹੈ, ਇਸੇ ਲਈ ਉਹ ਦੁੱਧ ਦਾ ਛੰਨਾ ਦੇ ਕੇ ਨੂੰਹ ਨੂੰ ਉਸ ਕੋਲ ਭੇਜਦੀ ਹੈ।

ਇਕ ਹੋਰ ਨਾਟਕੀ ਮੋੜ, ਗਭਰੂ 'ਖੂਹ ਵਾਲੇ ਬੋਲ' ਚਿਤਾਰ ਕੇ ਦੁੱਧ ਪੀਣ ਤੋਂ ਇਨਕਾਰੀ ਹੋ ਜਾਂਦਾ ਹੈ ਜਾਂ ਕਹੋ, ਸੁਆਦ ਲੈਂਦਾ ਹੈ।

ਛੰਨਾ ਤਾਂ ਭਰਿਆ ਮੈਂ ਨਾ ਪੀਵਾਂ, ਨਾਜੋ ਨੀ ਗੋਰੀਏ,
ਨਾਜੋ ਨੀ ਗੋਰੀਏ
ਖੂਹੇ ਵਾਲੇ ਬੋਲ ਸੁਣਾ, ਮੌਜ ਲਈ ਓ ਰਸੀਆ

ਨੂੰਹ ਦਾ ਕਸੂਰ ਕਿਤੇ ਵੀ ਨਹੀਂ, ਅਣਜਾਣੇ ਵਿਚ ਹੀ ਉਸ ਨੂੰ ਦੁਖੀ ਹੋਣਾ ਪੈਂਦਾ ਹੈ ਤੇ ਵਿਰੋਧੀ ਕਿਸਮ ਦੀਆਂ, ਝਗੜਾਲੂ ਤੇ ਰੁਸੇਵੇਂ ਦੀਆਂ ਸਥਿਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ ਅਤੇ ਅਣਜਾਣਪੁਣੇ ਵਿਚ ਹੋਈ ਕੁਤਾਹੀ ਦੀ ਵਿਆਖਿਆ ਕਰਨੀ ਪੈਂਦੀ ਹੈ। ਪਰ ਸਾਡੇ ਲਈ ਉਸ ਦੀ ਵਿਆਖਿਆ ਸਭ ਤੋਂ ਮਹੱਤਵਪੂਰਨ ਹੈ।

ਨਿੱਕਿਆਂ ਤਾਂ ਹੁੰਦਿਆਂ ਦਾ ਵਿਆਹ ਹੋਇਆ
ਚੀਰੇ ਵਾ ਵਾਲਿਆ, ਚੀਰੇ ਵਾਲਿਆ,
ਰਹੀਓ ਨਾ ਸੁਰਤ ਸੰਭਾਲ
ਮੌਜ ਲਈ ਓ ਰਸੀਆ।

ਇਹ ਸਾਰਾ ਕੁਝ ਛੋਟੀ ਉਮਰ ਦੇ ਵਿਆਹ ਕਾਰਨ ਹੀ ਵਾਪਰਿਆ ਹੈ ਜਿਸ ਦੀ ਚਰਚਾ ਅਸੀਂ ਆਰੰਭ ਵਿਚ ਕੀਤੀ ਹੈ। ਇਸ ਸਮੇਂ ਮੈਨੂੰ ਇਹ ਯਾਦ ਨਹੀਂ ਕਿ ਮੈਂ ਇਹ ਗੀਤ ਖੇਤਰੀ ਕਾਰਜ ਸਮੇਂ ਕਿੱਥੋਂ ਤੇ ਕਿਸ ਕੋਲੋਂ ਸੁਣਿਆ ਪਰ ਇਸ ਦੀ ਲੈਅ ਤੇ ਸੁਹਜ ਹਮੇਸ਼ਾ ਮੇਰੇ ਅੰਗ-ਸੰਗ ਰਿਹਾ ਹੈ ਤੇ ਇਸ ਦੇ ਪਿਛੋਕੜ ਨੇ ਮੈਨੂੰ ਹਮੇਸ਼ਾ ਸੋਚੀਂ ਪਾ ਰੱਖਿਆ ਹੈ।

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 ▲ Ph: 905 479 5807

# ਮਨੁੱਖੀ ਜਦੋ-ਜਹਿਦ ਦਾ ਸੂਹਜ ਸ਼ਾਸਤਰੀ ਗ਼ਜ਼ਲਕਾਰ ਹਰਮਿੰਦਰ ਸਿੰਘ ਕੋਹਾਰਵਾਲਾ

ਪੰਜਾਬੀ ਗ਼ਜ਼ਲ ਵਿਚ ਇਸ ਸਮੇਂ ਹਜ਼ਾਰ ਗ਼ਜ਼ਲਕਾਰ ਗ਼ਜ਼ਲਾਂ ਲਿਖ ਅਤੇ ਛਪਵਾ ਰਹੇ ਹਨ। ਅੱਜ ਤਕ ਸੈਂਕੜੇ ਸ਼ਾਨਦਾਰ ਗ਼ਜ਼ਲ ਸੰਗ੍ਰਹਿ ਛਪ ਚੁੱਕੇ ਹਨ। ਪਰ ਬੜੇ ਥੋੜ੍ਹੇ ਗ਼ਜ਼ਲਕਾਰ ਹਨ, ਜਿਨ੍ਹਾਂ ਨੇ ਗ਼ਜ਼ਲ ਨੂੰ ਮਨੁੱਖ ਦੀ ਅਨੰਤ ਜੱਦੋ-ਜਹਿਦ ਨੂੰ ਪੂਰੀ ਤਰ੍ਹਾਂ ਸਮਰਪਤ ਹੋ ਕੇ ਲਿਖਿਆ ਹੋਵੇ। ਗ਼ਜ਼ਲ ਨੂੰ ਰੁਮਾਂਟਿਕ ਰਚਨਾ ਵਜੋਂ ਲਿਆ ਜਾਂਦਾ ਰਿਹਾ ਹੈ। ਕਿਹਾ ਜਾਂਦਾ ਰਿਹਾ ਹੈ ਕਿ ਗ਼ਜ਼ਲ ਦਾ ਭਾਵ ਪਰਦੇ ਅੰਦਰ ਜਵਾਨ ਔਰਤਾਂ ਨਾਲ ਗੁਫ਼ਤਗੂ ਕਰਨਾ ਹੈ ਪਰ ਪੰਜਾਬੀ ਗ਼ਜ਼ਲਕਾਰਾਂ ਨੇ ਇਹ ਸਾਬਤ ਕੀਤਾ ਹੈ ਕਿ ਕਾਵਿ ਰੂਪ ਕਿਸੇ ਇਕ ਪਰਿਭਾਸ਼ਾ ਵਿਚ ਨਹੀਂ ਸਮਾ ਸਕਦਾ। ਹੁਣ ਸ਼ਾਇਰਾਂ, ਜਿਹੜੇ ਖ਼ੁਦ ਵੀ ਲੋਕ ਜਥੇਬੰਦੀਆਂ ਵਿਚ ਵਿਚਰਦੇ ਰਹੇ ਹਨ, ਨੇ ਪੰਜਾਬੀ ਗ਼ਜ਼ਲ ਨੂੰ ਬੜੇ ਪਿਆਰੇ ਸੰਘਰਸ਼ੀ ਬੋਲ ਦਿੱਤੇ ਹਨ। ਸੰਘਰਸ਼ੀ ਬੋਲ ਦੇਣੇ ਸੌਖੇ ਹਨ ਅਤੇ ਇਹ ਕਾਰਜ ਸਾਡੇ ਪੁਰਾਣੇ ਗ਼ਜ਼ਲਕਾਰ ਕਰਦੇ ਵੀ ਰਹੇ ਹਨ ਪਰ ਗ਼ਜ਼ਲ ਵੀ ਬਾਕੀ ਕਵਿਤਾ ਵਾਂਗ ਬੁਲੰਦ ਤੇ ਸੜਕੀ ਨਾਅਰਿਆਂ ਦਾ ਸਿੱਧਾ ਭਾਰ ਨਹੀਂ ਚੁੱਕ ਸਕਦੀ। ਜੇਕਰ ਗ਼ਜ਼ਲ ਵਿਚੋਂ ਗ਼ਜ਼ਲੀਅਤ ਹੀ ਮਰ ਗਈ ਤਾਂ ਬਾਕੀ ਕੁਝ ਵੀ ਨਹੀਂ ਬਚਦਾ। ਲੋੜ ਇਸ ਗੱਲ ਦੀ ਹੈ ਕਿ ਸੰਘਰਸ਼ੀ ਬੋਲਾਂ ਨੂੰ ਸਹਿਜ ਅਤੇ ਸੁਹਜ ਦੀ ਭਾਸ਼ਾ ਵਿਚ ਬਿਆਨ ਕੀਤਾ ਜਾਵੇ। ਹਰਮਿੰਦਰ ਸਿੰਘ ਕੋਹਾਰਵਾਲਾ ਵੀ ਐਸਾ ਸੁਲੱਖਣਾ ਸ਼ਾਇਰ ਹੈ, ਜਿਸ ਨੇ ਪੀੜਤ ਧਿਰ ਨਾਲ ਖਲੋਣ ਦਾ ਸਦਾ ਅਹਿਦ ਪਾਲਿਆ ਹੈ। ਸਮਕਾਲੀ ਲੁੱਟ ਤੰਤਰ ਦੇ ਥੰਮ, ਧਰਮ, ਸਿਆਸਤ, ਖੁੱਲ੍ਹੀ ਮੰਡੀ ਆਦਿ ਦੇ ਸਰਬਪੱਖੀ ਗਿਆਨ ਬਾਰੇ ਉਹ ਸੁਚੇਤ ਹਨ। ਉਸ ਨੂੰ ਇਹ ਵੀ ਪਤਾ ਹੈ ਕਿ ਜਿਸ ਨੌਜਵਾਨ ਨੇ ਹਰਾਵਲ ਦਸਤਾ ਬਣਨਾ ਸੀ, ਉਹ ਨਸ਼ਿਆਂ ਵਿਚ ਗਰਕ ਰਿਹਾ ਹੈ। ਉਸ ਦੀ ਭਾਸ਼ਾ ਟੁਣਕਵੀਂ ਹੁੰਦੀ ਹੈ ਅਤੇ ਉਹ ਮੀਸਣੀ ਗੱਲ ਨਹੀਂ ਕਰਦਾ। ਉਹ ਆਪਣੇ ਸੰਘਰਸ਼ੀ ਬੋਲਾਂ ਨੂੰ ਨਾਅਰੇ ਤੋਂ ਬਚਾਉਂਦਾ ਹੈ ਤੇ ਗੱਲ ਨੂੰ ਸਹਿਜ ਨਾਲ ਪੇਸ਼ ਕਰਦਾ ਹੈ। ਇਹ ਸ਼ੋਰ ਨਹੀਂ ਪਾਉਂਦਾ ਅਤੇ ਅਛੋਪਲੀ ਗੱਲ ਵੀ ਨਹੀਂ ਕਰਦਾ। ਉਹ ਸੰਬੋਧਨ ਹੋ ਕੇ ਅਤੇ ਧਿਰਾਂ ਦੀ ਅੱਖ ਵਿਚ ਅੱਖ ਪਾ ਕੇ ਗੱਲ ਕਰਦਾ ਹੈ। ਅਣਖੀ ਕਿਰਤ ਦੀ ਲੁੱਟ ਨੂੰ ਉਹ ਹੋਣੀ ਬਣਨ ਤੋਂ ਨਵਾਂ ਫ਼ਲਸਫ਼ਾ ਸਿਰਜਦਾ ਹੈ। ਉਸ ਦੇ ਅਨੇਕਾਂ ਸ਼ਿਅਰ ਬਹੁ-ਪਰਤੀ ਹਨ। ਉਹ ਉਮਰ ਦਰਾਜ ਹੈ ਅਤੇ ਸੇਵਾ ਮੁਕਤ ਵੀ ਪਰ ਉਮਰ ਨੂੰ ਉਸ ਨੇ ਗ਼ਜ਼ਲਕਾਰੀ ਦੇ ਰਾਹ ਵਿਚ ਅੜਚਣ ਨਹੀਂ ਬਣਨ ਦਿੱਤਾ। ਉਸ ਦਾ ਇਕ ਸ਼ਿਅਰ ਦੇ ਰਿਹਾਂ ਬਾਕੀ ਤੁਸੀਂ ਪੜ੍ਹੋ :

ਲਗਾਈ ਧਰਮ ਨੇ ਤੀਲੀ,  
ਸਿਆਸਤ ਨੇ ਹਵਾ ਦਿੱਤੀ।  
ਜਲਾ ਕੇ ਚਹਿਕਦੀ ਬਸਤੀ,  
ਸਿੰਘਾਸਣ ਨੂੰ ਗਿਜਾ ਦਿੱਤੀ।



ਹਰਮਿੰਦਰ ਸਿੰਘ ਕੋਹਾਰਵਾਲਾ  
+91-98768-73735



ਸੁਲੱਖਣ ਸਰਹੱਦੀ  
+91-94174-84337  
sarhadisulkhan@yahoo.com

## ਹਰਮਿੰਦਰ ਸਿੰਘ ਕੋਹਾਰਵਾਲਾ ਦੀਆਂ ਗ਼ਜ਼ਲਾਂ

ਅੱਜ ਨਹੀਂ ਤਾਂ ਕਲ੍ਹ ਹੋਵੇਗੀ, ਸ਼ੋਭਾ ਉਸ ਦੇ ਜੇਰੇ ਦੀ।  
ਹਰਫ਼ ਜਗਾ ਕੇ ਲੱਭ ਰਿਹਾ ਏ, ਜਿਹੜਾ ਪੈੜ ਹਨੇਰੇ ਦੀ।

ਮਸਤਕ ਮਸਤਕ ਦਸਤਕ ਦੇ ਕੇ, ਵੰਡਣ ਲੱਪ ਲੱਪ ਚਿਣਗਾਂ ਦਾ,  
ਪੈੜ ਬਦੀ ਦੀ ਨੱਪਣ ਵਾਲੇ, ਰੱਖਣ ਵਿੜਕ ਲੁਟੇਰੇ ਦੀ।

ਕਾਲੇ ਧਨ ਦੀ ਸਾਂਭ ਸੰਭਾਲੀ, ਨੀਂਦ ਉਡਾਵੇ ਧਨੀਆਂ ਦੀ,  
ਸਾਡੀ ਨੀਂਦ ਉਡਾਈ ਰੱਖੇ, ਹਾਲਤ ਰੈਣ ਬਸੇਰੇ ਦੀ।

ਇਕ ਨਾ ਇਕ ਦਿਨ ਧੋਣੀ ਪੈਣੀ, ਨਾਲ ਲਹੂ ਦੇ ਇਹ ਕਾਲਖ਼,  
ਜਿਸ ਕਾਲਖ਼ ਨੇ ਨਿਗ਼ਲੀ ਆਭਾ, ਸਾਡੇ ਸੁਰਖ਼ ਸਵੇਰੇ ਦੀ।

ਅੱਜ ਖ਼ੁਦਾ ਦਾ ਲੜ ਫੜਿਆ ਹੈ, ਹੀਣੇ ਊਣੇ ਦੁਖੀਏ ਨੇ,  
ਸਮਝੀ ਨਹੀਂ ਸਿਆਸਤ ਜਿਸ ਨੇ, ਮੰਦਰ ਮਸਜ਼ਿਦ ਡੇਰੇ ਦੀ।

ਜਦ ਹਿੱਲੇ ਈਮਾਨ ਤਖ਼ਤ ਦਾ, ਹਿੱਲ ਜਾਂਦੀ ਹੈ ਪਰਜਾ ਵੀ,  
ਹਿੱਲੀ ਪਰਜਾ ਧਰਤੀ ਪੁੱਟੇ, ਪੁੱਟੇ ਇੱਟ ਬਨੇਰੇ ਦੀ।

ਏਸ ਉਦਾਸੇ ਘਰ ਵਿਚ ਕਿਸ ਬਿਧ, ਮਹਿਫ਼ਲ ਭਖਦੀ ਹੋ ਜਾਏ।  
ਤੁਰਤ ਨਤੀਜੇ ਭਾਲਦਿਆਂ ਦੀ ਮਿਹਨਤ ਮਿੱਟੀ ਹੋ ਜਾਏ।

ਸਿਰ ਚੁੱਕੇਗਾ ਕਿਹੜਾ ਉਥੇ ਕੌਣ ਫੜੇ ਬਾਂਹ ਦੁਖੀਏ ਦੀ,  
ਖੌਫ਼ 'ਚ ਡੁੱਬੀ ਨਗਰੀ ਹੀ ਜਦ ਗੂੰਗੀ ਬਹਿਰੀ ਹੋ ਜਾਏ।

ਕਦ ਤਕ ਸੇਕ ਉਧਾਰਾ ਲੈ ਕੇ ਗ਼ੁਜ਼ਰ ਕਰੋਗੇ ਹਮਸਫ਼ਰੋ,  
ਠੰਢੇ ਚੁੱਲ੍ਹੇ ਖ਼ਾਤਰ ਹੁਣ ਤਾਂ ਗਰਮਾ ਗਰਮੀ ਹੋ ਜਾਏ।

ਜੋ ਕੋਈ ਵੀ ਕਦਰਾਂ ਦੀ ਥਾਂ ਪਿੱਛੇ ਪੈ ਜਾਏ ਸ਼ੋਹਰਤ ਦੇ,  
ਓਸ ਵਿਕਾਊ ਬੰਦੇ ਦੀ ਫਿਰ ਕੀਮਤ ਕੌਡੀ ਹੋ ਜਾਏ।

ਨਿੰਬੂ ਵਾਂਗ ਨਿਚੋੜੇ ਖ਼ਲਕਤ ਇਹ ਨੀਤੀ ਬਦਨੀਤਾਂ ਦੀ,  
ਦੁਨੀਆ ਭਰ ਦੀ ਦੌਲਤ ਚਾਹੁੰਦੇ ਇਕ ਥਾਂ ਢੇਰੀ ਹੋ ਜਾਏ।

ਹੁਣ ਠੱਕੇ ਵਿਚ ਤਨ ਠਰਦਾ ਹੈ, ਕਿਧਰੋਂ ਨਿੱਘ ਤਲਾਸ਼ ਕਰੋ,  
ਧੁਖਦੀ ਧੂਣੀ ਨੂੰ ਫੋਲੋ ਹੁਣ, ਤਾਂ ਕਿ ਬਲਦੀ ਹੋ ਜਾਏ।

ਸਬਰ ਸਬੂਰੀ ਕਰ ਕੇ ਆਪਾਂ ਕਦ ਤੋਂ ਥੱਲੇ ਲੱਗੇ ਹਾਂ,  
ਥੱਲੇ ਲਾਹੀਏ ਸਿਰ ਚੜ੍ਹਿਆ ਨੂੰ ਅਦਲਾ ਬਦਲੀ ਹੋ ਜਾਏ।

ਨਾ ਭੁੱਖੇ ਨੂੰ ਰੋਟੀ ਲੱਭੇ, ਨਾ ਠਰਦੇ ਨੂੰ ਲੋਈ।  
ਸਮਝ ਨਾ ਆਵੇ ਮਾਂ ਧਰਤੀ ਇਹ, ਕਿਵੇਂ ਮਤੇਈ ਹੋਈ।

ਦੁਨੀਆਂ ਭਰ ਦੇ ਸਭ ਸੁਖ ਸਾਧਨ, ਸ਼ਾਹ ਦੇ ਅੱਗੇ ਪਿੱਛੇ,  
ਭੁੱਲ ਭੁਲੇਖੇ ਵੀ ਦੁਖੀਆਂ ਦੀ, ਪੀੜ ਹਰੇ ਨਾ ਕੋਈ।

ਕਲੀਆਂ ਵੀ ਕੁਮਲਾਈਆਂ ਇਥੇ, ਤਿਤਲੀ ਦੇ ਰੰਗ ਉੱਡੇ,  
ਲੋਭੀ ਭੌਰਾਂ ਨੇ ਨਿਗਲੀ ਹੈ, ਗੁਲਸ਼ਨ ਦੀ ਖੁਸ਼ਬੋਈ।

ਤੋਰਾ ਤੋਰੀ ਰੱਖੂ ਕਦ ਤਕ, ਸਾਡੀ ਸਬਰ ਸਬੂਰੀ,  
ਰੀਝਾਂ ਮਰਨ ਕਿਨਾਰੇ ਹੋਈਆਂ ਆਸ ਫਿਰੇ ਅਧਮੋਈ।

ਨੰਗੇ ਭੁੱਖੇ ਕਦ ਸਮਝਣਗੇ, ਹੀਲੇ ਨਾਲ ਵਸੀਲਾ,  
ਕਦ ਤੋਂ ਏਸ ਪਤੀਲੇ ਵਿਚੋਂ, ਖ਼ਾਲੀ ਆਵੇ ਡੋਈ।

ਸੇਕ ਸਿਵੇ ਦਾ ਸਹਿਣਾ ਔਖਾ, ਜੱਗ ਨਾ ਚੰਗਾ ਲੱਗੇ,  
ਭਜ ਭਜ ਜਾਣ ਸਿਵੇ ਨੂੰ ਸੋਗੀ, ਨਾਲ ਮਰੇ ਨਾ ਕੋਈ।

ਆਪਣੇ ਪੱਲੂ ਨਾਲ ਆਪ ਹੀ, ਪੂੰਝ ਮਨਾਂ ਹੁਣ ਅੱਖਾਂ,  
ਹਰ ਕੋਈ ਅਪਣਾ ਰੋਣਾ ਰੋਵੇ, ਕੌਣ ਕਰੇ ਦਿਲ ਜੋਈ।

ਰੋਹੀ ਦੇ ਵਿਚ ਰਾਤ ਪਈ ਹੈ।  
ਫਿਰ ਵੀ ਇਹ ਮਨ ਸ਼ਾਂਤਮਈ ਹੈ।

ਕੀ ਬੀਤੀ ਹੈ ਇਸ ਗੁਲਸ਼ਨ 'ਤੇ,  
ਬੇਪੱਤਰੀ ਹਰ ਸ਼ਾਖ ਪਈ ਹੈ।

ਅੱਗੇ ਲੱਗ ਤੁਰਿਆ ਹੈ ਨ੍ਹੇਰਾ,  
ਜਿੱਧਰ ਵੀ ਪ੍ਰਭਾਤ ਗਈ ਹੈ।

ਇਸ ਵਿਚਲੇ ਦੁੱਖ ਕੌਣ ਸੁਣੇਗਾ,  
ਜੋ ਅਣਪਾਈ ਬਾਤ ਪਈ ਹੈ।

ਕਿੰਨਾ ਪਿਛੇ ਫਿਰਦਾ ਹੈ ਉਹ,  
ਜਿਸ ਦੇ ਪਿਛੇ ਜ਼ਾਤ ਪਈ ਹੈ।

ਕਰ ਸਕਦੇ ਹਨ ਸਭ ਕੁਝ ਦੁਖੀਏ,  
ਪਰ ਏਕੇ ਦੀ ਘਾਟ ਪਈ ਹੈ।

ਜਾਨ ਪਏ ਤਦ ਕੱਖਾਂ ਵਿਚ ਵੀ,  
ਜਦ ਸੂਰਜ ਦੀ ਝਾਤ ਪਈ ਹੈ।

Blend of flavours

Party Cakes – Cupcakes – Desserts  
Gluten free menu  
Thai & Asian cuisine

http://www.facebook.com/Blendofflavours  
tania – 780-977-4589  
(take away only)

Gurpreet Singh Sohal (B.E. Mech.)  
Tel.: 780.935.2990

Driver Instructor  
Professional Training  
Class 4  
Class 5 Basic  
Class 5 Advance



Lock Smith  
If:  
→ Your Car is Locked  
→ Your Car Need Boost

Please Call

Rental Car Available For Road Test (Dual Brake)

C.J. Auto  
& Transmission Repair Ltd.  
& Body Shop

Specialize in Propane Repair & Body Shop  
Nindy Rao (Manager)  
Tel.: 780-434-9912 Fax: 780-434-6706  
9504-62 Avenue Edmonton, AB. T6E 0C9  
* Import & Domestic Repairs * Insurance Claims



BeLL  
STUCCO & RENOVATION  
Residential  
Commertial  
ਰੇਨੋਵੇਸਨ ਦੇ ਕੰਮ ਲਈ ਵਰਕਰ ਦੀ ਲੋੜ ਹੇ ।

- ਹਰੇਕ ਕਿਸਮ ਦੀ ਰੈਨੋਵੇਸ਼ਨ
- ਸਾਇਡਿੰਗ ਸੌਫਟ, ਫੇਸਿਆ
- ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ

FACIA  
SOCKET  
RENOVATION

Call: ਅਮਰ (AMAR)  
780 271 2266  
Fax: 780 463 7363

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

Secure Your Future

JeevanBima Inc

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
✦ ਕੀ ਤੁਸੀਂ ਘਰ ਦੇ ਮੁਖੀ ਹੋ ?
✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



Jasvir Deol
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Dr. Farhat Siddiqui (M.D.)
ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail.com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


JELD-WEN WINDOWS & DOORS
Masonite
Fancy
DOORS & MOULDINGS LTD.
FALL SHOWCASE
CHECK OUT OUR QUALITY SELECTION
Interior Doors
Cheyenne
Smooth, H/C, Pre-Hung
18" x 36"
MDF Jamb, 3 Hinges
Bostonian
6-Panel, Pre-Hung
18" x 36"
MDF Jamb, 3 Hinges
Exterior Doors
Fibreglass
"Parliament"
Pre-Hung
(32" or 36" x80")
with 4.5" Jamb
6-Panel Steel Door
with Brick Moulding
Pre-Hung (32" or 36")
with 4.5" Jamb
SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt
$15.00
Passage Knob
$10.99
French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF
MOULDING & MILLWORK
HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed
ALEXANDRIA Moulding
MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed
Single or Double "Paris" Doors
Pantry Slab
Square Ring with Band
Exterior Wood Doors
Prefinished 32" x 32" x 96"
SAVE ON BATHROOM FIXTURES!
Infinity
4 Piece Bath Set
Robe Hook
Towel Bar
Towel Ring
Paper Holder
Towel Bar
Robe Hook
Paper Holder
Sunglow
4 Piece Bath Set
Towel Ring
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012

# ਚਿੱਲੀ ਦਾ ਵਿਸ਼ਾਲ ਵਿਦਿਆਰਥੀ ਅੰਦੋਲਨ




ਮਨਦੀਪ
+91-98764-42052


ਸੰਸਾਰ ਪੂੰਜੀਵਾਦੀ ਤਾਕਤਾਂ ਦੇ ਅਰਥਿਕ ਮੰਦੀ ਦੀ ਮਾਰ ਹੇਠ ਆਉਣ ਤੋਂ ਬਾਅਦ ਸੰਸਾਰ ਪੱਧਰ ਤੇ ਲੋਕ ਪ੍ਰਤੀਰੋਧ ਦੀ ਤੀਬਰਤਾ ਲਗਾਤਾਰ ਵੱਧ ਰਹੀ ਹੈ। ਵਾਲ ਸਟਰੀਟ ਅੰਦੋਲਨ ਦੀ ਕਬਜ਼ਾ ਕਰੋ ਮੁਹਿੰਮ, ਅਰਬ ਦੇਸ਼ਾਂ ਦੀਆਂ ਬਗਾਵਤਾਂ ਤੇ ਕਿਊਬਿਕ ਦਾ ਲਾਮਿਸਾਲ ਵਿਦਿਆਰਥੀ ਅੰਦੋਲਨ ਸੰਸਾਰ ਨਕਸ਼ੇ 'ਤੇ ਵਿਦਰੋਹ ਦੀਆਂ ਕੁਝ ਤਾਜੀਆਂ ਤੇ ਚੁਣੀਦਾਂ ਘਟਨਾਵਾਂ ਹਨ ਜੋ ਤਿੱਖੇ ਵਿਰੋਧ ਪ੍ਰਦਰਸ਼ਨ ਨੂੰ ਉਜਾਗਰ ਕਰਦੀਆਂ ਹਨ। ਇਹਨਾਂ ਘਟਨਾਵਾਂ ਅੰਦਰ ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਅਤੇ ਵਿਦਿਆਰਥੀ ਅੰਦੋਲਨਾਂ ਦਾ ਵੇਗ ਜਿਆਦਾ ਤੀਬਰ ਰਿਹਾ। ਪਿਛਲੇ ਸਾਲ ਕੈਨੇਡਾ ਵਰਗੇ ਵਿਕਸਿਤ ਦੇਸ਼ ਅੰਦਰ ਫੀਸਾਂ ਦੇ ਵਾਧੇ ਖਿਲਾਫ਼ ਤਿੰਨ ਲੱਖ ਤੋਂ ਵੱਧ ਗਿਣਤੀ ਵਿਚ ਵਿਦਿਆਰਥੀ ਲਗਾਤਾਰ ਤਿੰਨ ਮਹੀਨੇ ਸੜਕਾਂ ਉੱਤੇ ਰੋਸ ਮੁਜ਼ਾਹਰੇ ਕਰਦੇ ਰਹੇ। ਉਸ ਸਮੇਂ ਕਿਊਬਿਕ ਦੇ ਵਿਦਿਆਰਥੀਆਂ ਦੀਆਂ ਹੱਕੀ ਮੰਗਾਂ ਦੇ ਹੱਕ 'ਚ ਤੇ ਸਿੱਖਿਆ ਨੀਤੀ ਵਿਰੋਧੀ ਸਰਕਾਰੀ ਤੰਤਰ ਖ਼ਿਲਾਫ਼ ਚਿੱਲੀ ਸਮੇਤ ਦੁਨੀਆ ਭਰ ਦੇ ਇਕ ਦਰਜਨ ਤੋਂ ਉਪਰ ਦੇਸ਼ਾਂ ਦੇ ਵਿਦਿਆਰਥੀਆਂ ਨੇ ਕਿਊਬਿਕ ਦੇ ਵਿਦਿਆਰਥੀਆਂ ਦੇ ਹੱਕ ਵਿਚ ਆਪਣੀ ਅਵਾਜ਼ ਉਠਾਈ ਸੀ। ਸਾਲ 2012 ਦਾ ਕਿਊਬਿਕ ਦਾ ਵਿਦਿਆਰਥੀ ਅੰਦੋਲਨ ਕੈਨੇਡਾ ਦੇ ਇਤਿਹਾਸ ਦਾ ਸਭ ਤੋਂ ਵੱਡਾ, ਸ਼ਾਂਤਮਈ ਤੇ ਇਕਜੁੱਟ ਅੰਦੋਲਨ ਸੀ। ਚਿੱਲੀ ਦੇ ਵਿਦਿਆਰਥੀਆਂ ਦਾ 2011 ਤੋਂ ਸ਼ੁਰੂ ਹੋਇਆ ਮੌਜੂਦਾ ਅੰਦੋਲਨ ਵੀ ਕੁਝ ਇਸੇ ਤਰ੍ਹਾਂ ਦਾ ਹੈ। ਚਿੱਲੀ ਅੰਦਰ ਨਵੰਬਰ 2013 ਦੀਆਂ ਚੋਣਾਂ ਦੇ ਗਰਮਜੋਸ਼ੀ ਵਾਲੇ ਮਹੌਲ ਵਿਚ ਚਿੱਲੀ ਦੇ ਵਿਦਿਆਰਥੀ ਮੁਫ਼ਤ ਤੇ ਸਭ ਲਈ ਚੰਗੀ ਸਿੱਖਿਆ ਦੀ ਬੁਨਿਆਦੀ ਹੱਕੀ ਮੰਗ ਨੂੰ ਲੈ ਕੇ ਹਜਾਰਾਂ ਦੀ ਗਿਣਤੀ ਵਿਚ ਸੜਕਾਂ 'ਤੇ ਉੱਤਰ ਆਏ ਹਨ। ਇਕ ਅੰਦਾਜ਼ੇ ਮੁਤਾਬਕ 1,50,000 ਤੋਂ ਉਪਰ ਵਿਦਿਆਰਥੀ, ਅਧਿਆਪਕ ਤੇ ਮਾਪਿਆਂ ਨੇ ਚਿੱਲੀ ਦੀ ਰਾਜਧਾਨੀ ਸਾਂਤਿਆਗੋ ਵਿਖੇ 4 ਅਪ੍ਰੈਲ ਦਿਨ ਵੀਰਵਾਰ ਨੂੰ ਰੋਸ ਮੁਜਾਹਰਾ ਕੀਤਾ। ਵਿਦਿਆਰਥੀ ਹੱਥਾਂ ਵਿਚ ਫੜੇ ਝੰਡੇ ਝੁਲਾਉਂਦੇ, ਨਾਅਰੇ ਮਾਰਦੇ ਤੇ ਨੱਚਦੇ ਹੋਏ ਰਾਜਧਾਨੀ ਦੀਆਂ ਗਲੀਆਂ-ਸੜਕਾਂ ਉੱਤੇ ਆਪਣਾ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਦੇ ਰਹੇ। ਸਥਾਨਕ ਮੀਡੀਆ ਮੁਤਾਬਕ ਚਿੱਲੀ ਦੇ ਵਿਦਿਆਰਥੀਆਂ ਦਾ ਰਾਜਧਾਨੀ ਸਾਂਤਿਆਗੋ ਵਿਚਲਾ ਇਹ ਅੱਜ ਤੱਕ ਦਾ ਸਭ ਤੋਂ ਵੱਡਾ ਰੋਸ ਮਾਰਚ ਹੈ ਜੋ ਲਗਭਗ ਦੋ ਦਹਾਕਿਆਂ ਬਾਅਦ ਦੇਖਣ ਨੂੰ ਮਿਲਿਆ ਹੈ। ਰਾਜਧਾਨੀ ਵਿਚਲੇ ਇਸ ਵਿਸ਼ਾਲ ਰੋਸ ਮਾਰਚ ਦੌਰਾਨ ਕੁਝ ਅਨਸਰਾਂ ਵੱਲੋਂ ਭੜਕਾਈ ਹਿੰਸਾ ਵਿੱਚ ਦੋ ਦਰਜਨ ਲੋਕ ਤੇ ਪੁਲਿਸ ਮੁਲਾਜਮ ਜਖਮੀ ਹੋਏ। ਪੁਲਿਸ ਵੱਲੋਂ ਮੁਜਾਹਾਰਾਕਾਰੀਆਂ ਨੂੰ ਖਿੰਡਾਉਣ ਲਈ ਉਹਨਾਂ ਉੱਪਰ ਪਾਣੀ ਦੀਆਂ ਬੁਛਾੜਾਂ, ਅੱਥਰੂ ਗੈਸ ਦੇ ਗੋਲੇ ਤੇ ਘੋੜਸਵਾਰ ਪੁਲਿਸ ਵੱਲੋਂ ਹਮਲਾ ਕੀਤਾ ਗਿਆ। 109 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਰੋਸ ਮਾਰਚ ਨੇ ਦੇਸ਼ ਦੇ ਦਰਜਨਾਂ ਸ਼ਹਿਰਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਸਕੂਲਾਂ ਤੇ ਯੂਨੀਵਰਸਿਟੀਆਂ ਵਿਚੋਂ ਲੱਗਭਗ 1,20,000 ਵਿਦਿਆਰਥੀ ਚਿੱਲੀ ਦੇ ਸਾਂਤਿਆਗੋ, ਤੈਮਕੋ ਤੇ ਵਾਲਪਰੀਸੋ ਵਰਗੇ ਵੱਡੇ ਸ਼ਹਿਰਾਂ ਵਿਚ ਵਿੱਦਿਅਕ ਸੁਧਾਰ ਲਹਿਰ ਦੇ ਇਰਦ-ਗਿਰਦ ਇਕੱਠੇ ਹੋ ਰਹੇ ਹਨ ਤੇ ਆਪਣਾ ਰੋਸ ਜ਼ਾਹਰ ਕਰ ਰਹੇ ਹਨ। ਯੂਨੀਵਰਸਿਟੀ ਆੱਫ ਚਿੱਲੀ ਸਟੂਡੈਂਟ ਫੈਡਰੇਸ਼ਨ ਦੀ ਅਗਵਾਈ ਹੇਠ ਵਿਦਿਆਰਥੀ ਹੱਥਾਂ 'ਚ 'ਸੰਘਰਸ਼ ਜਾਰੀ ਹੈ', 'ਸਭਨਾਂ ਲਈ ਮੁਫਤ ਤੇ ਚੰਗੀ ਸਿੱਖਿਆ' ਦੇ ਮਾਟੋ ਫੜੀ ਦਿਨ ਭਰ ਮਾਰਚ ਕਰਦੇ ਹਨ। ਫੈਡਰੇਸ਼ਨ ਦੇ ਪ੍ਰਮੁੱਖ ਆਗੂ ਕੈਮੀਲਾ ਵਿਲੈਜੋ ਨੇ ਇਕ ਰੇਡੀਉ ਚੈਨਲ ਨੂੰ ਇੰਟਰਵਿਊ ਦਿੰਦਿਆਂ ਕਿਹਾ ਕਿ 'ਪ੍ਰਦਰਸ਼ਨਕਾਰੀਆਂ ਦਾ ਵਿਸ਼ਾਲ ਇਕੱਠ ਦੱਸਦਾ ਹੈ ਕਿ ਵਿਦਿਆਰਥੀ ਲਹਿਰ ਅਤੇ ਚਿੱਲੀ ਦੀ ਵੱਡੀ ਸਮਾਜਕ ਲਹਿਰ ਇਕ ਵਾਰ ਫਿਰ ਫੈਲ ਰਹੀ ਹੈ ਤੇ ਨਵਾਂ ਰੁਖ ਫੜ ਰਹੀ ਹੈ। ਇਹ ਇਕ ਨਿਸ਼ਾਨੀ ਹੈ ਕਿ ਵਿਦਿਆਰਥੀ ਤੇ ਸਮਾਜਕ ਲਹਿਰ ਹਾਲੇ ਖਤਮ ਨਹੀਂ ਹੋਈ ਬਲਕਿ ਇਹ ਚੱਲ ਰਹੀ ਹੈ।'

ਰੋਸ ਜਾਹਰ ਕਰ ਰਹੇ ਵਿਦਿਆਰਥੀਆਂ ਦੀ ਮੁੱਖ ਮੰਗ ਹੈ ਕਿ ਸਭਨਾਂ ਲਈ ਬਰਾਬਰ ਤੇ ਮੁਫ਼ਤ ਸਿੱਖਿਆ ਯਕੀਨੀ ਬਣਾਈ ਜਾਵੇ, ਜੋ ਉਹਨਾਂ ਦਾ ਜਨਮ-ਸਿੱਧ ਅਧਿਕਾਰ ਹੈ। ਉਹਨਾਂ ਮੁਤਾਬਕ ਦੇਸ਼ ਦੇ ਉੱਚ ਤੇ ਮੱਧ ਵਰਗੀ ਵਿਦਿਆਰਥੀ ਲੈਟਿਨ ਅਮਰੀਕਾ ਦੇ ਚੰਗੇ ਸਕੂਲਾਂ ਵਿਚ ਪੜ੍ਹਦੇ ਹਨ ਜਦਕਿ ਗਰੀਬ ਵਿਦਿਆਰਥੀ ਰਾਜ ਦੁਆਰਾ ਸਹਾਇਤਾ ਪ੍ਰਾਪਤ ਖਸਤਾ ਹਾਲਤ ਸਕੂਲਾਂ ਵਿਚ ਪੜ੍ਹਨ ਲਈ ਮਜ਼ਬੂਰ ਹਨ।

ਚਿੱਲੀ ਦੇ ਵਿਦਿਆਰਥੀਆਂ ਦੁਆਰਾ ਚਲਾਈ ਜਾ ਰਹੀ ਮੌਜੂਦਾ ਸਿੱਖਿਆ ਸੁਧਾਰ ਲਹਿਰ ਲੰਮੇ ਸਮੇਂ ਦੇ ਸੰਘਰਸ਼ਾਂ 'ਚੋਂ ਹੁੰਦੀ ਹੋਈ ਲਗਾਤਾਰ ਅੱਗੇ ਵੱਧ ਰਹੀ ਹੈ। 1973 ਤੋਂ 1990 ਤੱਕ ਅਗਸਤੋ ਪਿਨੋਚੇਤ ਦੇ ਰਾਜ ਕਾਲ ਦੌਰਾਨ ਸਿੱਖਿਆ ਦਾ ਨਿੱਜੀਕਰਨ ਅਤੇ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਨੂੰ ਕੇਂਦਰੀ ਕੰਟਰੋਲ ਤੋਂ ਮੁਕਤ ਕੀਤਾ ਗਿਆ। ਇਸੇ ਤਰ੍ਹਾਂ ਪਬਲਿਕ ਫੰਡਾਂ ਰਾਹੀਂ ਬਿਲੀਅਨਾਂ ਡਾਲਰ ਇਕੱਠੇ ਕਰਕੇ 'ਵਾਊਚਰ ਪ੍ਰਬੰਧ' ਰਾਹੀਂ ਨਿੱਜੀ ਹਾਈ ਸਕੂਲਾਂ ਨੂੰ ਚਲਾਇਆ ਜਾਣ ਲੱਗਾ। ਸਿੱਖਿਆ ਖੇਤਰ ਅੰਦਰ ਨਿੱਜੀਕਰਨ ਦੀਆਂ ਨੀਤੀਆਂ ਨੇ ਵਿਦਿਆਰਥੀਆਂ ਤੇ ਮਾਪਿਆਂ ਤੇ ਬੇਲੋੜਾ ਬੋਝ ਲੱਦ ਦਿੱਤਾ। 1990 ਵਿਚ ਅਗਸਤੋ ਪਿਨੋਚੇਤ ਦੇ ਰਾਜ ਪਲਟੇ ਤੋਂ ਬਾਅਦ ਸਥਾਪਤ ਨਵੇਂ ਲੋਕਤੰਤਰੀ ਪ੍ਰਬੰਧ ਅੰਦਰ ਲੋਕਾਂ ਨੂੰ ਵਧੀਆ ਪ੍ਰਸ਼ਾਸ਼ਨਿਕ ਢਾਂਚਾਂ ਤੇ ਵਿਦਿਆਰਥੀ ਮੰਗਾਂ ਨੂੰ ਹੱਲ ਕਰਨ ਦੇ ਵਾਅਦੇ ਕੀਤੇ ਗਏ। ਪਰੰਤੂ ਨਵੇਂ ਬਣੇ ਹਾਕਮਾਂ ਨੇ ਵਾਅਦੇ ਪੂਰੇ ਨਾ ਕੀਤੇ। ਜਿਸ ਕਾਰਨ ਚਿੱਲੀ ਅੰਦਰ ਸੰਘਰਸ਼ਾਂ ਦਾ ਦੌਰ ਫਿਰ ਤੋਂ ਸ਼ੁਰੂ ਹੋ ਗਿਆ ਤੇ ਤਿੱਖਾ ਵੇਗ ਧਾਰਦਾ ਗਿਆ।

ਸਿੱਖਿਆ ਦੇ ਮਾਮਲੇ ਨੂੰ ਲੈ ਕੇ ਚਿੱਲੀ ਅੰਦਰ 2006 ਵਿਚ ਵੀ ਵਿਦਿਆਰਥੀਆਂ ਨੇ ਵੱਡੀ ਪੱਧਰ ਤੇ ਆਪਣਾ ਰੋਸ ਜਾਹਰ ਕੀਤਾ ਸੀ। 2006 ਦੇ ਵਿਦਿਆਰਥੀ ਅੰਦੋਲਨ ਨੂੰ ਚਿੱਲੀ ਵਿਚ 'ਪੈਗੂਇਨ ਕ੍ਰਾਂਤੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਬਹੁ-ਚਰਚਿਤ ਕ੍ਰਾਂਤੀ ਉੱਚ ਸਿੱਖਿਆ ਉਪਰ ਪਬਲਿਕ ਫੰਡਾਂ ਦੀ ਬਹੁਤ ਘੱਟ ਵਰਤੋਂ ਅਤੇ ਵਿਦਿਆਰਥੀਆਂ ਲਈ ਸਿੱਖਿਆ ਪ੍ਰਾਪਤੀ ਲਈ ਗਰਾਟਾਂ, ਸਬਸਿਡੀਆਂ, ਕਰਜੇ ਤੇ ਲੋਨ ਦਾ ਕੋਈ ਤਸੱਲੀਬਖਸ਼ ਤੇ ਨਿਯਮਬੱਧ ਪ੍ਰਬੰਧ ਨਾ ਹੋਣ ਦੇ ਵਿਰੋਧ ਵਜੋਂ ਸਾਹਮਣੇ ਆਈ ਸੀ।

ਚਿੱਲੀ ਵਿਚ 2006 ਦੀ 'ਪੈਗੂਇਨ ਕ੍ਰਾਂਤੀ' ਦੇ ਜਾਰੀ ਰੂਪ ਵਜੋਂ 2011-12 ਵਿਚ ਵੱਖ-ਵੱਖ ਮੰਗਾਂ ਨੂੰ ਲੈ ਕੇ ਵਿਦਿਆਰਥੀਆਂ ਨੇ ਚਾਲੀ ਦੇ ਕਰੀਬ ਰੋਸ ਮੁਜ਼ਾਹਰੇ ਲਾਮਬੰਦ ਕੀਤੇ। 2011-12 ਦੇ ਇਹਨਾਂ ਮੁਜ਼ਾਹਰਿਆਂ ਵਿਚ ਮੁਫ਼ਤ ਤੇ ਸਭ ਲਈ ਬਰਾਬਰ ਸਿੱਖਿਆ ਦੇ ਨਾਅਰੇ ਦੇ ਨਾਲ-ਨਾਲ ਇਕ ਨਾਅਰਾ ਹੋਰ ਜੁੜ ਗਿਆ ਕਿ 'ਸਿੱਖਿਆ ਵੇਚਣ ਲਈ ਨਹੀਂ ਹੈ!' ਇਸ ਸਮੇਂ ਹੋਏ ਰੋਸ ਪ੍ਰਦਰਸ਼ਨ, ਝੰਡਾ ਮਾਰਚ, ਰਾਜ ਪੱਧਰੀਆਂ ਹੜਤਾਲਾਂ, ਭੁੱਖ-ਹੜਤਾਲਾਂ ਤੇ ਸਕੂਲਾਂ ਤੇ ਕਬਜ਼ਾ ਕਰੋ ਮੁਹਿੰਮਾਂ 'ਚ 500 ਤੋਂ ਉਪਰ ਪ੍ਰਦਰਸ਼ਨਕਾਰੀ ਤੇ ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ। 1800 ਵਿਦਿਆਰਥੀ ਗ੍ਰਿਫਤਾਰ ਕੀਤੇ ਗਏ। ਇਹਨਾਂ ਵਿਰੋਧ ਪ੍ਰਦਰਸ਼ਨਾਂ ਦੌਰਾਨ ਦੇਸ਼ ਵਿਚ ਨਵੇਂ ਵਿੱਦਿਅਕ ਢਾਂਚੇ, ਸੈਕੰਡਰੀ ਸਿੱਖਿਆ ਵਿਚ ਰਾਜ ਦੀ ਹਿੱਸੇਦਾਰੀ ਅਤੇ ਉੱਚ ਸਿੱਖਿਆ ਵਿਚੋਂ ਮੁਨਾਫ਼ੇ ਖ਼ਤਮ ਕਰਨ ਦੀ ਮੰਗ ਨੂੰ ਮੁੱਖ ਤੌਰ 'ਤੇ ਉਭਾਰਿਆ ਗਿਆ। ਵਿਦਿਆਰਥੀ ਸੰਘਰਸ਼ ਵਿਚ ਸ਼ਾਮਲ ਯੂਨੀਵਰਸਿਟੀ ਵਿਦਿਆਰਥੀਆਂ ਦੀ ਜਥੇਬੰਦੀ ਛੌਂਢਓਢ਼ ਨੇ ਸਰਕਾਰ ਅੱਗੇ ਯੂਨੀਵਰਸਿਟੀ ਵਿਦਿਆਰਥੀ ਮੰਗਾਂ ਦਾ ਸੁਝਾਅ ਪੇਸ਼ ਕੀਤਾ ਜਿਸ ਵਿਚ ਪਬਲਿਕ ਯੂਨੀਵਰਸਿਟੀਆਂ ਲਈ ਸਰਕਾਰੀ ਸਹਾਇਤਾ ਵਿਚ ਵਾਧਾ, ਵੱਕਾਰੀ ਯੂਨੀਵਰਸਿਟੀਆਂ ਵਿਚ ਦਾਖਲਾ ਪ੍ਰਕਿਰਿਆ ਉਚਿਤ ਬਣਾਉਣ, ਦਾਖਲੇ ਲਈ ਨਿਰਧਾਰਿਤ ਟੈਸਟ ਸਬੰਧੀ ਸਖਤਾਈ ਘੱਟ ਕਰਨ, ਉੱਚ ਸਿੱਖਿਆ 'ਚੋਂ ਮੁਨਾਫੇ ਵਟੋਰਨ ਖ਼ਿਲਾਫ਼ ਸਰਕਾਰ ਵੱਲੋਂ ਯੋਗ ਕਾਨੂੰਨ ਬਣਾਉਣ, ਵਿੱਦਿਅਕ ਸੰਸਥਾਵਾਂ ਦੀ ਖਸਤਾ ਹਾਲਤ 'ਚ ਉਚਿਤ ਸੁਧਾਰ ਲਈ ਰਾਜ ਵੱਲੋਂ ਵਿਸ਼ੇਸ਼ ਧਿਆਨ ਦੇਣਾ ਆਦਿ ਮੰਗਾਂ ਸ਼ਾਮਿਲ ਹਨ। ਇਸੇ ਤਰ੍ਹਾਂ ਹਾਈ ਸਕੂਲ ਵਿਦਿਆਰਥੀਆਂ ਦੀ ਜੱਥੇਬੰਦੀ ਨੇ ਮੰਗ ਚਾਰਟਰ ਪੇਸ਼ ਕੀਤਾ ਜਿਸ ਵਿਚ ਪ੍ਰਾਇਮਰੀ ਤੇ ਸੈਕੰਡਰੀ ਪਬਲਿਕ ਸਕੂਲ ਮਿਊਂਸੀਪਲ ਤੋਂ ਕੰਟਰੋਲ ਮੁਕਤ ਕਰਕੇ ਕੇਂਦਰ ਸਰਕਾਰ ਦੀ ਨਿਗਰਾਨੀ ਹੇਠ ਕਰਨ, ਵਿਦਿਆਰਥੀਆਂ ਲਈ ਬੱਸ ਪਾਸ ਦੀ ਸਹੂਲਤ ਪੂਰੇ ਸਾਲ ਲਈ ਵਰਤੋਂ ਯੋਗ ਬਣਾਉਣ, ਕਿੱਤਾਮੁੱਖੀ ਹਾਈ ਸਕੂਲਾਂ ਨੂੰ ਹੋਰ ਜਿਆਦਾ ਵਿਕਸਿਤ ਕਰਨ, 2010 ਵਿਚ ਚਿੱਲੀ 'ਚ ਆਏ ਭੂਚਾਲ ਦੀ ਮਾਰ ਹੇਠ ਆਈਆਂ ਸਕੂਲੀ ਇਮਾਰਤਾਂ ਦੀ ਮੁਰੰਮਤ ਕਰਵਾਉਣ, ਸਿੱਖਿਆ ਉੱਤੇ ਦੇਸ਼ ਦੀ ਕੁਲ ਘਰੇਲੂ ਪੈਦਾਵਾਰ ਦਾ 4.4 ਫੀਸਦੀ ਹਿੱਸਾ ਹੀ ਖਰਚਿਆ ਜਾਂਦਾ ਹੈ ਜਿਸ ਵਿਚ ਯੂ ਐੱਨ ਦੀਆਂ ਸ਼ਿਫਾਰਸ਼ਾਂ ਮੁਤਾਬਕ 7 ਫੀਸਦੀ ਤੱਕ ਦਾ ਵਾਧਾ ਕੀਤੇ ਜਾਣ, ਨਵੇਂ ਪ੍ਰਮਾਣ ਪੱਤਰ (ਝਊਛ਼ਓ਼) ਸਕੂਲਾਂ ਦੇ ਖੁਲ੍ਹਣ ਤੇ ਰੋਕ ਲਗਾਈ ਜਾਵੇ ਆਦਿ ਮੰਗਾਂ ਨੂੰ ਉਭਾਰਿਆ ਗਿਆ।

2011 ਦੇ ਵਿਦਿਆਰਥੀ ਰੋਸ ਪ੍ਰਦਰਸ਼ਨ ਸਮੇਂ ਰਾਸ਼ਟਰਪਤੀ ਸਿਬਾਸਤੀਅਨ ਪਨੇਰਾ ਨੇ ਵਿਦਿਆਰਥੀ ਮੰਗਾਂ ਮੰਨਣ ਅਤੇ ਸਿੱਖਿਆ ਵਿਚ ਲੋੜੀਂਦੇ ਸੁਧਾਰ ਲਿਆਉਣ ਲਈ ਚਾਰ ਬਿਲੀਅਨ ਡਾਲਰ ਦੀ ਲਾਗਤ ਵਾਲਾ ਘਅਓ (ਘਰਓਨਦ ਂਓਟੋਨਿਓਲ ਅਚਚੋਰਦ ੌਡ ਟਹਏ ਓਦੁਚਓਟੋਨਿ) ਪ੍ਰੋਜੈਕਟ ਲਾਗੂ ਕਰਨ ਦਾ ਵਾਅਦਾ ਕੀਤਾ। ਇਸਤੋਂ ਇਲਾਵਾ ਵਿਦਿਅਕ ਫੀਸਾਂ-ਫੰਡਾਂ, ਸਬਸਿਡੀਆਂ ਤੇ ਰਾਜ ਵੱਲੋਂ ਪਬਲਿਕ ਸਿੱਖਿਆ ਦੀ ਸਹਾਇਤਾ ਦੇ ਅਨੇਕਾਂ ਵਾਅਦੇ ਕੀਤੇ ਗਏ। ਇਸ ਦੌਰਾਨ ਪਨੇਰਾ ਵੱਲੋਂ ਉੱਚ ਸਿੱਖਿਆ ਦੇ ਖੇਤਰ ਵਿਚ ਪਬਲਿਕ ਹਿੱਸੇਦਾਰੀ ਨੂੰ ਖਾਰਜ ਕਰਦਿਆਂ ਇਸਨੂੰ ਮੁਨਾਫੇ ਵਜੋਂ ਲਿਆ ਜਿਸਦਾ ਵਿਦਿਆਰਥੀਆਂ ਨੇ ਇਹ ਕਹਿੰਦਿਆਂ ਵਿਰੋਧ ਕੀਤਾ ਕਿ ਸਰਕਾਰ ਦਾ ਇਹ ਕਦਮ ਬਹੁਤ ਹੀ ਨਾ-ਉਮੀਦੀ ਵਾਲਾ ਤੇ ਪਿਛਾਂਹਖਿਚੂ ਹੈ। ਵਿਦਿਆਰਥੀਆਂ ਨੇ ਅੱਗੇ ਸੰਘਰਸ਼ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਯੂਨੀਵਰਸਿਟੀ ਵਿਦਿਆਰਥੀਆਂ ਨੇ ਉੱਚ ਸਿੱਖਿਆ ਵਿਚਲੇ ਸੁਧਾਰ ਦੀ ਮੰਗ ਨੂੰ ਸਿਰਫ ਉੱਚ ਸਿੱਖਿਆ ਤੱਕ ਹੀ ਸੀਮਿਤ ਨਾ ਰੱਖਦੇ ਹੋਏ, 'ਸਭਨਾਂ ਨੂੰ ਮੁਫਤ ਸਿੱਖਿਆ' ਤੇ 'ਪੂਰੇ ਸਮਾਜ ਲਈ ਸੰਘਰਸ਼' ਦੇ ਨਾਅਰੇ ਨੂੰ ਅੱਗੇ ਲਿਆਂਦਾ।

ਅਗਸਤ 2011 'ਚ ਰਾਸ਼ਟਰਪਤੀ ਪਨੇਰਾ ਸਿੱਖਿਆ ਦੇ ਸਬੰਧ ਵਿਚ ਨਵਾਂ 21 ਨੁਕਾਤੀ ਪ੍ਰੋਗਰਾਮ ਲੈ ਕੇ ਆਏ ਜਿਸ ਵਿਚ ਸੰਵਿਧਾਨਕ ਤੌਰ 'ਤੇ ਉੱਚ ਗੁਣਵਤਾ ਵਾਲੀ ਵਿੱਦਿਆ ਦੀ ਗਰੰਟੀ, ਯੂਨੀਵਰਸਿਟੀ ਪ੍ਰਸ਼ਾਸ਼ਨ ਵਿਚ ਵਿਦਿਆਰਥੀਆਂ ਦੀ ਹਿੱਸੇਦਾਰੀ, ਪਬਲਿਕ ਸੈਕੰਡਰੀ ਸਿੱਖਿਆ ਨੂੰ ਸਥਾਨਕ ਕੰਟਰੋਲ ਹੇਠ ਲਿਆਉਣ ਅਤੇ ਯੂਨੀਵਰਸਿਟੀ ਵਜੀਫਿਆਂ ਵਿਚ ਵਾਧਾ ਆਦਿ ਅਨੇਕਾਂ ਵਿਦਿਆਰਥੀ ਮੰਗਾਂ ਤੇ ਸਹਿਮਤੀ ਸ਼ਾਮਲ ਹੈ। ਪਰੰਤੂ ਇਸ ਸੁਝਾਅ ਨੂੰ ਵਿਦਿਆਰਥੀਆਂ ਵੱਲੋਂ 'ਪਿਛਾਂਹਖਿਚੂ ਕਦਮ' ਕਹਿਕੇ ਰੱਦ ਕਰ ਦਿੱਤਾ ਗਿਆ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਸ ਪ੍ਰੋਗਰਾਮ ਵਿਚ ਸਿੱਖਿਆ ਦੇ ਮਿਆਰ, ਮੁਫ਼ਤ ਸਿੱਖਿਆ ਅਤੇ ਸਿੱਖਿਆ ਨੂੰ ਮੁਨਾਫਾ ਮੁਕਤ ਕਰਨ ਦੀ ਕੋਈ ਠੋਸ ਵਿਉਂਤਬੰਦੀ ਸ਼ਾਮਿਲ ਨਹੀਂ ਹੈ। ਅਖੀਰ ਵਿਦਿਆਰਥੀਆਂ ਨੇ ਦੇਸ਼ ਵਿਆਪੀ ਹੜਤਾਲ ਤੇ ਰੋਸ ਮੁਜਾਹਰਿਆਂ ਦਾ ਸੱਦਾ ਦੇ ਦਿੱਤਾ। 24-25 ਅਗਸਤ 2011 ਨੂੰ ਵਿਦਿਆਰਥੀ ਜੱਥੇਬੰਦੀਆਂ ਅਤੇ ਮਜ਼ਦੂਰ ਏਕਤਾ ਕੇਂਦਰ ਚਿੱਲੀ ਦੇ ਕਾਰਕੁੰਨਾਂ ਵੱਲੋਂ ਦੋ ਦਿਨਾਂ ਹੜਤਾਲ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿਚ 60,000 ਲੋਕਾਂ ਨੇ ਹਿੱਸਾ ਲਿਆ।

ਅਗਸਤ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਸਿੱਖਿਆ ਮੰਤਰੀ ਫਿਲਿਪ ਬਲਨਿਸ ਤੇ ਵਿਦਿਆਰਥੀ ਜੱਥੇਬੰਦੀਆਂ ਵਿਚਕਾਰ ਸਮਝੌਤੇ ਦੀ ਗੱਲਬਾਤ ਸਰਕਾਰੀ ਅਧਿਕਾਰੀਆਂ ਅਤੇ ਸਿੱਖਿਆ ਮੰਤਰੀ ਵੱਲੋਂ 'ਰਾਜਨੀਤਿਕ ਇੱਛਾ', 'ਦੇਸ਼ ਦੀ ਸਮਰੱਥਾ' ਵਰਗੀ ਬਹਾਨੇਬਾਜੀ ਤੇ ਹੋਰ ਸਾਜਿਸ਼ੀ ਚਾਲਾਂ ਕਾਰਨ ਸਿਰੇ ਨਾ ਚੜ੍ਹ ਸਕੀ। ਇਸ ਤੋਂ ਬਾਅਦ ਨਵੇਂ ਬਣੇ ਸਿੱਖਿਆ ਮੰਤਰੀ ਹਰਲਡ ਬਾਇਰ ਨੇ ਯੂਨੀਵਰਸਿਟੀ ਫੰਡਾਂ ਦੀ ਨਵੀਂ ਯੋਜਨਾ ਪੇਸ਼ ਕੀਤੀ ਜਿਸ ਵਿਚ ਵਿਦਿਆਰਥੀਆਂ ਨੂੰ ਲੋਨ ਤੇ ਕਰਜ਼ੇ ਦੀ ਦਰ ਘਟਾਉਣ ਅਤੇ ਵਿਦਿਆਰਥੀਆਂ ਨੂੰ ਕਰਜ਼ੇ ਲਈ ਪ੍ਰਾਈਵੇਟ ਬੈਂਕਾਂ ਤੋਂ ਮੁਕਤ ਕਰਵਾਉਣ ਦੀਆਂ ਮੱਦਾਂ ਸ਼ਾਮਿਲ ਸਨ ਪਰ ਯੂਨੀਵਰਸਿਟੀ ਆੱਫ ਚਿੱਲੀ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਗੈਬਰੀਲ ਨੇ ਇਸ ਯੋਜਨਾ ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਕਿ ਅਸੀਂ ਕਰਜ਼ਾ/ਲੋਨ ਵਪਾਰ ਲਈ ਨਹੀਂ ਬਲਕਿ ਸਿੱਖਿਆ ਹਾਸਲ ਕਰਨ ਲਈ ਲੈਂਦੇ ਹਾਂ।ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਸਾਨੂੰ ਕੀ ਪੇਸ਼ਕਸ਼ ਕਰ ਰਹੀ ਹੈ?

ਇਕ ਅੰਕੜੇ ਮੁਤਾਬਕ ਮੌਜੂਦਾ ਸਮੇਂ ਚਿੱਲੀ ਦੇ ਰਵਾਇਤੀ ਪਬਲਿਕ ਸਕੂਲਾਂ ਵਿਚ ਸਰਕਾਰੀ ਸਕੂਲਾਂ ਦੀ ਖਸਤਾ ਹਾਲਤ ਕਾਰਨ ਕੇਵਲ 45 ਫੀਸਦੀ ਵਿਦਿਆਰਥੀ ਹੀ ਉੱਚ ਸਿੱਖਿਆ ਪ੍ਰਾਪਤ ਕਰਦੇ ਹਨ ਬਾਕੀ ਦੇ ਵਿਦਿਆਰਥੀ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚੋਂ ਹੀ ਸਿੱਖਿਆ ਪ੍ਰਾਪਤ ਕਰਦੇ ਹਨ। ਵਿਦਿਅਕ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਵਿਦਿਆਰਥੀ ਰੋਹ ਇਸ ਹੱਦ ਤੱਕ ਫੈਲ ਗਿਆ ਹੈ ਕਿ ਉਹ ਸਰਕਾਰ ਤੋਂ ਉਪਰੋਕਤ ਮੰਗਾਂ ਸਬੰਧੀ ਸੰਵਿਧਾਨਕ ਤਰਮੀਮਾਂ ਅਤੇ ਵਿੱਦਿਅਕ ਗੁਣਵਤਾ ਦੀ ਸੰਵਿਧਾਨਕ ਗਰੰਟੀ ਕਰਨ ਦੀ ਮੰਗ ਕਰ ਰਹੇ ਹਨ। ਚਿੱਲੀ ਦੇ ਮੌਜੂਦਾ ਵਿਦਿਆਰਥੀ ਅੰਦੋਲਨ ਦੀ ਇਕ ਮਹੱਤਵਪੂਰਨ ਖਾਸੀਅਤ ਇਹ ਹੈ ਕਿ ਇਥੋਂ ਦੀਆਂ ਵਿਦਿਆਰਥੀ ਜੱਥੇਬੰਦੀਆਂ ਵਿਦਿਆਰਥੀ ਮੰਗਾਂ ਦੇ ਨਾਲ-ਨਾਲ ਦੇਸ਼ ਵਿਚ ਹਾਈਡ੍ਰੋਸਿਨ ਡੈਮ ਅਤੇ ਗੈਸ ਕੀਮਤਾਂ ਸਬੰਧੀ ਚੱਲ ਰਹੇ ਸੰਘਰਸ਼ਾਂ ਵਿਚ ਵੀ ਬਰਾਬਰ ਹਿੱਸਾ ਲੈ ਰਹੀਆਂ ਹਨ। ਦੂਸਰਾ ਹਾਈ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀਆਂ ਵਿਦਿਆਰਥੀ ਜੱਥੇਬੰਦੀਆਂ ਤੇ ਮਜ਼ਦੂਰ ਜੱਥੇਬੰਦੀਆਂ ਸਾਂਝੇ ਘੋਲਾਂ ਦੇ ਰਾਹ ਪਈਆਂ ਹੋਈਆਂ ਹਨ। ਤੀਸਰਾ 21ਵੀਂ ਸਦੀ ਦੇ ਇਹਨਾਂ ਵਿਦਿਆਰਥੀ ਸੰਘਰਸ਼ਾਂ ਵਿਚ ਕਾਫੀ ਕੁਝ ਨਵਾਂ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਇਕ ਪਾਸੇ ਵਿਕਸਿਤ ਦੇਸ਼ਾਂ ਵਿਚ 'ਟਾੱਪਲੈਸ' ਅੰਦੋਲਨਾਂ ਦੀ ਚਰਚਾ ਚੱਲ ਰਹੀ ਹੈ ਉੱਥੇ ਦੂਜੇ ਪਾਸੇ ਚਿੱਲੀ ਦੇ ਵਿਦਿਆਰਥੀਆਂ ਨੇ 'ਕਿੱਸ ਇਨਜ਼', 'ਫਲੈਸ਼ ਮੌਬਜ਼' ਅਤੇ ਡਰੰਮ ਦੀ ਤਾਲ 'ਤੇ ਨੱਚਦੇ ਹੋਏ ਇਕ ਤਿਉਹਾਰ ਵਾਂਗ ਵੱਡੀ ਗਿਣਤੀ 'ਚ ਸੜਕਾਂ ਤੇ ਨਿਕਲ ਕੇ ਆਪਣਾ ਰੋਸ ਪ੍ਰਗਟ ਕੀਤਾ। ਵੱਡੀ ਪੱਧਰ 'ਤੇ ਲਾਮਬੰਦੀ ਆੱਨਲਾਇਨ ਸੰਪਰਕ ਦੇ ਜ਼ਰੀਏ ਹੋਈ। ਚਿੱਲੀ ਦੇ ਇਸ ਵਿਸ਼ਾਲ ਵਿਦਿਆਰਥੀ ਅੰਦੋਲਨ ਨੂੰ ਸੰਸਾਰ ਹਾਲਤਾਂ ਦੇ ਪ੍ਰਸੰਗ ਵਿਚ ਰੱਖ ਕੇ ਦੇਖਣ ਦੀ ਲੋੜ ਹੈ। ਜਦੋਂ ਸੰਸਾਰ ਨਕਸ਼ੇ 'ਤੇ ਅਰਬ ਦੇਸ਼ਾਂ ਦੀਆਂ ਬਗਾਵਤਾਂ, ਵਾਲ ਸਟਰੀਟ ਦੀ ਕਬਜ਼ਾ ਕਰੋ ਮੁਹਿੰਮ ਤੇ ਕਿਊਬਿਕ ਦਾ ਵਿਦਿਆਰਥੀ ਅੰਦੋਲਨ ਲਗਾਤਾਰ ਇਕ ਤੋਂ ਬਾਅਦ ਇਕ ਚੱਲ ਰਹੇ ਸਨ ਤਦ ਇਹਨਾਂ ਲਹਿਰਾਂ ਨੇ ਸੰਸਾਰ ਪੱਧਰ ਤੇ ਆਪਣਾ ਅਸਰ ਪਾਇਆ। ਇਸਨੇ ਚਿੱਲੀ ਦੇ ਵਿਦਿਆਰਥੀ ਅੰਦੋਲਨ ਨੂੰ ਵੀ ਪ੍ਰਭਾਵਤ ਕੀਤਾ।

ਇੱਥੇ ਸਾਡੇ ਦੇਸ਼ ਦੇ ਵਿਦਿਆਰਥੀਆਂ ਨੂੰ ਸੰਸਾਰ ਪੱਧਰ ਤੇ ਆਪਣੇ ਅਧਿਕਾਰਾਂ ਨੂੰ ਹਾਸਲ ਕਰਨ ਪ੍ਰਤੀ ਫੈਲ ਰਹੀ ਚੇਤਨਾ ਤੇ ਸੰਘਰਸ਼ਾਂ ਤੋਂ ਪ੍ਰੇਰਨਾ ਲੈਂਦਿਆਂ ਆਪਣੇ ਹੱਕਾਂ ਨੂੰ ਹਾਸਲ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।




6TH Anniversary Special
NIRVANA
NIRVANA ENTERTAINMENT INC.
Lunch & Dinner Buffet
7 Days a Week
(Veg. & Non-Veg.)
NIRVANA
1009-5075 Falconridge Blvd. N.E.
www.nirvanacalgary.com/nirvanantertainmentic.com
403-590-9797

ਭਾਰਤੀ ਸਿਨੇਮਾ ਸੌ ਸਾਲ ਦਾ ਹੋ ਗਿਆ ਹੈ ਤੇ ਜ਼ੋਹਰਾ ਸਹਿਗਲ ਭਾਰਤੀ ਸਿਨੇਮੇ ਦੀ ਉਮਰ ਤੋਂ ਵੀ ਇਕ ਸਾਲ ਵੱਡੀ ਹੈ। 27 ਅਪ੍ਰੈਲ 2013 ਨੂੰ ਜ਼ੌਹਰਾ 101 ਸਾਲ ਦੀ ਹੋ ਗਈ। ਜ਼ੋਹਰਾ ਪ੍ਰਗਤੀਸ਼ੀਲ ਨਾਟ ਅੰਦੋਲਨ ਦੀ ਥੰਮ ਰਹੀ ਹੈ। ਆਜ਼ਾਦੀ ਤੋਂ ਪਹਿਲਾਂ ਉਹ ‘ਇਪਟਾ’ ਦੀ ਉਪ ਪ੍ਰਧਾਨ ਰਹਿ ਚੁੱਕੀ ਹੈ। ਉਹ ਨ੍ਰਿਤ ਅਤੇ ਨਾਟਕ ਲੈ ਕੇ ਸਾਰੀ ਦੁਨੀਆ ਘੁੰਮੀ ਹੈ। ਭਾਰਤ ਦਾ ਅਜਿਹਾ ਕੋਈ ਹਿੱਸਾ ਨਹੀਂ ਜਿਥੇ, ਉਨ੍ਹਾਂ ਨੇ ਆਪਣੀਆਂ ਪੇਸ਼ਕਾਰੀਆਂ ਨਾ ਕੀਤੀਆਂ ਹੋਣ। ਪ੍ਰਿਥਵੀ ਥੀਏਟਰ ਤੋਂ ਲੈ ਕੇ ਭਾਰਤੀ ਸਿਨੇਮਾ ਤਕ ਜ਼ੋਹਰਾ ਸਹਿਗਲ ਦਾ ਸਫ਼ਰ ਬੜਾ ਮਾਣਮੱਤਾ ਹੈ। ਆਪਣੀ ਉਮਰ ਦੇ ਏਸ ਪੜਾਅ ’ਤੇ ਵੀ ਉਸ ਵਿਚ ਕੰਮ ਦਾ ਜਨੂੰਨ ਹੈ। ਇਸੇ ਜਨੂੰਨ ਨੂੰ ਸਲਾਮ ਕਰਦੇ ਹੋਏ ‘ਨਵੀਂ ਦੁਨੀਆ’ ਦੇ ਪਾਠਕਾਂ ਲਈ ਅਸੀਂ ਵੱਖ ਵੱਖ ਸਮੇਂ ’ਤੇ ਵੱਖ ਵੱਖ ਲੇਖਕਾਂ ਵਲੋਂ ਉਨ੍ਹਾਂ ਨਾਲ ਕੀਤੀਆਂ ਤਿੰਨ ਮੁਲਾਕਾਤਾਂ ਪੇਸ਼ ਕਰ ਰਹੇ ਹਾਂ। ਬਹੁਤ ਪਹਿਲਾਂ ਜ਼ੁਬੇਰ ਰਜ਼ਬੀ ਨੇ ਜ਼ੋਹਰਾ ਨਾਲ ਮੁਲਾਕਾਤ ਕੀਤੀ ਸੀ ਜੋ ਉਰਦੂ ਦੇ ਰਸਾਲੇ ‘ਜ਼ੇਹਨੇ ਜ਼ਦੀਦ’ ਵਿਚ ਪ੍ਰਕਾਸ਼ਤ ਹੋਈ ਸੀ। ਦੂਸਰੀ ਮੁਲਾਕਾਤ 20 ਸਾਲ ਪਹਿਲਾਂ ਪ੍ਰਕਾਸ਼ਤ ਹੋਈ ਸੀ, ਇਹ ਮੁਲਾਕਾਤ ਜਦੋਂ ਜ਼ੋਹਰਾ ਅਲਕਾ ਜੀ ਦੇ ਨਿਰਦੇਸ਼ਨ ਵਿਚ ਲੋਰਕਾ ਦੇ ਨਾਟਕ ‘ਦਿਨ ਕੇ ਅੰਧੇਰੇ ਮੇਂ’ ਵਿਚ ਮੁੱਖ ਭੂਮਿਕਾ ਨਿਭਾਅ ਰਹੀ ਸੀ ਤਾਂ ਉਨ੍ਹੀਂ ਦਿਨੀਂ ਸ਼ਮਸ਼ੁਲ ਇਸਲਾਮ ਨੇ ਕੀਤੀ ਸੀ। ਤੀਸਰੀ ਮੁਲਾਕਾਤ ਉਦੋਂ ਦੀ ਹੈ, ਜਦੋਂ ਉਨ੍ਹਾਂ ਦੀ ਉਮਰ 98 ਸਾਲ ਸੀ ਤੇ ਇਹ ਮੁਲਾਕਾਤ ਸੀਨੀਅਰ ਫ਼ਿਲਮ ਸਮੀਖਿਅਕ ਰਾਮ ਕਿਸ਼ੋਰ ਪਾਰਚਾ ਨੇ ਬੀ.ਬੀ.ਸੀ. ਲਈ ਕੀਤੀ ਸੀ। ਇਨ੍ਹਾਂ ਤਿੰਨੇ ਮੁਲਾਕਾਤਾਂ ਵਿਚ ਜ਼ੋਹਰਾ ਸਹਿਗਲ ਦਾ ਨਿੱਜ, ਨ੍ਰਿਤ, ਥੀਏਟਰ ਅਤੇ ਅਦਾਕਾਰੀ ਦੇ ਸਾਰੇ ਪਹਿਲੂ ਸੰਖੇਪ ਰੂਪ ਵਿਚ ਸਾਹਮਣੇ ਆਉਂਦੇ ਹਨ। - ਸੰਪਾਦਕ



# ਲੋਕਾਂ ਨੇ ਮਜ਼੍ਹਬ ਨੂੰ ਕੰਧ ’ਚ ਠੋਕੀ ਕਿੱਲੀ ਬਣਾ ਦਿੱਤੈ : ਜ਼ੋਹਰਾ ਸਹਿਗਲ

## ਪਹਿਲੀ ਮੁਲਾਕਾਤ : ਜ਼ੁਬੇਰ ਰਜ਼ਬੀ

(ਪੰਜਾਬੀਕਾਰ ਸੁਸ਼ੀਲ ਦੁਸਾਂਝ)

? ਥੀਏਟਰ ਅਤੇ ਨ੍ਰਿਤ ਨਾਲ ਤੁਹਾਡੇ ਸ਼ੌਕ ਦੀ ਕਿਵੇਂ ਸ਼ੁਰੂਆਤ ਹੋਈ? ਇਸ ਬਾਰੇ ਕੁਝ ਦੱਸੋ।

ਜ਼ੋਹਰਾ : ਮੈਂ 27 ਅਪ੍ਰੈਲ 1912 ਨੂੰ ਸਹਾਰਨਪੁਰ (ਯੂ.ਪੀ.) ਵਿਚ ਪੈਦਾ ਹੋਈ। ਮੇਰੇ ਵਾਲਿਦ ਸਾਹਿਬ ਮੁਹੰਮਦ ਮੁਮਤਾਜੁਲ ਹਸਨ ਖ਼ਾਂ ਡਿਪਟੀ ਕਲੈਕਟਰ ਸਨ। ਅਸੀਂ 7 ਭੈਣ-ਭਰਾ ਸੀ, ਪੰਜ ਭੈਣਾਂ ਦੋ ਭਰਾ। ਸਭ ਤੋਂ ਵੱਡੇ ਮੇਰੇ ਭਰਾ ਸਨ। ਉਸ ਤੋਂ ਬਾਅਦ ਮੇਰੀਆਂ ਵੱਡੀ ਭੈਣ ਹਾਜ਼ਰਾ ਬੇਗ਼ਮ (ਕਮਿਊਨਿਸਟ ਲੀਡਰ ਡਾ. ਜ਼ੈਡ. ਏ. ਅਹਿਮਦ ਦੀ ਜੀਵਨ ਸਾਥਣ) ਤੇ ਫਿਰ ਤੀਸਰਾ ਨੰਬਰ ਮੇਰਾ ਸੀ। ਮੇਰੇ ਤੋਂ ਬਾਅਦ ਉਜ਼ਰਾ ਹੈ ਜੋ ਮੇਰੇ ਨਾਲ ਉਦੇ ਸ਼ੰਕਰ ਗਰੁੱਪ ਵਿਚ ਸੀ, ਫਿਰ ਅਸੀਂ ਪ੍ਰਿਥਵੀ ਥੀਏਟਰ ਨਾਲ ਜੁੜ ਗਈਆਂ ਕਿਉਂਕਿ ਸਾਡਾ ਦੋਵਾਂ ਭੈਣਾਂ ਦਾ ਸ਼ੌਕ ਥੀਏਟਰ ਅਤੇ ਨ੍ਰਿਤ ਸੀ। ਦੂਜੀਆਂ ਭੈਣਾਂ ਆਮਨਾ ਅਤੇ ਸਾਬਰਾ ਨੇ ਦੂਜੇ ਖੇਤਰਾਂ ਵਿਚ ਦਿਲਚਸਪੀ ਲਈ। ਸਾਬਰਾ ਨੇ ਫ਼ਿਜ਼ੀਕਲ ਕਲਚਰ ਵਿਚ ਵਿਦੇਸ਼ ਤੋਂ ਡਿਗਰੀ ਲਈ ਸੀ ਅਤੇ ਉਹ ਲਾਹੌਰ ਵਿਚ ਹੈ। ਇਹ ਦੋਵੇਂ ਫ਼ਿਜ਼ੀਕਲ ਕਾਲਜਾਂ ਦੀਆਂ ਪ੍ਰਿੰਸੀਪਲ ਰਹੀਆਂ। ਹੁਣ ਰਿਟਾਇਰ ਹੋ ਗਈਆਂ ਹਨ। ਅਸੀਂ ਸਾਰੀਆਂ ਭੈਣਾਂ ਨੇ ਕਿਸੇ ਨਾ ਕਿਸੇ ਖੇਤਰ ਵਿਚ ਆਪਣਾ ਨਾਮ ਕਮਾਇਆ ਹੈ।

? : ਜਿਸ ਜ਼ਮਾਨੇ ਦਾ ਤੁਸੀਂ ਜ਼ਿਕਰ ਕਰ ਰਹੇ ਹੋ, ਉਸ ਜ਼ਮਾਨੇ ਦੇ ਮੁਸਲਿਮ ਮਾਹੌਲ ਵਿਚ ਥੀਏਟਰ ਜਾਂ ਨ੍ਰਿਤ ਦੀ ਤਾਲੀਮ ਲੜਕੀਆਂ ਲਈ ਖਾਸੀ ਦੁਸ਼ਵਾਰ ਸੀ। ਤੁਹਾਨੂੰ ਕਿਨ੍ਹਾਂ-ਕਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ?

ਜ਼ੌਹਰਾ : ਹਾਂ, ਉਹ ਜ਼ਮਾਨਾ ਤਾਂ ਬੜਾ ਸਖ਼ਤੀ ਦਾ ਸੀ ਪਰ ਸਾਡਾ ਘਰਾਣਾ, ਰਈਸਾਨਾ ਰੱਖ ਰੱਖਾਅ ਦਾ ਹਮਾਇਤੀ ਸੀ। ਕਿਹਾ ਜਾਂਦਾ ਹੈ ਕਿ ਸਾਡੇ ਪੂਰਵਜ਼ਾਂ ਵਿਚ ਅਬਦੁਰ ਸ਼ੀਦ ਕੈਂਸ ਨਾਂਅ ਦਾ ਬਜ਼ੁਰਗ ਸੀ, ਜਿਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਮੁਹੱਬਤ ਦੀ ਵਜ੍ਹਾ ਨਾਲ ਇਸਲਾਮ ਕਬੂਲ ਕਰ ਲਿਆ ਅਤੇ ਅਫ਼ਗ਼ਾਨਿਸਤਾਨ ਆ ਗਏ। ਇਨ੍ਹਾਂ ਦਾ ਖਾਨਦਾਨ 1671 ਵਿਚ ਹਿੰਦੁਸਤਾਨ ਦੀਆਂ ਸਰਹੱਦਾਂ ਵਿਚ ਦਾਖ਼ਲ ਹੋਇਆ, ਜਿਸ ਦਾ ਉਸ ਦੌਰ ਦੇ ਮੁਗ਼ਲ ਬਾਦਸ਼ਾਹ ਨੇ ਸਵਾਗਤ ਕੀਤਾ ਅਤੇ ਜਾਇਦਾਦ ਨਾਲ ਨਿਵਾਜ਼ਿਆ। ਸੋ ਅਸੀਂ ਰੋਹੀਲੇ ਪਠਾਣ ਹਾਂ। ਰਾਮਪੁਰ ਸਾਡਾ ਪਹਿਲਾ ਪੜਾਅ ਸੀ, ਨਜ਼ੀਬਾਬਾਦ ਨਾਲ ਵੀ ਸਾਡੇ ਬਜ਼ੁਰਗਾਂ ਦਾ ਸਬੰਧ ਰਿਹਾ ਹੈ। ਰਾਮਪੁਰ ਦੇ ਘਰਾਣਿਆਂ ਦੀ ਸੂਰਤ ਏ ਹਾਲ ਇਹ ਸੀ ਕਿ ਉਥੇ ਘੱਟ ਉਮਰੇ ਕੁੜੀਆਂ ਦੇ ਵਿਆਹ ਤੈਅ ਕਰ ਦਿੱਤੇ ਜਾਂਦੇ ਸਨ ਤੇ ਬਾਲਗ ਹੁੰਦਿਆਂ ਹੀ ਦਲਾਨ ਵਿਚ ਡੋਲੀ ਆਣ ਖੜੀ ਹੁੰਦੀ ਸੀ। ਸਾਡੀ ਮਾਂ ਜਿਹਦਾ ਨਾਂਅ ਨਾਤਕਾ ਬੇਗ਼ਮ ਸੀ, ਪੜ੍ਹੀ ਲਿਖੀ ਅਤੇ ਚੰਗੇ ਖ਼ਿਆਲਾਂ ਦੀ ਸੀ। ਉਹ ਆਪਣੇ ਜ਼ਮਾਨੇ ਦੇ ਰਸਾਲਿਆਂ ਵਿਚ ਲਿਖਿਆ ਵੀ ਕਰਦੀ ਸੀ। ਉਸ ਵਿਚ ਆਪਣੀਆਂ ਧੀਆਂ ਨੂੰ ਤਾਲੀਮ ਦਿਵਾਉਣ ਦੀ ਜ਼ਬਰਦਸਤ ਤਮੰਨਾ ਸੀ। ਤੁਸੀਂ ਅੰਦਾਜ਼ਾ ਲਾਓ ਕਿ ਉਨ੍ਹਾਂ ਨੇ ਮੈਨੂੰ ਅਤੇ ਹਾਜ਼ਰਾ ਭੈਣ ਨੂੰ ਉਸ ਜ਼ਮਾਨੇ ਵਿਚ ਲਾਹੌਰ ਦੇ ਕਵੀਨ ਮੈਰੀ ਵਿਚ ਪੜ੍ਹਨ ਲਈ ਭੇਜਿਆ ਸੀ, ਉਦੋਂ ਰਾਮਪੁਰ ਤੋਂ ਲਾਹੌਰ ਜਾਣਾ ਕਾਲੇ ਕੋਹਾਂ ਦੇ ਬਰਾਬਰ ਸੀ। ਉਥੇ ਸਾਰਾ ਸਟਾਫ਼ ਅੰਗਰੇਜ਼ ਸੀ, ਇਹ 1918 ਦਾ ਜ਼ਮਾਨਾ ਸੀ। ਕਿਉਂਕਿ ਸਾਡੇ ਖ਼ਾਨਦਾਨ ਦੇ ਰਿਸ਼ਤੇ ਮਾਲੇਰਕੋਟਲਾ ਅਤੇ ਲੋਹਾਰੂ ਦੇ ਨਵਾਬੀ ਖਾਨਦਾਨਾਂ ਨਾਲ ਸਨ, ਇਸ ਲਈ ਅਨੁਮਾਨ ਇਹ ਹੈ ਕਿ ਸਾਡੀ ਮਾਂ ਨੇ ਕਵੀਨ ਮੈਰੀ ਦੀ ਮਿਸਾਲੀ ਪੜ੍ਹਾਈ ਦਾ ਹਾਲ ਆਪਣੇ ਨੇੜਲੇ ਲੋਕਾਂ ਤੋਂ ਸੁਣਿਆ ਹੋਵੇ, ਜਿਨ੍ਹਾਂ ਦੀਆਂ ਲੜਕੀਆਂ ਉਥੇ ਪੜ੍ਹ ਰਹੀਆਂ ਹੋਣਗੀਆਂ। ਲਾਹੌਰ ਦੇ ਉਸ ਸਕੂਲ ਵਿਚ ਜ਼ਿਆਦਾਤਰ ਮੁਸਲਿਮ ਅਮੀਰ ਘਰਾਣਿਆਂ ਦੀਆਂ ਪਰਦਾ ਕਰਨ ਵਾਲੀਆਂ ਲੜਕੀਆਂ ਪੜ੍ਹਦੀਆਂ ਸਨ। ਅਸੀਂ ਹੋਸਟਲ ਵਿਚ ਗਏ ਤਾਂ ਤੰਗ ਮੂਹਰੀ ਦਾ ਕੁੜਤਾ ਪਜਾਮਾ ਪਾਇਆ ਕਰਦੀਆਂ ਸਾਂ, ਜਦਕਿ ਪੰਜਾਬੀ ਕੁੜੀਆਂ ਸਲਵਾਰ ਅਤੇ ਕਮੀਜ਼ ਪਾਉਂਦੀਆਂ ਸਨ ਤੇ ਸਾਡੇ ਪਜਾਮਿਆਂ ਨੂੰ ਹੱਥਾਂ ਵਿਚ ਫੜ ਕੇ ਮਜ਼ਾਕ ਵਿਚ ਇਕ-ਦੂਜੇ ਨੂੰ ਕਹਿੰਦੀਆਂ ਸਨ, ‘‘ਆਹ ਦੇਖੋ ਦੋ ਨਾਲੀ ਬੰਦੂਕ’’। ਮੈਂ ਉਸ ਜ਼ਮਾਨੇ ’ਚ ਖ਼ਾਸੀ ਮਜ਼੍ਹਬੀ ਸੀ ਅਤੇ ਨਜ਼ਾਮ ਰੋਜ਼ੇ ਦੀ ਪਾਬੰਦ ਸੀ। ਸਕੂਲ ਦੇ ਮਾਹੌਲ ਵਿਚ ਅੰਗਰੇਜ਼ ਟੀਚਰਾਂ ਦੀ ਸਰਪ੍ਰਸਤੀ ਮਿਲੀ, ਉਨ੍ਹਾਂ ਨੇ ਹੀ ਐਕਟਿੰਗ ਅਤੇ ਨ੍ਰਿਤ ਲਈ ਮੇਰੀ ਹੌਸਲਾ ਅਫ਼ਜ਼ਾਈ ਕੀਤੀ। ਉਸੇ ਜ਼ਮਾਨੇ ਵਿਚ ਮੈਂ ਆਪਣੀ ਟੀਚਰ ਤੋਂ ਸੁਣਿਆ ਕਿ ਇਹ ਕੁੜੀ ਜੇ ਲੰਡਨ ਵਿਚ ਹੁੰਦੀ ਤਾਂ ਥੀਏਟਰ ਕਰ ਕੇ ਹਫ਼ਤੇ ਵਿਚ ਚਾਰ ਪੌਂਡ ਤਾਂ ਕਮਾ ਸਕਦੀ ਸੀ। ਉਸ ਵਕਤ ਮੈਨੂੰ ਅੰਦਾਜ਼ਾ ਹੀ ਨਹੀਂ ਸੀ ਕਿ ਇਹ ਕਿੰਨੀ ਰਕਮ ਹੁੰਦੀ ਹੈ। ਪਰ ਉਦੋਂ ਤੋਂ ਹੀ ਲੰਡਨ ਜਾਣ ਦੀ ਖੁਹਾਇਸ਼ ਮੇਰੇ ਦਿਲ ਵਿਚ ਘਰ ਕਰ ਕੇ ਬੈਠ ਗਈ। ਨਮਾਜ਼ਾਂ ਦੇ ਇਸ ਤੂਫ਼ਾਨੀ ਦੌਰ ਵਿਚ ਅੱਲਾ ਤੋਂ ਬੱਸ ਏਹੀ ਦੁਆ ਮੰਗਦੀ ਸੀ ਕਿ ਜਾਹ ਅੱਲਾ! ਤੂੰ ਮੈਨੂੰ ਵਲਾਇਤ ਭੇਜ ਦੇ। ਮੈਂ ਹਾਈ ਸਕੂਲ ਪਾਸ ਕੀਤਾ ਤਾਂ ਆਪਣੇ ਅੱਬਾ ਜਾਨ ਨੂੰ ਲਿਖਿਆ ਕਿ ਮੈਂ ਵਿਆਹ ਨਹੀਂ ਕਰਾਂਗੀ ਮੈਂ ਤਾਂ ਪਾਇਲਟ ਬਣਾਗੀ ਪਰ ਇਹ ਇਰਾਦਾ ਫਿਰ ਮੈਂ ਛੱਡ ਦਿੱਤਾ ਤੇ ਮੇਰੇ ਦਿਲ ਵਿਚ ਐਕਟਰਸ ਬਣਨ ਦੀ ਖੁਹਾਇਸ਼ ਜਾਗ ਗਈ ਤੇ ਇਸ ਦੀ ਹਿੰਮਤ ਅਫ਼ਜ਼ਾਈ ਕੀਤੀ ਮੇਰੇ ਮਾਮੂ ਨੇ, ਜਿਨ੍ਹਾਂ ਨੇ ਆਪਣੇ ਨਿਕਾਹ ਦੀ ਅੰਗੂਠੀ ਵੇਚ ਕੇ ਵਿਲਾਇਤ ਦਾ ਟਿਕਟ ਖਰੀਦਿਆ ਸੀ ਤੇ ਐਡਨਬਰਾ ਵਿਚ ਸਰਜਨ ਬਣ ਗਏ ਸਨ। ਮੈਂ ਜਦੋਂ ਰਾਮਪੁਰ ਵਾਪਸ ਆਈ ਤਾਂ ਆਪਣੀ ਖੁਹਾਇਸ਼ ਦਾ ਫਿਰ ਇਜ਼ਹਾਰ ਕੀਤਾ ਤਾਂ ਮੇਰੇ ਮਾਮੂ ਨੇ ਮੇਰੀ ਜ਼ਬਰਦਸਤ ਹਮਾਇਤ ਕੀਤੀ। ਉਨ੍ਹਾਂ ਦਾ ਨਾਂਅ ਸਾਹਿਬਜ਼ਾਦਾ ਸਈਦੁ ਜ਼ਫ਼ਰ ਸੀ, ਉਹ ਵੀ ਵਲਾਇਤ ਜਾਣ ਵਾਲੇ ਸਨ ਪਰ ਉਹ ਜ਼ਮੀਨੀ ਰਸਤੇ ਜਾ ਰਹੇ ਸਨ। ਮੈਂ ਆਪਣੇ ਅੱਬਾ ਜਾਨ ਨੂੰ ਕਿਹਾ ਕਿ ਮੈਂ ਮਾਮੂ ਨਾਲ ਵਲਾਇਤ ਜਾਵਾਂਗੀ ਅਤੇ ਮਾਮੂ ਦੇ ਯਕੀਨ ਦਿਵਾਉਣ ’ਤੇ ਮੈਨੂੰ ਉਨ੍ਹਾਂ ਨਾਲ ਭੇਜ ਦਿੱਤਾ ਗਿਆ ਤੇ ਇੰਜ ਅਸੀਂ ਲਾਹੌਰ ਤੋਂ ਅਫ਼ਗ਼ਾਨਿਸਤਾਨ, ਇਰਾਨ, ਇਰਾਕ ਹੁੰਦੇ ਹੋਏ ਚਾਰ ਮਹੀਨਿਆਂ ਵਿਚ ਮਿਸਰ ਪਹੁੰਚੇ। ਬੜੇ ਅਜੀਬ ਹਾਲਤ ਨਾਲ ਸਾਡਾ ਸਾਹਮਣਾ ਹੋਇਆ। ਮੈਨੂੰ ਯਾਦ ਹੈ ਕਿ ਇਹ ਅਕਤੂਬਰ 1930 ਦਾ ਜ਼ਮਾਨਾ ਸੀ, ਅਸੀਂ ਵਲਾਇਤ ਦੇ ਸਫ਼ਰ ’ਤੇ ਜੂਨ ਵਿਚ ਨਿਕਲੇ ਸੀ ਤੇ ਅਕਤੂਬਰ ਕਿਲਾਤ ਦੇ ਇਲਾਕੇ ਵਿਚ ਪਹੁੰਚੇ, ਜਿਥੇ ਮੈਨੂੰ ਅਗਵਾ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਕਿਲਾਤ ਉਸ ਵੇਲੇ ਬ੍ਰਿਟਿਸ਼ ਇੰਡੀਆ ਦਾ ਇਲਾਕਾ ਸੀ ਅਤੇ ਉਥੇ ਇਕ ਨੌਜਵਾਨ ਜੋ ਕਿਸੇ ਕਬੀਲੇ ਦੇ ਸਰਦਾਰ ਦਾ ਬੇਟਾ ਸੀ, ਸਰਹੱਦ ਤਕ ਸਾਡਾ ਪਿੱਛਾ ਕਰਦਾ ਰਿਹਾ ਅਤੇ ਮਾਮੂ ਜਾਨ ਮੈਨੂੰ ਆਪਣੀ ਹਿੰਮਤ ਨਾਲ ਬ੍ਰਿਟਿਸ਼ ਇੰਡੀਆ ਦੀ ਸਰਹੱਦੀ ਸੀਮਾ ਤੋਂ ਬਾਹਰ ਲੈ ਆਏ ਸਨ।

ਜਦ ਅਸੀਂ ਮਿਸਰ ਵਿਚ ਸੀ ਤਾਂ ਸਾਡੇ ਮਾਮੂ ਦੇ ਸਾਹਿਬਜ਼ਾਦੇ ਮਹਿਮੂਦ ਅਤੇ ਉਸ ਦੀ ਅੰਗਰੇਜ਼ ਦੋਸਤ ਵੀ ਸਾਨੂੰ ਉਥੇ ਮਿਲਣ ਆ ਗਏ ਅਤੇ ਮਹਿਮੂਦ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਐਕਟਰਸ ਦੀ ਬਜਾਏ ਨ੍ਰਿਤਕੀ ਬਣ ਜਾਵਾਂ ਤਾਂ ਚੰਗਾ ਹੈ ਕਿਉਂਕਿ ਮੈਨੂੰ ਲੈਅ ਕਾਰੀ ਦੀ ਚੰਗੀ ਸਮਝ ਸੀ। ਉਸ ਜ਼ਮਾਨੇ ਵਿਚ ਈਜ਼ਾ ਡੋਰਾ ਡੰਕਨ ਦਾ ਬਹੁਤ ਨਾਂਅ ਸੀ। ਉਸ ਨੇ ਜਿਹੜੀ ਨਵੀਂ ਨ੍ਰਿਤ ਸ਼ੈਲੀ ਇਜ਼ਾਦ ਕੀਤੀ ਸੀ ਅਤੇ ਕਦਮਾਂ ਦੀ ਜਿਸ ਚਲਤ ਫਿਰਤ ਦਾ ਰਿਵਾਜ਼ ਚਲਾਇਆ ਸੀ, ਉਸ ਤੋਂ ਮੈਂ ਕਾਫ਼ੀ ਪ੍ਰਭਾਵਤ ਹੋਈ ਸੀ ਅਤੇ ਮੈਂ ਤੀਸਰੀ ਵਾਰ ਆਪਣੇ ਕਰੀਅਰ ਵਿਚ ਤਬਦੀਲੀ ਕੀਤੀ। ਮਾਮੂ ਜਾਨ ਮਿਸਰ ਵਿਚ ਰਹਿ ਗਏ ਤੇ ਮੈਂ ਮਹਿਮੂਦ ਅਤੇ ਉਸ ਦੀ ਅੰਗਰੇਜ਼ ਦੋਸਤ ਨਾਲ ਲੰਡਨ ਆ ਗਈ। ਪਰ ਉਥੇ ਨ੍ਰਿਤ ਲਈ ਕੋਈ ਚੰਗਾ ਸਕੂਲ ਨਹੀਂ ਸੀ, ਇਸ ਲਈ ਮੈਂ ਜਰਮਨੀ ਨੂੰ ਆਪਣੀ ਮੰਜ਼ਿਲ ਬਣਾਇਆ ਤੇ ਤਿੰਨ ਸਾਲ ਨ੍ਰਿਤ ਦੇ ਵੱਖ ਵੱਖ ਤਰੀਕੇ ਸਿੱਖੇ ਅਤੇ ਬੱਚਿਆਂ ਨੂੰ ਨਾਚ ਸਿਖਾਉਣ ਦਾ ਡਿਪਲੋਮਾ ਵੀ ਹਾਸਲ ਕੀਤਾ। ਉਂਜ ਇਹ ਗੱਲ ਵੀ ਦਿਲਚਸਪ ਹੈ ਕਿ ਅਸੀਂ ਜਿਸ ਤਰ੍ਹਾਂ ਦੇ ਰਈਸਾਨਾ ਮਾਹੌਲ ਵਿਚ ਪਰਦੇ ਦੀਆਂ ਪਾਬੰਦੀਆਂ ਨਾਲ ਜ਼ਿੰਦਗੀ ਦੇ ਸ਼ੁਰੂਆਤੀ ਦਿਨ ਗੁਜ਼ਾਰੇ ਸਨ, ਉਸ ਵਿਚ ਨ੍ਰਿਤ ਸਿੱਖਣ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਸਿਵਾਏ ਇਸ ਦੇ ਕਿ ਉਹ ਜੋ ਸ਼ਾਦੀ ਵਿਆਹ ਵਿਚ ਮੁਜਰੇ ਵਗੈਰਾ ਹੁੰਦੇ ਸਨ ਜਾਂ ਲੜਕੀਆਂ ਅਜਿਹੇ ਮੌਕੇ ’ਤੇ ਥੋੜ੍ਹਾ ਥਿੜਕ ਲਿਆ ਕਰਦੀਆਂ ਸਨ, ਬੱਸ ਮੇਰੀ ਇਹੀ ਮੇਰੀ ਸਿਮਰਤੀ ਦਾ ਹਿੱਸਾ ਸੀ। ਹਾਂ ਜਰਮਨੀ ਵਿਚ ਇਹ ਸਾਰੇ ਧੁੰਦਲੇ ਧੁੰਦਲੇ ਭਾਰਤੀ ਲੋਕ ਨ੍ਰਿਤ ਦੀਆਂ ਸਿਮਰਤੀਆਂ ਮੇਰੇ ਕੰਮ ਆਈਆਂ। ਇਹ ਸਾਲ 1931 ਦਾ ਜ਼ਮਾਨਾ ਸੀ ਅਤੇ ਉਦੇ ਸੰਕਰ ਉਸੇ ਜ਼ਮਾਨੇ ਵਿਚ ਜਰਮਨੀ ਆਏ ਸਨ, ਉਨ੍ਹਾਂ ਦੇ ਸ਼ੋਅ ਵਿਚ ਬੁਲਾਵੇ ਦੇ ਬਾਵਜੂਦ ਮੈਂ ਨਾ ਜਾਣ ਦਾ ਮੰਨ ਬਣਾ ਲਿਆ ਕਿਉਂਕਿ ਆਪਣੀ ਖਾਨਦਾਨੀ ਪਿੱਠ ਭੂਮੀ ਦਾ ਮੇਰੇ ਵਿਚ ਘੁਮੰਡ ਵੀ ਸੀ। ਪਰ ਫਿਰ ਕੁਝ ਸਾਥੀ ਜਰਮਨ ਔਰਤਾਂ ਦੇ ਕਹਿਣ ’ਤੇ ਮੈਂ ਉਦੇ ਸ਼ੰਕਰ ਦਾ ਨ੍ਰਿਤ ਦੇਖਣ ਗਈ। ਪਰ ਉਹ ਮੈਨੂੰ ਕੁਝ ਜ਼ਿਆਦਾ ਜਚੇ ਨਹੀਂ। ਨਾ ਮਰਦ ਨਾ ਔਰਤ। ਹਾਂ ਉਨ੍ਹਾਂ ਦੀ ਫ਼ਰਾਂਸਿਸੀ ਸ਼ਗਿਰਦ ਚੰਗੀ ਲੱਗੀ ਸੀ, ਨੀਲੀਆਂ ਅੱਖਾਂ ਵਾਲੀ ਖ਼ੂਬਸੂਰਤ। ਉਂਜ ਉਦੇ ਸ਼ੰਕਰ ਦਾ ਸਨੇਕ ਚਾਰਮ ਵਾਲਾ ਨ੍ਰਿਤ ਪਸੰਦ ਆਇਆ ਸੀ ਕਿਉਂਕਿ ਉਹ ਆਪਣੇ ਕਾਸਟਿਊਮ ਦੇ ਹਿਸਾਬ ਨਾਲ ਯੂ.ਪੀ. ਵਾਲਾ ਸੀ। ਸ਼ੋਅ ਤੋਂ ਬਾਅਦ ਅਸੀਂ ਜਦੋਂ ਉਦੇ ਸ਼ੰਕਰ ਨੂੰ ਮਿਲੇ ਤਾਂ ਉਨ੍ਹਾਂ ਨੇ ਖ਼ੁਦ ਹੀ ਨ੍ਰਿਤ ਵਿਚ ਮੇਰੀ ਦਿਲਚਸਪੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਹ ਮੇਰੇ ਵਰਗੀਆਂ ਪੜ੍ਹੀਆਂ-ਲਿਖੀਆਂ ਅਤੇ ਚੰਗੇ ਘਰਾਣੇ ਦੀਆਂ ਲੜਕੀਆਂ ਦੀ ਭਾਲ ਵਿਚ ਹੈ, ਜੇ ਮੈਂ ਚਾਹਾਂ ਤਾਂ ਉਨ੍ਹਾਂ ਦੇ ਗਰੁੱਪ ਨਾਲ ਜੁੜ ਸਕਦੀ ਹਾਂ। ਇਸ ਤਰ੍ਹਾਂ ਫਿਰ ਮੈਂ ਹਿੰਦੁਸਤਾਨ ਆ ਕੇ ਲਾਹੌਰ ਦੇ ਕਵੀਨ ਮੈਰੀ ਵਿਚ ਹੀ ਪੜ੍ਹਾਇਆ ਤੇ ਉਨ੍ਹਾਂ ਦਾ ਗਰੁੱਪ ਜੁਆਇਨ ਕਰ ਲਿਆ। 4 ਅਗਸਤ 1935 ਨੂੰ ਕਲਕੱਤਾ ਦੇ ਨਿਊ ਅੰਪਾਇਰ ਥੀਏਟਰ ਵਿਚ ਮੈਂ ਪਹਿਲਾ ਪੇਸ਼ੇਵਰਾਨਾ ਨ੍ਰਿਤ ਉਦੇ ਸ਼ੰਕਰ ਨਾਲ ਪੇਸ਼ ਕੀਤਾ।

? ਉਦੇ ਸ਼ੰਕਰ ਗਰੁੱਪ ਨਾਲ ਤੁਹਾਡੇ ਜੁੜਨ ਦਾ ਕੋਈ ਦਿਲਚਸਪ ਪਹਿਲੂ?

ਜ਼ੋਹਰ : ਉਦੇ ਸ਼ੰਕਰ ਗਰੁੱਪ ਨਾਲ ਜੁੜਨਾ ਸੱਚਮੁਚ ਹੀ ਬੜਾ ਅਜੀਬ ਸੀ। ਅਸੀਂ ਰਾਮਪੁਰ ਵਿਚ ਸੀ ਕਿ ਉਨ੍ਹਾਂ ਦਾ ਤਾਰ ਮਿਲਿਆ ਕਿ ਕੀ ਤੁਸੀਂ 12 ਦਿਨਾਂ ਦੇ ਅੰਦਰ ਗਰੁੱਪ ਜੁਆਇਨ ਕਰ ਸਕਦੇ ਹੋ? ਮੈਂ ਡਰਦੇ ਡਰਦੇ ਇਹ ਗੱਲ ਅੱਬਾ ਜਾਨ ਨੂੰ ਦੱਸੀ, ਉਨ੍ਹਾਂ ਨੇ ਉਹ ਤਾਰ ਮੋੜ ਕੇ ਜੇਬ ਵਿਚ ਪਾ ਲਿਆ ਤੇ ਕੁਝ ਸੋਚਦੇ ਹੋਏ ਆਪਣੇ ਕਮਰੇ ਵਿਚ ਚਲੇ ਗਏ। ਅਸੀਂ ਸਾਰੀਆਂ ਭੈਣਾਂ ਸਹਿਮੀਆਂ ਹੋਈਆਂ ਸਾਂ ਕਿ ਦੇਖੀਏ ਹੁਣ ਅੱਬਾ ਜਾਨ ਕੀ ਫ਼ੈਸਲਾ ਕਰਦੇ ਹਨ। 15 ਮਿੰਟ ਬਾਅਦ ਅੱਬਾ ਜਾਨ ਕਮਰੇ ਤੋਂ ਬਾਹਰ ਆਏ ਤੇ ਉਨ੍ਹਾਂ ਦੇ ਹੱਥ ਵਿਚ ਰੇਲਵੇ ਟਾਈਮ ਟੇਬਲ ਸੀ, ਉਹ ਬੋਲੇ, ‘‘ਜ਼ੋਹਰਾ, ਤੂੰ ਇਥੋਂ ਬੱਸ ਲੈ ਕੇ ਲੈਂਸਡਾਊਨ ਜਾਹ ਤੇ ਉਥੋਂ ਹਾਵੜੇ ਲਈ ਟਰੇਨ ਫੜ ਲੈ।’’ ਤੁਸੀਂ ਅੰਦਾਜ਼ਾ ਕਰੋ ਕਿ ਇਕ ਪਿਉ ਨੇ ਇਨ੍ਹਾਂ 15 ਮਿੰਟਾਂ ਵਿਚ ਕੀ ਸੋਚਿਆ ਹੋਵੇਗਾ, ਭਾਵਨਾਵਾਂ ਦੇ ਕਿਹੋ ਜਿਹੇ ਉਤਾਰ-ਚੜਾਅ ਆਏ ਹੋਣਗੇ। ਪਰ ਉਨ੍ਹਾਂ ਨੇ ਵਕਤ ਅਤੇ ਹਾਲਤ ਦੀ ਨਜ਼ਾਕਤ ਦਾ ਅਹਿਸਾਸ ਕਰਦੇ ਹੋਏ ਬੇਹੱਦ ਅਮਲੀ ਬਾਪ ਦੇ ਰੂਪ ਵਿਚ ਉਸ ਅਹਿਸਾਸ ਨੂੰ ਝਟਕ

ਦਿੱਤਾ ਕਿ ਉਨ੍ਹਾਂ ਦੇ ਖਾਨਦਾਨ ਦੀ ਬੇਟੀ ਇਕ ਹਿੰਦੂ ਨ੍ਰਿਤ ਕਲਾਕਾਰ ਦੇ ਗਰੁੱਪ ਵਿਚ ਥਾਂ-ਥਾਂ ਨੱਚੇਗੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਮੈਂ ਬੜੀ ਜ਼ਿੱਦੀ ਹਾਂ ਤੇ ਉਹ ਮੇਰੇ ਲੰਡਨ ਜਾਣ ਦੀਆਂ ਪਿਛਲੀਆਂ ਕੋਸ਼ਿਸ਼ਾਂ ਤੋਂ ਵਾਕਫ਼ ਸਨ। ਇਸ ਲਈ ਉਨ੍ਹਾਂ ਨੇ ਆਪਣੇ ਸਾਰੇ ਜਜ਼ਬਾਤ 'ਤੇ ਕਾਬੂ ਪਾਉਂਦਿਆਂ ਬੜੇ ਸ਼ੌਕ ਨਾਲ ਮੈਨੂੰ ਉਸ ਰਸਤੇ 'ਤੇ ਜਾਣ ਦੀ ਆਗਿਆ ਦੇ ਦਿੱਤੀ ਸੀ, ਜੋ ਮੇਰੀ ਮੰਜ਼ਿਲ ਵੱਲ ਜਾਂਦਾ ਸੀ। ਮੇਰੇ ਸ਼ੌਕ ਨੂੰ ਪੂਰਾ ਕਰਨ ਖ਼ਾਤਰ, ਇਹ ਉਨ੍ਹਾਂ ਦੀ ਆਪਣੀ ਰਵਾਇਤ ਨਾਲ ਕਿੱਢੀ ਵੱਡੀ ਬਗ਼ਾਵਤ ਸੀ।

ਮੈਂ ਕਲੱਕਤਾ ਪਹੁੰਚੀ ਤਾਂ ਮੈਨੂੰ ਪਤਾ ਲੱਗਾ ਕਿ ਮੈਂ ਗਿਆਰ੍ਹਾਂ ਦਿਨਾਂ ਵਿਚ 12 ਨ੍ਰਿਤ ਸਿੱਖਣੇ ਹਨ। ਇਹ ਮੰਜ਼ਿਲ ਵੀ ਮੈਂ ਉਦੇ ਸ਼ੰਕਰ ਦੀ ਫਰਾਂਸਿਸੀ ਸ਼ਾਗਿਰਦ ਦੀ ਮਦਦ ਨਾਲ ਤੈਅ ਕਰ ਲਈ ਸੀ। ਯੂਰਪ ਦੇ ਦੌਰੇ ਵਿਚ ਉਦੇ ਸ਼ੰਕਰ ਦੇ ਨਾਲ ਉਸਤਾਦ ਅਲਾਊਦੀਨ ਖ਼ਾਂ ਵੀ ਸਨ ਤੇ ਛੋਟੇ ਭਰਾ ਰਵੀ ਸ਼ੰਕਰ ਵੀ ਜੋ ਬਾਅਦ ਵਿਚ ਸੰਗੀਤ ਵੱਲ ਚਲੇ ਗਏ ਸਨ। ਯੂਰਪ ਤੋਂ ਇਲਾਵਾ ਮੈਂ ਏਸ਼ੀਆ ਅਤੇ ਹਿੰਦੁਸਤਾਨ ਦੇ ਵੱਖ-ਵੱਖ ਇਲਾਕਿਆਂ, ਸ਼ਹਿਰਾਂ ਵਿਚ ਉਨ੍ਹਾਂ ਨਾਲ ਨ੍ਰਿਤ ਪ੍ਰਦਰਸ਼ਨ ਕੀਤੇ। 1938 ਵਿਚ ਉਨ੍ਹਾਂ ਨੇ ਆਪਣਾ ਸਕੂਲ ਖੋਲ੍ਹਣ ਦਾ ਇਰਾਦਾ ਬਣਾਇਆ। ਕਿਉਂਕਿ ਉਹ ਚਾਹੁੰਦੇ ਸਨ ਕਿ ਉਨ੍ਹਾਂ ਨੇ ਨ੍ਰਿਤ ਦੀਆਂ ਜਿਹੜੀਆਂ ਸ਼ੈਲੀਆਂ ਇਜ਼ਾਦ ਕੀਤੀਆਂ ਹਨ, ਉਨ੍ਹਾਂ ਦਾ ਸਿਲਸਿਲਾ ਅੱਗੇ ਵਧੇ। ਸੋ ਉਨ੍ਹਾਂ ਨੇ ਅਲਮੋੜਾ ਜਾ ਕੇ ਉਹ ਸਕੂਲ ਖੋਲ੍ਹਿਆ। ਮੈਂ ਇਸ ਸਿਲਸਿਲੇ ਵਿਚ ਉਨ੍ਹਾਂ ਦਾ ਸੱਜਾ ਹੱਥ ਸੀ। ਮੈਂ ਉਸ ਸਕੂਲ ਦਾ ਚਾਰ ਸਾਲ ਦਾ ਕੋਰਸ ਬਣਾਇਆ ਕਿਉਂਕਿ ਜਰਮਨੀ ਵਿਚ ਇਸ ਤਰ੍ਹਾਂ ਦੀ ਟ੍ਰੇਨਿੰਗ ਮੈਂ ਹਾਸਲ ਕਰ ਚੁੱਕੀ ਸੀ। ਉਦੇ ਸ਼ੰਕਰ ਆਪਣੇ ਸਿਰਜਣਸ਼ੀਲ ਨਾਚਾਂ ਦੀ ਟ੍ਰੇਨਿੰਗ ਖੁਦ ਹੀ ਦਿੰਦੇ ਸਨ। ਇਕ ਉਨ੍ਹਾਂ ਦਾ ਪ੍ਰੋਗਰਾਮ ਸੀ ਇੰਪ੍ਰੋਵਾਈਜ਼ੇਸ਼ਨ, ਜੋ ਸਵੇਰੇ ਹੀ ਹੁੰਦਾ ਸੀ ਅਤੇ ਹਾਥੀ ਦੀ ਖੱਲ ਨਾਲ ਬਣੇ ਨਗਾਰੇ ਨਾਲ ਹੁੰਦਾ ਸੀ, ਉਹ ਉਸ 'ਤੇ ਸੱਟ ਮਾਰ ਕੇ ਤਾਲ ਦਿੰਦੇ ਸਨ ਅਤੇ ਸਾਰੇ ਲੋਕ ਉਨ੍ਹਾਂ ਦੀ ਨਿਗਰਾਨੀ ਵਿਚ ਨ੍ਰਿਤ ਕਰਦੇ ਰਹਿੰਦੇ ਸਨ। ਇਹ ਮਸ਼ਕ ਸੀ ਜੋ ਉਹ ਖ਼ੁਦ ਕਰਵਾਉਂਦੇ ਸਨ ਜਾਂ ਫਿਰ ਮੇਰੇ ਸਪੁਰਦ ਕਰ ਦਿਆ ਕਰਦੇ ਸਨ। ਇਕ ਵਾਰ ਮੈਂ ਕਲਾਸ ਲੈਣ ਵਿਚ ਮਗਨ ਸੀ। ਕਲਾਸ ਖ਼ਤਮ ਹੋਈ ਤਾਂ ਮੈਂ ਦੇਖਿਆ ਕਿ ਕਿਤੇ ਦੂਰ ਹਨੇਰੇ ਵਿਚ ਉਦੇ ਸ਼ੰਕਰ ਵੀ ਬੈਠੇ ਸਨ। ਮੈਂ ਹੈਰਾਨ ਰਹਿ ਗਈ, ਪੁੱਛਿਆ, ''ਤੁਸੀਂ ਤੇ ਮੇਰੀ ਕਲਾਸ ਵਿਚ ਬੈਠੇ ਹੋ।'

ਬੋਲੇ, ''ਜ਼ੋਹਰਾ ਮੈਂ ਤੈਥੋਂ ਬਹੁਤ ਕੁਝ ਸਿੱਖਿਆ ਹੈ।'' ਇਹ ਉਨ੍ਹਾਂ ਦਾ ਵੱਡਪਣ ਸੀ। ਦਰਅਸਲ ਉਨ੍ਹਾਂ ਦੀ ਬਤੌਰ ਉਸਤਾਦ ਕੋਈ ਟ੍ਰੇਨਿੰਗ ਨਹੀਂ ਸੀ ਜਦਕਿ ਮੈਂ ਜਰਮਨੀ ਤੋਂ ਡਿਪਲੋਮਾ ਹਾਸਲ ਕੀਤਾ ਹੋਇਆ ਸੀ। ਬਾਅਦ ਵਿਚ ਉਨ੍ਹਾਂ ਨੇ ਸਿਆਸੀ ਵਿਸ਼ਿਆਂ 'ਤੇ ਜੋ ਬੈਲੇ ਬਣਾਏ, ਉਨ੍ਹਾਂ ਵਿਚ ਵੀ ਉਹ ਮੇਰੀ ਸਲਾਹ ਨੂੰ ਅਹਿਮੀਅਤ ਦਿੰਦੇ ਸਨ। ਉਨ੍ਹਾਂ ਦੇ ਗਰੁੱਪ ਵਿਚ ਰਹਿ ਕੇ ਮੈਂ ਕਈ ਨ੍ਰਿਤ ਕੰਪੋਜ਼ ਕੀਤੇ ਅਤੇ ਸੋਲੋ ਵੀ ਕੀਤੇ।

? ਨ੍ਰਿਤ ਦੀ ਕੋਈ ਇਕ ਕੰਪੋਜੀਸ਼ਨ ਜੋ ਯਾਦਾਂ ਵਿਚ ਦਰਜ ਹੋ ਗਈ ਹੋਵੇ?

ਜ਼ੋਹਰਾ : ਇਕ ਵਾਰ ਅਜਿਹਾ ਹੋਇਆ ਕਿ ਉਦੇ ਸ਼ੰਕਰ ਦੀ ਦਸੰਬਰ ਵਿਚ ਵਰ੍ਹੇਗੰਢ ਸੀ। ਮੇਰੀਆਂ ਭੈਣਾਂ ਹਾਜ਼ਰਾ, ਉਜ਼ਰਾ ਅਤੇ ਆਮਨਾ ਮੇਰੇ ਕੋਲ ਸਨ ਅਲਮੋੜਾ ਵਿਚ। ਅਸੀਂ ਦੇਖਿਆ ਕਿ ਕੁਝ ਔਰਤਾਂ ਘਾਹ ਦੀਆਂ ਪੰਡਾਂ ਸਿਰਾਂ 'ਤੇ ਰੱਖ ਕੇ ਹੇਠਾਂ ਉਤਰ ਰਹੀਆਂ ਸਨ। ਉਨ੍ਹਾਂ ਨੇ ਕਮਰ 'ਤੇ ਪੱਲੂ ਕੱਸਿਆ ਹੋਇਆ ਸੀ ਤੇ ਦਾਤੀ ਪੱਲੂ ਵਿਚ ਫਸੀ ਹੋਈ ਸੀ। ਇਨ੍ਹਾਂ ਔਰਤਾਂ ਦੀ ਚਾਲ ਅਤੇ ਲੱਕਾਂ ਵਿਚ ਗ਼ਜ਼ਬ ਦੀ ਲੈਅ ਸੀ। ਮੈਂ ਉਨ੍ਹਾਂ ਨੂੰ ਇਕੱਠਿਆਂ ਚਲਦਿਆਂ ਦੇਖਿਆ ਤੇ ਮੈਨੂੰ ਖ਼ਿਆਲ ਆਇਆ ਕਿ ਇਹ ਤਾਂ ਬੜਾ ਜਾਨਦਾਰ ਨ੍ਰਿਤ ਬਣ ਸਕਦਾ ਹੈ। ਸੋ ਇਸ ਤਰ੍ਹਾਂ 'ਗ੍ਰਾਸ ਕਟਰ' ਨਾਂਅ ਦਾ ਡਾਂਸ ਮੈਂ ਉਦੇ ਸ਼ੰਕਰ ਦੀ ਵਰ੍ਹੇਗੰਢ ਮੌਕੇ ਪੇਸ਼ ਕਰਨ ਲਈ ਕੰਪੋਜ਼ ਕੀਤਾ ਸੀ। ਉਸ ਵਿਚ ਵੱਡੀ ਭੈਣ ਹਾਜ਼ਰਾ ਨੇ ਢੋਲਕ ਵਜਾਈ ਸੀ ਅਤੇ ਅਸੀਂ ਤਿੰਨਾਂ ਭੈਣਾਂ ਨੇ ਇਕੱਠਿਆਂ ਨ੍ਰਿਤ ਕੀਤਾ ਸੀ। ਇਹ ਨ੍ਰਿਤ ਬਹੁਤ ਪਸੰਦ ਕੀਤਾ ਗਿਆ। ਸਾਲਾਂ ਬਾਅਦ ਮੈਂ ਕਮਾਊ ਦੇ ਮੋਹਨ ਉਪਰੇਤੀ ਦੇ ਗਰੁੱਪ ਨੂੰ ਮਾਮੂਲੀ ਹੇਰਫੇਰ ਨਾਲ ਇਹੀ ਨ੍ਰਿਤ ਕਰਦਿਆਂ ਦੇਖਿਆ।



ਨ੍ਰਿਤ ਗੁਰੂ ਉਦੇ ਸ਼ੰਕਰ ਨਾਲ।

? ਜ਼ੋਹਰਾ ਮੁਮਤਾਜ ਤੋਂ ਜ਼ੋਹਰਾ ਸਹਿਗਲ ਬਣਨ ਦੀ ਕਹਾਣੀ ਕੀ ਹੈ?

ਜ਼ੋਹਰਾ : ਮੈਂ ਉਸ ਜ਼ਮਾਨੇ ਵਿਚ ਜ਼ੋਹਰਾ ਮੁਮਤਾਜ ਦੇ ਨਾਮ ਨਾਲ ਜਾਣੀ ਜਾਂਦੀ ਸੀ। ਉਸ ਜ਼ਮਾਨੇ ਵਿਚ ਬੇਹੱਦ ਖ਼ੂਬਸੂਰਤ ਚਿੱਤਰਕਾਰ ਨਾਲ ਉਦੇ ਸ਼ੰਕਰ ਸਕੂਲ ਵਿਚ ਸਾਹਮਣਾ ਹੋਇਆ ਤੇ ਮੈਨੂੰ ਉਸ ਦੀ ਇਕ ਪੇਂਟਿੰਗ ਬੜੀ ਪਸੰਦ ਆਈ। ਮੈਂ ਬਹੁਤ ਖ਼ੂਬਸੂਰਤ ਤਾਂ ਨਹੀਂ ਸੀ ਪਰ ਬਦਸੂਰਤ ਵੀ ਨਹੀਂ ਸੀ। ਮੇਰੀਆਂ ਅੱਖਾਂ ਛੋਟੀਆਂ ਹਨ ਲੱਗਦਾ ਹੈ ਜਿਵੇਂ ਮੈਂ ਚਿਆਂਗ ਕਾਈ ਸ਼ੇਕ ਦੇ ਖਾਨਦਾਨ ਵਿਚੋਂ ਹੋਵਾਂ। ਖ਼ੈਰ ਮੈਨੂੰ ਉਸ ਨੌਜਵਾਨ ਦੀ ਉਸ ਪੇਂਟਿੰਗ ਦੀ ਵਜ੍ਹਾ ਨਾਲ ਉਸ ਨਾਲ ਮੁਹੱਬਤ ਹੋ ਗਈ। ਉਹਦਾ ਨਾਂਅ ਸਹਿਗਲ ਸੀ। ਸਾਡਾ ਰੁਮਾਂਸ ਦੋ ਸਾਲ ਚੱਲਦਾ ਰਿਹਾ। ਫਿਰ ਸਹਿਗਲ ਕਹਿਣ ਲੱਗਾ ਕਿ ਆਪਾਂ ਵਿਆਹ ਕਰ ਲਈਏ ਤਾਂ ਮੈਂ ਕਿਹਾ ਇਹ ਕਿਵੇਂ ਹੋ ਸਕਦਾ ਹੈ। ਤੁਸੀਂ ਉਮਰ ਵਿਚ ਮੇਰੇ ਤੋਂ ਛੋਟੇ ਹੋ ਤੇ ਫਿਰ ਹਿੰਦੂ-ਮੁਸਲਿਮ ਦਾ ਮਾਮਲਾ ਵੀ ਵਿਚਾਲੇ ਆ ਜਾਵੇਗਾ ਪਰ ਫਿਰ ਕੁਝ ਅਰਸੇ ਬਾਅਦ ਇਹ ਬੇਲ ਮੁੰਡੇਰ 'ਤੇ ਚੜ੍ਹ ਹੀ ਗਈ ਤੇ ਸਾਡਾ ਨਿਕਾਹ ਹੋ ਗਿਆ। ਫਿਰ ਅਸੀਂ ਉਦੇ ਸ਼ੰਕਰ ਤੋਂ ਆਗਿਆ ਲੈ ਕੇ ਲਾਹੌਰ ਵਿਚ ਆਪਣਾ ਸਕੂਲ ਖੋਲ੍ਹ ਲਿਆ ਤੇ ਉਹਦਾ ਨਾਂਅ ਜ਼ੁਰੇਸ਼ ਰੱਖਿਆ। ਦਰਅਸਲ ਇਹ ਮੇਰੇ ਨਾਂਅ ਜ਼ੋਹਰ ਅਤੇ ਮੇਰੇ ਸ਼ੌਹਰ ਕਾਮੇਸ਼ਵਰ ਦੇ ਨਾਂਵਾਂ ਨਾਲ ਮਿਲ ਕੇ ਬਣਿਆ ਸੀ। ਕੁਝ ਲੋਕਾਂ ਨੇ ਇਸ ਗੱਲ ਨੂੰ ਸਲਾਹਿਆ ਪਰ ਫਿਰ ਪਾਕਿਸਤਾਨ ਵਜੂਦ ਵਿਚ ਆਉਣ ਲੱਗਾ ਸੀ। ਉਸ ਜ਼ਮਾਨੇ ਵਿਚ ਮੇਰੀ ਭੈਣ ਉਜ਼ਰਾ ਪ੍ਰਿਥਵੀ ਥੀਏਟਰ ਨਾਲ ਜੁੜੀ ਹੋਈ ਸੀ, ਉਹਨੇ ਮੈਨੂੰ ਲਿਖਿਆ ਕਿ ਅਸੀਂ ਮੁੰਬਈ ਆ ਜਾਈਏ ਤੇ ਫ਼ਿਲਮਾਂ ਵਿਚ ਕਿਸਮਤ ਅਜ਼ਮਾਈਏ। ਸੋ ਅਸੀਂ ਮੁੰਬਈ ਆ ਗਏ। ਪਰ ਮੈਨੂੰ ਜੋ ਨ੍ਰਿਤ ਦੇ ਦ੍ਰਿਸ਼ ਦਿਖਾਈ ਦਿੱਤੇ, ਉਹ ਬੜੇ ਸਤਹੀ ਅਤੇ ਫ਼ਜ਼ੂਲ ਸਨ। ਮੇਰਾ ਮਨ ਨਾ ਲੱਗਾ। ਫਿਰ ਪ੍ਰਿਥਵੀ ਥੀਏਟਰ ਜਾਣਾ ਹੋਇਆ ਤਾਂ ਉਥੇ ਸੈਟ ਵਗੈਰਾ ਮੈਨੂੰ ਚੰਗੇ ਨਾ ਲੱਗੇ। ਪਰ ਸ਼ਕੁੰਤਲਾ ਵਿਚ ਉਜ਼ਰਾ ਦਾ ਰੋਲ ਮੈਨੂੰ ਚੰਗਾ ਲੱਗਾ ਸੀ। ਉਸ ਤੋਂ ਬਾਅਦ 'ਦੀਵਾਰ' ਨਾਂਅ ਦੇ ਡਰਾਮੇ ਵਿਚ ਜੋ ਹਿੰਦੂ-ਮੁਸਲਿਮ ਦੇ ਦਰਮਿਆਨ ਅੰਗਰੇਜ਼ਾਂ ਦੇ ਫੁੱਟ ਪਾਉਣ ਦੇ ਰੋਲ ਬਾਰੇ ਸੀ, ਉਸ ਵਿਚ ਮੈਨੂੰ ਵੈਂਪ ਦਾ ਰੋਲ ਮਿਲਿਆ। ਪਰ ਇਹ ਰੋਲ ਮੈਨੂੰ ਕਾਫ਼ੀ ਜਦੋ-ਜਹਿਦ ਤੋਂ ਬਾਅਦ ਮਿਲਿਆ ਕਿਉਂਕਿ ਪ੍ਰਿਥਵੀ ਰਾਮ ਨੂੰ ਮੈਨੂੰ ਰੋਲ ਦੇਣ ਬਾਰੇ ਸੋਚਣਾ ਪਿਆ। ਉਨ੍ਹਾਂ ਨੇ ਪਹਿਲਾਂ ਅਕਤੂਬਰ 1945 ਵਿਚ ਮੈਨੂੰ ਡਾਂਸ ਡਾਇਰੈਕਟਰ ਰੱਖਿਆ ਸੀ। ਮੈਂ 14 ਸਾਲਾਂ ਪ੍ਰਿਥਵੀ ਥੀਏਟਰ ਵਿਚ ਰਹੀ ਅਤੇ ਦਮਿਅੰਤੀ ਸਾਹਣੀ ਦੇ ਪ੍ਰਿਥਵੀ ਥੀਏਟਰ ਛੱਡਣ ਤੋਂ ਬਾਅਦ ਮੇਨ ਰੋਲ ਮੈਂ ਹੀ ਕਰਨ ਲੱਗੀ ਸੀ।

ਇਥੇ ਮੈਨੂੰ ਆਪਣੀ ਸੱਸ ਦੀ ਬੜੀ ਯਾਦ ਆਈ। ਉਹ ਪੜ੍ਹੀ ਲਿਖੀ ਨਹੀਂ ਸੀ ਤੇ ਬੇਹੱਦ ਹਿੰਦੁਸਤਾਨੀ ਮਿਜ਼ਾਜ ਰੱਖਦੀ ਸੀ। ਮੁਸਲਮਾਨਾਂ ਬਾਰੇ ਉਹਦੀ ਰਾਏ ਚੰਗੀ ਨਹੀਂ ਸੀ। ਜਦ ਮੇਰੇ ਸਹੁਰੇ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਦਾ ਬੇਟਾ ਮੁਸਲਿਮ ਲੜਕੀ ਨਾਲ ਤੇ ਉਹ ਵੀ ਜਿਹੜੀ ਡਾਂਸਰ ਹੈ, ਵਿਆਹ ਕਰ ਰਿਹਾ ਹੈ ਤਾਂ ਉਨ੍ਹਾਂ ਨੇ ਥੋੜ੍ਹੇ ਜਿਹੇ ਵਿਰੋਧ ਤੋਂ ਬਾਅਦ ਆਪਣੇ ਬੇਟੇ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਕਹਿੰਦਿਆਂ ਮੈਨੂੰ ਅਪਣਾਉਣ ਦੀ ਹਾਮੀ ਭਰ ਦਿੱਤੀ ਸੀ। ਜਦੋਂ ਮੈਂ ਪਹਿਲੀ ਵਾਰ ਉਨ੍ਹਾਂ ਨੂੰ ਮਿਲੀ ਤਾਂ ਉਨ੍ਹਾਂ ਨੇ ਖ਼ੁਦ ਮੇਰੇ ਲਈ ਤਾਜ਼ਾ ਖਾਣਾ ਥਾਲੀ ਵਿਚ ਪਰੋਸਿਆ ਸੀ।

ਇਕ ਹੋਰ ਵਾਕਿਆ ਯਾਦ ਆਇਆ ਕਿ ਉਨ੍ਹਾਂ ਨੇ ਸਟੇਜ 'ਤੇ ਮੇਰਾ ਵੈਂਪ ਵਾਲਾ ਰੋਲ ਦੇਖਿਆ, ਜਿਸ ਵਿਚ ਮੈਂ ਸਿਗਰਟ ਵੀ ਪੀਂਦੀ ਹਾਂ। ਅੰਗਰੇਜ਼ੀ ਪਹਿਰਾਵਾ ਪਾਉਂਦੀ ਹਾਂ ਤੇ ਦੋਵਾਂ ਭਰਾਵਾਂ ਨਾਲ ਫਲਰਟ ਕਰਦੀ ਹਾਂ। ਡਰਾਮੇ ਤੋਂ ਬਾਅਦ ਜਦੋਂ ਮੈਂ ਘਰ ਪਹੁੰਚ ਕੇ ਉਨ੍ਹਾਂ ਨੂੰ ਆਪਣੇ ਕਿਰਦਾਰ ਬਾਰੇ ਪੁੱਛਿਆ ਤਾਂ ਉਹ ਬੋਲੀ, ''ਬੇਟੀ ਤੂੰ ਹਜ਼ਾਰਾਂ ਦੀ ਮਹਿਫ਼ਲ ਵਿਚ ਨੰਗੀ ਹੀ ਕਿਉਂ ਨਾ ਹੋ ਜਾਵੇਂ ਮੈਂ ਤੇਰੀ ਨਜ਼ਰ ਪਛਾਣਦੀ ਹਾਂ।'' ਜ਼ਰਾ ਅੰਦਾਜ਼ਾ ਲਾਓ ਕਿ ਇਹ ਲਫ਼ਜ਼ ਮੈਂ ਅਜਿਹੀ ਹਿੰਦੂ ਔਰਤ ਦੀ ਜ਼ੁਬਾਨ ਤੋਂ ਸੁਣੇ ਜੋ ਬਿਲਕੁਲ ਅਨਪੜ੍ਹ ਸੀ।

? ਤੁਹਾਡੇ ਦੁਬਾਰਾ ਲੰਡਨ ਜਾਣ ਦੀ ਕੀ ਵਜ੍ਹਾ ਸੀ?

ਜ਼ੋਹਰਾ : ਜਦੋਂ ਮੇਰੇ ਪਤੀ ਦੀ ਮੌਤ ਹੋ ਗਈ ਤਾਂ ਮੈਂ ਦਿੱਲੀ ਚਲੀ ਆਈ ਅਤੇ ਇਥੇ ਕਮਲਾ ਦੇਵੀ ਚਟੋਉਪਾਧਿਆਏ ਨੇ ਮੈਨੂੰ ਅਕਾਦਮੀ ਵਿਚ ਰੱਖ ਲਿਆ। ਪਰ ਮੇਰੇ ਜੀਜਾ ਜੀ ਜੈਡ. ਏ. ਅਹਿਮਦ ਨੇ ਜ਼ੋਰ ਦਿੱਤਾ ਕਿ ਮੈਂ ਵਲਾਇਤ ਚਲੀ ਜਾਵਾਂ ਤਾਂ ਜੋ ਉਥੋਂ ਦੀ ਮਸਰੂਫ਼ੀਅਤ ਮੇਰੇ ਗਮ ਨੂੰ ਹਲਕਾ ਕਰ ਸਕੇ। ਤਾਂ ਮੈਂ ਇਕ ਛੋਟਾ ਜਿਹਾ ਕੋਰਸ ਕੀਤਾ ਅਤੇ ਮੈਨੂੰ ਸਟਾਰ ਸਰਟੀਫ਼ਿਕੇਟ ਮਿਲਿਆ ਜੋ ਅਲਕਾਜ਼ੀ ਅਤੇ ਸ਼ਈਦ ਹਬੀਵ ਤਨਵੀਰ ਹੀ ਨੂੰ ਮਿਲਿਆ ਹੈ। ਵਲਾਇਤ ਮੈਂ ਕੁਝ ਮਹੀਨਿਆਂ ਲਈ ਗਈ ਸੀ ਪਰ ਉਥੇ 25 ਸਾਲ ਰਹਿ ਗਈ। ਇਸ ਅਰਸੇ ਦੌਰਾਨ ਬੱਚੇ ਵੱਡੇ ਹੋ ਗਏ। ਮੇਰੀ ਲੜਕੀ ਕਿਰਨ ਸਹਿਗਲ ਅਤੇ ਲੜਕਾ ਪਵਨ ਸਹਿਗਲ ਹੈ। ਮੈਂ ਹਿੰਦੁਸਤਾਨ ਇਸ ਖ਼ਿਆਲ ਨਾਲ ਆ ਗਈ ਕਿ ਆਪਣੇ ਵਤਨ ਦੀ ਫ਼ਿਜ਼ਾ ਵਿਚ ਆਖ਼ਰੀ ਸਾਹ ਲੈ ਸਕਾਂ। ਇਕ ਹੋਰ ਵਜ੍ਹਾ ਇਹ ਵੀ ਸੀ ਕਿ ਜਦੋਂ ਮੈਂ ਕੁਝ ਦਿਨਾਂ ਲਈ ਲੰਡਨ ਤੋਂ ਹਿੰਦੁਸਤਾਨ ਆਈ ਸੀ ਤਾਂ ਸਾਰੇ ਲੋਕ ਇਹੀ ਕਹਿੰਦੇ ਸਨ, ''ਅਰੇ ਜ਼ੋਹਰਾ! ਹਮੇਸ਼ਾ ਲਈ ਆ ਜਾਓ, ਬਹੁਤ ਕੰਮ ਹੈ।'' ਪਰ ਜਦੋਂ ਆਈ ਤਾਂ ਇਥੇ ਮੇਰੇ ਲਈ ਕੰਮ-ਕੁੰਮ ਕੁਝ ਵੀ ਨਹੀਂ ਸੀ। ਜਦਕਿ ਲੰਡਨ ਵਿਚ ਸਾਰੇ ਲੋਕ ਮੇਰੇ ਨਾਮ ਅਤੇ ਕੰਮ ਤੋਂ ਚੰਗੀ ਤਰ੍ਹਾਂ ਵਾਕਫ਼ ਹੋ ਚੁੱਕੇ ਸਨ ਅਤੇ ਉਥੇ ਸੜਕਾਂ 'ਤੇ ਰੋਕ ਕੇ ਲੋਕ ਮੈਨੂੰ ਮੇਰੇ ਸਟੇਜ ਡਰਾਮਿਆਂ ਦੀ ਯਾਦ ਦਿਵਾਉਂਦੇ ਸਨ। ਪਰ ਮੈਂ ਆਪਣੇ ਵਤਨ ਵਿਚ ਅਜਨਬੀ ਸੀ। ਫਿਰ ਇਕ ਦਿਨ ਅਲਕਾਜ਼ੀ ਨੇ ਮੇਰੇ ਨਾਲ ਸੰਪਰਕ ਕੀਤਾ ਅਤੇ ਦੱਸਿਆ ਕਿ ਉਹ 14 ਸਾਲ ਬਾਅਦ ਐਨ.ਐਸ.ਡੀ. ਲਈ ਤਿੰਨ ਡਰਾਮੇ ਕਰ ਰਹੇ ਹਨ ਅਤੇ ਮੈਨੂੰ ਲੋਰਕਾ ਦੇ ਡਰਾਮੇ 'ਦ ਹਾਊਸ ਆਫ਼ ਬ੍ਰਾਂਡਾ ਅਲਵਾ' ਦੇ ਉਰਦੂ ਰੂਪ 'ਦਿਨ ਕੇ ਅੰਧੇਰੇ ਮੇਂ' ਵਿਚ ਮੇਨ ਰੋਲ ਦੇਣਾ ਚਾਹੁੰਦੇ ਹਨ। ਮੈਂ ਖ਼ੁਸ਼ੀ ਨਾਲ ਮਨਜ਼ੂਰ ਕਰ ਲਿਆ। ਮੈਨੂੰ ਸਕ੍ਰਿਪਟ ਦੇਰ ਨਾਲ ਮਿਲੀ ਅਤੇ ਮੈਂ ਪੂਰੀ ਤਰ੍ਹਾਂ ਉਸ 'ਤੇ ਹਾਵੀ ਨਾ ਹੋ ਸਕੀ। ਇਸ ਲਈ ਪਹਿਲੇ ਦਿਨ ਮੈਂ ਕਾਫ਼ੀ ਨਰਵਸ ਸੀ। ਇਸ ਤਰ੍ਹਾਂ ਪਹਿਲੇ ਦਿਨ ਦੀ ਐਕਟਿੰਗ ਤੋਂ ਮੈਂ ਮਾਯੂਸ ਵੀ ਹੋਈ ਪਰ ਫਿਰ ਹੌਲੀ ਹੌਲੀ ਮੈਂ ਸਕ੍ਰਿਪਟ 'ਤੇ ਕਾਬੂ ਪਾ ਲਿਆ। ਫ਼ਿਲਮਾਂ ਨਾਲ ਮੇਰਾ ਰਿਸ਼ਤਾ 'ਨੀਚਾ ਨਗਰ' ਤੋਂ ਸ਼ੁਰੂ ਹੋਇਆ ਸੀ। ਉਸ ਵਿਚ ਕਾਮਨੀ ਕੌਸ਼ਲ ਨੇ ਰਫ਼ੀਕ ਅਨਵਰ ਨਾਲ ਕੰਮ ਕੀਤਾ ਸੀ। ਮੇਰਾ ਵੀ ਉਸ ਵਿਚ ਰੋਲ ਸੀ। ਜ਼ਿਆਦਾਤਰ ਫ਼ਿਲਮਾਂ ਵਿਚ ਮੈਂ ਡਾਂਸ ਡਾਇਰੈਕਸ਼ਨ ਦਿੱਤੀ ਜਿਵੇਂ 'ਨੌਂ ਦੋ ਗਿਆਰਾਂ', 'ਬਾਜ਼ੀ', 'ਸੀ.ਆਈ.ਡੀ.' ਆਦਿ ਯਾਦ ਆ ਰਹੀਆਂ ਹਨ। ਇਕ ਦਿਨ ਵਹੀਦਾ ਰਹਿਮਾਨ ਦਾ ਬੜਾ ਪਿਆਰਾ ਖ਼ਤ ਮਿਲਿਆ ਜਿਸ ਵਿਚ ਉਸ ਨੇ ਸੀ.ਆਈ.ਡੀ. ਵਿਚ ਮੇਰੇ ਡਾਂਸ ਦੀ ਯਾਦ ਦੁਆਈ ਸੀ।

## ਦੂਜੀ ਮੁਲਾਕਾਤ : ਸ਼ਮਸੁਲ ਇਸਲਾਮ

# ਔਰਤਾਂ ਨੂੰ ਆਪਣੀ ਤਕਦੀਰ ਖ਼ੁਦ ਬਦਲਣੀ ਪਵੇਗੀ : ਜ਼ੋਹਰਾ ਸਹਿਗਲ

? ਜ਼ੋਹਰਾ ਜੀ, ਸਾਡੇ ਮੁਲਕ ਵਿਚ ਹਿੰਦੀ/ਉਰਦੂ ਨਾਟਕ ਦੀ ਸਥਿਤੀ ਕੀ ਮਹਿਸੂਸ ਕਰਦੇ ਹੋ?

ਜ਼ੋਹਰਾ : ਉਤਰ ਭਾਰਤ ਵਿਚ ਜੋ ਹਿੰਦੀ ਉਰਦੂ ਨਾਟਕ ਹੈ, ਉਸ ਦੀ ਸਥਿਤੀ ਕਾਫ਼ੀ ਤਕਲੀਫ਼ਦੇਹ ਹੈ। ਇਸ ਪੂਰੇ ਇਲਾਕੇ ਵਿਚ ਪੇਸ਼ੇਵਾਰਾਨਾ, ਸੰਜੀਦਾ ਅਤੇ ਲਗਾਤਾਰ ਨਾਟਕ ਨਹੀਂ ਹੁੰਦਾ। ਹਿੰਦੀ/ਉਰਦੂ ਵਾਲੇ ਆਪਣੀਆਂ ਜ਼ੁਬਾਨਾਂ ਨਾਲ ਪਿਆਰ ਦੇ ਦਾਅਵੇ ਕਰਦੇ ਰਹਿੰਦੇ ਹਨ ਪਰ ਨਾਟਕ ਦੀ ਕੀ ਪੂਰੇ ਸਾਹਿਤ ਵਿਚ ਹਾਲਤ ਪਤਲੀ ਹੈ। ਦੂਜੇ ਪਾਸੇ ਬੰਗਲਾ, ਕੰਨੜ, ਮਰਾਠੀ ਅਤੇ ਗੁਜਰਾਤੀ ਭਾਸ਼ਾਵਾਂ ਵਿਚ ਰੰਗਕਰਮ ਦੀਆਂ ਸਥਿਤੀਆਂ ਬੜੀਆਂ ਚੰਗੀਆਂ ਹਨ। ਇਥੇ ਪੇਸ਼ੇਵਰ ਨਾਟਕ ਦੀ ਲੰਮੀ ਰਵਾਇਤ ਹੈ। ਇਥੋਂ ਦੇ ਲੋਕ ਆਪਣੀਆਂ ਜ਼ੁਬਾਨਾਂ ਨੂੰ ਬਹੁਤ ਪਿਆਰ ਕਰਦੇ ਹਨ। ਨਾਟਕ ਦੇਖਣ ਲਈ ਟਿਕਟ ਖਿੜਕੀਆਂ 'ਤੇ ਲੰਮੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ। ਮੈਂ ਸੱਚਮੁਚ ਹਿੰਦੀ ਉਰਦੂ ਥੀਏਟਰ ਦੀ ਦੁਨੀਆ ਤੋਂ ਮਾਯੂਸ ਹਾਂ।

? ਆਖ਼ਰ ਉਹ ਕਿਹੜੀ ਚੀਜ਼ ਹੈ, ਜੋ ਤੁਹਾਨੂੰ ਰੰਗਕਰਮ ਵਿਚ ਐਨਾ ਸਰਗਰਮ ਰੱਖਦੀ ਹੈ?

ਜ਼ੋਹਰਾ : ਬਈ, ਇਹੀ ਤਾਂ ਮੇਰੀ ਜ਼ਿੰਦਗੀ ਹੈ। ਅਦਾਕਾਰੀ ਮੇਰੀ ਜ਼ਿੰਦਗੀ ਦਾ ਸਰੋਤ ਹੈ, ਬੁਨਿਆਦ ਹੈ। ਰੂਸ ਦੇ ਮਸ਼ਹੂਰ ਬੈਲੇ ਨਿਰਦੇਸ਼ਕ 'ਨੇਮ ਰੋਚ ਦੇਨ ਚਿੰਨ ਕਾ' ਜਿਨ੍ਹਾਂ ਨੇ ਰੂਸੀ ਬੈਲੇ ਨੂੰ ਸਾਰੇ ਯੂਰਪ ਵਿਚ ਮਕਬੂਲ ਕਰਵਾਇਆ, ਉਹ ਕਹਿੰਦੇ ਸਨ ਸਭ ਤੋਂ ਖੁਸ਼ਨਸੀਬ ਲੋਕ ਉਹ ਹਨ, ਜਿਹੜੇ ਆਪਣੀ ਪਸੰਦ ਦੇ ਖੇਤਰ ਵਿਚ ਕੰਮ ਕਰਨ ਦਾ ਮੌਕਾ ਹਾਸਲ ਕਰ ਲੈਂਦੇ ਹਨ। ਮੇਰੇ ਲਈ ਇਸ ਤੋਂ ਜ਼ਿਆਦਾ ਖੁਸ਼ਖ਼ਬਰੀ ਦੀ ਗੱਲ ਕੀ ਹੋ ਸਕਦੀ ਹੈ ਕਿ ਮੈਨੂੰ ਅਦਾਕਾਰੀ ਨਾਲ ਇਸ਼ਕ ਹੈ ਤੇ ਮੈਂ ਉਹ ਕਰ ਰਹੀ ਹਾਂ। ਮੈਂ ਅਦਾਕਾਰੀ ਦੀ ਮਰੀਜ਼ ਹਾਂ ਤੇ ਸਦਾ ਇਸ ਦਾ ਸ਼ਿਕਾਰ ਰਹਿਣਾ ਚਾਹੁੰਦੀ ਹਾਂ।

? ਤੁਹਾਡੀ ਮਾਦਰੀ ਜ਼ੁਬਾਨ ਕਿਹੜੀ ਹੈ?

ਜ਼ੋਹਰਾ : ਮੇਰੀ ਮਾਂ ਬੋਲੀ ਉਰਦੂ ਹੈ। ਭਾਵੇਂ ਮੈਂ ਹਿੰਦੀ ਅਤੇ ਪੰਜਾਬੀ ਵੀ ਬੋਲ ਸਕਦੀ ਹਾਂ। ਉਰਦੂ ਮੇਰੀ ਮਾਂ ਬੋਲੀ ਤਾਂ ਹੈ ਪਰ ਇਸ ਵਿਚ ਮੈਂ ਬਹੁਤ ਕਮਜ਼ੋਰ ਸੀ। ਇੰਦੌਰ ਦੇ ਜਿਸ ਪਰਿਵਾਰ ਵਿਚ ਮੇਰਾ ਵਿਆਹ ਹੋਇਆ। ਉਥੇ ਮੇਰੇ ਸਹੁਰਾ ਸਾਹਬ ਮੈਨੂੰ ਬੜੀ ਖ਼ੂਬਸੂਰਤ ਉਰਦੂ ਵਿਚ ਖ਼ਤ ਲਿਖਦੇ ਸਨ ਤੇ ਬੇਸ਼ਰਮੀ ਦੇਖੋ ਕਿ ਮੈਂ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਖ਼ਤ ਲਿਖਿਆ ਕਰਦੀ ਸੀ। ਮੈਂ ਜਦੋਂ ਪ੍ਰਿਥਵੀ ਥੀਏਟਰ ਵਿਚ ਆਈ ਤਾਂ ਮੇਰੀ ਉਰਦੂ ਸੁਣ ਕੇ ਪਾਪਾ ਜੀ (ਪ੍ਰਿਥਵੀ ਰਾਜ ਕਪੂਰ) ਨੇ ਕਿਹਾ ਕਿ ਤੈਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਤੂੰ ਉਰਦੂ ਦੇ ਘਰ ਰਾਮਪੁਰ ਦੀ ਰਹਿਣ ਵਾਲੀ ਹੋਵੇਂ ਤੇ ਜ਼ੁਬਾਨ ਦੇ ਮਾਮਲੇ ਵਿਚ ਐਨੀ ਲਾਹਪ੍ਰਵਾਹ। ਉਨ੍ਹਾਂ ਨੇ ਹੀ ਮੈਨੂੰ ਆਪਣੀ ਜ਼ੁਬਾਨ ਨਾਲ ਪਿਆਰ ਕਰਨਾ ਸਿਖਾਇਆ। ਬਦਕਿਸਮਤੀ ਨਾਲ ਅੱਜ ਉਰਦੂ ਸਿਆਸਤ ਦੀ ਸ਼ਿਕਾਰ ਹੋ ਗਈ ਹੈ।

? ਇਕ ਔਰਤ ਅਦਾਕਾਰਾ ਦੇ ਤੌਰ 'ਤੇ ਤੁਹਾਨੂੰ ਨਾਟਕ ਦੀ ਦੁਨੀਆ ਕਿਵੇਂ ਦੀ ਲਗਦੀ ਹੈ?

ਜ਼ੋਹਰਾ : ਮੈਂ ਭਾਰਤ ਅਤੇ ਬਰਤਾਨੀਆ ਦੋਹਾਂ ਦੇ ਹੀ ਬਾਰੇ ਦੱਸਣਾ ਚਾਹਾਂਗੀ। ਔਰਤਾਂ ਦੇ ਮਸਲਿਆਂ 'ਤੇ ਤਾਂ ਨਾਟਕ ਹੈ ਹੀ ਨਹੀਂ। ਹੋਰਨਾਂ ਨਾਟਕਾਂ ਵਿਚ ਵੀ ਔਰਤਾਂ ਦੇ ਪਾਤਰ ਬਹੁਤ ਕਮਜ਼ੋਰ ਅਤੇ ਘੱਟ ਹਨ। ਨਾਟਕ ਦੀ ਦੁਨੀਆ ਵਿਚ ਮਰਦ ਅਦਾਕਾਰਾਂ ਦੀ ਸਰਦਾਰੀ ਹੈ। ਇਹ ਹਾਲਤ ਉਦੋਂ ਹੀ ਬਦਲੇਗੀ ਜਦੋਂ ਖ਼ੁਦ ਔਰਤਾਂ ਆਪਣੀ ਜ਼ਿੰਦਗੀ ਤੇ ਚਾਰੇ ਪਾਸੇ ਫੈਲੀ ਜ਼ਿੰਦਗੀ 'ਤੇ ਨਾਟਕ ਲਿਖਣਗੀਆਂ।

? ਆਜ਼ਾਦੀ ਤੋਂ ਪਹਿਲਾਂ ਤੁਸੀਂ ਇਪਟਾ ਨਾਲ ਜੁੜੇ ਰਹੇ ਹੋ। ਇਪਟਾ ਨੇ ਦੇਸ਼ ਵਿਚ ਸਭਿਆਚਾਰਕ ਪੁਨਰ ਜਾਗਰਨ ਦਾ ਕੰਮ ਕੀਤਾ ਸੀ। ਇਪਟਾ ਬਿਖ਼ਰ ਕਿਉਂ ਗਿਆ?

ਜ਼ੋਹਰਾ : ਇਸ ਦੇ ਕਈ ਕਾਰਨ ਹਨ। ਇਪਟਾ ਦੇ ਮਕਬੂਲ ਹੋਣ ਦੀ ਸਭ ਤੋਂ ਵੱਡੀ ਵਜ੍ਹਾ, ਇਸ ਦੇ ਕਾਰਜਾਂ ਦਾ ਸਾਮਰਾਜ ਵਿਰੋਧੀ ਸਰੂਪ ਸੀ। ਲੋਕ ਸਾਮਰਾਜਵਾਦ ਤੋਂ ਪ੍ਰੇਸ਼ਾਨ ਸਨ ਅਤੇ ਇਪਟਾ ਉਨ੍ਹਾਂ ਦੀਆਂ ਉਮੀਦਾਂ ਨੂੰ ਜ਼ਬਾਨ ਦਿੰਦਾ ਸੀ। ਪਰ 1947 ਵਿਚ ਅੰਗਰੇਜ਼ਾਂ ਦੇ ਚਲੇ ਜਾਣ 'ਤੇ ਉਸ ਦੁਸ਼ਮਣ ਦਾ ਵਜੂਦ ਹੀ ਨਹੀਂ ਰਿਹਾ ਅਤੇ ਹੁਣ ਇਪਟਾ ਕੋਲ ਲੜਾਈ ਦਾ ਕੋਈ ਹੋਰ ਮੁੱਦਾ ਨਹੀਂ ਸੀ। ਇਵੇਂ ਲੱਗਾ ਜਿਵੇਂ ਸ਼ਾਇਦ ਖ਼ਤੀਮ ਹੋ ਗਿਆ ਹੋਵੇ। ਸਾਨੂੰ ਆਪਣਾ ਕੋਈ ਨਿਸ਼ਾਨਾ ਲੱਭਣਾ ਚਾਹੀਦਾ ਸੀ। ਇਪਟਾ ਦੀ ਦੂਜੀ ਕਮਜ਼ੋਰੀ ਇਹ ਸੀ ਕਿ ਉਹ ਸਿਆਸਤ ਅਤੇ ਸਭਿਆਚਾਰਕ ਕਾਰਜਾਂ ਵਿਚਾਲੇ ਸਹੀ ਰਿਸ਼ਤਾ ਵਿਕਸਤ ਨਹੀਂ ਕਰ ਸਕਿਆ। ਇਹਦੇ ਲਈ ਭਾਰਤ ਦੀ ਕਮਿਊਨਿਸਟ ਪਾਰਟੀ ਵੀ ਜ਼ਿੰਮੇਵਾਰੀ ਸੀ। ਜਦ ਵੀ ਸਿਆਸਤ ਅਤੇ ਸਭਿਆਚਾਰ ਨੂੰ ਮਿਲਾਉਂਦੇ ਹਾਂ, ਸਿਆਸਤ ਹਾਵੀ ਹੋ ਜਾਂਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਕਲਾ ਜਾਂ ਸਭਿਆਚਾਰ ਦੀ ਖ਼ੂਬਸੂਰਤੀ ਪ੍ਰਭਾਵਤ ਹੁੰਦੀ ਹੈ। ਅਜਿਹੀ ਹਾਲਤ ਵਿਚ ਇਹ ਵੀ ਹੁੰਦਾ ਹੈ ਕਿ ਬਹਿਸ, ਵਿਚਾਰ ਚਰਚਾ ਅਤੇ ਸੰਜਮ ਸਭ ਖ਼ਤਮ ਹੋ ਜਾਂਦਾ ਹੈ। ਕਲਾਤਮਕ ਮਾਪਦੰਡਾਂ ਨਾਲ ਸਿਆਸਤ ਵੀ ਆ ਜਾਵੇ ਤਾਂ ਕੋਈ ਹਰਜ਼ ਨਹੀਂ। ਇਸ ਹਾਲਤ ਨੇ ਚੰਗੇ ਕਲਾਕਾਰਾਂ ਨੂੰ ਇਪਟਾ ਨਾਲੋਂ ਤੋੜ ਦਿੱਤਾ। ਇਪਟਾ ਦੀ ਇਕ ਹੋਰ ਦਿੱਕਤ ਇਹ ਵੀ ਸੀ ਕਿ ਇਸ ਦੀ ਲੀਡਰਸ਼ਿਪ ਕਲਾਕਾਰਾਂ ਦੇ ਹਉਮੈ ਨੂੰ ਵੱਸ ਵਿਚ ਨਹੀਂ ਕਰ ਸਕੀ। ਉਹ ਦੌਲਤ ਅਤੇ ਸ਼ੌਹਰਤ ਦੇ ਲਾਲਚ ਦਾ ਸ਼ਿਕਾਰ ਹੋ ਗਏ।

? ਅੱਜ ਆਪਣੇ ਮੁਲਕ ਵਿਚ ਫ਼ਿਰਕਾਪ੍ਰਸਤੀ ਅਤੇ

ਧਾਰਮਕ ਕੱਟੜਤਾ ਉਭਾਰ 'ਤੇ ਦਿਖਾਈ ਦੇ ਰਹੀ ਹੈ, ਤੁਸੀਂ ਇਸ ਬਾਰੇ ਕੀ ਸੋਚਦੇ ਹੋ?

ਜ਼ੋਹਰਾ : ਹਾਲਾਤ ਬਹੁਤ ਖ਼ਤਰਨਾਕ ਹਨ। ਇਹ ਸਭ ਇਸ ਲਈ ਹੋ ਰਿਹਾ ਹੈ ਕਿ ਸਿਆਸਤ ਮੁੱਲਾ, ਪੁਜਾਰੀ, ਸਿਆਸਤਦਾਨਾਂ ਅਤੇ ਸੌੜੇ ਸਵਾਰਥਾਂ ਦੀ ਮਿਲੀਭੁਗਤ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਪਾਗਲਪਨ ਦਾ ਅਸਲੀ ਸ਼ਿਕਾਰ ਔਰਤਾਂ ਹੀ ਹੋਣਗੀਆਂ। ਮਾਂ, ਬੇਟੀ, ਭੈਣ ਅਤੇ ਨੂੰਹਾਂ ਨੂੰ ਹੀ ਕੀਮਤ ਚੁਕਾਉਣੀ ਪਵੇਗੀ। ਅਗਲੀ ਬਦਕਿਸਮਤੀ ਵਾਲੀ ਗੱਲ ਇਹ ਹੈ ਕਿ ਫਿਰਕਾਪਸਤੀ ਉਨ੍ਹਾਂ ਲੋਕਾਂ ਰਾਹੀਂ ਫੈਲਾਈ ਜਾ ਰਹੀ ਹੈ, ਜੋ ਪੜ੍ਹੇ ਲਿਖੇ ਹਨ ਅਤੇ ਗਿਆਨੀ-ਧਿਆਨੀ ਅਖਵਾਉਂਦੇ ਹਨ। ਇਸ ਨਾਲ ਲੜਨ ਦੀ ਪਹਿਲੀ ਜ਼ਿੰਮੇਵਾਰੀ, ਮਾਂ ਦੇ ਰੂਪ ਵਿਚ ਔਰਤ ਦੀ ਹੀ ਹੈ। ਉਸ ਨੂੰ ਆਪਣੇ ਬੱਚਿਆਂ ਨੂੰ ਇਹ ਤਾਲੀਮ ਦੇਣੀ ਚਾਹੀਦੀ ਹੈ ਕਿ ਸਭ ਇਨਸਾਨ ਬਰਾਬਰ ਹਨ।

? ਤੁਸੀਂ ਕਿਸ ਮਜ਼੍ਹਬ 'ਚ ਯਕੀਨ ਰਖਦੇ ਹੋ?

ਜ਼ੋਹਰਾ : ਮੈਂ ਕਿਸੇ ਵੀ ਮਜ਼੍ਹਬ ਦੇ ਰਿਵਾਜ਼ਾਂ ਅਤੇ ਪੂਜਾ ਪਾਠ 'ਚ ਯਕੀਨ ਨਹੀਂ ਰਖਦੀ। ਲੋਕਾਂ ਨੇ ਮਜ਼੍ਹਬ ਨੂੰ ਕੰਧ 'ਚ ਠੋਕੀ ਇਕ ਕਿੱਲੀ ਬਣਾ ਦਿੱਤਾ ਹੈ, ਜਿਸ 'ਤੇ ਲਟਕਦੇ ਰਹੋ। ਖ਼ੁਦ ਇਨਸਾਨ ਅਤੇ ਕੁਦਰਤ ਤੋਂ ਜ਼ਿਆਦਾ ਮਹਾਨ ਮੈਨੂੰ ਕੁਝ ਵੀ ਨਹੀਂ ਦਿੱਸਦਾ। ਮੈਂ ਇਨਸਾਨੀਅਤ ਦੀ ਸ਼ਾਗਿਰਦ ਰਹਿਣਾ ਚਾਹੁੰਦੀ ਹਾਂ।

? ਸਫ਼ਦਰ ਹਾਸ਼ਮੀ ਦੇ ਕਾਤਲ, ਖੁੱਲ੍ਹੇਆਮ ਘੁੰਮ ਰਹੇ ਹਨ। ਪੰਜਾਬ ਦੇ ਕਾਲੇ ਦੌਰ ਦੌਰਾਨ ਨੌਜਵਾਨ ਜਨਵਾਦੀ ਰੰਗਕਰਮੀ ਸੁਖਦੇਵ ਪ੍ਰੀਤ ਤੇ ਉਸ ਦੀ ਪਤਨੀ ਨੂੰ ਫਾਸ਼ੀਵਾਦੀ ਤੱਤਾਂ ਨੇ ਫਾਹੇ ਲਾ ਦਿੱਤਾ। ਬਨਾਰਸ ਵਿਚ ਪ੍ਰਸਿੱਧ ਉਰਦੂ ਕਵੀ ਨਜ਼ੀਰ ਬਨਾਰਸੀ, ਜਿਸ ਦੀ ਧਰਮ ਨਿਰਪੱਖਤਾ ਦੀ ਸਹੁੰ ਖਾਧੀ ਜਾ ਸਕਦੀ ਹੈ, ਦੇ ਪਰਿਵਾਰ 'ਤੇ ਫ਼ਿਰਕਾਪ੍ਰਸਤ ਪੁਲੀਸ ਨੇ ਭਿਆਨਕ ਜ਼ੁਲਮ ਢਾਹੇ। ਤੁਹਾਡੀ ਕੀ ਪ੍ਰਤੀਕਿਰਿਆ ਹੈ?

ਜ਼ੋਹਰਾ : ਇਹ ਸਭ ਸ਼ਰਮਨਾਕ ਹਰਕਤਾਂ ਜਾਰੀ ਹਨ। ਇਹ ਜਾਣ ਕੇ ਕਲੇਜਾ ਮੂੰਹ ਨੂੰ ਆਉਣ ਲੱਗਦਾ ਹੈ, ਜੇ ਇਸ ਨੂੰ ਨਾ ਰੋਕਿਆ ਗਿਆ ਤਾਂ ਮੁਲਕ ਵਿਚ ਕੁਝ ਵੀ ਨਹੀਂ ਬਚੇਗਾ। ਕਲਾਕਾਰਾਂ ਨੂੰ, ਸਾਹਿਤਕਾਰਾਂ ਨੂੰ ਆਪਣੇ ਚਿੱਤਰ, ਨਾਟਕ, ਗੀਤ-ਕਵਿਤਾਵਾਂ ਅਤੇ ਕਿਤਾਬਾਂ ਲੈ ਕੇ ਸੜਕਾਂ 'ਤੇ ਨਿਕਲ ਆਉਣਾ ਚਾਹੀਦਾ ਹੈ। ਮੈਂ ਇਸ ਜ਼ਿੰਮੇਵਾਰੀ ਲਈ ਹਰ ਵਕਤ ਤਿਆਰ ਹਾਂ।

? ਜੋ ਨੌਜਵਾਨ ਰੰਗਕਰਮ ਦੀ ਦੁਨੀਆ ਵਿਚ ਆ ਰਹੇ ਹਨ, ਉਨ੍ਹਾਂ ਲਈ ਤੁਹਾਡਾ ਕੀ ਪੈਗਾਮ ਹੈ?

ਜ਼ੋਹਰਾ : ਮੈਂ ਤਾਂ ਕਹਿੰਦੀ ਹਾਂ ਬੱਚਿਓ ਜੀਓ ਤੇ ਅੱਗੇ ਵਧੋ। ਅਥਰਵੇਦ ਵਿਚ ਇਕ ਥਾਂ ਆਇਆ ਹੈ ਕਿ ਮਾਂ ਕਮਾਨ ਦੀ ਲਕੜੀ ਹੁੰਦੀ ਹੈ, ਬਾਪ ਇਸ ਦੀ ਡੋਰ ਹੁੰਦਾ ਹੈ ਤੇ ਬੱਚਾ ਇਸ ਕਮਾਨ ਦਾ ਤੀਰ ਹੁੰਦਾ ਹੈ। ਬੱਚੇ ਤੀਰ ਹਨ, ਇਹ ਛੁੱਟਣਗੇ ਆਪਣੇ ਨਿਸ਼ਾਨੇ 'ਤੇ ਪਹੁੰਚਣਗੇ ਇਹ ਮੇਰਾ ਪੱਕਾ ਯਕੀਨ ਹੈ।

## ਉਜ਼ਰਾ ਬੱਟ, ਅਦਾਕਾਰੀ ਤੇ ਪ੍ਰਿਥਵੀ ਥੀਏਟਰ

ਸ਼ਾਲਨੀ ਜੋਸ਼ੀ

ਪਾਕਿਸਤਾਨ ਦੀ ਮਸ਼ਹੂਰ ਰੰਗਕਰਮੀ ਅਤੇ ਜ਼ੋਹਰਾ ਸਹਿਗਲ ਦੀ ਭੈਣ ਉਜ਼ਰਾ ਬੱਟ ਨੇ ਆਪਣੇ ਰੰਗ ਕਰਮ ਜੀਵਨ ਦਾ ਅਹਿਮ ਹਿੱਸਾ ਪ੍ਰਿਥਵੀ ਥੀਏਟਰ ਵਿਚ ਹੀ ਗੁਜ਼ਾਰਿਆ। ਪ੍ਰਿਥਵੀ ਰਾਜ ਕਪੂਰ ਦੀ ਸ਼ਾਗਿਰਦੀ ਵਿਚ ਉਨ੍ਹਾਂ ਨੇ ਰੰਗਮੰਚ ਅਤੇ ਅਦਾਕਾਰੀ ਦੀਆਂ ਬਾਰੀਕੀਆਂ ਸਿੱਖੀਆਂ।

96 ਸਾਲ ਦੀ ਉਜ਼ਰਾ ਬੱਟ ਬੜੀ ਸ਼ਿੱਦਦ ਨਾਲ ਪ੍ਰਿਥਵੀ ਰਾਜ ਕਪੂਰ ਨੂੰ ਯਾਦ ਕਰਦਿਆਂ ਕਹਿੰਦੇ ਹਨ, ''ਪ੍ਰਿਥਵੀ ਰਾਜ ਸਾਹਿਬ ਦਾ ਸੰਵਾਦ ਅਦਾਇਗੀ ਦਾ ਤਰੀਕਾ ਬੜਾ ਖਾਸ ਸੀ। ਉਨ੍ਹਾਂ ਦਾ ਜ਼ੋਰ ਵੀ ਇਹਦੇ 'ਤੇ ਹੀ ਰਹਿੰਦਾ ਸੀ। ਉਹ ਆਪਣੇ ਹਰ ਅਦਾਕਾਰ ਤੋਂ ਇਹ ਉਮੀਦ ਰਖਦੇ ਸਨ ਕਿ ਸੰਵਾਦ ਇਵੇਂ ਬੋਲੋ ਕਿ ਉਹ ਖੁਦ-ਬ-ਖੁਦ ਰੋਲ ਦੀ ਸ਼ਕਲ ਅਖ਼ਤਿਆਰ ਕਰ ਲੈਣ।'' ਉਜ਼ਰਾ ਦੱਸਦੇ ਹਨ, ''ਪ੍ਰਿਥਵੀ ਰਾਜ ਕਹਿੰਦੇ ਸਨ ਕਿ ਜਦੋਂ ਤੁਹਾਨੂੰ ਕੋਈ ਰੋਲ ਮਿਲੇ ਤਾਂ ਪਹਿਲਾਂ ਉਸ ਨੂੰ ਚੱਬੋ, ਚੱਬ ਕੇ ਨਿਗਲ ਜਾਓ ਤੇ ਨਿਗਲ ਕੇ ਭੁੱਲ ਜਾਵੋ।'' ਉਜ਼ਰਾ ਮੁਤਾਬਕ ਪ੍ਰਿਥਵੀ ਰਾਜ ਕਪੂਰ ਦੇ ਕਹਿਣ ਦਾ ਅਰਥ ਇਹ ਸੀ ਕਿ ਤੁਹਾਡੇ ਅਵਚੇਤਨ ਵਿਚ ਜਿਹੜਾ ਰੋਲ ਦਰਜ ਹੋ ਜਾਂਦਾ ਹੈ, ਉਹੀ ਤੁਹਾਨੂੰ ਅਸਲ ਵਿਚ ਬੇਹਤਰ ਅਦਾਕਾਰ ਬਣਾਉਣ ਵਿਚ ਮਦਦ ਕਰਦਾ ਹੈ। ਪ੍ਰਿਥਵੀ ਥੀਏਟਰ ਬਿਤਾਏ ਦਿਨ ਉਹ ਦੌਰ ਅਤੇ ਉਸ ਦੌਰਾਨ ਹਾਸਲ ਕੀਤੇ ਗਏ ਅਨੁਭਵ ਨੂੰ ਯਾਦ ਕਰਦੀ ਹੋਈ ਉਜ਼ਰਾ ਕਾਫ਼ੀ ਭਾਵੁਕ ਹੋ ਜਾਂਦੀ ਹੈ। ਉਹ ਕਹਿੰਦੇ ਹਨ, ''ਪ੍ਰਿਥਵੀ ਥੀਏਟਰ ਦੀ ਤਾਲੀਮ ਨਾਲ ਹੀ ਮੈਂ ਇਸ ਗੱਲ ਨੂੰ ਸਮਝ ਸਕੀ ਕਿ ਲੇਖਕ ਤਾਂ ਸੱਤਰਾਂ ਲਿਖ ਦਿੰਦਾ ਹੈ। ਆਪਣੀ ਸਮਝ ਨਾਲ ਭੂਮਿਕਾ ਤੁਹਾਨੂੰ ਦਿੰਦਾ ਹੈ। ਤੁਸੀਂ ਉਸ ਨੂੰ ਕਿਸ ਤਰ੍ਹਾਂ ਜਜ਼ਬ ਕਰ ਰਹੇ ਹੋ। ਕਿਸ ਤਰ੍ਹਾਂ ਉਸ ਨੂੰ ਮਹਿਸੂਸ ਕਰ ਰਹੇ ਹੋ ਅਤੇ ਕਿਨ੍ਹਾਂ ਭਾਵਾਂ ਨਾਲ ਉਸ ਨੂੰ ਜ਼ਾਹਰ ਕਰਦੇ ਹੋ, ਇਸੇ ਨਾਲ ਗੱਲ ਬਣਦੀ ਹੈ।''



### ਪ੍ਰਿਥਵੀ ਦੀ ਪਰਖ

ਸਾਲ 1917 ਵਿਚ ਦੇਹਰਾਦੂਨ ਵਿਚ ਜੰਮੀ ਉਜ਼ਰਾ ਬੱਟ ਨੇ 1930 ਦੇ ਦਹਾਕੇ ਵਿਚ ਰੰਗਮੰਚ ਦੀ ਦੁਨੀਆ 'ਚ ਕਦਮ ਰੱਖਿਆ ਤੇ ਅੱਜ ਵੀ ਸਰਗਰਮ ਹਨ। ਸ਼ੁਰੂ ਵਿਚ ਨ੍ਰਿਤ ਗੁਰੂ ਉਦੇ ਸ਼ੰਕਰ ਦੀ ਸੰਗਤ ਵਿਚ ਰਹਿਣ ਤੋਂ ਬਾਅਦ ਸਾਲ 1941 ਵਿਚ ਉਹ ਪ੍ਰਿਥਵੀ ਰਾਜ ਕਪੂਰ ਦੇ ਸੰਪਰਕ ਵਿਚ ਆਈ ਤੇ ਫਿਰ ਦੋ ਦਹਾਕੇ ਤਕ ਪ੍ਰਿਥਵੀ ਥੀਏਟਰ ਨਾਲ ਹੀ ਜੁੜੀ ਰਹੀ। ਉਜ਼ਰਾ ਬੱਟ ਦੇ ਪ੍ਰਿਥਵੀ ਰਾਜ ਕਪੂਰ ਤਕ ਪਹੁੰਚਣ ਦਾ ਕਿੱਸਾ ਵੀ ਬੜਾ ਦਿਲਚਸਪ ਹੈ। ਉਹ ਦਸਦੇ ਹਨ, ''ਸਾਲ 1943 ਵਿਚ ਮੁੰਬਈ 'ਚ ਖ਼ੁਆਜ਼ਾ ਅਹਿਮਦ ਅੱਬਾਸ ਨੇ ਆਪਣੇ ਨਾਟਕ ਜ਼ੁਬੈਦਾ ਵਿਚ ਉਨ੍ਹਾਂ ਨੂੰ ਮੁੱਖ ਭੂਮਿਕਾ ਕਰਨ ਨੂੰ ਦਿੱਤੀ। ਨਾਟਕ ਬੜਾ ਚੱਲਿਆ ਤੇ ਸਭ ਦੀ ਜ਼ੁਬਾਨ 'ਤੇ ਆ ਗਿਆ। ਪ੍ਰਿਥਵੀ ਰਾਜ ਕਪੂਰ ਵੀ ਇਹ ਨਾਟਕ ਦੇਖਣ ਗਏ ਸਨ। ਜ਼ੁਬੈਦਾ ਦਾ ਕਿਰਦਾਰ ਤਾਂ ਉਨ੍ਹਾਂ ਨੂੰ ਪਸੰਦ ਆਇਆ ਹੀ, ਉਸ ਕਿਰਦਾਰ ਨੂੰ ਨਿਭਾਉਣ ਵਾਲੀ ਉਜ਼ਰਾ ਦਾ ਅਦਾਕਾਰੀ ਕੌਸ਼ਲ ਵੀ ਉਨ੍ਹਾਂ ਖ਼ਾਸਾ ਪ੍ਰਭਾਵਤ ਕਰ ਗਿਆ। ਫਿਰ ਕੀ ਸੀ ਪ੍ਰਿਥਵੀ ਰਾਜ ਨੇ ਉਜ਼ਰਾ ਨੂੰ ਬੁਲਾਵਾ ਭੇਜਿਆ ਅਤੇ ਆਪਣੇ ਨਾਟਕਾਂ ਵਿਚ ਕੰਮ ਕਰਨ ਦੀ ਪੇਸ਼ਕਸ਼ ਦਿੱਤੀ।

ਉਜ਼ਰਾ ਦੱਸਦੇ ਹਨ ਕਿ ਉਨ੍ਹਾਂ ਲਈ ਇਹ ਪਹਿਲੀ ਵੱਡੀ ਛਾਲ ਸੀ। ਪ੍ਰਿਥਵੀ ਥੀਏਟਰ ਦੀ ਇਹ ਮਿਹਨਤਕਸ਼ ਅਤੇ ਗੰਭੀਰ ਨੌਜਵਾਨ ਅਦਾਕਾਰਾ ਦੇਖਦੇ ਹੀ ਦੇਖਦੇ ਸਰਹੱਦ ਦੀਆਂ ਦੀਵਾਰਾਂ ਮਿਟਾਉਂਦੀ ਹੋਈ ਐਨੀ ਮਸ਼ਹੂਰ ਹੋ ਗਈ ਕਿ ਵਕਤ ਦੇ ਨਾਲ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਰੰਗ ਕਰਮੀ ਭੈਣ ਜ਼ੋਹਰਾ ਸਹਿਗਲ ਨੂੰ ਦੱਖਣ ਏਸ਼ੀਆ ਦੀ ਗ੍ਰਾਂਡ ਓਲਡ ਲੇਡੀਜ਼ ਕਹਿ ਕੇ ਸੱਦਿਆ ਜਾਣ ਲੱਗਾ। ਉਜ਼ਰਾ ਦੱਸਦੇ ਹਨ, ''ਪ੍ਰਿਥਵੀ ਰਾਜ ਕਪੂਰ ਦੇ ਨਾਲ ਮੈਂ ਕਾਫ਼ੀ ਸਮਾਂ ਰਹੀ। ਉਨ੍ਹਾਂ ਨਾਲ 'ਆਹੂਤੀ', 'ਸ਼ੰਕੁਤਲਾ' ਅਤੇ 'ਕਲਾਕਾਰ' ਵਰਗੇ ਕਈ ਨਾਟਕ ਕੀਤੇ ਜੋ ਕਾਫ਼ੀ ਪਸੰਦ ਕੀਤੇ ਗਏ। ਰੰਗਮੰਚ ਵਿਚ ਕਾਮਯਾਬ ਪਾਰੀ ਤੋਂ ਬਾਅਦ ਉਜ਼ਰਾ ਸਾਲ 1958 ਵਿਚ ਆਪਣੇ ਪਤੀ ਹਾਮਿਦ ਬੱਟ ਨਾਲ ਪਾਕਿਸਤਾਨ ਚਲੀ ਗਈ ਅਤੇ ਉਨ੍ਹਾਂ ਨੇ ਪਾਕਿਸਤਾਨ ਵਿਚ ਰੰਗਕਰਮ ਦਾ ਨਵਾਂ ਰਸਤਾ ਖੋਲ੍ਹਿਆ।

ਤੀਸਰੀ ਮੁਲਾਕਾਤ : ਰਾਮ ਕਿਸ਼ੋਰ ਪਾਰਚਾ

# ਹੁਣ ਰਚਨਾਤਮਕਤਾ 'ਤੇ ਤਕਨੀਕ ਹਾਵੀ ਹੈ : ਜ਼ੋਹਰਾ ਸਹਿਗਲ

? 'ਚੀਨੀ ਕਮ' ਅਤੇ 'ਸਾਂਵਰੀਆ' ਤੋਂ ਬਾਅਦ ਤੁਸੀਂ ਫ਼ਿਲਮਾਂ ਕਿਉਂ ਨਹੀਂ ਕੀਤੀਆਂ?

ਜ਼ਹਰਾ : ਜਦੋਂ ਤਕ ਮੈਨੂੰ ਕਹਾਣੀ ਪਸੰਦ ਨਹੀਂ ਆਉਂਦੀ ਅਤੇ ਆਪਣੇ ਪਾਤਰ ਤੇ ਚਰਿੱਤਰ ਨਾਲ ਇਕਮਿਕ ਨਹੀਂ ਹੋ ਜਾਂਦੀ ਉਦੋਂ ਤਕ ਮੈਂ ਕੰਮ ਨਹੀਂ ਕਰਦੀ। ਇਉਂ ਵੀ ਹੋਇਐ ਕਿ ਜਦੋਂ ਮੈਨੂੰ ਕਹਾਣੀ ਤਾਂ ਪਸੰਦ ਆਈ ਪਰ ਮੇਰੇ ਲਈ ਜਿਹੜਾ ਕਰੈਕਟਰ ਲਿਖਿਆ ਗਿਆ, ਉਸ ਵਿਚ ਜਾਨ ਨਹੀਂ ਸੀ ਤਾਂ ਮੈਂ ਕਈ ਵਾਰ ਉਸ ਨੂੰ ਠੀਕ ਕਰਵਾ ਕੇ ਫ਼ਿਲਮ ਵਿਚ ਕੰਮ ਕੀਤਾ। 'ਚੀਨੀ ਕਮ' ਵੇਲੇ ਮੈਂ ਇੰਜ ਹੀ ਕੀਤਾ ਸੀ। ਅਮਿਤਾਭ ਬਚਨ ਦੀ ਮਾਂ ਬਣਨਾ ਕੋਈ ਸੌਖਾ ਕੰਮ ਨਹੀਂ ਸੀ।

? ਤੁਸੀਂ ਹਾਲੇ ਤਕ ਫ਼ਿਲਮਾਂ ਵਿਚ ਮਾਂ ਜਾਂ ਦਾਦੀ ਦੀਆਂ ਜਿੰਨੀਆਂ ਵੀ ਭੂਮਿਕਾਵਾਂ ਨਿਭਾਈਆਂ ਹਨ, ਉਨ੍ਹਾਂ ਵਿਚ ਅਜਿਹਾ ਹੁੰਦਾ ਸੀ ਕਿ ਤੁਸੀਂ ਆਪਣੇ ਬੱਚਿਆਂ ਨੂੰ ਅੰਤ ਵਿਚ ਆਪਣੇ ਵਾਂਗ ਜੀਣ ਦੀ ਆਜ਼ਾਦੀ ਦਿੰਦੇ ਹੋ?

ਜ਼ੋਹਰਾ : ਇਹ ਸਾਰੀਆਂ ਭੂਮਿਕਾਵਾਂ ਮੇਰੇ ਜੀਵਨ ਦੇ ਸੱਚ ਨਾਲ ਜੁੜੀਆਂ ਰਹੀਆਂ ਹਨ। ਮੈਂ ਰੋਹੀਲਾ ਪਠਾਣ ਪਰਿਵਾਰ ਵਿਚ ਪੈਦਾ ਹੋਈ। ਮੈਨੂੰ ਮੇਰੇ ਸੁਪਨੇ ਵਾਂਗ ਜੀਣ ਦੀ ਆਜ਼ਾਦੀ ਨਹੀਂ ਸੀ। ਮੇਰੇ ਪਰਿਵਾਰ ਵਿਚ ਬੁਰਕਾ ਅਤੇ ਪੰਜ ਵਕਤ ਦੀ ਨਮਾਜ਼ ਜ਼ਰੂਰੀ ਸੀ। ਮੈਂ ਉਡਣਾ ਚਾਹੁੰਦੀ ਸੀ, ਗਾਉਣਾ ਤੇ ਨੱਚਣਾ ਚਾਹੁੰਦੀ ਸੀ। ਇਸ ਲਈ ਮੇਰੀਆਂ ਫ਼ਿਲਮਾਂ ਦੀਆਂ ਭੂਮਿਕਾਵਾਂ ਇਨ੍ਹਾਂ ਘਟਨਾਵਾਂ ਨਾਲ ਮੇਲ ਖਾਣ ਵਾਲੀਆਂ ਰਹੀਆਂ, ਜਿਥੇ ਨਾਇਕ ਜਾਂ ਨਾਇਕਾ ਨੂੰ ਆਜ਼ਾਦੀ ਨਾਲ ਜੀਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ।

? ਤੁਸੀਂ ਲਾਹੌਰ ਤੋਂ ਮੁੰਬਈ ਅਤੇ ਫਿਰ ਯੂਰਪ ਤੋਂ ਫਿਲਮਾਂ, ਟੀ.ਵੀ. ਅਤੇ ਰੰਗਮੰਚ ਦਾ ਲੰਮਾ ਸਫ਼ਰ ਤੈਅ ਕੀਤਾ ਹੈ। ਇਨ੍ਹਾਂ 70 ਸਾਲਾਂ ਦੇ ਸਫ਼ਰ ਵਿਚ ਹੁਣ ਤੁਹਾਡੇ ਲਈ ਕੀ ਬਦਲ ਗਿਆ ਹੈ?

ਜ਼ੋਹਰਾ : ਸਭ ਕੁਝ। ਮੈਂ ਸ਼ੁਰੂ 'ਚ ਅਦਾਕਾਰੀ ਬਾਰੇ ਸੋਚਿਆ ਨਹੀਂ ਸੀ। ਮੈਂ ਸਿਰਫ਼ ਕੋਰੀਓਗਰਾਫ਼ਰ ਬਣਨਾ ਚਾਹੁੰਦੀ ਸੀ ਅਤੇ ਚੇਤਨ ਆਨੰਦ ਨਾਲ ਫ਼ਿਲਮ 'ਨੀਚਾ ਨਗਰ' ਵਿਚ ਜਦੋਂ ਮੌਕਾ ਮਿਲਿਆ ਤਾਂ ਤੁਰੰਤ ਸਾਂਭ ਲਿਆ। ਇਹ ਮੇਰੀ ਪਹਿਲੀ ਫ਼ਿਲਮ ਸੀ ਅਤੇ ਭਾਰਤ ਦੀ ਅਜਿਹੀ ਫ਼ਿਲਮ ਵੀ, ਜਿਸ ਨੇ ਕਾਨ ਵਿਚ ਪਹਿਲੀ ਵਾਰ ਭਾਰਤ ਨੂੰ ਗੋਲਡਨ ਪਾਮ ਦੁਆਇਆ। ਇਸ ਤੋਂ ਬਾਅਦ ਅਜਿਹਾ ਮੌਕਾ ਨਹੀਂ ਆਇਆ। ਫਿਰ 'ਬਾਜ਼ੀ', 'ਸੀ.ਆਈ.ਡੀ.' ਅਤੇ 'ਅਵਾਰਾ' ਫ਼ਿਲਮਾਂ ਸਨ, ਜਿਨ੍ਹਾਂ ਤੋਂ ਮੇਰੀ ਅਦਾਕਾਰੀ ਵੀ ਸ਼ੁਰੂ ਹੋ ਗਈ। ਮੁਲਕ ਦੀ ਵੰਡ ਤੋਂ ਬਾਅਦ ਅਸੀਂ ਬੱਚਿਆਂ ਸਣੇ ਮੁੰਬਈ ਆ ਗਏ। ਮੈਂ ਪ੍ਰਿਥਵੀ ਥੀਏਟਰ ਨਾਲ ਇਪਟਾ ਦੇ ਨਾਟਕਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ। ਸ਼ੰਕੁਤਲਾ ਪਠਾਨ, ਦੀਵਾਰ ਅਤੇ ਗੱਦਾਰ ਕਰਨਾ ਮੇਰੇ ਲਈ ਬਿਲਕੁਲ ਨਵੇਂ ਅਨੁਭਵ ਸਨ।

? ਉਨ੍ਹਾਂ ਦਿਨਾਂ ਦਾ ਕੋਈ ਅਜਿਹਾ ਕੰਮ ਜੋ ਤੁਸੀਂ ਕਦੇ ਭੁਲਾ ਨਾ ਪਾਏ ਹੋਵੋ?
ਜ਼ੋਹਰਾ : ਮੈਂ ਰਾਜ ਕਪੂਰ ਦੀ ਫ਼ਿਲਮ 'ਅਵਾਰਾ' ਦਾ ਡਰੀਮਜ਼ ਸੀਕਵਨਸ ਕੋਰੀਓਗਰਾਫ਼ ਕੀਤਾ ਸੀ, ਉਸ ਤੋਂ ਬਾਅਦ ਅਜਿਹਾ ਕੰਮ ਦੁਬਾਰਾ ਨਹੀਂ ਦੇਖਿਆ ਗਿਆ। ਸਭ ਕੁਝ ਅਸੀਂ ਆਪਣੇ ਹੱਥੀਂ ਕੀਤਾ। ਹੁਣ ਰਚਨਾਤਮਕਾ 'ਤੇ ਤਕਨੀਕ ਹਾਵੀ ਹੈ। ਇਸ ਲਈ ਲੋਕ ਮਨੋ ਲੋਕਾਂ ਨਾਲ ਜੁੜ ਨਹੀਂ ਪਾਉਂਦੇ।

ਲੰਡਨ ਤੋਂ ਆ ਕੇ ਇਕ ਵਾਰ ਮੈਂ ਫ਼ਿਰੋਜ਼ਪੁਰ ਜੇਲ੍ਹ ਵਿਚ ਨਾਟਕ ਕਰਨ ਗਈ ਸੀ। ਨਾਟਕ ਤੋਂ ਬਾਅਦ ਲੋਕਾਂ ਨੇ ਮੈਨੂੰ ਧਮਕਾਇਆ ਅਤੇ ਕਿਹਾ ਕਿ ਮੈਂ ਦੁਬਾਰਾ ਇਥੇ ਆ ਕੇ ਨਾਟਕ ਨਾ ਕਰਾਂ। ਉਸ ਤੋਂ ਬਾਅਦ ਕਈ ਸਾਲ ਪਹਿਲਾਂ 'ਹਾਉਸ ਆਫ਼ ਬਰਨਾਡ' ਕੀਤਾ ਫਿਰ ਮਨ ਨਹੀਂ ਕੀਤਾ।

? ਤੁਸੀਂ ਵਿਚ-ਵਿਚ ਕਿਥੇ ਗ਼ਾਇਬ ਹੋ ਜਾਂਦੇ ਹੋ?
ਜ਼ੋਹਰਾ : ਗ਼ਾਇਬ ਨਹੀਂ ਹੁੰਦੀ, ਜ਼ਿੰਦਗੀ ਦਾ ਕੁਝ ਪਤਾ ਨਹੀਂ, ਕਦੋਂ ਕੀ ਹੋ ਜਾਵੇ। ਹਰ ਵਾਰ ਕੁਝ ਨਾ ਕੁਝ ਅਜਿਹਾ ਹੁੰਦਾ ਰਿਹਾ, ਜਿਸ ਕਰ ਕੇ ਮੈਂ ਲਗਾਤਾਰ ਕੰਮ ਨਹੀਂ ਕਰ ਸਕੀ। 60 ਦੇ ਦਹਾਕੇ ਵਿਚ ਭਾਰਤ ਆਈ ਤਾਂ ਉਦੇ ਸ਼ੰਕਰ ਦੇ ਸਕੂਲ ਵਿਚ ਅਲਮੋੜਾ ਪੜ੍ਹਾਉਣ ਚਲੀ ਗਈ। ਫਿਰ ਮੇਰੇ ਪਤੀ ਕਾਮੇਸ਼ਵਰ ਸਹਿਗਲ ਨਹੀਂ ਰਹੀ ਤਾਂ ਲੰਡਨ ਵਾਪਸ ਜਾ ਕੇ ਬੱਚਿਆਂ ਨੂੰ ਪੜ੍ਹਾਉਣਾ ਅਤੇ ਵੱਡੇ ਕਰਨਾ ਸੀ। ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰਾਂ। ਇਸ ਲਈ ਇਕ ਬਾਰਬਰ ਸ਼ਾਪ ਵਿਚ ਲੋਕਾਂ ਦੇ ਵਾਲ ਕੱਟਣ ਲੱਗੀ। ਉਨੀਂ ਦਿਨੀਂ ਬੀ.ਬੀ.ਸੀ. 'ਤੇ ਰੁਡਯਾਰਡ ਕਪਿਲਿੰਗ ਦੀ ਇਕ ਲੜੀ ਵਿਚ ਕੰਮ ਮਿਲ ਗਿਆ। ਕੰਮ ਸ਼ੁਰੂ ਹੋ ਗਿਆ ਪਰ ਸਹੀ ਮਾਅਨਿਆਂ ਵਿਚ ਮੇਰੀ ਵਾਪਸੀ ਜੇਮਸ ਆਈਬਰੀ ਨਾਲ ਹੋਈ। ਇਕ ਤਰ੍ਹਾਂ ਨਾਲ ਇਹ ਮੇਰੇ ਕਰੀਅਰ ਦੀ ਦੂਜੀ ਸ਼ੁਰੂਆਤ ਸੀ।

? ਉਸ ਵੇਲੇ ਕਿਹੜੀਆਂ ਫ਼ਿਲਮਾਂ ਤੇ ਟੀ.ਵੀ. ਸ਼ੋਅ ਕੀਤੇ ਤੁਸੀਂ?
ਜ਼ੋਹਰਾ : ਜਵੇਲ ਇੰਨ ਦਾ ਕਰਾਊਨ, ਤੰਦੂਰੀ ਨਾਈਟਸ ਮੇਰੇ ਸਭ ਤੋਂ ਜ਼ਿਆਦਾ ਲੋਕਪ੍ਰਿਅ ਸ਼ੋਅ ਸਨ। ਮਾਈਂਡ ਯੂਅਰ ਲੈਂਗੂਏਜ਼ ਅਤੇ ਪਾਰਟੀਸ਼ਨ ਵੀ ਕੀਤਾ। ਪਰ ਸਾਰਿਆਂ ਦੇ ਨਾਂਅ ਦੱਸਦਾਂਗੀ ਤਾਂ ਤੁਹਾਡੀ ਇੰਟਰਵਿਊ ਬਹੁਤ ਵੱਡੀ ਹੋ ਜਾਵੇਗੀ (ਹਾ ਹਾ ਹਾ) ਪਰ ਮੈਨੂੰ ਸਭ ਯਾਦ ਹਨ। ਹਾਂ, ਅੰਮਾ ਐਂਡ ਫ਼ੈਮਲੀ ਕਰਦਿਆਂ ਵੀ ਬੜਾ ਮਜ਼ਾ ਆਇਆ।

? ਤੁਸੀਂ ਜ਼ਿਆਦਾਤਰ ਕੰਮ ਅੰਗਰੇਜ਼ੀ ਵਿਚ ਹੀ ਕਿਉਂ ਕੀਤਾ?
ਜ਼ੋਹਰਾ : ਮੇਰੇ ਲਈ ਭਾਸ਼ਾ ਸਦਾ ਸਮੱਸਿਆ ਰਹੀ ਹੈ। ਅੰਗਰੇਜ਼ੀ ਵਿਚ ਕੋਈ ਦਿੱਕਤ ਨਹੀਂ ਸੀ ਪਰ ਹਿੰਦੀ ਵਿਚ ਕੰਮ ਕਰਨ ਲਈ ਮੈਨੂੰ ਕਹਾਣੀ ਅਤੇ ਸੰਵਾਦਾਂ ਨੂੰ ਉਰਦੂ ਜਾਂ ਰੋਮਨ ਵਿਚ ਲਿਖਵਾਉਣਾ ਪੈਂਦਾ ਹੈ। ਉਰਦੂ ਮੇਰੀ ਭਾਸ਼ਾ ਹੈ ਪਰ ਰੋਮਨ ਵਿਚ ਕੰਮ ਕਰਨਾ ਮੈਨੂੰ ਰੋਮਾਂਚਿਕ ਨਹੀਂ ਕਰਦਾ। ਮੈਂ ਉਨ੍ਹਾਂ ਲੋਕਾਂ ਦੀ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਮੇਰੇ ਤੋਂ 'ਦਿਲ ਸੇ', 'ਹਮ ਦਿਲ ਦੇ ਚੁੱਕੇ ਸਨਮ', 'ਦਿਲਲਗੀ', 'ਤੇਰਾ ਜਾਦੂ ਚਲ ਗਿਆ', 'ਚੀਨੀ ਕਮ' ਅਤੇ 'ਸਾਂਵਰੀਆ' ਫ਼ਿਲਮਾਂ ਵਿਚ ਇਹਦੇ ਬਾਵਜੂਦ ਕੰਮ ਕਰਵਾਇਆ।

? ਅਜਿਹੇ ਕਿਹੜੇ ਲੋਕ ਅਤੇ ਲਮਹੇ ਹਨ, ਜਿਨ੍ਹਾਂ ਨੂੰ ਤੁਸੀਂ ਸਦਾ ਯਾਦ ਕਰਦੇ ਹੋ?
ਜ਼ੋਹਰਾ : ਚੇਤਨ ਆਨੰਦ ਅਤੇ ਰਾਜ ਕਪੂਰ ਨੂੰ ਮੈਂ ਕਦੇ ਨਹੀਂ ਭੁਲਾ ਸਕੀ। ਕੁਝ ਸਾਲ ਪਹਿਲਾਂ ਜਦੋਂ ਗੋਬਿੰਦਾ ਨਾਲ ਫ਼ਿਲਮ 'ਚਲੋ ਇਸ਼ਕ ਲੜਾਏਂ' ਕੀਤੀ ਤਾਂ ਮੈਨੂੰ ਬੜਾ ਮਜ਼ਾ ਆਇਆ। ਉਸ 'ਚ ਮੈਂ ਹਰ ਪੰਜ ਮਿੰਟਾਂ 'ਚ ਗੋਬਿੰਦਾ ਨੂੰ ਜ਼ੋਰ ਨਾਲ ਇਕ ਥੱਪੜ ਮਾਰਨਾ ਸੀ, ਉਹ ਵਿਚਾਰਾ ਸ਼ਾਟ ਤੋਂ ਬਾਅਦ ਚੁੱਪ ਚਾਪ ਇਕ ਪਾਸੇ ਜਾ ਕੇ ਬੈਠ ਜਾਂਦਾ ਸੀ। ਇਹ ਮਸਾਲਾ ਫ਼ਿਲਮ ਸੀ ਤੇ ਇਹਦੇ ਵਿਚ ਮੈਨੂੰ ਮੋਟਰ ਸਾਈਕਲ ਚਲਾਉਣ ਦਾ ਵੀ ਮੌਕਾ ਮਿਲਿਆ।

? ਤੇ ਰੰਗ ਮੰਚ ਦੇ ਕਿਹੜੇ ਲੋਕ ਹਨ, ਜਿਹੜੇ ਸਦਾ ਹੀ ਤੁਹਾਡੇ ਚੇਤਿਆਂ 'ਚ ਰਹਿੰਦੇ ਹਨ।
ਜ਼ੋਹਰਾ : ਨਸ਼ੀਰੁਦੀਨਸ਼ਾਹ, ਸ਼ਬਾਨਾ ਆਜ਼ਮੀ ਅਤੇ ਨੰਦੀਤਾ ਦਾਸ ਮੈਨੂੰ ਬਹੁਤ ਪ੍ਰਭਾਵਤ ਕਰਦੇ ਹਨ। ਨੰਦੀਤਾ ਅਤੇ ਸ਼ਬਾਨਾ ਦਾ ਨਾਟਕ 'ਸਪ੍ਰਿਟ ਆਫ਼ ਐਨ ਫਰੈਕ' ਮੈਨੂੰ ਬੜਾ ਚੰਗਾ ਲੱਗਾ ਸੀ।

? ਤੁਸੀਂ ਉਮਰ ਦਾ ਸੈਂਕੜਾ ਮਾਰ ਲਿਆ ਹੈ। ਤੁਹਾਡੇ ਚਾਹੁਣ ਵਾਲੇ ਕਹਿੰਦੇ ਹਨ ਕਿ ਤੁਹਾਡੇ ਕੋਲ ਐਨੀ ਖ਼ੁਸ਼ਨੁਮਾ ਜ਼ਿੰਦਗੀ ਜਿਉਣ ਦਾ ਕੋਈ ਰਾਜ਼ ਹੈ।
ਜ਼ੋਹਰਾ : ਹਾਂ ਹਾਂ, ਹੈ ਨਾ! ਇਹੀ ਸਵਾਲ ਇਕ ਵਾਰ ਕਿਸੇ ਹੋਰ ਨੇ ਵੀ ਪੁੱਛਿਆ ਸੀ। ਉਸ ਦਿਨ ਟੌਮ ਅਲਟਰ ਮੇਰੇ ਨਾਲ ਸਨ। ਉਨ੍ਹਾਂ ਨੇ ਮਜ਼ਾਕ ਵਿਚ ਕਹਿ ਦਿੱਤਾ ਕਿ ਮੈਂ ਰੋਜ਼ ਇਕ ਜਿਉਂਦੀ ਕਿਰਲੀ ਖਾਂਦੀ ਹਾਂ। ਬਸ ਲੋਕ ਉਠ ਕੇ ਚਲੇ ਗਏ। ਪਰ ਅਸਲ ਗੱਲ ਇਹ ਹੈ ਕਿ ਮੈਂ ਸਖ਼ਤ ਨਿਯਮ ਵਾਲੀ ਇਨਸਾਨ ਹਾਂ। ਅੱਜ ਵੀ ਆਵਾਜ਼ ਠੀਕ ਰੱਖਣ ਲਈ ਰਿਆਜ਼ ਕਰਦੀ ਹਾਂ। ਮੈਂ ਹੁਣ ਨੱਚ ਤਾਂ ਨਹੀਂ ਸਕਦੀ ਪਰ ਆਪਣੀ ਬੇਟੀ ਕਿਰਨ ਸਹਿਗਲ ਨਾਲ ਅਦਾਕਾਰੀ ਦੇ ਵਿਸ਼ੇਸ਼ ਪ੍ਰਭਾਵਾਂ ਦਾ ਰੋਜ਼ ਅਭਿਆਸ ਕਰਦੀ ਹਾਂ। ਉਮਰ ਤੁਹਾਡੇ ਸਰੀਰ ਵਿਚ ਨਹੀਂ ਦਿਮਾਗ ਵਿਚ ਹੁੰਦੀ ਹੈ। ਖ਼ੁਸ਼ੀ ਬਾਹਰ ਨਹੀਂ ਤੁਹਾਡੇ ਅੰਦਰ ਹੁੰਦੀ ਹੈ। ਇਸ ਲਈ ਮੈਂ ਸਦਾ ਆਪਣੇ ਹੱਸਣ ਅਤੇ ਮੁਸਕਰਾਉਣ ਦਾ ਸਾਮਾਨ ਲੱਭ ਲੈਂਦੀ ਹਾਂ। ਜ਼ਿੰਦਗੀ ਦੀ ਇਹ ਖੇਡ ਮੈਨੂੰ ਚੰਗੀ ਲਗਦੀ ਹੈ।

? ਸੁਣਿਐ ਕਿ ਪਿਛਲੇ ਦਿਨੀਂ ਤੁਸੀਂ ਕ੍ਰਿਕਟ ਤਮਾਸ਼ਾ ਆਈ.ਪੀ.ਐਲ. ਦਾ ਵੀ ਬਹੁਤ ਆਨੰਦ ਮਾਣਿਆ?
ਜ਼ੋਹਰਾ : ਹਾਂ ਹਾਂ ਬਹੁਤ। ਮੈਨੂੰ ਹੁਣ ਸੁਣਦਾ ਤਾਂ ਨਹੀਂ ਪਰ ਦਿਖਾਈ ਪੂਰਾ ਦਿੰਦਾ ਹੈ। ਪਰ ਮੈਂ ਉਦੋਂ ਹੀ ਦੇਖਦੀ ਹਾਂ, ਜਦੋਂ ਸਚਿਨ ਖੇਡਦਾ ਹੈ, ਉਹ ਮੇਰਾ ਪਸੰਦੀਦਾ ਖਿਡਾਰੀ ਹੈ।

ਨਦਬ ਵਿਸ਼ੇਸ਼

## 'ਸ਼ਹੀਦ' ਤੋਂ ਨਵੀਂ ਸਵੇਰ

ਫ਼ਿਲਮ 'ਸ਼ਹੀਦ' ਵਿਚ ਨਿਭਾਏ ਆਪਣੇ ਕੇਹਰ ਸਿੰਘ ਦੇ ਕਿਰਦਾਰ ਵਿਚ ਖਲਨਾਇਕ ਦੇ ਤੌਰ 'ਤੇ ਆਪਣੇ ਪਿਤਾ ਦੀ ਅਦਾਕਾਰੀ ਦੇਖ ਕੇ ਮੈਨੂੰ ਬੜਾ ਮਜ਼ਾ ਆਉਂਦਾ ਸੀ ਪਰ ਜਦੋਂ ਉਨ੍ਹਾਂ ਨੂੰ ਇਕ ਪੱਥਰ ਦਿਲ ਅਪਰਾਧੀ ਦੀ ਇਸ ਭੂਮਿਕਾ ਵਿਚ ਦੇਖਿਆ, ਤਾਂ ਮੈਂ ਸਮਝ ਗਿਆ ਕਿ ਹੁਣ ਉਨ੍ਹਾਂ ਦੇ ਕਰੀਅਰ 'ਚ ਬਦਲਾਅ ਸ਼ੁਰੂ ਹੋ ਗਿਆ ਹੈ।

ਸੁਨੀਲ ਸਿਕੰਦ (ਪ੍ਰਾਣ ਦਾ ਬੇਟਾ)





ਸ਼ੁਰੂ ਵਿਚ ਨਿਰਦੇਸ਼ਕ ਮੈਨੂੰ ਜਿਸ ਤਰ੍ਹਾਂ ਆਪਣੇ ਡਾਇਲਾਗ ਬੋਲਣ ਲਈ ਕਹਿੰਦੇ, ਮੈਂ ਉਸੇ ਤਰ੍ਹਾਂ ਬੋਲਦਾ। ਮੈਂ ਕੇਵਲ ਦਿੱਤੇ ਗਏ ਨਿਰਦੇਸ਼ਾਂ ਦਾ ਸੁਭਾਵਿਕ ਤੌਰ 'ਤੇ ਪਾਲਣ ਕਰਦਾ। ਫ਼ਿਲਮ ਦੇ ਸ਼ੋਅ ਦੇਖ ਕੇ ਮੈਨੂੰ ਕਾਫ਼ੀ ਰਾਹਤ ਮਹਿਸੂਸ ਹੁੰਦੀ ਸੀ। ਉਸ ਤੋਂ ਪਹਿਲਾਂ ਮੈਨੂੰ ਇਕ ਤਰ੍ਹਾਂ ਦੀ ਬੇਚੈਨੀ ਰਹਿੰਦੀ ਸੀ ਪਰ ਮੈਂ ਉਸ ਨੂੰ ਕਿਸੇ ਕੋਲ ਜਾਹਰ ਨਹੀਂ ਸੀ ਹੋਣ ਦਿੰਦਾ। ਮੈਂ ਆਪਣੇ ਵਿਦਿਆਰਥੀ ਜੀਵਨ ਵਿਚ, ਮੰਚ 'ਤੇ ਵੀ ਨਾਟਕਾਂ ਵਿਚ ਹਿੱਸਾ ਨਹੀਂ ਲਿਆ ਸੀ, ਇਸ ਲਈ ਅਜਿਹਾ ਨਹੀਂ ਸੀ ਕਿ ਬਚਪਨ ਤੋਂ ਹੀ ਅਦਾਕਾਰੀ ਵੱਲ ਮੇਰਾ ਝੁਕਾਅ ਸੀ। ਮੇਰਾ ਅਨੁਮਾਨ ਹੈ ਕਿ ਮੇਰੇ ਕੰਮ ਨੂੰ ਦਰਸ਼ਕ ਪਸੰਦ ਕਰਦੇ ਸਨ ਕਿਉਂਕਿ ਮੈਂ ਅਦਾਕਾਰੀ ਨਹੀਂ ਕਰਦਾ ਸੀ, ਬਲਕਿ ਆਪਣੇ ਕਿਰਦਾਰ ਵਿਚ ਹੀ ਖੁੱਭ ਜਾਂਦਾ ਸੀ। - ਪ੍ਰਾਣ

# ਸਨਮਾਨ ਅਤੇ ਪ੍ਰਾਣ

ਲਾਹੌਰ ਦੀ ਹੀਰਾਮੰਡੀ ਵਿਚ ਇਕ ਪਾਨ ਦੀ ਦੁਕਾਨ 'ਤੇ ਕਿਸਮਤ ਨੇ ਪ੍ਰਾਣ ਤੋਂ ਪੁੱਛਿਆ ਸੀ, "ਸਿਨੇਮਾ ਵਿਚ ਕੰਮ ਕਰੇਂਗਾ?" ਪਾਨ ਚਬਾਉਂਦੇ ਹੋਏ ਪ੍ਰਾਣ ਨੇ ਕਿਹ ਸੀ, 'ਨਹੀਂ'। ਪਰ ਤਕਦੀਰ ਤਾਂ ਸਕ੍ਰਿਪਟ ਲਿਖ ਚੁੱਕੀ ਸੀ। ਕਿਸਮਤ ਪ੍ਰਾਣ ਦਾ ਪਿੱਛਾ ਕਰਦੀ ਰਹੀ ਅਤੇ ਫਿਰ ਇਕ ਦਿਨ ਉਹ ਇਕ ਪੰਜਾਬੀ ਫ਼ਿਲਮ 'ਯਮਲਾ ਜੱਟ' ਵਿਚ ਨਜ਼ਰ ਆਏ। ਲਾਹੌਰ ਤੋਂ ਮੁੰਬਈ ਤਕ ਦੇ ਸਫ਼ਰ ਵਿਚ ਪ੍ਰਾਣ ਨੇ ਸਫ਼ਲਤਾ ਦੀਆਂ ਐਨੀਆਂ ਪੌੜੀਆਂ ਚੜ੍ਹੀਆਂ ਕਿ ਲੋਕਾਂ ਨੇ ਉਨ੍ਹਾਂ ਨੂੰ ਪਲਕਾਂ 'ਤੇ ਬਿਠਾ ਲਿਆ। ਅੱਜ 93 ਸਾਲ ਦੀ ਉਮਰ ਵਿਚ ਉਨ੍ਹਾਂ ਲਈ ਦਾਦਾ ਸਾਹਿਬ ਫ਼ਾਲਕੇ ਪੁਰਸਕਾਰ ਦਾ ਐਲਾਨ ਹੋਇਆ ਹੈ, ਤਾਂ ਇਸ ਸਨਮਾਨ 'ਤੇ ਤਾੜੀ ਵਜਾਉਣ ਵਾਲਿਆਂ ਵਿਚ ਫ਼ਿਲਮੀ ਦੁਨੀਆ ਦੇ ਲੋਕ ਤਾਂ ਹਨ ਹੀ... ਉਹ ਲੋਕ ਵੀ ਖੁਸ਼ੀ ਨਾਲ ਕੀਵੇ ਹੋਏ ਹਨ ਜੋ ਕਦੇ ਪ੍ਰਾਣ ਨੂੰ ਪਰਦੇ 'ਤੇ ਦੇਖਣ ਲਈ ਟਿਕਟ ਲਈ ਲੰਮੀਆਂ ਲਾਈਨਾਂ ਵਿਚ ਖੜ੍ਹੇ ਹੋ ਕੇ ਧੁੱਪ ਅਤੇ ਵਕਤ ਦੀ ਪ੍ਰਵਾਹ ਨਹੀਂ ਕਰਦੇ ਸਨ।




### ਜੀਵਨ ਸਫ਼ਰ

**ਪੂਰਾ ਨਾਮ** : ਪ੍ਰਾਣ ਕ੍ਰਿਸ਼ਨ ਸਿਕੰਦ

**ਜਨਮ** : 12.02.1920, ਦਿੱਲੀ

**ਪਿਤਾ** : ਲਾਲਾ ਕੇਵਲ ਕ੍ਰਿਸ਼ਨ ਸਿਕੰਦ, ਇਕ ਸਰਕਾਰੀ ਠੇਕੇਦਾਰ ਸਨ।

**ਸਿੱਖਿਆ** : ਕਪੂਰਥਲਾ, ਉਨਾਵ, ਮੇਰਠ, ਦੇਹਰਾਦੂਨ, ਰਾਮਪੁਰ

**ਪਤਨੀ** : ਸ਼ੁਕਲਾ ਸਿਕੰਦ

**ਫ਼ਿਲਮੀ ਕਰੀਅਰ** : ਲਗਭਗ 350 ਫ਼ਿਲਮਾਂ ਵਿਚ ਕੰਮ ਕੀਤਾ ਹੈ।

**ਯਾਦਗਾਰ ਫ਼ਿਲਮਾਂ** : ਰਾਮ ਔਰ ਸ਼ਿਆਮ, ਉਪਕਾਰ, ਖ਼ਾਨਦਾਨ, ਔਰਤ, ਬੇਈਮਾਨ, ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ, ਪੂਰਬ ਔਰ ਪੱਛਮ, ਜੰਜ਼ੀਰ, ਕਰਜ਼, ਡਾਨ ਆਦਿ।

**ਸਨਮਾਨ** : ਪਦਮ ਭੂਸ਼ਣ (2001)

**ਫ਼ਿਲਮਫ਼ੇਅਰ ਪੁਰਸਕਾਰ** : ਉਪਕਾਰ (1968), ਆਂਸੂ ਬਨ ਗਏ ਫੂਲ (1970), ਬੇਈਮਾਨ (1973) ਸਭ ਤੋਂ ਵਧੀਆ ਸਹਾਇਕ ਅਦਾਕਾਰ ਲਈ।

**ਲਾਈਫ਼ਟਾਈਮ ਅਚੀਵਮੈਂਟ ਪੁਰਸਕਾਰ** : 1997 ਵਿਚ ਫ਼ਿਲਮਫ਼ੇਅਰ ਲਾਈਫ਼ਟਾਈਮ ਅਚੀਵਮੈਂਟ ਐਵਾਰਡ

**ਦਾਦਾ ਸਾਹਿਬ ਫ਼ਾਲਕੇ ਐਵਾਰਡ** : 2013





ਹੈਰਾਨੀ ਦੀ ਗੱਲ ਹੈ ਕਿ ਪ੍ਰਾਣ ਸਾਹਬ ਕਦੇ ਆਪਣੀਆਂ ਫ਼ਿਲਮਾਂ ਨਹੀਂ ਦੇਖਦੇ। 'ਜੰਜ਼ੀਰ' ਪ੍ਰਦਰਸ਼ਤ ਹੋਣ ਤੋਂ ਲਗਭਗ 20 ਸਾਲ ਬਾਅਦ ਅਚਾਨਕ ਉਨ੍ਹਾਂ ਨੇ ਇਹ ਫ਼ਿਲਮ ਦੇਖੀ। ਉਨ੍ਹਾਂ ਨੇ ਫ਼ੋਨ ਕਰ ਕੇ ਸ਼ਾਬਾਸ਼ੀ ਦਿੰਦੇ ਹੋਏ ਕਿਹਾ ਕਿ ਮੈਨੂੰ ਤੇਰਾ ਕੰਮ ਬਹੁਤ ਪਸੰਦ ਆਇਆ। ਦੋ ਦਹਾਕੇ ਬਾਅਦ ਉਨ੍ਹਾਂ ਦੀ ਪ੍ਰਸ਼ੰਸਾ ਪ੍ਰਾਪਤ ਕਰ ਕੇ ਮੈਨੂੰ ਬਹੁਤ ਆਨੰਦ ਆਇਆ। -ਅਮਿਤਾਭ ਬੱਚਨ



ਹਾਲੀਵੁੱਡ ਵਿਚ ਕਿਹਾ ਜਾਂਦਾ ਸੀ ਕਿ ਕਿਸੇ ਕਿਰਦਾਰ ਨੂੰ ਅਦਾ ਕਰਨ ਲਈ ਜੇਕਰ ਕੋਈ ਯੋਗ ਅਦਾਕਾਰ ਨਹੀਂ ਮਿਲਦਾ ਤਾਂ ਐਂਥਨੀ ਕਿਉਇਨ ਨੂੰ ਲੈ ਲਵੋ। ਪਰ ਮੈਂ ਤਾਂ ਇਹ ਕਹਿੰਦਾ ਸੀ ਕਿ ਜੇਕਰ ਬਾਲੀਵੁੱਡ ਵਿਚ ਅਜਿਹੀ ਸਮੱਸਿਆ ਆ ਜਾਵੇ ਤਾਂ ਤੁਹਾਨੂੰ ਪ੍ਰਾਣ ਸਾਹਬ ਹੀ ਇਸ ਵਿਚੋਂ ਕੱਢ ਸਕਦੇ ਹਨ। ਪ੍ਰਾਣ ਸਾਹਿਬ ਵਰਗੇ ਅਦਾਕਾਰ ਵਾਰ-ਵਾਰ ਪੈਦਾ ਨਹੀਂ ਹੁੰਦੇ।

ਮਨੋਜ ਕੁਮਾਰ, ਸੀਨੀਅਰ ਅਦਾਕਾਰ-ਨਿਰਮਾਤਾ

## 5 ਪੰਚ ਪ੍ਰਾਣ ਦੇ



ਆਪਣੀ ਪਤਨੀ ਸ਼ੁਕਲਾ ਸਿਕੰਦ ਦੇ ਨਾਲ ਪ੍ਰਾਣ

**ਵਿਲੇਨ ਅਤੇ ਨੈਗੇਟਿਵ ਰੋਲ ਵਿਚ ਕੀ ਫ਼ਰਕ ਹੈ?**

ਹਿੰਦੀ ਫ਼ਿਲਮਾਂ ਵਿਚ ਵਿਲੇਨ ਆਮ ਤੌਰ 'ਤੇ ਬੁਰਾ ਹੁੰਦਾ ਹੈ, ਪਰ ਮੈਨੂੰ ਨਹੀਂ ਲਗਦਾ ਕਿ ਵਿਲੇਨ ਦੇ ਤੌਰ 'ਤੇ ਮੈਂ ਜੋ ਕਿਰਦਾਰ ਨਿਭਾਏ ਉਹ ਸਾਰੇ ਬੁਰੇ ਸਨ। ਮਸਲਨ 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਵਿਚ ਰਾਕਾ ਨੂੰ ਲੈ ਲਓ। ਉਹ ਪਿੰਡਾਂ ਦੇ ਪਿੰਡ ਸਾੜ ਦਿਦਾ ਹੈ, ਲੋਕਾਂ ਨੂੰ ਮਾਰਦਾ ਹੈ ਪਰ ਜਿਸ ਲੜਕੀ ਨਾਲ ਮੁਹੱਬਤ ਕਰਦਾ ਹੈ, ਉਸ ਲਈ ਹਥਿਆਰ ਸੁੱਟ ਦਿੰਦਾ ਹੈ ਅਤੇ ਲੜਾਈ ਹਾਰ ਜਾਂਦਾ ਹੈ। ਮੈਂ ਉਸ ਨੂੰ ਬੁਰਾ ਨਹੀਂ, ਬਲਕਿ ਦੁਨੀਆ ਦੇ ਸਭ ਤੋਂ ਵੱਡੇ ਪ੍ਰੇਮੀਆਂ ਵਿਚੋਂ ਇਕ ਮੰਨਾਂਗਾ।

**ਕਿਰਦਾਰ ਨਿਭਾਉਂਦੇ ਸਮੇਂ ਲਾਈਟ, ਮੇਕਅੱਪ, ਗੈਟ-ਅਪ ਅਤੇ ਆਵਾਜ਼ ਦਾ ਉਤਾਰ-ਚੜ੍ਹਾਅ ਕਿੰਨਾ ਅਹਿਮ ਹੈ?**

ਇਹ ਬਹੁਤ ਅਹਿਮ ਹੈ। ਕਿਉਂਕਿ ਬਿਨਾ ਲਾਲ ਦਾੜੀ ਅਤੇ ਵਿਗ ਦੇ ਸਿਰਫ਼ ਕਪੜੇ ਬਦਲਣ ਨਾਲ ਮੈਂ 'ਜੰਜ਼ੀਰ' ਵਿਚ ਪਠਾਨ ਦੇ ਤੌਰ 'ਤੇ ਸ਼ਾਇਦ ਓਨਾ ਅਸਰਦਾਰ ਨਾ ਲਗਦਾ। ਇਕ ਅਸਲੀ ਪਠਾਨ ਦੀ ਤਰ੍ਹਾਂ ਮੈਂ ਬੋਲਣ ਦਾ ਅੰਦਾਜ਼ ਵੀ ਬਿਲਕੁਲ ਬਦਲ ਦਿੱਤਾ ਸੀ।

**ਪੌਰਾਣਿਕ ਕਥਾਵਾਂ ਵਿਚੋਂ ਕਿਹੜਾ ਕਿਰਦਾਰ ਸਭ ਤੋਂ ਜ਼ਿਆਦਾ ਪਸੰਦ ਹੈ?**

ਰਾਮਾਇਣ ਵਿਚ ਰਾਵਣ। ਰਾਮਾਇਣ ਵਿਚ ਸ਼ਾਇਦ ਹੀ ਕੋਈ ਦੂਜਾ ਕਿਰਦਾਰ ਹੋਵੇ, ਜੋ ਐਨਾ ਪ੍ਰਭਾਵਸ਼ਾਲੀ ਹੈ। ਉਹ ਸੀਤਾ ਦੇ ਨਾਲ ਜੋ ਚਾਹੇ ਕਰ ਸਕਦਾ ਸੀ, ਪਰ ਉਸ ਨੇ ਨਹੀਂ ਕੀਤਾ। ਉਸ ਨੇ ਸੀਤਾ ਨੂੰ ਲੰਕਾ ਦੇ ਮਹਿਲ ਵਿਚ ਰੱਖਣ ਦੀ ਬਜਾਏ ਅਸ਼ੋਕ ਵਾਟਿਕਾ ਵਿਚ ਰੱਖਿਆ। ਕੀ ਤੁਸੀਂ ਮੈਨੂੰ ਕੋਈ ਦੂਜਾ ਕਿਰਦਾਰ ਦੱਸ ਸਕਦੇ ਹੋ ਜੋ ਉਸ ਦੀ ਬਰਾਬਰੀ ਕਰ ਸਕੇ?

**ਨਾਇਕ ਬਣਨ ਤੋਂ ਬਾਅਦ ਤੁਸੀਂ ਫਿਰ ਤੋਂ ਫ਼ਿਲਮਾਂ ਵਿਚ ਵਿਲੇਨ ਦੀ ਭੂਮਿਕਾ ਨਿਭਾਈ?**

ਜਿਹੜੀਆਂ ਫ਼ਿਲਮਾਂ ਵਿਚ ਮੈਂ ਪੌਜੀਟਿਵ ਰੋਲ ਕੀਤਾ, ਉਨ੍ਹਾਂ ਵਿਚ ਮੈਂ ਬਹੁਤ ਚੰਗੇ ਸ਼ਖ਼ਸ ਦਾ ਕਿਰਦਾਰ ਨਿਭਾਇਆ ਹੈ। ਸ਼ਾਇਦ ਇਕ ਲੰਮੇ ਅਰਸੇ ਤਕ ਵਿਲੇਨ ਦੀ ਭੂਮਿਕਾ ਨਿਭਾਉਣ ਤੋਂ ਬਾਅਦ ਵਾਪਸ ਉਸੇ ਦਿਸ਼ਾ ਵਿਚ ਚਲੇ ਜਾਣਾ ਬਹੁਤ ਸੁਭਾਵਿਕ ਸੀ ਅਤੇ ਮੈਂ ਉਹੀ ਕੀਤਾ।

**ਕੀ ਤੁਸੀਂ ਕਿਸੇ ਕਲਾਕਾਰ ਦੀ ਨਕਲ ਕਰਦੇ ਹੋ?**

ਮੈਂ ਕਿਸੇ ਕਲਾਕਾਰ ਦੀ ਨਕਲ ਨਹੀਂ ਕਰਦਾ ਪਰ ਜਿਸ ਨੂੰ ਆਮ ਜ਼ਿੰਦਗੀ ਵਿਚ ਮੈਂ ਦੇਖਿਆ ਹੈ ਅਤੇ ਪ੍ਰਭਾਵਿਤ ਹੋਇਆ ਉਸ ਦੀ ਨਕਲ ਜ਼ਰੂਰ ਕਰਦਾ ਹਾਂ। ਮਸਲਨ 'ਹੀਰ ਰਾਂਝਾ' ਵਿਚ ਕੈਦੋਂ ਦਾ ਕਿਰਦਾਰ ਲੈ ਲਓ। ਉਹ ਲੰਗੜਾ ਸੀ। ਮੈਂ ਕਿਰਦਾਰ ਵਿਚ ਉਸ ਆਦਮੀ ਦੀ ਨਕਲ ਕੀਤੀ ਜਿਸ ਨੂੰ ਕਈ ਸਾਲ ਪਹਿਲਾਂ ਮੈਂ ਲਾਹੌਰ ਦੀਆਂ ਸੜਕਾਂ 'ਤੇ ਦੇਖਿਆ ਸੀ।



1967 ਵਿਚ ਮਨੋਜ ਕੁਮਾਰ ਵਲੋਂ ਬਣਾਈ ਗਈ ਪਹਿਲੀ ਫ਼ਿਲਮ ਉਪਕਾਰ ਵਿਚ ਪ੍ਰਾਣ ਮਲੰਗ ਚਾਚਾ ਦੇ ਰੂਪ ਵਿਚ ਇਕ ਅਪਾਹਜ ਦੀ ਭੂਮਿਕਾ ਕਰ ਕੇ ਦਰਸ਼ਕਾਂ ਵਿਚ ਛਾ ਗਏ। 50 ਦੇ ਦਹਾਕੇ ਵਿਚ ਉਨ੍ਹਾਂ ਨੇ ਆਪਣੀ ਫੁਟਬਾਲ ਟੀਮ ਡਾਇਨਾਮੋਸ ਫੁਟਬਾਲ ਕਲੱਬ ਬਣਾਈ ਜੋ ਕਾਫ਼ੀ ਚਰਚਿਤ ਰਹੀ। 90 ਦੇ ਦਹਾਕੇ ਵਿਚ ਫ਼ਿਲਮਾਂ ਤੋਂ ਰਿਟਾਇਰਮੈਂਟ ਲੈਣ ਤੋਂ ਬਾਅਦ ਉਨ੍ਹਾਂ ਨੇ ਹੁਣ ਤਕ ਸਿਰਫ਼ ਦੋ ਹੀ ਫ਼ਿਲਮਾਂ ਕੀਤੀਆਂ ਹਨ 'ਮ੍ਰਿਤੂਦਾਤਾ' ਅਤੇ 'ਤੇਰੇ ਮੇਰੇ ਸਪਨੇ'। ਸਾਲ 2010 ਵਿਚ ਸੀ.ਐਨ.ਐਨ. ਦੇ 'ਟਾਪ 25 ਏਸ਼ੀਅਨ ਐਕਟਰਸ ਆਫ਼ ਆਲ ਦਾ ਟਾਈਮ' ਦੀ ਲਿਸਟ ਵਿਚ ਪ੍ਰਾਣ ਦਾ ਨਾਮ ਵੀ ਸ਼ਾਮਲ ਸੀ।

## ਇਸ ਤਰ੍ਹਾਂ ਪੈਦਾ ਹੋਇਆ ਸੀ ਇਕ ਮਹਾਨ ਅਦਾਕਾਰ

ਬੰਬੇ ਦਾ ਫ਼ਿਲਮ ਜਗਤ ਵਿਚ ਜਦੋਂ ਪ੍ਰਾਣ ਨੇ ਖਲਨਾਇਕ ਵਜੋਂ ਆਪਣੀ ਪਛਾਣ ਬਣਾਉਣੀ ਸ਼ੁਰੂ ਕੀਤੀ ਉਦੋਂ ਉਥੇ ਜੀਵਨ, ਹੀਰਾਲਾਲ, ਕਨ੍ਹੱਈਆ ਲਾਲ, ਆਮ ਤੌਰ 'ਤੇ ਸੈਨਾਪਤੀ, ਜ਼ਮੀਂਦਾਰ, ਸੇਠ ਜੀ, ਮੁਨੀਮ ਜੀ- ਇਸ ਪ੍ਰਕਾਰ ਦੇ ਕਿਰਦਾਰਾਂ ਵਿਚ ਉਸਤਾਦ ਮੰਨੇ ਜਾਂਦੇ ਸਨ। ਮਦਨਪੁਰੀ ਅਤੇ ਅਨਵਰ ਹੁਸੈਨ ਨੂੰ ਜ਼ਿਆਦਾਤਰ ਗੁੰਡੇ, ਮਵਾਲੀ ਅਤੇ ਵਿਭਚਾਰੀ ਦੀ ਭੂਮਿਕਾ ਲਈ ਬੁਲਾਇਆ ਜਾਂਦਾ। ਇਨ੍ਹਾਂ ਸਾਰੇ ਮਹਾਰਥੀਆਂ ਵਿਚਕਾਰ ਆਪਣਾ ਵਿਸ਼ੇਸ਼ ਸਥਾਨ ਬਣਾਉਣਾ ਕਾਫ਼ੀ ਔਖਾ ਕੰਮ ਸੀ। 1949 ਵਿਚ ਫ਼ਿਲਮ 'ਬੜੀ ਬਹਿਨ' ਦੇ ਪ੍ਰਦਰਸ਼ਤ ਹੋਣ ਤੋਂ ਪਹਿਲਾਂ ਤਕ ਇਹ ਸਾਰੇ ਖਲਨਾਇਕ ਇਸ ਤਰ੍ਹਾਂ ਛਾਏ ਹੋਏ ਸਨ ਕਿ ਆਪਣੀਆਂ ਫ਼ਿਲਮਾਂ ਲਈ ਕਲਾਕਾਰਾਂ ਦੀ ਚੋਣ ਕਰਦੇ ਸਮੇਂ ਜਿਸ ਪ੍ਰਕਾਰ ਦੀ ਖਲਨਾਇਕ ਦੀ ਭੂਮਿਕਾ ਨਿਕਲਦੀ, ਨਿਰਮਾਤਾਵਾਂ ਦੀ ਜ਼ੁਬਾਨ 'ਤੇ ਇਨ੍ਹਾਂ ਹੀ ਗਿਣੇ-ਚੁਣੇ ਅਦਾਕਾਰਾਂ ਦੇ ਹੀ ਨਾਮ ਆਉਂਦੇ ਸਨ। ਪਰ 'ਬੜੀ ਬਹਿਨ' ਨਾਲ ਪ੍ਰਾਣ ਨੂੰ ਵੀ ਪਹਿਚਾਣਿਆ ਜਾਣ ਲੱਗਾ। ਕਿਉਂਕਿ ਪ੍ਰਾਣ ਸ਼ੁਰੂ ਤੋਂ ਹੀ ਕੋਈ ਵੀ ਕੰਮ ਸਾਧਾਰਣ ਤਰੀਕੇ ਨਾਲ ਨਹੀਂ ਕਰਦਾ ਸੀ, ਇਥੋਂ ਤਕ ਸੁਭਾਵਕ ਤੌਰ 'ਤੇ ਆਪਣੀਆਂ ਭੂਮਿਕਾਵਾਂ ਲਈ ਤਿਆਰੀ ਵੀ ਉਨ੍ਹਾਂ ਨੇ ਕਾਫ਼ੀ ਚਿੰਤਨਪੂਰਵਕ ਅਤੇ ਚੌਕਸੀ ਨਾਲ ਕੀਤੀ। ਪੰਜਾਹ ਦੇ ਦਹਾਕੇ ਵਿਚ ਅਦਭੁਤ ਤਰੀਕੇ ਨਾਲ ਨਿਭਾਈਆਂ ਗਈਆਂ ਭੂਮਿਕਾਵਾਂ ਇਸ ਗੱਲ ਨੂੰ ਪ੍ਰਮਾਣਿਤ ਕਰਦੀਆਂ ਹਨ। ਆਪਣੀ ਜਗਿਆਸੂ ਪ੍ਰਵਿਰਤੀ ਕਾਰਨ ਸ਼ੁਰੂ ਤੋਂ ਹੀ ਪ੍ਰਾਣ ਸੈਟ 'ਤੇ ਚਲ ਰਹੀ ਹਰੇਕ ਗਤੀਵਿਧੀ ਨੂੰ ਬੜੇ ਧਿਆਨ ਨਾਲ ਦੇਖਦੇ ਅਤੇ ਸਮਝਦੇ ਸਨ। ਇਸ ਕਾਰਨ ਉਨ੍ਹਾਂ ਨੂੰ ਆਪਣੇ ਪੇਸ਼ੇ ਦੇ ਬਾਰੀਕ ਤੋਂ ਵੀ ਬਾਰੀਕ ਬਿੰਦੂਆਂ ਦਾ ਵੀ ਗਿਆਨ ਹੋ ਗਿਆ, ਜਿਸ ਨਾਲ ਆਪਣੇ ਫਨ ਵਿਚ ਮੁਹਾਰਤ ਹਾਸਲ ਕਰ ਕੇ ਉਨ੍ਹਾਂ ਨੇ ਆਪਣੇ ਕੰਮ ਵਿਚ ਵਿਲੱਖਣਤਾ ਹਾਸਲ ਕਰ ਲਈ।

'... ਐਂਡ ਪ੍ਰਾਣ' ਕਿਤਾਬ ਵਿਚ ਬੰਨੀ ਰੂਬੇਨ

# ਪੰਜਾਬ ਦੇ ਸੰਸਾਰ ਪੱਧਰੀ ਕਵੀ ਸ਼ਿਵ ਬਟਾਲਵੀ ਦਾ ਮਜ਼ਾਰ ਬੇ-ਚਰਾਗ


ਗੁਰਚਰਨ ਸਿੰਘ ਕਾਹਲੋਂ (ਸਿਡਨੀ)
+61422 108 049
kahlonsydney@gmail.com






ਸ਼ਿਵ ਬਾਰੇ ਜਿੰਨਾ ਲਿਖਿਆ ਗਿਆ ਹੈ, ਕਿਸੇ ਹੋਰ ਕਵੀ ਬਾਰੇ ਏਨਾ ਹੁਣ ਤੱਕ ਨਹੀਂ ਲਿਖਿਆ ਗਿਆ। ਸ਼ਿਵ ਬਟਾਲਵੀ ਕਿਸੇ ਸ਼ਬਦੀ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਦੀ ਕਾਵਿ ਸਲਤਨਤ, ਅਜੇ ਤੀਕ ਵੀ ਫੈਲ ਰਹੀ ਹੈ ਤੇ ਇਲੈਕਟ੍ਰੌਨਿਕਸ ਦੇ ਇਸ ਯੁੱਗ ਵਿੱਚ ਵੀ, ਜਵਾਨੀ ਦੇ ਦਿਲ ਉਤੇ ਹਕੂਮਤ ਕਰ ਰਹੀ ਹੈ। ਸ਼ਿਵ ਨੇ ਪੰਜਾਬੀ ਜ਼ੁਬਾਨ ਨੂੰ ਸੰਸਾਰ ਪੱਧਰ ਦੀ ਸ਼ਹਿਨਸ਼ਾਹੀ ਪੁਸ਼ਾਕ ਪੁਆਈ ਜਿਸ ਦੇ ਅਰਥਾਂ ਦੇ ਝਿਲਮਿਲਾਉਂਦੇ ਸਿਤਾਰਿਆਂ 'ਚੋਂ ਤਾਰਿਆਂ ਦੀ ਬਾਤ ਪੈਂਦੀ ਹੈ। ਉਹ ਪੰਜਾਬੀ ਕਾਵਿ ਧੁਨ 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ' ਵਾਂਗ 'ਲੂਣਾ ਲੂਣਾ ਕਹਿੰਦਾ ਓ ਮੈਂ ਆਪੇ ਲੂਣਾ ਹੋਇਆ' ਵਾਂਗ ਸਾਰੀ ਔਰਤ ਜਾਤੀ ਦੇ ਦੁੱਖਾਂ ਦੀ ਮੂਰਤ ਬਣ ਗਿਆ ਹੈ। ਉਹ ਲੂਣਾ ਵਿੱਚ ਔਰਤ ਦੀ ਗੁੰਗੀ ਜੀਭ ਨੂੰ ਉਹਦੇ ਦਿਲ ਦੀ ਬੋਲੀ ਦੇਂਦਾ ਹੈ। 'ਮੈਂ ਅੱਗ ਤੁਰੀ ਪ੍ਰਦੇਸ' ਅਤੇ 'ਮੈਂ ਪੂਰਨ ਦੀ ਮਾਂ ਪੂਰਨ ਦੀ ਹਾਣ ਦੀ' ਕਹਿ ਕੇ ਔਰਤਾਂ ਦੀ ਬੇਬਸ ਫੱਟੀ ਉਤੇ ਸੂਹੇ ਪੂਰਨੇ ਪਾਉਂਦਾ ਹੈ। ਸ਼ਿਵ ਦੀ ਪਾਰਖੂ ਅੱਖ ਬੀਬੇ ਚਿਹਰਿਆਂ 'ਚੋਂ ਲੰਘ ਕੇ ਕੱਪਟੀ ਦਿਲ ਤੱਕ ਪਹੁੰਚੀ ਸੀ ਤੇ ਉਹਨਾਂ ਲੋਕਾਂ ਦੇ ਦਿਲ ਦੀ ਪੁਸਤਕ ਦਾ ਵਰਕਾ-ਵਰਕਾ ਉਸਨੇ ਪੜ੍ਹਿਆ ਹੋਇਆ ਸੀ ਜਿਸ ਵਿੱਚ ਸਿਵਾਏ ਮੌਕਾਪ੍ਰਸਤੀ ਤੋਂ ਹੋਰ ਕੁਝ ਵੀ ਨਹੀਂ ਸੀ। ਸ਼ਿਵ ਇੱਕ ਮੀਲ ਪੱਥਰ ਸੀ ਜਿਸ ਦੇ ਪਾਸ ਦੀ ਲੰਘਦੇ ਬੇਹਿੱਸ ਖਾਬਾਂ ਦੇ ਰੁਖਾਂ ਦੇ ਪੱਤੇ ਮਾਯੂਸੀ ਦੀ ਪੀਲੀ ਹਵਾ ਝਾੜ ਕੇ ਚਲੀ ਗਈ। ਸ਼ਿਵ ਨੇ ਏਸੇ ਹੀ ਪੜਾਅ 'ਤੇ ਵੇਖੇ ਸਨ ਉਮੰਗਾਂ ਦੇ ਬਲ ਰਹੇ ਸਿਵੇ, ਟੁੱਟੇ ਤਾਰੇ, ਖਲੋਤੇ ਦਰਿਆ, ਤੁੰਦ ਹਵਾ ਤੇ ਬੁਝਦੇ ਦੀਵੇ। ਸ਼ਿਵ ਦੇ ਸਨਮੁੱਖ ਸਨ ਗੁਰਬਤ ਦੇ ਪਹਾੜ ਅਤੇ ਏਥੋਂ ਤੱਕ ਕੀ ਕਫ਼ਨ ਖਰੀਦਣ ਦੀ ਵੀ ਮਜ਼ਬੂਰੀ। ਪਰ ਸ਼ਿਵ ਆਸ ਮੁੱਖੀ ਵੀ ਸੀ ਉਹ ਖ਼ੁਦ ਨੂੰ ਕਹਿੰਦਾ ਹੈ,

**ਆਬਾਦ ਕਰਨੇ ਨੇ ਤੂੰ ਹੀ ਰੱਕੜ,**
**ਤੂੰ ਹੀ ਧਰਤੀ ਦੇ ਕੋਹਜ ਵਰਨੇ,**
**ਤੂੰ ਹੀ ਕਰਨੀ ਫਜ਼ਾ ਮੁਅੱਤਰ।**

ਸ਼ਿਵ ਨੂੰ ਆਮ ਕਰਕੇ ਉਦਾਸੀ ਅਤੇ ਮਾਯੂਸੀ ਦਾ ਸ਼ਾਇਰ ਕਿਹਾ ਜਾਂਦਾ ਹੈ ਪਰ ਉਸ ਦੀ ਇਸ ਬੇ ਹਿੱਸਤਾ 'ਚੋਂ ਇੱਕ ਆਸ ਮੁੱਖੀ ਬਗਾਵਤ ਵੀ ਉਭਰਦੀ ਹੈ। ਸ਼ਿਵ ਕਹਿੰਦਾ ਹੈ :-

**ਮੈਂ ਲੋਚਦਾ ਹਾਂ**
**ਕਿ ਇਸ ਚੁਰਾਹੇ ਤੋਂ**
**ਮੈਨੂੰ ਕੋਈ ਉਖਾੜ ਦੇਵੇ**
**ਤੇ ਮੇਰੇ ਮੱਥੇ 'ਤੇ ਕਾਲੇ ਅੱਖਰਾਂ ਤੋਂ ਕਾਲਾ**
**ਕੋਟ ਚੂਨੇ ਦਾ ਚਾੜ੍ਹ ਦੇਵੇ**
**ਅੱਗ ਫੁਰਕਤ ਦੀ ਦਿਨੇ ਦੀਂਵੀਂ**
**ਵਿਚ ਚੁਰਾਹੇ ਸਾੜ ਦੇਵੇ**
**ਮੈਂ ਲੋਚਦਾ ਹਾਂ ਪਿੱਘਲ ਜਾਵਣ**
**ਇਹ ਬਦਨਸੀਬੀ ਦੇ ਕਾਲੇ ਕੱਕਰ**
**ਜੇ ਬਦਲ ਜਾਵਣ ਕਿਸਮਤ ਦੇ ਸਭ ਨਛੱਤਰ**
**ਮੈਂ ਮਨੁੱਖਤਾ ਦੇ ਨਾਮ ਕਰਾਵਾਂ**
**ਆਪਣੇ ਗੀਤਾਂ ਦੇ ਸੋਨ-ਛੱਤਰ**

ਅਸਲ ਵਿੱਚ ਅਸੀਂ ਸ਼ਿਵ ਨੂੰ ਵੀ ਬਾਬੇ ਨਾਨਕ ਵਾਂਗ ਰੂਹ ਤੋਂ ਨਹੀਂ ਵਾਚਿਆ ਅਤੇ ਉਸ ਨੂੰ ਸ਼ਰਾਬੀ ਕਬਾਬੀ ਤੇ ਕਾਮੀ ਝੱਲਾ ਸ਼ਾਇਰ ਹੀ ਬਣਾ ਕੇ ਖੁਸ਼ ਹੋਏ ਹਾਂ। ਸ਼ਿਵ ਦੀ ਕਵਿਤਾ ਵਿੱਚ ਬੜਾ ਕੁਝ ਉਹ ਹੈ ਜਿਸ 'ਚੋਂ ਸਪਸ਼ਟ ਹੁੰਦਾ ਹੈ ਕਿ ਸ਼ਿਵ ਲੁਕਾਈ ਦੇ ਸੁਪਨਿਆਂ ਨੂੰ ਦਿਲ ਦੇ ਖ਼ੂਨ ਦਾ ਪਾਣੀ ਪਾ ਕੇ ਮੌਲਦੇ ਵੇਖਣਾ ਚਾਹੁੰਦਾ ਸੀ। ਸ਼ਿਵ ਉਚੀ ਸੁਰ ਵਿੱਚ ਤੇ ਸਪਸ਼ਟ ਅਰਥਾਂ ਵਿੱਚ ਕਹਿ ਰਿਹਾ ਹੈ। ਸੁਣੋ :-

| | |
|---|---|
| **ਨਹਿਰੂ ਦੇ ਵਾਰਸੋ ਸੁਣੋ** | **ਗਾਂਧੀ ਦੇ ਪੁਜਕੋ ਸੁਣੋ** |
| **ਆਵਾਜ਼ ਹਿੰਦੁਸਤਾਨ ਦੀ** | **ਆਵਾਜ਼ ਜੋ ਬਗਾਵਤਾਂ ਤੇ** |
| **ਹੋਈਆਂ ਦੇ ਹਾਣ ਦੀ** | **ਇਹ ਲੋਕ ਕੀ ਨੇ ਆਖਦੇ ?** |
| **ਸੁਣੋ ਸੁਣੋ ਆਵਾਜ਼ ਹੈ ਇਹ** | **ਇਨਕਲਾਬ ਆਉਣ ਦੀ** |
| **ਆਵਾਜ਼ ਹੈ ਇਹ ਆ ਰਹੀ** | **ਲੋਹੇ ਨੂੰ ਧਾਰ ਲਾਉਣ ਦੀ** |
| **ਆਵਾਜ਼ ਹੈ ਇਹ ਮਾਲੀਆਂ ਦੇ** | **ਖ਼ੁਦ ਚਮਨ ਨੂੰ ਜਲਾਉਣ ਦੀ** |
| **ਸੁਣੋ ਸੁਣੋ ਆਵਾਜ਼ ਆਪਣੇ** | **ਮਾਸੂਮ ਹਿੰਦੁਸਤਾਨ ਦੀ** |
| **ਸੁਣੋ ਆਵਾਜ਼ ਆਪਣੇ** | **ਬਿਮਾਰ ਹਿੰਦੁਸਤਾਨ ਦੀ** |

ਖ਼ੈਰ ਕੁਝ ਵੀ ਹੋਵੇ ਸ਼ਿਵ ਕੁਮਾਰ ਨਿਰਸੰਦੇਹ ਪੰਜਾਬੀ ਜੁਬਾਨ ਵਿੱਚ ਕਵਿਤਾ ਦੀ ਖੇਤੀ ਕਰਨ ਵਾਲਾ ਵਾਰਸ ਤੋਂ ਬਾਅਦ ਪਹਿਲਾ ਸ਼ਾਇਰ ਹੈ ਜਿਸ ਨੂੰ ਪੰਜਾਬ ਦੇ ਹਰ ਫ਼ਿਰਕੇ ਅਤੇ ਹਰ ਉਮਰ ਨੇ ਬਿਨਾਂ ਕਿਸੇ ਵਿਤਕਰੇ ਦੇ ਪੜ੍ਹਿਆ ਤੇ ਮਾਣਿਆ। ਸ਼ਿਵ ਨੇ ਪੰਜਾਬੀਆਂ ਦੇ 'ਕਾਬਲ ਜੰਮੇ ਸਦਾ ਮੁਹਿੰਮੀ' ਦੇ ਖ਼ੂਨੀ ਸਾਕਿਆਂ ਵਿੱਚ ਇਸ਼ਕ ਦਾ, ਬ੍ਰਿਹਾ ਦਾ ਤੇ ਖੰਭਾਂ ਦਾ ਅੰਮ੍ਰਿਤ-ਘੁੱਟ ਵਰਤਾਇਆ ਹੈ। ਉਸ ਨੇ ਵਿਹਾਰਕਤਾ ਦੇ ਘਰ ਤੋਂ ਦਫ਼ਤਰ ਤੇ ਦਫ਼ਤਰ ਤੋਂ ਘਰ ਦੇ ਮਾਰੂਸਥਲੀ ਰਾਹ ਵਿੱਚ ਕਵਿਤਾ ਦਾ ਨਖਿਲਸਤਾਨ ਉਗਾਇਆ ਹੈ। ਸ਼ਿਵ ਦੀ ਕਵਿਤਾ ਪੰਜਾਬਣਾਂ ਦੀ ਪੰਜੇਬ ਵਰਗੀ ਮਾਸੂਮ ਟੁੱਣਕਾਰ ਹੈ। ਇਸ ਦੀ ਕਵਿਤਾ ਵਿੱਚ ਘੁੱਗੀਆਂ ਦਾ ਗੁਟਕਣਾ ਵੀ ਹੈ ਤੇ ਚਿੜੀਆਂ ਦਾ ਬਾਜ਼ਾਂ ਹੱਥੋਂ ਕੋਹੇ ਜਾਣ ਦੀ ਹੂਕ ਵੀ ਹੈ। ਸ਼ਿਵ ਦੀ ਕਵਿਤਾ ਦੇ ਬਹੁਮੁੱਖੀ ਦਿਸਹੱਦੇ ਹਨ ਅਤੇ ਬਹੁਤ ਸਾਰੇ ਦਿਸਹੱਦੇ ਅਜੇ ਵੀ ਅਦਿੱਖ ਹੀ ਪਏ ਹਨ। ਜਿੰਨਾ ਪਿਆਰ ਜਿੰਨੀ ਅਪਣੱਤ ਸ਼ਿਵ ਨੂੰ ਪੰਜਾਬੀਆਂ ਨੇ ਦਿੱਤੀ ਹੈ ਉਹ ਕਿਸੇ ਪੈਗੰਬਰ ਜਿਹੀ ਹੈ। ਉਸ ਦਾ ਪੁਰਾਣਾ ਘਰ ਵੀ ਲੋਕ ਵੇਖਣ ਜਾਂਦੇ ਹਨ ਤੇ ਉਹ ਚਾਹੁੰਦੇ ਹਨ ਵੇਖਣਾ ਉਹ ਥਾਂ ਜਿੱਥੇ ਸ਼ਿਵ ਬੈਠ ਕੇ ਕਵਿਤਾ ਲਿਖਦਾ ਸੀ।

ਪਰ ਸੰਸਾਰ ਪ੍ਰਸਿੱਧ ਇਸ ਸ਼ਾਇਰ ਦੇ ਆਪਣੇ ਸ਼ਹਿਰ ਬਟਾਲੇ ਵਾਲਿਆਂ ਉਸ ਨਾਲ ਬੁਰੀ ਕੀਤੀ ਹੈ। ਉਸ ਨੂੰ ਵਿਦਾ ਹੋਇਆਂ ਪੂਰੇ ਚਾਰ ਦਹਾਕੇ ਹੋ ਗਏ ਹਨ ਪਰ ਉਸ ਦੀ ਯਾਦ ਨੂੰ ਸਮਰਪਿਤ ਉਸ ਦਾ ਆਡੀਟੋਰੀਅਮ ਐਨੀ ਮੰਦੀ ਹਾਲਤ ਵਿੱਚ ਵਿਚ ਹੈ ਕਿ ਬਣਨ ਤੋਂ ਪਹਿਲਾਂ ਹੀ ਡਿਗੂ- ਡਿਗੂ ਕਰਦਾ ਹੈ। ਇਸ ਆਡੀਟੋਰੀਅਮ ਉਤੇ ਹੁਣ ਤੱਕ ਅੱਧੇ ਕਰੋੜ ਤੋਂ ਵੀ ਵੱਧ ਰੁਪਏ ਖ਼ਰਚ ਹੋ ਚੁੱਕੇ ਹਨ ਪਰ ਫਿਰ ਵੀ ਇਹ ਅੱਜ ਗੰਦਗੀ ਘਰ, ਜੂਆ ਘਰ ਤੇ ਚੋਰਾਂ ਦਾ ਡੇਰਾ ਬਣਿਆ ਪਿਆ ਹੈ। ਅਜੋਕੇ ਯੁੱਗ ਵਿੱਚ ਵੀ ਉਕਤ ਰਕਮ ਕੋਈ ਛੋਟੀ ਰਕਮ ਨਹੀਂ ਹੈ ਤੇ ਖ਼ਾਸ ਕਰ ਅੱਜ ਤੋਂ 20 ਸਾਲ ਪਹਿਲਾਂ ਦੇ ਮਾਪਦੰਡਾਂ ਤੇ ਰੁਪਏ ਦੀ ਕਦਰ ਘਟਾਈ ਅਤੇ ਇੱਟਾਂ ਸਰੀਆ ਦੇ ਰੇਟਾਂ ਅਨੁਸਾਰ ਇਹ ਰਕਮ ਕਰੋੜ ਤੋਂ ਵੱਧ ਬਣਦੀ ਹੈ। ਸ਼ਿਵ ਆਡੀਟੋਰੀਅਮ ਨੂੰ ਪੱਕੇ ਜੰਦਰੇ ਲੱਗੇ ਹੋਏ ਹਨ ਅਤੇ ਪਿਛਲੇ ਲੰਭੇ ਸਮੇਂ ਤੋਂ ਇਥੇ ਕੋਈ ਵੀ ਪ੍ਰੋਗਰਾਮ ਨਹੀਂ ਹੋਇਆ। ਕੋਈ ਵੀ ਸਾਹਿਤਕ ਜਾਂ ਸਮਾਜਿਕ ਸੱਭਿਆਚਾਰਕ ਸਰਗਰਮੀ ਦੀ ਏਥੇ ਪਹੁੰਚ ਨਹੀਂ ਹੋਈ।

ਮੈਂ ਇਸ ਇੱਕ ਕਰੋੜ ਦੀ ਲਾਗਤ ਵਾਲੇ ਉਜੱੜੇ ਪੁਜੜੇ ਸ਼ਿਵ ਬਟਾਲਵੀ ਐਡੀਟੋਰੀਅਮ ਅਤੇ ਇਸ ਨਾਲ ਜੁੜੀਆਂ ਹਸਤੀਆਂ, ਸਰਕਾਰ ਅਤੇ ਹੋਰ ਏਜੰਸੀਆਂ ਤੱਕ ਪਹੁੰਚ ਕਰਕੇ ਇਸ ਦੇ ਬਹੁਤ ਸਾਰੇ ਪੱਖਾਂ ਤੇ ਚਾਨਣ ਪਾਉਣ ਦਾ ਯਤਨ ਕੀਤਾ। ਸਭ ਤੋਂ ਪਹਿਲਾਂ ਮੈਂ ਸ਼ਿਵ ਬਟਾਲਵੀ ਦੀ ਆਖ਼ਰੀ ਯਾਦਗਾਰ ਦੇ ਦਰਸ਼ਨਾਂ ਨੂੰ ਪਹੁੰਚਿਆ ਤਾਂ ਬਾਹਰਲੇ ਮੁੱਖ ਗੇਟ ਉਪੱਰ ਜੰਗਾਲੇ ਜਿੰਦਰੇ ਨੇ ਅਤੇ ਉਸ ਦੇ ਆਸ ਪਾਸ ਉਘੇ ਘਾਹ ਅਤੇ ਗੰਦ ਨੇ ਸੁਆਗਤ ਕੀਤਾ। ਜਦੋ ਵੱਖੀ ਤੋਂ ਕੰਧ ਟੱਪ ਕੇ ਇਸ ਦੇ ਅੰਦਰ ਗਿਆ ਤਾਂ ਅੰਦਰ ਵਾਲੇ ਮੁੱਖ ਗੇਟ ਉੱਤੇ ਹੀ ਬੂਹੇ ਟੁੱਟ ਚੁੱਕੇ ਸਨ ਹਾਲ ਦੇ ਅੰਦਰ ਗੋਡੇ ਗੋਡੇ ਮਿੱਟੀ ਖਿਲਰੀ ਪਈ ਸੀ। ਇੱਟਾਂ ਖਿਲਰੀਆਂ ਹੋਈਆਂ ਸਨ। ਮੈਨੂੰ ਵੇਖ ਕੇ ਕਬੂਤਰਾਂ ਨੇ ਬਹੁਤ ਇਤਰਾਜ਼ ਕੀਤਾ। ਇੱਕ ਤਰ੍ਹਾਂ ਦੀ ਉਹਨਾਂ ਅੰਦਰ ਹਫੜਾ-ਦਫੜੀ ਮੱਚ ਗਈ। ਉਹ ਭੈਅਭੀਤ ਹੋ ਗਏ। ਥਾਂ ਪਰ ਥਾਂ ਕਬੂਤਰਾਂ ਦੀਆਂ ਮਣਾ ਮੂੰਹੀ ਵਿੱਠਾਂ ਪਈਆਂ ਸਨ। ਜਿਹੜੀਆਂ ਇਹ ਦਰਸਾਉਂਦੀਆਂ ਸਨ ਕਿ ਪਿਛਲੇ ਲੰਭੇ ਸਮੇਂ ਤੋਂ ਇਥੇ ਕੋਈ ਸਮਾਗਮ ਜਾਂ ਸਾਫ਼ ਸਫਾਈ ਨਹੀਂ ਹੋਈ। ਪਹਿਲਾਂ ਸੀਮਿੰਟ ਦੀਆਂ ਚਾਦਰਾਂ ਸਨ ਜੋ ਟੁੱਟ ਗਈਆਂ ਤੇ ਅਸਮਾਨ ਨੰਗਾ ਹੋ ਗਿਆ ਸੀ ਅਤੇ ਹੁਣ ਫਿਰ ਟੀਨਾਂ ਲਗਾਈਆਂ ਗਈਆਂ ਹਨ ਪਰ ਅਜੇ ਵੀ ਕਈ ਥਾਵਾਂ ਤੋਂ ਛੱਤ ਤਿੜਕ ਚੁੱਕੀ ਹੈ। ਹਾਲ ਦੇ ਆਸ ਪਾਸ ਕੁੱਤਿਆਂ ਨੇ ਘੋਰਨੇ ਬਣਾਏ ਹੋਏ ਸਨ। ਹਾਲ ਵਿੱਚ ਕੋਈ ਪੱਖਾ ਨਹੀਂ, ਰੋਸ਼ਨੀ ਲਈ ਲਾਈਟ ਆਦਿ ਦਾ ਪ੍ਰਬੰਧ ਵੀ ਨਹੀਂ। ਇੱਕ ਵੀਰਾਨ ਥਾਂ ਉਤੇ ਪਏ ਲੈਕਚਰ ਸਟੈਂਡ ਉਪੱਰ ਵੀ ਹੁਣ ਕਬੂਤਰਾਂ ਨੇ ਆਪਣਾ ਆਲ੍ਹਣਾ ਪਾ ਲਿਆ ਹੋਇਆ ਸੀ। ਜਿਸ ਕੋਲ ਜਾਂਦਿਆਂ ਫੜਫੜਾਉਂਦੀ ਇੱਕ ਘੁੱਗੀ ਇੱਕ ਦਮ ਨਿਕਲੀ; ਇਸ ਜਲਦਬਾਜ਼ੀ ਵਿੱਚ ਕਿ ਕਿਧਰੇ ਮੈਨੂੰ ਫੜ੍ਹ ਨਾ ਲੈਣ। ਕਾਹਲ ਵਿਚ ਉਹ ਆਪਣਾ ਕੀਮਤੀ ਆਂਡਾ ਵੀ ਹੇਠਾਂ ਸੁੱਟ ਕੇ ਤੋੜ ਗਈ। ਇਸ ਘਟਨਾ ਦਾ ਮੈਨੂੰ ਅਫ਼ਸੋਸ ਵੀ ਹੋਇਆ ਪਰ..... ।



ਵਾਅਦੇ ਜੋ ਵਫ਼ਾ ਨਾ ਹੋਏ : ਸੁਖਬੀਰ ਸਿੰਘ ਬਾਦਲ ਸ਼ਿਵ ਕੁਮਾਰ ਦੀ ਫੋਟੋ 'ਤੇ ਫੁੱਲ ਚੜ੍ਹਾਉਂਦੇ ਹੋਏ।

ਪਾਣੀ ਦੀਆਂ ਦੀਆਂ ਟੈਂਕੀਆਂ ਉਪੱਰ ਦੀ ਥਾਂ ਹੇਠਾਂ ਹੀ ਟੁੱਟ ਗਈਆਂ ਸਨ ਤੇ ਚੋਰ ਉਹਨਾਂ ਨੂੰ ਥੋਹੜਾ-ਥੋਹੜਾ ਟੁੱਕ-ਟੁੱਕ ਕੇ ਲੈ ਗਏ ਸਨ। ਪਾਣੀ ਦੀ ਪਾਈਪਿੰਗ ਟੁੱਟ ਚੁੱਕੀ ਸੀ ਤੇ ਕਈ ਥਾਵਾਂ ਤੋਂ ਚੋਰਾਂ ਨੇ ਉਖਾੜ ਲਈ ਹੋਈ ਸੀ। ਪਾਣੀ ਦੀ ਮੋਟਰ ਚੱਲਣ ਤੋਂ ਪਹਿਲਾਂ ਹੀ ਚੋਰੀ ਹੋ ਚੁੱਕੀ ਹੈ। ਉਥੇ ਜਿਹਨਾਂ ਕਮਰਿਆਂ ਵਿੱਚ ਕਿਆਸਿਆ ਗਿਆ ਸੀ ਕਿ ਦੂਰੋਂ ਦੂਰੋਂ ਆਏ ਸ਼ਿਵ ਦੇ ਪ੍ਰੇਮੀ ਰੈਣ ਬਸੇਰਾ ਕਰਿਆ ਕਰਨਗੇ ਉਥੇ ਹੁਣ ਚੋਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੇ ਆਪਣੀ ਛੁਪਣਗਾਹ ਬਣਾ ਲਈ ਹੈ। ਇਸ ਪਵਿੱਤਰ ਸਥਾਨ ਦੇ ਅੰਦਰ ਸਿਗਰਟਾਂ, ਸ਼ਰਾਬ ਦੀਆਂ ਖ਼ਾਲੀ ਬੋਤਲਾਂ ਤੇ ਹੋਰ ਬਥੇਰਾ ਕੁਝ ਗੰਦ ਮੰਦ ਰੁਲ ਰਿਹਾ ਹੈ। ਹਾਲ ਤੇ ਕਮਰਿਆਂ ਵਿੱਚ ਕੋਈ ਕੁਰਸੀ ਜਾਂ 10 ਬੰਦੇ ਬੈਠਣ ਲਈ ਵੀ ਥਾਂ ਨਹੀਂ। ਕੁਝ ਕਮਰਿਆਂ ਵਿੱਚ ਏਨਾ ਹਨੇਰਾ ਤੇ ਡਰਾਉਣਾ ਮਾਹੌਲ ਸੀ ਕਿ ਅੰਦਰ ਤੱਕ ਟਾਰਚ ਆਦਿ ਨਾ ਹੋਣ ਕਾਰਨ ਨਹੀ ਜਾਇਆ ਜਾ ਸਕਿਆ। ਕੁਝ ਕਮਰਿਆਂ ਵਿੱਚ ਡੰਗਰਾਂ ਦੇ ਫੋਸ-ਗੋਹਾ ਪਇਆ ਸੀ ਜਿਹੜਾ ਦੱਸਦਾ ਸੀ ਕਿ ਮੀਂਹ ਪੈਣ ਤੇ ਅਵਾਰਾ ਡੰਗਰ ਇਹਨਾਂ ਅੰਦਰ ਆਪਣਾ ਸਿਰ ਛੁਪਾਉਣ ਲਈ ਵੜੇ ਹੋਣਗੇ। ਜਾਲਾ ਜੰਮ-ਜੰਮ ਕੇ ਹੁਣ ਪੱਕਾ ਹੋ ਗਿਆ ਹੈ। ਇਹ ਐਡੀਟੋਰੀਅਮ ਨਾ ਹੋ ਕੇ ਇੱਕ ਭੂਤਵਾੜਾ ਬਣਿਆ ਪਿਆ ਹੈ। ਮੈਨੂੰ ਲੱਗਾ ਜਿਵੇਂ ਸ਼ਿਵ ਕਹਿ ਰਿਹਾ ਹੋਵੇ :-

**ਜਿੱਥੇ ਭੱਜਿਆ ਵੀ ਨਾ ਮਿਲੇ ਦੀਵਾ,**
**ਮੇਰਾ ਐਸਾ ਮਜ਼ਾਰ ਹੋਵੇਗਾ।**

ਸ਼ਿਵ ਦੀ ਉਜੱੜੀ ਯਾਦਗਾਰ 'ਚੋਂ ਵਾਪਸ ਪਰਤਦਿਆਂ ਦਿਲ ਕੁਝ ਉਦਾਸ ਸੀ। ਜਿਸ ਪਾਸੇ ਤੋਂ ਕੰਧ ਟੱਪ ਕੇ ਬਾਹਰ ਨਿਕਲਿਆ ਉਹ ਅਜੀਤ ਸਿੰਘ ਦਾ ਪਾਪੜਾਂ ਦਾ ਕਾਰਖਾਨਾ ਸੀ ਤੇ ਉਹ ਇਸ ਐਡੀਟੋਰੀਅਮ ਦਾ ਸਾਂਝੀ ਕੰਧ ਵਾਲਾ ਗੁਆਂਢੀ ਸੀ। ਉਹ ਕਹਿਣ ਲੱਗਾ 'ਸਰਦਾਰ ਜੀ, ਮੈਂ ਤਾਂ ਤੰਗ ਆਇਆ ਪਿਆ ਹਾਂ, ਕਿਉਂਕਿ ਏਥੇ ਚੋਰ ਲੁੱਕ ਜਾਂਦੇ ਨੇ ਤੇ ਕਈ ਵਾਰ ਉਸ ਦੀ ਵੀ ਚੋਰੀ ਹੋ ਚੁੱਕੀ ਹੈ। ਉਸ ਨੇ ਦੱਸਿਆ ਕਿ ਇਹ ਅਯਾਸ਼ੀ ਦਾ ਅੱਡਾ ਹੈ ਤੇ ਜੂਆ ਘਰ ਵੀ। ਉਸ ਨੇ ਦੱਸਿਆ ਕਿ ਚੋਰ ਸਰਕਾਰੀ ਹਨ ਜਿੰਨਾ ਮਾਲ ਏਥੇ ਆਉਂਦਾ ਹੈ ਉਹ ਫਿਰ ਚੋਰੀ ਹੋ ਜਾਂਦਾ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਸ ਨੇ ਕਿਹਾ ਕਿ ਸਾਲ ਵਿੱਚ ਕੇਵਲ ਇੱਕ ਵਾਰ ਨਿੱਕਾ-ਮੋਟਾ ਪ੍ਰੋਗਰਾਮ ਸ਼ਿਵ ਦੀ ਬਰਸੀ ਤੇ ਹੁੰਦਾ ਸੀ ਤੇ ਅਮੀਰਜਾਦੇ ਸ਼ਰਾਬ ਪੀ ਕੇ, ਖ਼ਾਲੀ ਬੋਤਲਾਂ, ਚਾਹ ਠੰਡੇ ਦੇ ਕੱਪ ਖਲਾਰ ਕੇ ਘਰੀਂ ਪਰਤ ਜਾਂਦੇ ਨੇ ਅਤੇ ਬਹੁਤੀ ਵਾਰ ਤਾਂ ਸ਼ਿਵ ਦੀ ਬਰਸੀ ਮਨਾਉਣ ਵੀ ਕੋਈ ਨਹੀਂ ਆਉਂਦਾ।

ਮੈਂ ਜਦੋਂ ਵੱਕਾਰੀ ਸਾਹਿਤਕ ਸੰਸਥਾ 'ਸ਼ਿਵ ਸਨੇਹੀ ਸਾਹਿਤ ਸਭਾ' ਦੇ ਆਨਰੇਰੀ ਸਕੱਤਰ ਡਾ. ਸਤਨਾਮ ਸਿੰਘ ਨਿੱਜਰ ਜਿਹਨਾਂ ਦਾ ਵੱਡ-ਅਕਾਰੀ ਹਸਪਤਾਲ ਇਸ ਐਡੀਟੋਰੀਅਮ ਦੇ ਬਿਲਕੁਲ ਸਾਹਮਣੇ ਹੈ; ਨੂੰ ਮਿਲਿਆ ਤਾਂ ਉਹਨਾਂ ਕਿਹਾ ਕਿ ਅਸੀਂ ਇਸ ਆਡੀਟੋਰੀਅਮ (ਸ਼ਿਵ ਦੀ ਯਾਦ) ਨੂੰ ਜਿਉਂਦਾ ਰੱਖਣ ਦੇ ਚਾਹਵਾਨ ਹਾਂ ਅਤੇ ਕੁਝ ਸਮਾਂ ਇਸ ਦੀ ਚਾਬੀ ਵੀ ਉਹਨਾਂ ਪਾਸ ਰਹੀ। ਇੱਕ ਪ੍ਰਾਈਵੇਟ ਚੌਕੀਦਾਰ ਵੀ ਰੱਖਿਆ ਅਤੇ 3.50 ਲੱਖ ਰੁਪਏ ਇਕੱਠੇ ਕਰਕੇ ਆਡੀਟੋਰੀਅਮ ਦੀਆਂ ਸੜਕਾਂ ਬਣਵਾਈਆਂ ਪਰ ਕੁਝ ਲੋਕਾਂ ਦੇ ਵਿਰੋਧ ਕਰਕੇ ਪ੍ਰਸ਼ਾਸ਼ਨ ਨੇ ਇਹ ਚਾਬੀਆਂ ਸਾਥੋਂ ਵਾਪਸ ਲੈ ਲਈਆਂ। ਇਹ ਵੀ ਪਤਾ ਲੱਗਾ ਕਿ ਦੋ ਸਾਲ ਪਹਿਲਾਂ 5 ਲੱਖ ਰੁਪਏ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਰਾਜ ਸਰਕਾਰ ਪਾਸੋਂ, 50 ਹਜ਼ਾਰ ਸੇਵਾ ਸਿੰਘ ਸੇਖਵਾਂ ਮੰਤਰੀ ਪੰਜਾਬ, 50 ਹਜ਼ਾਰ ਨਿਰਮਲ ਸਿੰਘ ਕਾਹਲੋਂ ਵੱਲੋਂ ਇਸ ਆਡੀਟੋਰੀਅਮ ਨੂੰ ਮੁਕੰਮਲ ਕਰਨ ਲਈ ਆਏ ਸਨ ਪਰ ਇਹ ਰਾਸ਼ੀ ਗਈ ਕਿਥੇ ਇਸ ਬਾਰੇ ਉਘ-ਸੁੱਘ ਨਹੀਂ ਨਿਕਲੀ। ਡਾ. ਨਿੱਜਰ ਨੇ ਕਿਹਾ ਕਿ ਕਰੀਬ ਇੱਕ ਏਕੜ ਵਿੱਚ ਬਣਿਆ ਸ਼ਿਵ ਆਡੀਟੋਰੀਅਮ ਦਾ ਨਕਸ਼ਾ ਅਤੀ ਅਧੁਨਿਕ ਹੈ ਜਿਸ ਵਿੱਚ ਦੂਰੋਂ ਆਏ ਸਾਹਿਤਕਾਰਾਂ ਲਈ ਠਹਿਰਣ ਲਈ ਕਮਰੇ, ਲਾਇਬਰੇਰੀ ਲਈ ਕਮਰੇ, ਆਰਟ ਗੈਲਰੀ ਆਦਿ ਅਨੇਕਾਂ ਸਹੂਲਤਾਂ ਦੀ ਵਿਵਸਥਾ ਹੈ ਜਿਸ ਨੂੰ ਮੁਕੰਮਲ ਕਰਨਾ ਸ਼ਿਵ ਯਾਦਗਾਰ ਕਮੇਟੀ ਦੇ ਚੇਅਰਮੈਨ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਉਪ ਚੇਅਰਮੈਨ ਐਸੱ.ਡੀ.ਐਮ. ਬਟਾਲਾ ਦੀ ਮੁੱਖ ਜਿੰਮੇਵਾਰੀ ਹੈ। ਉਹਨਾਂ ਕਿਹਾ ਕਿ ਪ੍ਰਸ਼ਾਸ਼ਨ ਨੂੰ ਚਾਹੀਦਾ ਹੈ ਕਿ ਉਹ ਹਰੇਕ ਸਭਾ ਦਾ ਇੱਕ-ਇੱਕ ਪ੍ਰਤੀਨਿਧੀ ਮੈਂਬਰ ਲੈ ਕੇ ਸੈਂਟਰ ਬਾਡੀ ਬਣਾਵੇ ਜਿਹੜੀ ਸੰਸਾਰ ਪ੍ਰਸਿੱਧ ਪੰਜਾਬੀ ਸ਼ਾਇਰ ਸ਼ਿਵ ਦੀ ਬਰਸੀ ਨੂੰ ਪ੍ਰੋਫੈਸਰ ਮੋਹਣ ਸਿੰਘ ਲੁਧਿਆਣਾ ਮੇਲੇ ਵਾਂਗ ਮਨਾਵੇ। ਜਿਸ ਵਿੱਚ ਪ੍ਰਮੁੱਖ ਸ਼ਾਇਰਾਂ ਅਤੇ ਨਵੇਂ ਉਭਰਦੇ ਕਵੀਆਂ ਨੂੰ ਉਤਸਾਹਿਤ ਕਰਨ ਲਈ ਸ਼ਿਵ ਦੇ ਯਾਦਗਾਰੀ ਚਿੰਨ੍ਹ ਭੇਟ ਕਰੇ ਅਤੇ ਇਹ ਸਾਰਾ ਕੁਝ ਤੱਦ ਹੀ ਸੰਭਵ ਹੋ ਸਕਦਾ ਹੈ ਜੇਕਰ ਪ੍ਰਸ਼ਾਸ਼ਨ, ਪੰਜਾਬੀ ਕਵੀ ਲੇਖਕ ਤੇ ਬੁੱਧੀਜੀਵੀ ਇਸ ਬਾਰੇ ਵਿਸ਼ੇਸ਼ ਠੋਸ ਉਪਰਾਲੇ ਕਰਨ।

ਪ੍ਰਸਿੱਧ ਸਾਹਿਤਕਾਰ ਅੰਕੁਰ ਪ੍ਰੈਸ ਦੇ ਮਾਲਕ ਤੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਆਗੂ ਸ੍ਰੀ ਦਵਿੰਦਰ ਦੀਦਾਰ ਨੇ ਕਿਹਾ ਕਿ ਸ਼ਿਵ ਦੇਸ਼ ਅੰਦਰ ਵੱਜੀ ਸਰਹੱਦ ਦੀ ਲਕੀਰ ਨੂੰ ਟੱਪ ਗਿਆ ਹੈ, ਪਾਕਿਸਤਾਨੀ ਗਾਇਕ ਪਰਵੇਜ, ਨੁਸਰਤ ਫਤਹਿ ਅਲੀ ਖਾਂ ਨੇ ਗਾ ਕੇ ਉਸ ਦੀਆਂ ਕਾਵਿ ਰਚਨਾ ਨੂੰ ਹੋਰ ਮਕਬੂਲੀਅਤ ਦਿੱਤੀ ਹੈ। ਪਰ ਬਟਾਲੇ ਨੇ ਉਸ ਦੀ ਯਾਦ ਸਾਂਭਣ ਵਿੱਚ ਤਰਦੱਦ ਨਹੀਂ ਕੀਤਾ ਜਿਹੜਾ ਕਿ ਬਹੁਤ ਜ਼ਰੂਰੀ ਸੀ। ਜਦੋਂ ਉਹਨਾਂ ਪਾਸੋਂ ਪੁੱਛਿਆ ਗਿਆ ਕਿ ਤੁਹਾਡੀ ਸਭਾ ਇਹ ਦਾਅਵਾ ਕਰਦੀ ਹੈ ਕਿ ਸ਼ਿਵ ਦੀ ਬਰਸੀ ਉਹ ਹਰ ਸਾਲ ਮਨਾਉਂਦੀ ਹੈ ਇਸ ਵਾਰ ਅਜੇ ਤੱਕ ਕਿਉਂ ਨਹੀਂ? ਉਹਨਾਂ ਕਿਹਾ ਕਿ ਕੁਝ ਰੁਝੇਵਿਆਂ ਕਾਰਨ ਅਜਿਹਾ ਹੋ ਨਹੀਂ ਸਕਿਆ।

ਮੈਂ ਸ਼ਿਵ ਸਨੇਹੀ ਸਾਹਿਤ ਸਭਾ ਦੇ ਪ੍ਰਧਾਨ ਪ੍ਰਸਿੱਧ ਪੰਜਾਬੀ ਕਵੀ ਡਾਕਟਰ ਰਵਿੰਦਰ ਸਿੰਘ ਨੂੰ ਉਹਨਾਂ ਦੇ ਹਸਪਤਾਲ ਬਟਾਲੇ 'ਚ ਵੀ ਮਿਲਿਆ। ਨਿਮਰਤਾ ਤੇ ਸਲੀਕੇ ਨਾਲ ਪੇਸ਼ ਆਉਣ ਵਿੱਚ ਮਾਹਿਰ ਡਾ. ਰਵਿੰਦਰ ਨੇ ਦੱਸਿਆ ਕਿ ਸ਼ਿਵ ਦੀ ਬਰਸੀ ਆਡੀਟੋਰੀਅਮ ਵਿੱਚ ਮਨਾਈ ਨਹੀਂ ਜਾ ਸਕਦੀ ਕਿਉਂਕਿ ਉਥੇ ਨਾ ਤਾਂ ਸਾਊਂਡ ਹੈ ਅਤੇ ਨਾ ਹੀ ਸੀਟਾਂ, ਪੱਖੇ ਜਾਂ ਲਾਈਟ ਆਦਿ ਦਾ ਪ੍ਰਬੰਧ ਹੈ। ਉਹਨਾਂ ਆਡੀਟੋਰੀਅਮ ਬਣਾਉਣ ਵਿੱਚ ਪ੍ਰਸ਼ਾਸ਼ਨ ਵੱਲੋਂ ਸ੍ਰੀ ਏ.ਕੇ ਕੁੰਦਰਾ ਸਾਬਕਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਜਿਹੜੇ ਕਿ ਸ਼ਿਵ ਦੇ ਉਪਾਸ਼ਕ ਸਨ, ਵੱਲੋਂ ਪਾਏ ਯੋਗਦਾਨ ਬਾਰੇ ਦੱਸਿਆ ਕਿ ਉਹਨਾਂ

ਗ੍ਰਾਂਟ ਰਲੀਜ਼ ਕੀਤੀ ਅਤੇ ਰਵਨੀਤ ਕੌਰ ਸਾਬਕਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਵੀ ਆਪਣੀ ਨਿਗਰਾਨੀ ਹੇਠ ਆਡੀਟੋਰੀਅਮ ਦਾ ਕੰਮਕਾਜ ਕਰਵਾਇਆ।

ਇਸ ਤੋਂ ਇਲਾਵਾ ਸ੍ਰੀ ਜੇ.ਪੀ. ਸਿੰਘ ਐਸ.ਡੀ.ਐਮ. ਬਟਾਲਾ ਜਿਹੜੇ ਕਿ ਆਪ ਵੀ ਸ਼ਾਇਰ ਸਨ ਨੇ ਆਪਣੇ ਕਾਰਜ ਕਾਲ 'ਚ ਲੋੜੀਂਦੀ ਦਿਲਚਸਪੀ ਵਿਖਾਈ ਪਰ ਹੁਣ ਦਾ ਪ੍ਰਸ਼ਾਸ਼ਨ ਐਡੀਟੋਰੀਅਮ ਨੂੰ ਮੁਕੰਮਲ ਕਰਨ ਵਿੱਚ, ਬਹੁਤੀ ਦਿਲਚਸਪੀ ਨਹੀਂ ਲੈ ਰਿਹਾ ।

ਸ਼ਿਵ ਦੇ ਆਸ਼ਕ, ਉਪਾਸ਼ਕ ਅਤੇ ਬਚਪਨ ਦੇ ਮਿੱਤਰ ਸ੍ਰੀ ਮਨਮੋਹਨ ਕਪੂਰ ਜਿਹੜੇ ਨਗਰ ਪਾਲਿਕਾ ਗੁਰਦਾਸਪੁਰ 'ਚ ਸੁਪਰੀਡੈਂਟ ਹਨ ਤੇ ਬਟਾਲੇ ਰਹਿੰਦੇ ਹਨ ਨੇ ਇਹ ਦਾਅਵਾ ਕੀਤਾ ਕਿ ਉਸ ਨੇ ਸ਼ਿਵ ਨੂੰ ਸਭ ਤੋਂ ਵੱਧ ਗਾਇਆ ਹੈ। ਉਨ੍ਹਾਂ ਦੱਸਿਆ ਕਿ 1962 ਵਿੱਚ ਭਾਰਤ-ਚੀਨ ਜੰਗ ਵੇਲੇ ਦਿੱਲੀ ਵਿਖੇ ਆਲ ਇੰਡੀਆ ਪੱਧਰ ਦਾ ਮੁਸ਼ਾਇਰਾ ਹੋਇਆ ਸੀ ਜਿੱਥੇ ਸ਼ਿਵ ਨੇ ਆਪਣੀ ਕਵਿਤਾ 'ਜ਼ਖ਼ਮ' ਸੁਰੀਲੀ ਆਵਾਜ਼ ਵਿੱਚ ਗਾਈ ਅਤੇ ਰੇਡੀਓ ਉਪੱਰ ਬਰਾਡਕਾਸਟ ਵੇਲੇ ਅਨਾਉਂਸਰ ਨੇ ਦੱਸਿਆ ਕਿ ਇਹ ਕਵਿਤਾ ਸ਼ਿਵ ਬਟਾਲਵੀ ਨੇ ਲਿਖੀ ਜਿਹੜੀ ਉਹ ਖ਼ੁਦ ਗਾ ਕੇ ਸੁਣਾ ਰਹੇ ਹਨ । ਉਹਨਾਂ ਕਿਹਾ ਕਿ ਅਸੀਂ ਉਹਨਾਂ ਦਿਨਾਂ ਵਿੱਚ ਬੈਰਿੰਗ ਕਾਲਜ ਬਟਾਲੇ 'ਚ ਪੜ੍ਹਦੇ ਹੁੰਦੇ ਸਾਂ ਅਤੇ ਸ਼ਿਵ ਬਟਾਲਵੀ ਦਾ ਨਾਂ ਸੁਣ ਕੇ ਸਾਨੂੰ ਹੈਰਾਨੀ ਹੋਈ ਕਿ ਇਹ ਕਿਹੜਾ ਏਨਾ ਵਧੀਆ ਸ਼ਾਇਰ ਹੈ ਜਿਸ ਦੀ ਆਵਾਜ਼ 'ਚ ਇੱਕ ਅਜੀਬ ਜਾਦੂ ਹੈ ਤੇ ਜਿਹੜਾ ਬਟਾਲੇ ਦਾ ਹੈ। ਉਨ੍ਹਾਂ ਦਸਿਆ ਕਿ ਪਤਾ ਲੱਗਣ ਤੇ ਅਸੀਂ ਉਸ ਨੂੰ ਹਰ ਹਫ਼ਤੇ ਕਾਲਜ ਦੀ ਕੰਨਟੀਨ 'ਚ ਸੱਦਦੇ ਤੇ ਕਵਿਤਾਵਾਂ ਦਾ ਆਨੰਦ ਮਾਣਦੇ । ਉਹਨਾਂ ਕਿਹਾ ਕਿ ਪੰਜਾਬੀ ਸਾਹਿਤ 'ਚ ਬਟਾਲੇ ਦਾ ਨਾਂ ਦੁਨੀਆ ਤੱਕ ਸ਼ਿਵ ਨੇ ਆਪਣੇ ਨਾਂ ਨਾਲ ਪਹੁੰਚਾਇਆ। ਸ੍ਰੀ ਕਪੂਰ ਨੇ ਕਿਹਾ ਕਿ ਸ਼ਿਵ ਦਾ ਰੰਗ ਕਣਕਵੰਨਾ, ਕੱਪੜੇ ਸੋਹਣੇ, ਸਰੀਰੋਂ ਪਤਲਾ, ਵਾਲ ਘੁੰਗਰਾਲੇ, ਖ਼ੂਬਸੂਰਤ, ਦਿਲਕਸ਼ ਆਵਾਜ਼ ਅਤੇ ਤਰਨੰਮ ਵਿੱਚ ਆਪਣਾ ਕਲਾਮ ਪੇਸ਼ ਕਰਨਾ ਉਸ ਵਿੱਚ ਇਹ ਖੂਬੀਆਂ ਸਨ। । ਕਵੀ ਦਰਬਾਰਾਂ ਵਿੱਚ ਉਸ ਦੀ ਮੰਗ ਬੜੀ ਸੀ ਅਤੇ ਬਰਕਤ ਯੁਮਨ ਆਖਦੇ ਹੁੰਦੇ ਸਨ ਕਿ ਸ਼ਿਵ ਮੇਰਾ ਅਸਲ ਸ਼ਾਗਿਰਦ ਹੈ। ਉਹਨਾਂ ਕਿਹਾ ਕਿ ਆਪ ਲਿਖਣਾ, ਆਪ ਗਾਉਣਾ ਤੇ ਹਰ ਵਾਰ ਨਵੀਂ ਰਚਨਾ ਲਿਖਣੀ ਇਹ ਵੀ ਸ਼ਿਵ ਵਿੱਚ ਇੱਕ ਚੰਗੀ ਗੱਲ ਸੀ

ਪੰਜਾਬੀ ਸਾਹਿਤ ਮੰਚ ਬਟਾਲਾ ਦੇ ਪ੍ਰਧਾਨ ਪਿਆਰਾ ਸਿੰਘ ਟਾਂਡਾ ਨੇ ਸ਼ਿਵ ਬਾਰੇ ਕਿਹਾ ਕਿ ਪੰਜਾਬੀ ਜੁਬਾਨ ਦੇ ਹੁਣ ਤੱਕ ਉਹ ਉਚੱ ਕੋਟੀ ਦੇ ਤਿੰਨ ਸ਼ਾਇਰ ਹੀ ਮੰਨਦੇ ਹਨ - ਬਾਬਾ ਨਾਨਕ, ਵਾਰਿਸ਼ ਸ਼ਾਹ ਤੇ ਸ਼ਿਵ ਬਟਾਲਵੀ । ਉਹਨਾਂ ਕਿਹਾ ਕਿ ਸ਼ਿਵ ਨੂੰ ਸ਼ਰਾਬ ਪੀਣ ਦੀ ਪੱਕੀ ਆਦਤ ਪਾਉਣ ਵਿੱਚ 'ਬਟਾਲਾ ਇੰਡਸਟਰੀ' ਦੇ ਮਾਲਕ ਵਧੇਰੇ ਜੁੰਮੇਵਾਰ ਹਨ ਜਿਹੜੇ ਆਪਣੇ ਮਨੋਰੰਜਨ ਲਈ ਉਸ ਨੂੰ ਮਹਿਫ਼ਲਾਂ 'ਚ ਸੱਦਦੇ ਰਹੇ। ਭਾਵੇਂ ਕਿ ਬਟਾਲਾ ਇੰਡਸਟਰੀ ਦੇ ਕੁਝ ਮਾਲਕਾਂ ਨੇ ਸ਼ਿਵ ਦੀ ਯਾਦਗਾਰ ਨੂੰ ਤਾਜਾ ਰੱਖਣ ਲਈ ਆਡੀਟੋਰੀਅਮ ਬਣਾਉਣ ਵਿੱਚ ਆਰਥਿਕ ਸਹਾਇਤਾ ਦਿੱਤੀ ਹੈ ਪਰ ਮੁਕੰਮਲ ਨਾ ਹੋ ਸਕਣ ਦੀ ਘਾਟ ਵੀ ਜ਼ਰੂਰ ਰੜਕਦੀ ਹੈ। ਸ੍ਰੀ ਟਾਂਡਾ ਨਾਲ ਇਸ ਮੌਕੇ ਸਾਹਿਤ ਮੰਚ ਦੇ ਪ੍ਰਮੁੱਖ ਹੈਡ ਮਾਸਟਰ ਸੁਖਦੇਵ ਸਿੰਘ ਪ੍ਰੇਮੀ ਵੀ ਸਨ ਸ੍ਰੀ ਪ੍ਰੇਮੀ ਨੇ ਕਿਹਾ ਕਿ ਜਦੋਂ ਉਹ ਬਟਾਲੇ ਤੋਂ 25 ਕਿਲੋਮੀਟਰ ਦੂਰ ਪਿੰਡ ਅਰਲੀ ਭੰਨ ਵਿੱਚ 1963 'ਚ ਅਧਿਆਪਕ ਲੱਗੇ ਸਨ ਤਾਂ ਪਿੰਡ 'ਚ ਜੋਗਿੰਦਰ ਨਾਥ ਚੱਢਾ ਦੇ ਘਰ ਸ਼ਿਵ ਬਟਾਲਵੀ ਇੱਕ ਕਮਰੇ 'ਚ ਕਿਰਾਏ ਤੇ ਰਹਿੰਦਾ ਹੁੰਦਾ ਸੀ ਅਤੇ ਸ਼ਿਵ ਇਸ ਇਲਾਕੇ 'ਚ ਪਟਵਾਰੀ ਵੱਜੋਂ ਨੌਕਰੀ ਕਰਦਾ ਹੁੰਦਾ ਸੀ ਪਰ ਜਿਆਦਾ ਸਮਾਂ ਉਹ ਆਪਣੀਆਂ ਲਿਖਤਾਂ ਵਿੱਚ ਹੀ ਰੁੱਝਾ ਰਹਿੰਦਾ ਸੀ ।

ਪ੍ਰਸਿੱਧ ਆਲੋਚਕ ਡਾ. ਅਨੂਪ ਸਿੰਘ ਜਿਹੜੇ ਕਿ ਪੰਜਾਬੀ ਸਾਹਿਤ ਮੰਚ ਬਟਾਲਾ ਦੇ ਜਨਰਲ ਸਕੱਤਰ ਹਨ, ਨੇ ਕਿਹਾ ਕਿ ਸ਼ਿਵ ਯਾਦਗਾਰ ਕਮੇਟੀ ਜਿਸ ਦੇ ਚੇਅਰਮੈਨ ਡਿਪਟੀ ਕਮਿਸ਼ਨਰ ਤੇ ਉਪ ਚੇਅਰਮੈਨ ਐਸੱ.ਡੀ.ਐਮ. ਬਟਾਲਾ ਹਨ ਬਕਾਇਦਾ ਤੌਰ ਤੇ ਕਮੇਟੀ ਦਾ ਵਿਧੀ ਵਿਧਾਨ ਬਣਾਉਣ, ਇਸ ਦੇ ਚੋਣ ਢੰਗ ਨੂੰ ਜਮਹੂਰੀ ਬਣਾਉਣ ਅਤੇ ਇਸ ਕਮੇਟੀ ਦਾ ਨਿਸਚਤ ਕਾਰਜਕਾਲ ਹੋਵੇ ਜਿਹੜੀ ਸ਼ਿਵ ਦੀ ਯਾਦ ਵਿੱਚ ਬਣ ਰਹੇ ਆਡੀਟੋਰੀਅਮ ਨੂੰ ਮੁਕੰਮਲ ਕਰਵਾਉਣ ਵਿੱਚ ਆਪਣੀ ਅਸਰਦਾਰ ਭੂਮਿਕਾ ਨਿਭਾਵੇ। ਉਹਨਾਂ ਕਿਹਾ ਕਿ ਆਡੀਟੋਰੀਅਮ ਉਪੱਰ ਹੁਣ ਤੱਕ ਅੱਧਾ ਕਰੋੜ ਕੇਵਲ ਕਾਗਜ਼ਾਂ ਵਿੱਚ ਹੀ ਲੱਗਾ ਹੈ ਅਤੇ ਸ਼ਿਵ ਦੀ ਯਾਦ ਬਣਾਉਣ ਦੇ ਨਾਂ ਹੇਠ ਕੇਵਲ ਭ੍ਰਿਸ਼ਟਾਚਾਰ ਹੀ ਹੋ ਰਿਹਾ ਹੈ। ਨਾ ਇਹ ਹਾਲ ਸਰਕਾਰੀ ਹੈ ਅਤੇ ਨਾ ਹੀ ਪ੍ਰਾਈਵੇਟ ।

ਇਸ ਸਰਹੱਦੀ ਜ਼ਿਲ੍ਹੇ ਦੀਆਂ ਸਾਰੀਆਂ ਸਰਗਰਮ ਸਾਹਿਤ ਸਭਾਵਾਂ ਦੀ ਨੁਮਾਇੰਦਗੀ ਕਰਦੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਕਨਵੀਨਰ ਮੱਖਣ ਸਿੰਘ ਕੁਹਾੜ ਨੇ ਕਿਹਾ ਕਿ ਉਹ ਸ਼ਿਵ ਯਾਦਗਾਰੀ ਕਮੇਟੀ ਦੇ ਚੇਅਰਮੈਨ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਮਿਲੇ ਸੀ ਤੇ ਸ਼ਿਵ ਦੀ ਸਾਲਾਨਾ ਬਰਸੀ ਮਨਾਉਣ ਅਤੇ ਆਡੀਟੋਰੀਅਮ ਨੂੰ ਮੁਕੰਮਲ ਕਰਵਾਉਣ ਲਈ ਕਿਹਾ ਗਿਆ। ਉਹਨਾਂ ਕਿਹਾ ਕਿ ਪ੍ਰਸ਼ਾਸ਼ਨ ਵੱਲੋਂ ਆਡੀਟੋਰੀਅਮ ਦੇ ਨਾਂ ਤੇ ਢਕੌਂਸਲਾ ਖੜ੍ਹਾ ਕਰਕੇ ਸ਼ਿਵ ਦੇ ਨਾਂ ਤੇ ਲੁੱਟ ਕੀਤੀ ਜਾ ਰਹੀ ਹੈ ਜਿਹੜੀ ਕਿ ਤੁਰੰਤ ਬੰਦ ਹੋਵੇ।

ਬਟਾਲਾ ਦੇ ਵਿਧਾਇਕ ਨੂੰ ਮਿਲ ਕੇ ਉਹਨਾਂ ਤੋਂ ਸ਼ਿਵ ਆਡੀਟੋਰੀਅਮ ਦੇ ਉਜਾੜੇ ਬਾਰੇ ਅਤੇ ਹੁਣ ਤੱਕ ਇਸ ਦੀ ਰਖਵਾਲੀ ਕਰਨ ਲਈ ਇੱਕ ਚੌਕੀਦਾਰ ਦਾ ਪ੍ਰਬੰਧ ਨਾ ਹੋਣ ਦੇ ਕਾਰਨ ਬਾਰੇ ਪੁੱਛਿਆ ਤਾਂ ਉਹਨਾਂ ਨੇ ਰਾਜਨੀਤੀਵਾਨਾਂ ਵਾਲਾ ਜੁਆਬ ਦਿੱਤਾ ਕਿ ''ਮੈਨੂੰ ਕਿਸੇ ਨੇ ਇਸ ਬਾਰੇ ਵਿੱਚ ਦੱਸਿਆ ਹੀ ਨਹੀਂ, ਕਿ ਆਡੀਟੋਰੀਅਮ ਦੀ ਹਾਲਤ ਏਨੀ ਖਸਤਾ ਹੋ ਗਈ ਹੈ, ਉਹ ਕੱਲ੍ਹ ਹੀ ਚੌਕੀਦਾਰ ਦਾ ਪ੍ਰਬੰਧ ਕਰਨਗੇ ਅਤੇ ਸਰਕਾਰ ਪਾਸੋਂ ਪ੍ਰਾਪਤ ਹੋਈ 5 ਲੱਖ ਰੁਪਏ ਦੀ ਗ੍ਰਾਂਟ ਨੂੰ ਸੰਗਤ ਦਰਸ਼ਨ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਪਾਸੋਂ ਇਸ ਨੂੰ 10 ਲੱਖ ਰੁਪਏ ਕਰਵਾ ਕੇ ਆਡੀਟੋਰੀਅਮ ਉਪੱਰ ਲਗਾਉਣਗੇ।'' ਜਦੋਂ ਕਿ ਸ਼ਿਵ ਯਾਦਗਾਰੀ ਕਮੇਟੀ ਦੇ ਡਿਪਟੀ ਚੇਅਰਮੈਨ ਐਸੱ.ਡੀ.ਐਮ. ਬਟਾਲਾ ਨੇ ਇਹ ਕਿਹਾ ਕਿ ਉਹਨਾਂ ਨੂੰ ਸਰਕਾਰ ਦੁਆਰਾ 5 ਲੱਖ ਰੁਪਏ ਦੀ ਗ੍ਰਾਂਟ ਜਾਰੀ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਚੌਕੀਦਾਰ ਰੱਖਣ ਬਾਰੇ ਪ੍ਰਸ਼ਾਸ਼ਨ ਸੋਚ ਰਿਹਾ ਹੈ। ਉਹਨਾਂ ਕਿਹਾ ਕਿ ਉਹਨਾਂ ਦੇ ਮਨ ਦੀ ਇੱਛਾ ਹੈ ਕਿ ਸ਼ਿਵ ਆਡੀਟੋਰੀਅਮ ਛੇਤੀਂ ਮੁਕੰਮਲ ਹੋਵੇ ਜਿੱਥੇ ਬਕਾਇਦਾ ਰੂਪ 'ਚ ਸ਼ਿਵ ਨਾਈਟ ਪ੍ਰੋਗਰਾਮ ਅਤੇ ਸਾਹਿਤਕ ਸਮਾਗਮ ਹੋਣ। ਜਦੋਂ ਲੇਖਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਜਿਹੜੇ ਕਿ ਕਮੇਟੀ ਦੇ ਚੇਅਰਮੈਨ ਹਨ ਨੂੰ ਮਿਲਣ ਲਈ ਉਹਨਾਂ ਦੀ ਸਰਕਾਰੀ ਰਿਹਾਇਸ਼ ਵਿਖੇ ਗਿਆ ਤਾਂ ਉਹਨਾਂ ਦੇ ਪੀ.ਏ. ਨੇ ਮਿਲਣ ਵਾਲੇ ਵਿਸ਼ੇ ਦੀ ਲੇਖਕ ਪਾਸੋਂ ਜਾਣਕਾਰੀ ਲੈ ਕੇ ਡੀ.ਸੀ. ਨਾਲ ਸੰਪਰਕ ਕੀਤਾ ਤਾਂ ਹੁਕਮ ਹੋਇਆ ਕਿ ਸ਼ਿਵ ਆਡੀਟੋਰੀਅਮ ਬਾਰੇ ਮੁਕੰਮਲ ਜਾਣਕਾਰੀ ਲੈਣ ਲਈ ਪੰਚਾਇਤੀ ਰਾਜ ਦੇ ਇੰਜੀਨਿਅਰ ਪਾਸੋਂ ਸਬੰਧਤ ਫਾਈਲ ਵੇਖਣ ਉਪਰੰਤ ਹੀ ਲੇਖਕ ਨੂੰ ਸਮਾਂ ਦਿੱਤਾ ਜਾਵੇ। ਪੀ.ਏ. ਨੇ ਪਤਾ ਕਰਕੇ ਇਸ ਲੇਖਕ ਨੂੰ ਦੱਸਿਆ ਕਿ ਉਕਤ ਇੰਜੀਨਿਅਰ ਛੁੱਟੀ ਤੇ ਹਨ ਇਸ ਲਈ ਸੋਮਵਾਰ ਨੂੰ ਡੀ.ਸੀ. ਸਾਹਿਬ ਸਬੰਧਤ ਫਾਈਲ ਮੰਗਵਾ ਕੇ ਵਾਚਣਗੇ ਅਤੇ ਫਿਰ ਤੁਹਾਡੇ ਵੱਲੋਂ ਸਮਾਂ ਦੇਣ ਦੀ ਮੰਗ ਕਰਨ ਤੇ ਉਹ (ਡੀ.ਸੀ. ਸਾਹਿਬ) ਰੁਝੇਂਵੇ ਵੇਖ ਕੇ ਤੁਹਾਨੂੰ ਸਮਾਂ ਦੇਣਗੇ। ਮੈਂ ਮਹਿਸੂਸ ਕੀਤਾ ਕਿ ਅਜਿਹਾ ਹੋਣ ਤੇ ਸ਼ਿਵ ਬਾਰੇ ਇਹ ਆਰਟੀਕਲ ਸ਼ਾਇਦ ਮੁਕੰਮਲ ਹੀ ਨਾ ਹੋ ਸਕੇ ।

ਸ਼ਿਵ ਦਾ ਸ਼ਹਿਰ ਬਟਾਲੇ ਲੋਹਾ ਇੰਡਸਟਰੀ ਵਿੱਚ ਫੈਲਿਆ ਹੋਣ ਕਾਰਨ ਇੰਡਸਟਰੀ ਮਾਲਕਾਂ ਨਾਲ ਸ਼ਿਵ ਦੀ ਕਾਫੀ ਬਣਦੀ ਸੀ। ਹਿੰਦ ਫਾਉਂਡਰੀ ਦੇ ਮਾਲਕ ਤੇ ਫੈਕਟਰੀ ਐਸੋਸੀਏਸ਼ਨ ਬਟਾਲਾ ਦੇ ਪ੍ਰਧਾਨ ਜੇ.ਸੀ. ਸ਼ੁਕਲਾ ਸ਼ਿਵ ਦੇ ਪੁਰਾਣੇ ਮਿੱਤਰਾਂ 'ਚੋਂ ਹਨ। ਉਹਨਾਂ ਕਿਹਾ ਕਿ ਉਹਨਾਂ ਦਿਨਾਂ ਵਿੱਚ ਸ਼ਿਵ ਨੇ ਹਫ਼ਤੇ 'ਚ ਘੱਟੋ ਘੱਟ ਇੱਕ ਦੋ ਵਾਰ ਨਵੀਆਂ ਕਵਿਤਾਵਾਂ ਲੈ ਕੇ ਐਸੋਸੀਏਸ਼ਨ ਦੇ ਇਕੱਠ 'ਚ ਸੁਣਾਉਣ ਆਉਣਾ ਜਿਸ ਨੂੰ ਸੁਣ ਕੇ ਸਾਰਿਆਂ ਝੂਮ ਉਠੱਣਾ । ਉਹਨਾਂ ਕਿਹਾ ਕਿ ਉਸ ਵੇਲੇ ਪੰਜਾਬ ਵਜਾਰਤ ਵਿੱਚ ਪੰਡਤ ਮੋਹਨ ਲਾਲ ਮੰਤਰੀ ਸਨ ਤੇ ਬਟਾਲੇ ਅਕਸਰ ਆਉਂਦੇ ਸਨ ਤੇ ਸ਼ਿਵ ਦਾ ਉਹਨਾਂ ਨਾਲ ਮੇਲ ਹੋ ਗਿਆ ਅਤੇ ਸ਼ਿਵ ਦਿਨਾਂ ਵਿੱਚ ਹੀ ਪੰਜਾਬ, ਦੇਸ਼ ਤੇ ਵਿਦੇਸ਼ਾਂ ਵਿੱਚ ਬ੍ਰਿਹਾ ਦੇ ਸੁਲਤਾਨ ਵੱਜੋਂ ਜਾਣਿਆ ਜਾਣ ਲੱਗ ਪਿਆ। ਉਹਨਾਂ ਕਿਹਾ ਕਿ ਬਟਾਲਾ ਇੰਡਸਟਰੀ ਨੇ ਸ਼ਿਵ ਆਡੀਟੋਰੀਅਮ ਉਪੱਰ 18 ਲੱਖ ਰੁਪਏ ਲਾ ਕੇ ਇਸ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ। ਜੇਕਰ ਬਟਾਲਾ ਇੰਡਸਟਰੀ ਵਿੱਚ ਪਹਿਲਾਂ ਜਿੰਨੀ ਹੁਣ ਵੀ ਜਾਨ ਹੁੰਦੀ ਤਾਂ ਇਸ ਨੂੰ ਮੁਕੰਮਲ ਕਰਨਾ ਉਹਨਾਂ ਲਈ ਕੋਈ ਔਖਾ ਕਾਰਜ ਨਹੀਂ ਹੈ। ਉਹਨਾਂ ਕਿਹਾ ਕਿ ਭਾਵੇਂ ਬਟਾਲੇ ਇੰਡਸਟਰੀ ਨੇ ਏਨੀ ਵੱਡੀ ਰਕਮ ਲਾ ਕੇ ਐਸੋਸੀਏਸ਼ਨ ਦਾ ਪੱਥਰ ਆਦਿ ਨਹੀਂ ਲਾਇਆ ਪਰ ਲੋਕ ਜਾਣਦੇ ਹਨ ਕਿ ਇੰਡਸਟਰੀ ਮਾਲਕਾਂ ਨੇ ਕਿੰਨੀ ਮਦਦ ਕੀਤੀ ਹੈ। ਉਹਨਾਂ ਇਹ ਵੀ ਇਤਰਾਜ ਕੀਤਾ ਕਿ ਭੁਪਿੰਦਰ ਸਿੰਘ ਮਾਨ ਰਾਜ ਸਭਾ ਦੀ ਮੈਂਬਰੀ ਦੌਰਾਨ ਵੱਲੋਂ ਆਪਣੇ ਅਖਤਿਆਰੀ ਫੰਡ 'ਚੋਂ 10 ਲੱਖ ਲਾ ਕੇ ਨਾਮੀ ਪੱਥਰ 1997 ਵਿੱਚ ਲਗਵਾਇਆ ਗਿਆ। ਸ੍ਰੀ ਸ਼ੁਕਲਾ ਨੇ ਇਹ ਰੋਸ ਕੀਤਾ ਕਿ ਸ਼ਿਵ ਯਾਦਗਾਰ ਕਮੇਟੀ ਦੇ ਉਹ ਵਾਇਸ ਪ੍ਰੈਜੀਡੈਂਟ ਹੋਣ ਦੇ ਨਾਤੇ ਪਹਿਲਾਂ ਉਹਨਾਂ ਦੇ ਅਤੇ ਐਸ.ਡੀ.ਐਮ. ਬਟਾਲਾ ਦੇ ਚੈਕ ਉਪੱਰ ਦਸਤਖਤ ਹੁੰਦੇ ਹਨ। ਹੁਣ ਇਹ ਸਿਸਟਮ ਪ੍ਰਸ਼ਾਸ਼ਨ ਨੇ ਖ਼ਤਮ ਕਰ ਦਿੱਤਾ ਹੈ। ਜਿਸ ਕਾਰਨ ਹੁਣ ਉਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਕਿੰਨਾ ਕੰਮ ਹੁਣ ਤੱਕ ਹੋਇਆ ਅਤੇ ਕਿੰਨੀ ਰਾਸ਼ੀ ਨਾਲ ਹੋਇਆ ।

ਇਸ ਉਪਰੰਤ ਮੈਂ ਸ਼ਿਵ ਦਾ ਮੁਹੱਲਾ ਪ੍ਰੇਮ ਨਗਰ (ਬਟਾਲਾ) ਵਿੱਚ ਇੱਕ ਮੰਦਰ ਦੇ ਕੋਲ ਭੀੜੀ ਗਲੀ ਵਿੱਚ ਬਣੇ ਪੁਰਾਣੇ ਨਿੱਕੇ ਘਰ ਵਿੱਚ ਗਿਆ ਜਿੱਥੇ ਅੱਜ ਕੱਲ੍ਹ ਸ਼ਿਵ ਦੀ ਵੱਡੀ ਭਰਜਾਈ ਸ੍ਰੀਮਤੀ ਕੈਲਾਸ਼ ਕੁਮਾਰੀ ਹੀ ਰਹਿੰਦੀ ਹੈ ਅਤੇ ਉਸ ਦੇ ਨੂੰਹ-ਪੁੱਤਰ ਪਠਾਨਕੋਟ ਰਹਿੰਦੇ ਹਨ। ਉਸ ਨੇ ਦੱਸਿਆ ਕਿ ਸ਼ਿਵ ਦੀ ਪਤਨੀ ਅਰੁਣ ਬਟਾਲਵੀ ਪਟਿਆਲਾ ਯੂਨੀਵਰਸਿਟੀ ਵਿੱਚ ਸਰਵਿਸ ਕਰਦੀ ਹੈ ਜਦੋਂ ਕਿ ਲੜਕਾ ਮਿਹਰਬਾਨ ਤੇ ਲੜਕੀ ਪੂਜਾ ਦਾ ਹੁਣ ਵਿਆਹ ਹੋ ਚੁੱਕਾ ਹੈ। ਕੈਲਾਸ਼ ਕੁਮਾਰੀ ਨੇ ਰੋਸ ਜ਼ਾਹਿਰ ਕੀਤਾ ਕਿ ਸ਼ਿਵ ਦੀ ਯਾਦਗਾਰ ਬਣਨ ਤੋਂ ਪਹਿਲਾਂ ਹੀ ਢੱਠ ਰਹੀ ਹੈ ਤੇ ਸਾਨੂੰ ਕਿਸੇ ਵੀ ਪ੍ਰੋਗਰਾਮ ਵਿੱਚ ਨਹੀਂ ਸੱਦਿਆ ਜਾਂਦਾ। ਉਸ ਨੇ ਕਿਹਾ ਕਿ ਸਾਨੂੰ ਤਾਂ ਲੋਕਾਂ ਨੇ ਜੀਂਦੇ ਹੀ ਮਾਰ ਰੱਖਿਆ ਹੈ। ਕੈਲਾਸ਼ ਨੇ ਬੇਨਤੀ ਕੀਤੀ ਕਿ ਉਸ ਦੇ ਇਕਲੌਤੇ ਪੁੱਤਰ ਦੀ ਭਿਆਨਕ ਬਿਮਾਰੀ ਦੇ ਇਲਾਜ ਲਈ ਸਰਕਾਰ ਕੋਲੋਂ ਮਦਦ ਦੁਆਉਣ ਲਈ ਯਤਨ ਕੀਤੇ ਜਾਣ। ਕੈਲਾਸ਼ ਨੇ ਦੱਸਿਆ ਕਿ ਉਸ ਦੇ ਪਤੀ ਸ਼ੁਰੇਸ਼ ਬਟਾਲਵੀ ਦੀ ਕਾਫੀ ਸਮਾਂ ਪਹਿਲਾਂ ਮੌਤ ਹੋ ਗਈ ਸੀ ਜਦੋਂ ਕਿ ਸ਼ਿਵ ਦਾ ਤੀਸਰਾ ਭਰਾ ਸ਼ੁਭਾਸ਼ ਬਟਾਲਵੀ ਚੰਡੀਗੜ੍ਹ ਵਿਖੇ ਬੈਂਕ ਮੈਨੇਜਰ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਸ਼ਿਵ ਸ਼ਰਾਬੀ ਜ਼ਰੂਰ ਰਹਿੰਦਾ ਸੀ ਪਰ ਉਹ ਚਰਿਤਰ ਪੱਖੋਂ ਉੱਚਾ ਸੀ। ਉਹਨਾਂ ਕਿਹਾ ਕਿ ਸ਼ਿਵ ਉਸ ਨੂੰ ਭਰਜਾਈ ਦੀ ਥਾਂ ਮਾਂ ਦੇ ਬਰਾਬਰ ਸਮਝਦਾ ਰਿਹਾ। ਮੈਂ ਸ਼ਿਵ ਦੇ ਉਸ ਮੇਜ਼ ਦੀ ਫ਼ੋਟੋ ਲਈ ਜਿਸ ਉਪੱਰ ਉਹ ਲਿਖਦਾ ਸੀ ਅਤੇ ਉਹ ਕਮਰਾ ਵੇਖਿਅ ਜਿੱਥੇ ਉਹ ਆਮ ਕਰਕੇ ਰਹਿੰਦਾ ਸੀ।

ਮੈਂ ਜਿਸ ਨੂੰ ਵੀ ਮਿਲਿਆ ਉਸ ਨੇ ਸ਼ਿਵ ਨੂੰ ਵਧੀਆ ਤੇ ਬਟਾਲੇ ਦਾ ਨਾਮ ਉਚਾ ਕਰਨ ਵਾਲਾ ਕਿਹਾ। ਮੈਂ ਸੋਚਿਆ ਕਿ ਜੇਕਰ ਸ਼ਿਵ ਬਾਰੇ ਮੁਕੰਮਲ ਜਾਣਕਾਰੀ ਲੈਣ ਲਈ ਪ੍ਰਸਿੱਧ ਫ਼ੋਟੋ ਪੱਤਰਕਾਰ ਅਤੇ ਸਾਹਿਤ ਕਲਾ ਸੰਸਾਰ ਦੇ ਪ੍ਰਮੁੱਖ ਸ੍ਰੀ ਹਰਭਜਨ ਬਾਜਵਾ ਨੂੰ ਨਾ ਮਿਲਿਆ ਤਾਂ ਗੱਲ ਅਧੂਰੀ ਹੀ ਰਹੇਗੀ। ਉਸ ਨੇ ਆਪਣੀ ਅੱਖੜ ਭਾਸ਼ਾ ਵਿੱਚ ਜਿੱਥੇ ਸਰਕਾਰ ਨੂੰ ਵੀਹ ਫੱਕੜ ਤੋਲੇ ਉਥੇ ਦਰਜਨ ਭਰ ਵੱਖ-ਵੱਖ ਸਾਹਿਤ ਸਭਾਵਾਂ ਨੂੰ ਵੀ ਲੰਮੇ ਹੱਥੀਂ ਲਿਆ। ਉਸ ਦਾ ਕਹਿਣਾ ਸੀ ਕਿ ਸ਼ਿਵ ਦੀ ਯਾਦ ਦੇ ਆਡੀਟੋਰੀਅਮ ਉਤੇ ਜੋ ਹੁਣ ਤੱਕ ਕਰੀਬ ਕਰੋੜ ਰੁਪਏ ਲੱਗ ਚੁੱਕੇ ਹਨ ਅਸਲ 'ਚ ਇਸ ਤੋਂ ਤੀਜਾ ਹਿੱਸਾ ਵੀ ਨਹੀਂ ਲੱਗਾ। ਬਾਕੀ ਚੋਰ ਖਾ ਗਏ ਤੇ ਹੁਣ ਵੀ ਖਾ ਰਹੇ ਨੇ ਪਰ ਇਸ ਦਾ ਹੱਲ ਉਸ ਕੋਲ ਵੀ ਨਹੀਂ ਸੀ। ਸਿਵਾਏ ਸ਼ਿਵ ਦੀਆਂ ਕੁਝ ਭੇਤਭਰੀਆਂ ਤੇ ਅਛੋਹ ਯਾਦਾਂ ਦੇ । ਉਸ ਨੇ ਦਾਅਵਾ ਕੀਤਾ ਕਿ ਮਨਮੋਹਣ ਸਿੰਘ ਆਈ.ਏ.ਐਸ. ਵੀ ਅਤੇ ਹੋਰ ਲੋਕ ਵੀ ਸ਼ਿਵ ਦੀ ਮੌਤ ਦੀ ਤਰੀਖ 6-7 ਦੀ ਰਾਤ ਦੱਸਦੇ ਹਨ ਜਦੋਂ ਕਿ ਉਹ 5-6 ਮਈ ਦੀ ਰਾਤ ਨੂੰ ਮਰਿਆ ਸੀ। ਉਹਨਾਂ ਕਿਹਾ ਕਿ ਗੁਰਦੇ ਖ਼ਰਾਬ ਹੋਣ ਕਾਰਨ ਡਾਕਟਰਾਂ ਨੇ ਉਸ ਨੂੰ ਹੋਰ ਸ਼ਰਾਬ ਪੀਣ ਤੋਂ ਮਨ੍ਹਾ ਕੀਤਾ ਹੋਇਆ ਸੀ ਪਰ ਉਹ ਫਿਰ ਵੀ ਸ਼ਰਾਬ ਪੀਂਦਾ ਰਿਹਾ । ਸ੍ਰੀ ਬਾਜਵਾ ਨੇ ਕਿਹਾ ਕਿ 5 ਮਈ ਨੂੰ ਸਵੇਰੇ ਗੁਰਬਚਨ ਸਿੰਘ ਰਮਜੀ ਪਟਵਾਰੀ ਤੇ ਵਿਰਸਾ ਸਿੰਘ ਮੱਲੀ ਗਰਦੋਰ ਸ਼ਿਵ ਦਾ ਪਤਾ ਲੈਣ ਉਸ ਦੇ ਘਰ ਬਟਾਲੇ ਗਏ। ਸ਼ਿਵ ਘਰੋਂ ਉਹਨਾਂ ਨੂੰ ਸਟੇਸ਼ਨ ਤੱਕ ਛੱਡਣ ਦਾ ਬਹਾਨਾ ਬਣਾ ਕੇ 'ਗੁਲੇਰੀ ਹੋਟਲ' ਵਿੱਚ ਲੈ ਵੜਿਆ। ਜਿੱਥੇ ਉਹਨਾਂ ਤਿੰਨਾਂ ਨੇ ਇੱਕ ਬੋਤਲ ਸ਼ਰਾਬ ਦੀ ਪੀਤੀ ਅਤੇ ਬਾਅਦ 'ਚ ਰਮਜੀ ਤੇ ਮਲ੍ਹੀ ਚਲੇ ਗਏ। ਹੋਟਲ 'ਚੋਂ ਬਾਹਰ ਦੇਸ ਰਾਜ ਜਿਹੜਾ ਕਿ ਕਿੱਤੇ ਵੱਜੋਂ ਨਾਈ ਸੀ ਤੇ ਸ਼ਿਵ ਦਾ ਮਿੱਤਰ ਸੀ ਉਥੇ ਉਸ ਨੇ ਆਪਣੇ ਸਿਰ ਤੇ ਦਾੜ੍ਹੀ ਦੇ ਵਾਲ ਕਟਾ ਕੇ ਮੇਰੀ ਫ਼ੋਟੋਗ੍ਰਾਫਰੀ ਦੀ ਦੁਕਾਨ ਤੇ ਆਇਆ ਅਤੇ ਸ਼ਰਾਬ ਦੀ ਬੋਤਲ ਲਿਆਉਣ ਲਈ ਮੈਨੂੰ ਕਿਹਾ। ਮੇਰੇ ਵੱਲੋਂ ਮਨ੍ਹਾ ਕਰਨ ਤੇ ਸ਼ਿਵ ਨੇ ਕਿਹਾ ਕਿ ''ਅੱਜ ਜੱਟ ਤੇ ਬਾਹਮਣ ਨੇ ਆਖ਼ਰੀ ਵਾਰ ਹੀ ਪੀਣੀ ਹੈ ਜਾਅ ਲਿਆ ਬੋਤਲ।'' ਸ੍ਰੀ ਬਾਜਵਾ ਨੇ ਦਾਅਵਾ ਕੀਤਾ ਕਿ ਮੇਰੇ ਵੱਲੋਂ ਮੰਗਵਾਈ ਬੋਤਲ 'ਚੋਂ ਕੇਵਲ ਇੱਕ-ਇੱਕ ਪੈਗੱ ਉਹਨਾਂ ਨੇ ਸਾਂਝਾ ਕੀਤਾ ਤੇ ਬਾਕੀ ਬਚੀ ਸ਼ਰਾਬ ਲੈ ਕੇ ਉਹ ਵਾਪਸ ਘਰ ਗਿਆ ਜਿੱਥੇ ਉਸ ਦਾ ਝਗੜਾ ਆਪਣੇ ਪਿਤਾ ਨਾਲ ਇਹ ਹੋਇਆ ਕਿ ਸ਼ਰਾਬ ਨਹੀਂ ਸੀ ਪੀਣੀ ਚਾਹੀਦੀ । ਇਸ ਬਾਅਦ ਉਹ ਤੁਰੰਤ ਆਪਣਾ ਅਟੈਚੀ ਲੈ ਕੇ ਆਪਣੇ ਸੌਹਰੇ ਪਿੰਡ ਮੰਗਿਆਲ ਮਾਧੋਪੁਰ (ਪਠਾਨਕੋਟ ਦੇ ਨੇੜੇ) ਚਲਿਆ ਗਿਆ। ਜਿੱਥੇ ਉਸ ਨੇ ਦੋ ਬੋਤਲਾਂ ਸ਼ਰਾਬ ਦੀਆ ਲੜ-ਝਗੜ ਕੇ ਮੰਗਵਾਈਆਂ ਤੇ ਪੀਤੀਆਂ। ਅਖ਼ੀਰ 'ਚ ਲਹੂ ਦੀ ਉਲਟੀ ਆਈ ..... । ਇਹ ਘਟਨਾ ਉਹ (ਬਾਜਵਾ) 5 ਮਈ ਦੀ ਰਾਤ ਹੋਣ ਦਾ ਦਾਅਵਾ ਕਰਦੇ ਹਨ। ਉੱਥੇ ਹੀ ਉਸ ਦਾ ਸੰਸਕਾਰ ਕਰ ਦਿੱਤਾ ਗਿਆ।

ਹਰਭਜਨ ਬਾਜਵਾ ਨੇ ਕਿਹਾ ਕਿ ਸ਼ਿਵ ਦੀ ਦਿਲ ਤੋਂ ਯਾਰੀ ਗਰੀਬਾਂ ਨਾਲ ਸੀ ਤੇ ਇੱਕ ਵਾਰ ਉਹ ਬਟਾਲੇ ਦੇ ਇੰਡਸਟਰੀ ਮਾਲਕਾਂ ਦੀ ਮਹਿਫ਼ਲ 'ਚ ਆਪਣੇ ਨਾਲ ਦੇਸ ਰਾਜ ਨਾਈ ਨੂੰ ਲੈ ਗਿਆ। ਜਿੱਥੇ ਕੁਝ ਧਨਾਢਾਂ ਵੱਲੋਂ ਇਤਰਾਜ ਹੋਣ 'ਤੇ ਉਹ ਬਿਨ੍ਹਾਂ ਕਵਿਤਾ ਸੁਣਾਇਆ ਦੇਸ ਰਾਜ ਨਾਲ ਨਾਲ ਵਾਪਸ ਆ ਗਿਆ ਕਿ ਉਹਨਾਂ ਮੇਰੇ ਦੋਸਤ ਦੀ ਬੇਇਜ਼ਤੀ ਕੀਤੀ ਹੈ ।

ਲੱਗਦਾ ਹੈ ਸੰਸਾਰ ਪ੍ਰਸਿੱਧ ਤੇ ਕਵਿਤਾ ਦੀ ਸਲਤਨਤ ਤੇ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਹੁਣ ਇਲੈਕਟ੍ਰੋਨਿਕਸ ਯੁੱਗ ਦੇ ਢੋਲ ਢਮੱਕੇ ਤੇ ਰੋਲੇ ਰੱਪੇ ਵਿੱਚ ਕਿਤੇ ਗੁਆਚ ਰਿਹਾ ਹੈ। ਸ਼ਿਵ ਆਡੀਟੋਰੀਅਮ ਹੁਣ ਚਮਗਿੱਦੜਖਾਨਾ ਬਣਨ ਤੋ ਰੋਕਣ ਲਈ ਇੱਕ ਵਾਰ ਫਿਰ ਸ਼ਿਵ ਸਨੇਹੀਆ ਨੇ ਹੰਭਲਾ ਮਾਰਿਆ ਹੈ। ਨਾਮਵਰ ਪੰਜਾਬੀ ਲੇਖਕ ਮਰਹੂਮ ਕਰਤਾਰ ਸਿੰਘ ਦੁੱਗਲ ਨੇ ਰਾਜ ਸਭਾ ਮੈਂਬਰ ਹੁਦਿਆਂ ਆਪਣੇ ਅਖ਼ਤਿਆਰੀ ਫੰਡ ਚੋਂ ਵੀਹ ਲੱਖ ਰੁਪਏ ਦਿੱਤੇ ਸਨ। ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੇ ਸੰਗਤ ਦਰਸ਼ਨ ਤਹਿਤ ਇਕ ਕਰੋੜ ਅੱਸੀ ਲੱਖ ਰੁਪਏ ਸ਼ਿਵ ਆਡੀਟੋਰੀਅਮ ਨੂੰ ਮੁਕੰਮਲ ਕਰਨ ਲਈ ਦਿੱਤੇ ਹਨ। ਜੇਕਰ ਇਹ ਰਾਸ਼ੀ ਸੁਚੱਜੇ ਢੰਗ ਨਾਲ ਵਰਤੋਂ ਵਿੱਚ ਲਿਆਦੀ ਜਾਂਦੀ ਹੈ ਤਾਂ ਆਡੀਟੋਰੀਅਮ ਵਿਚ ਲੋਕਾਂ ਦੇ ਬੈਠਣ, ਦੂਰੋਂ ਆਏ ਸਾਹਿਤਕਾਰਾਂ ਲਈ ਠਹਿਰਣ ਲਈ ਪ੍ਰਬੰਧ, ਸਾਊਂਡ ਸਿਸਟਮ, ਸਾਊਂਡ ਪਰੂਫ਼ ਹਾਲ, ਵਧੀਆ ਬਿਜਲੀ ਦਾ ਪ੍ਰਬੰਧ, ਪੱਕਾ ਵੇਹੜਾ ਅਤੇ ਹੋਰ ਸਹੂਲਤਾਂ ਦੇਣ ਦੀ ਵਿਵਸਥਾ ਪੱਕੇ ਪੈਰੀਂ ਹੋ ਸਕਦੀ ਹੈ। ਸ਼ਿਵ ਸਨੇਹੀਆਂ ਨੂੰ ਖਦਸ਼ਾ ਹੈ ਕਿ ਪਹਿਲਾਂ ਦੀ ਤਰ੍ਹਾਂ ਹੁਣ ਫਿਰ ਇਹ ਰਕਮ ਭ੍ਰਿਸ਼ਟਾਚਾਰ ਦੀ ਭੇਟ ਚੜਦਿਆਂ ਫਿਰ ਆਡੀਟੋਰੀਅਮ ਅਧੂਰਾ ਹੀ ਨਾ ਰਹਿ ਜਾਵੇ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਸ਼ਿਵ ਜੇ ਪੰਜਾਬੀ ਦਾ ਸਭ ਤੋਂ ਮਹਾਨ ਕਵੀ ਸੀ ਤਾਂ ਪ੍ਰੋਫੈਸਰ ਮੋਹਣ ਸਿੰਘ ਮੇਲੇ ਜਿਹਾ ਕੁਝ ਕਿਉਂ ਨਹੀਂ ਹੋ ਸਕਦਾ? ਕੀ ਅਸੀਂ ਸ਼ਿਵ ਦੀ ਯਾਦ ਨੂੰ ਵੀ ਨਹੀਂ ਬਚਾ ਸਕਾਂਗੇ? ਕੀ ਸ਼ਿਵ ਆਡੀਟੋਰੀਅਮ ਵਿੱਚ ਸ਼ਿਵ ਲਾਇਬ੍ਰੇਰੀ, ਸ਼ਿਵ ਅਜਾਇਬ ਘਰ ਤੇ ਜਵਾਨੀ ਦੇ ਗਿਆਨ-ਵਿਗਿਆਨ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਮਾਹੌਲ ਨਹੀਂ ਉਸਰ ਸਕੇਗਾ? ਕੀ ਮੌਜੂਦਾ ਸਰਕਾਰ ਜੋ ਪੰਜਾਬੀ ਬੋਲੀ, ਵਿਰਸਾ ਤੇ ਪੰਜਾਬੀਅਤ ਦੀ ਮੁਦਈ ਹੋਣ ਦਾ ਦਾਅਵਾ ਕਰਦੀ ਹੈ; ਦਾ ਧਿਆਨ ਵੀ ਏਧਰ ਆਵੇਗਾ? ਸ਼ਿਵ ਨੇ ਆਪਣੇ ਸ਼ਹਿਰ ਬਟਾਲੇ ਨੂੰ ਮੁਖਾਤਿਬ ਹੁੰਦਿਆਂ ਸ਼ਾਇਦ ਇਹ ਸੱਚ ਹੀ ਲਿਖਿਆ ਹੈ ਕਿ:-

ਲੋਹੇ ਦੇ ਇਸ ਸ਼ਹਿਰ ਵਿੱਚ
ਪਿੱਤਲ ਦੇ ਲੋਕ ਰਹਿੰਦੇ
ਸਿੱਕੇ ਦੇ ਬੋਲ ਬੋਲਣ
ਸ਼ੀਸ਼ੇ ਦਾ ਵੇਸ ਪਾਉਂਦੇ
ਸੂਰਜ ਕਲੀ ਕਰਾਇਆ
ਲੋਕੀ ਨੇ ਨਵਾਂ ਕਹਿੰਦੇ
ਸਿੱਕੇ ਦੇ ਬੋਲ ਬੋਲਣ .....



ਸ਼ਿਵ ਆਡੀਟੋਰੀਅਮ ਕਲਚਰ ਸੈਂਟਰ ਬਟਾਲਾ ਦੀ ਮੰਦੀ ਹਾਲਤ।

# ਮਈ ਦਿਵਸ ਦਾ ਸੁਰਖ਼ ਸੰਦੇਸ਼

ਹਰਕੰਵਲ ਸਿੰਘ
+91-94632-22943



ਪਹਿਲੀ ਮਈ ਦਾ ਦਿਨ ਮਜ਼ਦੂਰਾਂ ਲਈ ਇਕ ਅਹਿਮ ਕੌਮਾਂਤਰੀ ਦਿਹਾੜਾ ਹੈ। ਦੁਨੀਆਂ ਭਰ ਦੇ ਸੰਘਰਸ਼ਸ਼ੀਲ ਕਿਰਤੀਆਂ ਲਈ, ਜਿਹੜੇ ਕਿ ਹਰ ਤਰ੍ਹਾਂ ਦੀਆਂ ਸਮਾਜਿਕ-ਆਰਥਕ ਮੁਸ਼ਕਲਾਂ ਤੋਂ ਮੁਕਤੀ ਲਈ ਜੂਝ ਰਹੇ ਹਨ, ਇਹ ਇਤਿਹਾਸਕ ਦਿਵਸ ਇਨਕਲਾਬੀ ਪ੍ਰੇਰਨਾ ਦਾ ਇਕ ਸਦੀਵੀ ਸਰੋਤ ਬਣ ਚੁੱਕਾ ਹੈ। ਇਹ ਦਿਨ ਉਨ੍ਹਾਂ ਅਮਰ ਸ਼ਹੀਦਾਂ ਦੀ ਯਾਦ ਵਿਚ ਮਨਾਇਆ ਜਾਂਦਾ ਹੈ ਜਿਹੜੇ ਕਿ ਸੰਨ 1886 ਵਿਚ, ਅਮਰੀਕਾ ਦੇ ਸ਼ਹਿਰ ਸ਼ਿਕਾਗੋ ਅੰਦਰ, 8 ਘੰਟੇ ਦੀ ਕਿਰਤ-ਦਿਹਾੜੀ ਦੀ ਮੰਗ ਕਰਨ ਦੇ ਦੋਸ਼ ਵਿਚ ਪੁਲਸ ਦੀਆਂ ਗੋਲੀਆਂ ਦਾ ਸ਼ਿਕਾਰ ਬਣਾਏ ਗਏ ਅਤੇ ਝੂਠੇ ਕੇਸਾਂ ਵਿਚ ਫਸਾ ਕੇ ਫਾਂਸੀ ਚਾੜ੍ਹੇ ਗਏ। ਇਸ ਦਿਨ ਮਜ਼ਦੂਰਾਂ, ਮੁਲਾਜ਼ਮਾਂ ਅਤੇ ਹੋਰ ਕਿਰਤੀ ਲੋਕਾਂ ਵਲੋਂ ਥਾਂ ਪੁਰ ਥਾਂ ਮਜ਼ਦੂਰ ਲਹਿਰ ਦੀ ਕੌਮਾਂਤਰੀ ਇਕਮੁੱਠਤਾ ਦੇ ਪ੍ਰਤੀਕ, ਸੂਹੇ ਪਰਚਮ ਲਹਿਰਾਏ ਜਾਂਦੇ ਹਨ ਅਤੇ ਉਚੇਚੇ ਸਮਾਗਮ ਕਰਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ, ਇਸ ਦਿਨ ਮਜ਼ਦੂਰ ਲਹਿਰ ਨੂੰ ਦਰਪੇਸ਼ ਤਤਕਾਲੀ ਸਮੱਸਿਆਵਾਂ ਉਪਰ ਮਿਲਕੇ ਵਿਚਾਰਾਂ ਕੀਤੀਆਂ ਜਾਂਦੀਆਂ ਹਨ ਅਤੇ ਉਹਨਾਂ ਸਮੱਸਿਆਵਾਂ ਦੇ ਹੱਲ ਲਈ ਦਰਿੜਤਾ ਪੂਰਬਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਵੀ ਕੀਤਾ ਜਾਂਦਾ ਹੈ।

ਜਦੋਂ ਇਹ ਇਤਹਾਸਕ ਦਿਵਸ ਆਰੰਭ ਹੋਇਆ ਸੀ, ਉਸ ਵੇਲੇ ਮਜ਼ਦੂਰਾਂ ਦੀ ਦਿਹਾੜੀ ਦਾ ਕੋਈ ਨਿਸ਼ਚਤ ਸਮਾਂ ਨਹੀਂ ਸੀ। ਅਮਰੀਕਾ ਅਤੇ ਯੂਰਪ ਅੰਦਰ ਕਾਰਖਾਨਿਆਂ ਵਿਚ ਵੀ, ਉਹਨਾਂ ਤੋਂ ਬੰਧੂਆਂ ਮਜ਼ਦੂਰਾਂ ਵਾਂਗ ਸੂਰਜ ਚੜ੍ਹਨ ਤੋਂ ਸੂਰਜ ਛਿਪਣ ਤੱਕ ਲਗਾਤਾਰ ਕੰਮ ਕਰਵਾਇਆ ਜਾਂਦਾ ਸੀ। ਕਾਰਖਾਨਿਆਂ ਦੇ ਮਾਲਕ ਵੱਧ ਤੋਂ ਵੱਧ ਮੁਨਾਫੇ ਕਮਾਉਣ ਲਈ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਸਮੇਂ ਤੱਕ ਕਾਰਖਾਨਿਆਂ ਵਿਚ ਡੱਕੀ ਰੱਖਦੇ ਸਨ ਅਤੇ ਉਹਨਾਂ ਦੀ ਬੁਰੀ ਤਰ੍ਹਾਂ ਛਿਲ ਲਾਹੁੰਦੇ ਸਨ। ਅਜੇਹੀਆਂ ਧੱਕੇਸ਼ਾਹੀਆਂ ਵਿਰੁੱਧ ਮਜ਼ਦੂਰਾਂ ਦੀਆਂ ਜਥੇਬੰਦੀਆਂ ਨੇ ਅਣਗਿਣਤ ਅੰਦੋਲਨ ਲਾਮਬੰਦ ਕੀਤੇ, ਜਿਹਨਾਂ ਦੀ ਇਕ ਕੜੀ ਵਜੋਂ ਹੀ 8 ਘੰਟੇ ਵੀ ਕੰਮ-ਦਿਹਾੜੀ ਦੀ ਇਹ ਮੰਗ ਉਭਰੀ ਸੀ। ਮਜ਼ਦੂਰਾਂ ਦੇ ਲੰਬੇ ਤੇ ਲਹੂ ਵੀਟਵੇਂ ਘੋਲਾਂ ਰਾਹੀਂ ਹੀ ਇਹ ਹੱਕੀ ਮੰਗ ਮਨਵਾਈ ਗਈ ਅਤੇ ਕੰਮ ਦੀਆਂ ਹਾਲਤਾਂ ਨਾਲ ਸਬੰਧਤ ਹੋਰ ਕਿਰਤ ਕਾਨੂੰਨ ਬਣਵਾਏ ਗਏ।

ਅੱਜਕੱਲ ਇਹਨਾ ਕਾਨੂੰਨਾਂ ਨੂੰ ਲਾਗੂ ਕਰਵਾਉਣ ਵਾਸਤੇ ਵੀ ਕਿਰਤੀਆਂ ਨੂੰ ਨਿਰੰਤਰ ਸੰਘਰਸ਼ਸ਼ੀਲ ਰਹਿਣਾ ਪੈਂਦਾ ਹੈ। ਕਿਉਂਕਿ ਮਾਲਕਾਂ ਵਲੋਂ ਕਿਰਤੀਆਂ ਦੀ ਭਲਾਈ ਨਾਲ ਸਬੰਧਤ ਕਾਨੂੰਨੀ ਵਿਵਸਥਾਵਾਂ ਦੀਆਂ ਵਾਰ-ਵਾਰ ਉਲੰਘਣਾਵਾਂ ਕੀਤੀਆਂ ਜਾਂਦੀਆਂ ਹਨ। ਉਹਨਾਂ ਵੱਲੋਂ ਮਜ਼ਦੂਰਾਂ ਦੀ ਲੁੱਟ ਨੂੰ ਵਧੇਰੇ ਤਿੱਖਿਆਂ ਕਰਨ ਅਤੇ ਉਹਨਾਂ ਪ੍ਰਤੀ ਹਮੇਸ਼ਾਂ ਜ਼ਾਲਮਾਨਾ ਰੁੱਖ ਅਪਣਾਉਣ ਲਈ ਨਿਰੰਤਰ ਯਤਨ ਜਾਰੀ ਰੱਖੇ ਜਾਂਦੇ ਹਨ। ਸੰਸਾਰ ਵਿਆਪੀ ਆਰਥਕ ਮੰਦਵਾੜੇ ਦੇ ਇਸ ਅਜੋਕੇ ਦੌਰ ਵਿਚ ਤਾਂ ਮਜ਼ਦੂਰਾਂ ਦੀਆਂ ਜੀਵਨ ਹਾਲਤਾਂ ਨਾਲ ਸਬੰਧਤ ਹੁਣ ਤੱਕ ਦੀਆਂ ਸਾਰੀਆਂ ਪ੍ਰਾਪਤੀਆਂ ਹੀ ਗੰਭੀਰ ਖਤਰੇ ਵਿਚ ਪਈਆਂ ਦਿਖਾਈ ਦਿੰਦੀਆਂ ਹਨ। ਅਮਰੀਕਾ ਦੇ ਉਸੇ ਸ਼ਹਿਰ-ਸ਼ਿਕਾਗੋ ਦੀ ਦੇਣ, ਨਵ-ਉਦਾਰਵਾਦੀ ਨੀਤੀਆਂ ਨੇ ਤਾਂ ਕਿਰਤੀਆਂ ਦੇ ਰੁਜ਼ਗਾਰ ਦੀ ਸੁਰੱਖਿਆ ਦੇ ਅਧਿਕਾਰ ਨੂੰ ਹੀ ਇਕ ਤਰ੍ਹਾਂ ਨਾਲ ਖਤਮ ਕਰ ਦਿੱਤਾ ਹੈ ਅਤੇ ਠੇਕਾ ਪ੍ਰਣਾਲੀ ਦੀ ਭੇਂਟ ਚਾੜ੍ਹਕੇ 'ਤਨਖਾਹਦਾਰ' ਕਿਰਤੀ ਨੂੰ ਮੁੜ 'ਦਿਹਾੜੀਦਾਰ' ਬਣਾ ਦਿੱਤਾ ਹੈ। ਇਹਨਾਂ ਨੀਤੀਆਂ ਅਧੀਨ ਸਮੁੱਚੇ ਆਰਥਕ ਨਿਰਣਿਆਂ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰਕੇ ਮੰਡੀ ਦੀਆਂ ਸ਼ਕਤੀਆਂ ਦੇ ਹਵਾਲੇ ਕਰਨ ਨਾਲ ਨਿੱਤ ਵਰਤੋਂ ਦੀਆਂ ਵਸਤਾਂ ਦੀਆਂ ਕੀਮਤਾਂ ਦੁਨੀਆਂ ਭਰ ਵਿਚ ਤੇਜ਼ੀ ਨਾਲ ਅਸਮਾਨੀਂ ਚੜ੍ਹੀਆਂ ਹਨ। ਇਸ ਨਾਲ ਮਜ਼ਦੂਰਾਂ ਦੀਆਂ ਉਜਰਤਾਂ ਦਾ 'ਅਸਲ ਮੁੱਲ' ਉਸੇ ਅਨੁਪਾਤ ਵਿਚ ਘਟਦਾ ਜਾ ਰਿਹਾ ਹੈ ਅਤੇ ਮਜ਼ਦੂਰ ਵਰਗ ਦੇ ਵੱਡੇ ਹਿੱਸੇ ਘੋਰ ਕੰਗਾਲੀ ਦੇ ਕਹਿਰ ਦੀ ਮਾਰ ਹੇਠ ਆ ਰਹੇ ਹਨ। ਰੁਜ਼ਗਾਰ ਦੇ ਵਸੀਲੇ ਲਗਾਤਾਰ ਸੁੰਗੜਦੇ ਜਾ ਰਹੇ ਹਨ ਅਤੇ ਬੇਰੁਜ਼ਗਾਰਾਂ ਦੀਆਂ ਕਤਾਰਾਂ ਦਿਨੋ ਦਿਨ ਵਧੇਰੇ ਲੰਬੀਆਂ ਹੁੰਦੀਆਂ ਜਾ ਰਹੀਆਂ ਹਨ। ਇਕ ਪਾਸੇ ਮੁੱਠੀ ਭਰ ਲੁਟੇਰੇ ਪੂੰਜੀਪਤੀਆਂ ਦੀਆਂ ਦੌਲਤਾਂ ਦੇ ਅੰਬਾਰ ਉਚੇ ਹੋ ਰਹੇ ਹਨ ਅਤੇ ਦੂਜੇ ਪਾਸੇ ਸਵਾ ਡਾਲਰ ਪ੍ਰਤੀਦਿਨ ਨਾਲ ਗੁਜ਼ਾਰਾ ਕਰਦੇ ਅਤੇ ਗਰੀਬੀ ਦੀ ਰੇਖਾ ਤੋਂ ਥੱਲੇ, ਜਿਉਂਦੇ ਨਹੀਂ ਬਲਕਿ ਦਿਨ ਕਟੀ ਕਰਦੇ ਲੋਕਾਂ ਦੀ ਗਿਣਤੀ, ਸੰਸਾਰ ਬੈਂਕ ਦੇ ਇਕ ਅਨੁਮਾਨ ਅਨੁਸਾਰ ਦੁਨੀਆਂ ਦੀ ਕੁਲ ਵੱਸੋਂ ਦੀ ਇਕ ਤਿਹਾਈ ਤੱਕ ਪੁੱਜ ਗਈ ਹੈ। ਤਰਾਸਦੀ ਇਹ ਵੀ ਹੈ ਕਿ ਏਸੇ ਅਨੁਮਾਨ ਅਨੁਸਾਰ ਇਹਨਾਂ ਅਤੀ ਗਰੀਬਾਂ ਦਾ ਤੀਜਾ ਹਿੱਸਾ ਭਾਰਤ ਦਾ ਵਸਨੀਕ ਹੈ।

ਅਜੇਹੀਆਂ ਚਿੰਤਾਜਨਕ ਹਾਲਤਾਂ ਦੁਨੀਆਂ ਦੀ ਸਮੁੱਚੀ ਮਜ਼ਦੂਰ ਲਹਿਰ ਤੋਂ ਮੰਗ ਕਰਦੀਆਂ ਹਨ ਕਿ ਇਹਨਾਂ ਲੋਕ-ਮਾਰੂ ਨਵ-ਉਦਾਰਵਾਦੀ ਨੀਤੀਆਂ ਦਾ ਮੂੰਹ ਮੋੜਨ ਲਈ ਜ਼ੋਰਦਾਰ ਉਪਰਾਲੇ ਕੀਤੇ ਜਾਣ। ਇਹ ਕਾਰਜ ਇਨਕਲਾਬੀ ਲਹਿਰ ਦੇ ਸਾਹਮਣੇ ਅੱਜ ਇਕ ਪ੍ਰਮੁੱਖ ਤੇ ਫੌਰੀ ਕਾਰਜ ਬਣ ਚੁੱਕਾ ਹੈ। ਏਸੇ ਲਈ ਸਾਡੀ ਪਾਰਟੀ-ਕਮਿਊਨਿਸਟ ਪਾਰਟੀ ਮਾਰਕਸਵਾਦੀ ਪੰਜਾਬ-ਨੇ ਕਿਰਤੀ ਜਨਸਮੂਹਾਂ ਨੂੰ ਸੱਦਾ ਦਿੱਤਾ ਹੈ ਕਿ ਇਸ ਸਾਲ ਦੇ ਮਈ ਦਿਵਸ ਨੂੰ ਲੋਕ ਮਾਰੂ ਨੀਤੀਆਂ ਵਿਰੋਧੀ ਦਿਵਸ ਵਜੋਂ ਮਨਾਇਆ ਜਾਵੇ। ਇਹਨਾਂ ਨੀਤੀਆਂ ਕਾਰਨ ਲੋਕਾਂ ਦੀਆਂ ਵੱਧ ਰਹੀਆਂ ਸਮੱਸਿਆਵਾਂ ਨੂੰ ਸਪੱਸ਼ਟ ਕੀਤਾ ਜਾਵੇ ਅਤੇ ਇਹਨਾਂ ਦੇ ਮਾਰੂ ਡੰਗ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਬੱਝਵੇਂ ਉਪਰਾਲੇ ਕੀਤੇ ਜਾਣ। ਇਸ ਦੇ ਨਾਲ ਹੀ ਹਰ ਮੁੱਦੇ 'ਤੇ ਲੋਕ ਪੱਖੀ ਬਦਲਵੀਆਂ ਨੀਤੀਆਂ ਉਭਾਰਕੇ ਉਹਨਾਂ ਨੂੰ ਲਾਗੂ ਕਰਵਾਉਣ ਵਾਸਤੇ ਲੋਕਾਂ ਨੂੰ ਸਰਗਰਮ ਕੀਤਾ ਜਾਵੇ।

ਸਾਡੇ ਦੇਸ਼ ਅੰਦਰ ਸਕੂਲੀ ਸਿੱਖਿਆ ਤੇ ਕੁੱਝ ਹੋਰ ਇਕਾ-ਦੁੱਕਾ ਖੇਤਰਾਂ ਵਿਚ ਤਾਂ ਇਹ ਤਬਾਹਕੁੰਨ ਨੀਤੀਆਂ ਭਾਵੇਂ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਦੇ ਕਾਰਜਕਾਲ ਸਮੇਂ ਤੋਂ ਹੀ ਲਾਗੂ ਹਨ, ਪ੍ਰੰਤੂ ਉਦਾਰੀਕਰਨ, ਸੰਸਾਰੀਕਰਨ ਤੇ ਨਿੱਜੀਕਰਨ ਦੇ ਨਾਂਅ ਹੇਠ ਇਹਨਾਂ ਨੂੰ ਸ਼੍ਰੀ ਮਨਮੋਹਨ ਸਿੰਘ ਦੀ ਅਗਵਾਈ ਹੇਠ 1991 ਤੋਂ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ ਸੀ। ਇਹਨਾਂ ਦਾ ਲੋਕਾਂ ਦੀਆਂ ਜੀਵਨ ਹਾਲਤਾਂ ਉਪਰ ਬਹੁਪਰਤੀ ਅਸਰ ਪੈ ਰਿਹਾ ਹੈ। ਇਹਨਾਂ ਨੇ ਕਿਰਤੀ ਲੋਕਾਂ ਦੀਆਂ ਕੇਵਲ ਆਰਥਕ ਤੇ ਸਮਾਜਕ ਮੁਸ਼ਕਲਾਂ ਹੀ ਨਹੀਂ ਵਧਾਈਆਂ ਬਲਕਿ ਰਾਜਨੀਤਕ ਖੇਤਰ ਵਿਚ ਲੋਕਤਾਂਤਰਿਕ ਕਦਰਾਂ ਕੀਮਤਾਂ ਤੇ ਸੰਸਥਾਵਾਂ ਨੂੰ ਵੀ ਭਾਰੀ ਢਾਅ ਲਾਈ ਹੈ ਅਤੇ ਦੇਸ਼ ਅੰਦਰ ਸਭਿਆਚਾਰਕ ਨਿਘਾਰ ਨੂੰ ਵੀ ਚੋਖੀ ਤੇਜ਼ੀ ਪ੍ਰਦਾਨ ਕੀਤੀ ਹੋਈ ਹੈ। ਇਸ ਨਾਲ ਲੋਕਾਂ ਅੰਦਰ ਨਿਰਾਸ਼ਾ ਤੇ ਰੋਹ ਦੀਆਂ ਭਾਵਨਾਵਾਂ ਵਧੀਆਂ ਸਪੱਸ਼ਟ ਦਿਖਾਈ ਦੇ ਰਹੀਆਂ ਹਨ।

ਇਹਨਾਂ ਨੀਤੀਆਂ ਅਧੀਨ ਹੀ ਸਾਡੇ ਦੇਸ਼ ਦੀ ਸਰਕਾਰ ਸਮਾਜਿਕ ਭਲਾਈ ਪ੍ਰਤੀ ਆਪਣੀਆਂ ਸਮੁੱਚੀਆਂ ਜ਼ਿੰਮੇਵਾਰੀਆਂ ਤੋਂ ਵੱਡੀ ਹੱਦ ਤੱਕ ਭਗੌੜੀ ਹੋ ਗਈ ਹੈ ਅਤੇ ਲੋਕਾਂ ਦੀਆਂ ਨਿੱਤਾ ਪ੍ਰਤੀ ਦੀਆਂ ਲੋੜਾਂ ਨਾਲ ਸਬੰਧਤ ਖੇਤਰਾਂ ਨੂੰ ਐਲਾਨੀਆਂ ਤੌਰ 'ਤੇ ਕੰਟਰੋਲ ਮੁਕਤ ਕਰਦੀ ਜਾ ਰਹੀ ਹੈ। ਇਸ ਨਾਲ ਮੁਨਾਫਾਖੋਰ ਲੁਟੇਰਿਆਂ ਦੀ ਤਾਂ ਨਿਸ਼ਚੇ ਹੀ ਚਾਂਦੀ ਹੁੰਦੀ ਹੈ ਪ੍ਰੰਤੂ ਆਮ ਲੋਕਾਂ ਦੀਆਂ ਜੀਵਨ ਹਾਲਤਾਂ ਉਪਰ ਬਹੁਤ ਮਾੜਾ ਅਸਰ ਪੈਂਦਾ ਹੈ। ਮਹਿੰਗਾਈ ਵੱਧਦੀ ਹੈ, ਸਮਾਜਕ ਤਣਾਅ ਵੱਧਦਾ ਹੈ ਅਤੇ ਅਮਨ ਕਾਨੂੰਨ ਦੀ ਹਾਲਤ ਹੋਰ ਨਿੱਘਰਦੀ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਪੈਟਰੋਲ 'ਤੇ ਡੀਜ਼ਲ ਤੋਂ ਬਾਅਦ ਹੁਣ ਖੰਡ ਨੂੰ ਵੀ ਕੰਟਰੋਲ ਮੁਕਤ ਕਰ ਦਿੱਤਾ ਹੈ। ਪਹਿਲਾਂ ਬਿਜਲੀ ਦਾ ਨਿਗਮੀਕਰਨ ਕਰਕੇ ਉਸ ਨੂੰ ਸਿੱਧੇ ਸਰਕਾਰੀ ਕੰਟਰੋਲ ਤੋਂ ਮੁਕਤ ਕਰ ਦਿੱਤਾ ਗਿਆ ਸੀ। ਸਰਕਾਰ ਦੇ ਇਹਨਾਂ ਸਾਰੇ ਫੈਸਲਿਆਂ ਕਾਰਨ ਲੋਕਾਂ ਦੇ ਆਮ ਖਰਚਿਆਂ ਵਿਚ ਹੋਏ ਤਿੱਖੇ ਵਾਧੇ ਸਦਕਾ ਦੇਸ਼ ਭਰ ਵਿਚ ਹਾਹਾਕਾਰ ਮਚੀ ਹੋਈ ਹੈ।

ਏਸੇ ਤਰ੍ਹਾਂ ਨਿੱਜੀਕਰਨ ਦੀ ਪਹੁੰਚ ਅਧੀਨ, ਇਹਨਾਂ ਨੀਤੀਆਂ ਸਦਕਾ ਸਾਡੇ ਆਪਣੇ ਪ੍ਰਾਂਤ ਅੰਦਰ ਗਰੀਬਾਂ ਨੂੰ ਮਾਮੂਲੀ ਰਾਹਤ ਪਹੁੰਚਾਉਂਦੀ ਜਨਤਕ ਵੰਡ ਪ੍ਰਣਾਲੀ ਦਾ ਲਗਭਗ ਪੂਰੀ ਤਰ੍ਹਾਂ ਘੁੱਟ ਭਰਿਆ ਜਾ ਚੁੱਕਾ ਹੈ। ਸਿੱਖਿਆ ਤੇ ਸਿਹਤ ਸੇਵਾਵਾਂ ਦਾ ਵੱਡੀ ਹੱਦ ਤੱਕ ਵਪਾਰੀਕਰਨ ਹੋ ਚੁੱਕਾ ਹੈ। ਪ੍ਰਾਈਵੇਟ ਸਕੂਲ ਧੜਾਧੜ ਖੁੱਲ੍ਹ ਰਹੇ ਹਨ, ਜਿਹਨਾਂ ਵਿਚ ਮਿਆਰੀ ਸਿੱਖਿਆ ਪ੍ਰਾਪਤ ਕਰਨ ਲਈ ਆਪਣੇ ਬੱਚੇ ਦਾਖਲ ਕਰਾਉਣ ਬਾਰੇ ਆਮ ਆਦਮੀ ਸੋਚ ਤਾਂ ਸਕਦਾ ਹੈ ਪ੍ਰੰਤੂ ਉਹਨਾਂ ਦੀਆਂ ਫੀਸਾਂ ਤੇ ਹੋਰ ਖਰਚੇ ਦੇਖਕੇ ਉਹਨਾਂ ਦੀਆਂ ਬਰੂਹਾਂ ਟੱਪਣ ਦਾ ਹੌਂਸਲਾ ਨਹੀਂ ਕਰ ਸਕਦਾ। ਇਹਨਾਂ ਪ੍ਰਾਈਵੇਟ ਸਕੂਲਾਂ/ਕਾਲਜਾਂ ਦੀ ਬੇਤਰਸ ਮਾਰਕੀਟ ਨੂੰ ਹੁਲਾਰਾ ਦੇਣ ਲਈ ਸਰਕਾਰ ਵਲੋਂ ਸਰਕਾਰੀ ਸਿੱਖਿਆ ਸੰਸਥਾਵਾਂ ਨੂੰ ਬੜੇ ਯੋਜਨਾਬੱਧ ਢੰਗ ਨਾਲ ਤਬਾਹ ਕੀਤਾ ਜਾ ਰਿਹਾ ਹੈ। ਜਿਥੇ ਲੋੜ ਮੁਤਾਬਕ ਅਧਿਆਪਕ ਹੀ ਪੂਰੇ ਨਾ ਹੋਣ ਉਥੇ ਆਪਣੇ ਬੱਚੇ ਨੂੰ ਭੇਜਕੇ ਉਸਦਾ ਸਮਾਂ ਤੇ ਭਵਿੱਖ ਬਰਬਾਦ ਕਰਨ ਬਾਰੇ ਕੋਈ ਕਿਵੇਂ ਸੋਚ ਸਕਦਾ ਹੈ? ਇਹੋ ਹਾਲਤ ਸਰਕਾਰੀ ਹਸਪਤਾਲਾਂ ਦੀ ਹੈ। ਨਾ ਡਾਕਟਰ ਹਨ, ਨਾ ਦਵਾਈਆਂ ਹਨ। ਕਿਧਰੇ-ਕਿਧਰੇ ਬਿਲਡਿੰਗਾਂ ਜ਼ਰੂਰ ਖੰਡਰ ਬਣਦੀਆਂ ਦਿਖਾਈ ਦਿੰਦੀਆਂ ਹਨ। ਕੁਪੋਸ਼ਣ ਤੇ ਪ੍ਰਦੂਸ਼ਨ ਕਾਰਨ ਵੱਧਦੀਆਂ ਜਾ ਰਹੀਆਂ ਬਿਮਾਰੀਆਂ ਦਾ ਤਸੱਲੀਬਖਸ਼ ਇਲਾਜ ਕਰਵਾਉਣ ਲਈ ਇਹਨਾਂ ਵਿਚ ਕੋਈ ਕਿਵੇਂ ਜਾ ਸਕਦਾ ਹੈ? ਪ੍ਰਾਈਵੇਟ ਹਸਪਤਾਲਾਂ 'ਚ ਤਾਂ ਟੈਸਟਾਂ ਦੇ ਵੱਡੇ ਖਰਚੇ ਹੀ ਆਮ ਲੋਕਾਂ ਦੀ ਪਹੁੰਚ ਵਿਚ ਨਹੀਂ, ਏਥੇ ਇਲਾਜ਼ ਕੋਈ ਕਿਵੇਂ ਕਰਵਾਏਗਾ? ਏਥੇ ਹੀ ਬਸ ਨਹੀਂ ਪੀਣ ਵਾਲੇ ਸਾਫ ਪਾਣੀ, ਸ਼ਹਿਰਾਂ ਵਿਚ ਸੀਵਰੇਜ਼ ਅਤੇ ਆਵਾਜਾਈ ਲਈ ਬਣੀਆਂ ਸੜਕਾਂ ਵੀ ਇਹਨਾਂ ਨਵਉਦਾਰਵਾਦੀ ਨੀਤੀਆਂ ਕਾਰਨ ਤਰ੍ਹਾਂ-ਤਰ੍ਹਾਂ ਦੇ ਟੈਕਸਾਂ ਦੀ ਮਾਰ ਹੇਠ ਆ ਗਈਆਂ ਹਨ। ਲੋਕਾਂ ਤੋਂ ਵਰਤੋਂ ਖਰਚਿਆਂ (User Charger) ਦੇ ਨਾਂਅ ਹੇਠ ਚੰਗੀਆਂ ਰਕਮਾਂ ਵਸੂਲੀਆਂ ਜਾ ਰਹੀਆਂ ਹਨ। ਸੜਕਾਂ ਉਪਰ ਹਰ 30-35 ਕਿਲੋਮੀਟਰ ਦੀ ਵਿੱਥ 'ਤੇ ਟੋਲ ਪਲਾਜ਼ੇ ਬਣਾਕੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਇਸ ਮੰਤਵ ਲਈ ਬਸ ਕਿਰਾਏ ਵਿਚ ਉਚੇਚਾ ਵਾਧਾ ਕੀਤਾ ਗਿਆ ਹੈ।

ਲੋਕਾਂ ਨੂੰ ਬਰਬਾਦ ਕਰਨ ਵਾਲੀਆਂ ਇਹਨਾਂ ਨੀਤੀਆਂ ਦਾ ਇਕ ਹੋਰ ਅੰਗ ਹੈ-ਸਾਮਰਾਜੀ ਸੰਸਾਰੀਕਰਨ। ਇਸ ਨੀਤੀ ਅਧੀਨ ਸਾਮਰਾਜੀ ਵਿੱਤੀ ਪੂੰਜੀ (649) ਦੀ ਆਮਦ ਲਈ ਦੇਸ਼ ਦੀ ਆਰਥਕਤਾ ਦੇ ਸਾਰੇ ਕਵਾੜ ਚੁਪੱਟ ਖੋਲੇ ਜਾ ਰਹੇ ਹਨ। ਇਸ ਪੂੰਜੀ ਦੇ ਆਉਣ ਨਾਲ ਨਾ ਸਿਰਫ ਦੇਸ਼ ਅੰਦਰ ਰੁਜ਼ਗਾਰ ਦੇ ਮੌਕੇ ਹੀ ਖਤਮ ਹੁੰਦੇ ਹਨ ਬਲਕਿ ਦੇਸ਼ ਦੀ ਸੁਰੱਖਿਆ ਤੇ ਪ੍ਰਭੂਸੱਤਾ ਲਈ ਵੀ ਨਵੇਂ ਖਤਰੇ ਪੈਦਾ ਹੁੰਦੇ ਹਨ। ਇਸ ਦੇ ਬਾਵਜੂਦ ਸਾਮਰਾਜੀ ਸ਼ਕਤੀਆਂ ਦੇ ਦਬਾਅ ਹੇਠ ਭਾਰਤੀ ਹਾਕਮਾਂ ਵਲੋਂ ਅਪਣਾਈਆਂ ਗਈਆਂ ਇਹਨਾਂ ਨੀਤੀਆਂ ਸਦਕਾ ਵਿਦੇਸ਼ੀ ਵਿੱਤੀ ਪੂੰਜੀ ਪ੍ਰਚੂਨ ਵਪਾਰ ਸਮੇਤ ਆਰਥਕਤਾ ਦੇ ਸਾਰੇ ਖੇਤਰਾਂ ਨੂੰ ਵੱਡੀ ਹੱਦ ਤੱਕ ਹਥਿਆ ਲੈਣ ਵੱਲ ਵੱਧ ਰਹੀ ਹੈ। ਇਸ ਤੋਂ ਬਿਨਾ, ਇਸ ਨੀਤੀ ਅਧੀਨ ਹੀ ਦੇਸ਼ ਦੇ ਦੁਰਲਭ ਤੇ ਸੀਮਤ ਕੁਦਰਤੀ ਖਜ਼ਾਨੇ, ਖਾਨਾਂ, ਜਲ, ਜੰਗਲ, ਉਪਜਾਊ ਜ਼ਮੀਨਾਂ, ਤੇ ਹਵਾਈ ਤਰੰਗਾਂ ਆਦਿ ਦੇਸੀ ਤੇ ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕੀਤੇ ਜਾ ਰਹੇ ਹਨ। ਉਹਨਾਂ ਨੂੰ ਇਹਨਾਂ ਕੁਦਰਤੀ ਖਜ਼ਾਨਿਆਂ ਦੀ ਮੁਜ਼ਰਮਾਨਾ ਲੁੱਟ ਕਰਨ ਦੇ ਅਧਿਕਾਰ ਮਿਲ ਗਏ ਹਨ, ਜਿਸ ਨਾਲ ਨਾ ਸਿਰਫ ਆਮ ਲੋਕਾਂ ਦੇ ਮੌਜੂਦਾ ਹੱਕਾਂ ਹਿੱਤਾਂ ਦਾ ਬਲਕਿ ਦੇਸ਼ ਦੀਆਂ ਭਵਿੱਖੀ ਪੀੜ੍ਹੀਆਂ ਦੇ ਹਿੱਤਾਂ ਦਾ ਵੀ ਵੱਡਾ ਨੁਕਸਾਨ ਹੋਣਾ ਤੈਅ ਹੈ।

ਇਹਨਾਂ ਅਵਸਥਾਵਾਂ ਵਿਚ ਪੂੰਜੀਪਤੀ ਹਾਕਮ ਕਿਰਤ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਕੇ ਅਤੇ 'ਭਰਤੀ ਤੇ ਛਾਂਟੀ' (Hire and Fire) ਦੀ ਬੇਰੋਕ ਟੋਕ ਖੁੱਲ੍ਹ ਪ੍ਰਾਪਤ ਕਰਕੇ ਨਾ ਸਿਰਫ ਮਜ਼ਦੂਰਾਂ ਦੇ ਸੇਵਾ ਸੁਰੱਖਿਆ ਦੇ ਅਧਿਕਾਰ ਨੂੰ ਹੀ ਪੂਰੀ ਤਰ੍ਹਾਂ ਖਤਮ ਕਰ ਦੇਣਾ ਚਾਹੁੰਦੇ ਹਨ ਬਲਕਿ ਮਜ਼ਦੂਰ ਦੀ ਕੰਮ-ਦਿਹਾੜੀ ਦੇ ਘੰਟੇ ਵਧਾਉਣ ਲਈ ਵੀ ਯਤਨਸ਼ੀਲ ਹਨ। ਇਤਹਾਸ ਇਸ ਗੱਲ ਦਾ ਗਵਾਹ ਹੈ ਕਿ 1886 ਤੋਂ ਬਾਅਦ ਦੇ ਇਸ ਲੰਬੇ ਕਾਲ ਦੌਰਾਨ ਸੰਸਾਰ ਅੰਦਰ ਹੋਈ ਵਿਗਿਆਨਕ ਤੇ ਤਕਨੀਕੀ ਉਨਤੀ ਦੇ ਫਲਸਰੂਪ ਉਤਪਾਦਨ ਸ਼ਕਤੀਆਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਿਕਸਤ ਹੋਈਆਂ ਹਨ। ਜਿਸ ਨਾਲ ਕਿਰਤੀਆਂ ਦੀ ਪ੍ਰਬੀਨਤਾ ਵੀ ਵਧੀ ਹੈ ਅਤੇ ਉਹਨਾਂ ਦੀ ਉਤਪਾਦਕਤਾ ਵਿਚ ਵੀ ਭਾਰੀ ਵਾਧਾ ਹੋਇਆ ਹੈ। ਇਸ ਵਧੀ ਉਤਪਾਦਕਤਾ ਦਾ ਵੱਡਾ ਲਾਭ ਉਤਪਾਦਨ ਦੇ ਸਾਧਨਾਂ ਦੇ ਮਾਲਕਾਂ ਭਾਵ ਕਾਰਖਾਨੇਦਾਰਾਂ ਅਤੇ ਵੱਡੇ ਜ਼ਿਮੀਂਦਾਰਾਂ ਨੇ ਹੀ ਖੱਟਿਆ ਹੈ। ਵਧੀ ਉਤਪਾਦਕਤਾ ਨਾਲ ਉਹਨਾਂ ਦੇ ਮੁਨਾਫੇ ਤੇਜ਼ੀ ਨਾਲ ਵੱਧਦੇ ਜਾ ਰਹੇ ਹਨ ਜਦੋਂਕਿ ਕਿਰਤੀ ਨੂੰ ਉਸ ਚੋਂ ਬਹੁਤ ਹੀ ਨਿਗੂਣਾ ਹਿੱਸਾ ਮਿਲਦਾ ਹੈ; ਉਹ ਵੀ ਜਥੇਬੰਦਕ ਦਬਾਅ ਤੇ ਸੰਘਰਸ਼ ਰਾਹੀਂ। ਮਾਲਕਾਂ ਦੇ ਮੁਨਾਫਿਆਂ ਵਿਚ ਹੋਏ ਇਸ ਤਿੱਖੇ ਵਾਧੇ ਨੂੰ ਦੇਖਦਿਆਂ ਕੁਦਰਤੀ ਇਨਸਾਫ ਤਾਂ ਇਹ ਮੰਗ ਕਰਦਾ ਹੈ ਕਿ ਮਜ਼ਦੂਰ ਦੀ ਉਜਰਤ ਵਿਚ ਮੇਚਵਾਂ ਵਾਧਾ ਕਰਨ ਦੇ ਨਾਲ ਨਾਲ ਉਸਦੀ ਦਿਹਾੜੀ ਦਾ ਸਮਾਂ ਵੀ ਘਟਾਇਆ ਜਾਵੇ। ਤਾਂ ਜੋ ਮਸ਼ੀਨ ਨਾਲ ਮਸ਼ੀਨ ਬਨਣ ਵਾਲੇ ਤੇ ਹੱਡ ਭੰਨਵੀਂ ਮਿਹਨਤ ਕਰਦਿਆਂ ਥੱਕ ਕੇ ਚੂਰ ਹੋਣ ਵਾਲੇ ਮਜਦੂਰ ਨੂੰ ਆਰਾਮ ਕਰਨ ਲਈ ਕੁਝ ਹੋਰ ਸਮਾਂ ਮਿਲ ਸਕੇ। ਇਸ ਆਧਾਰ 'ਤੇ ਹੀ ਅੱਜ ਦੁਨੀਆਂ ਭਰ ਵਿਚ ਕਿਰਤ-ਦਿਹਾੜੀ ਦਾ ਸਮਾਂ ਅੱਠ ਘੰਟੇ ਤੋਂ ਘਟਾਕੇ 6 ਘੰਟੇ ਰੋਜ਼ਾਨਾ ਜਾਂ ਹਫਤੇ ਵਿਚ 35 ਘੰਟੇ ਕਰਨ ਦੀ ਮੰਗ ਉਭਰੀ ਹੋਈ ਹੈ। ਇਸ ਮੰਗ ਦੀ ਪੂਰਤੀ ਨਾਲ ਦਿਨ ਵਿਚ ਤਿੰਨ ਦੀ ਥਾਂ ਕੰਮ ਦੀਆਂ 4 ਸ਼ਿਫਟਾਂ ਬਨਣ ਨਾਲ ਬੇਰੁਜ਼ਗਾਰਾਂ ਲਈ ਰੁਜ਼ਗਾਰ ਦੇ 33% ਮੌਕੇ ਵੀ ਵੱਧਣਗੇ। ਪ੍ਰੰਤੂ ਰੁਜ਼ਗਾਰ ਦੀ ਸੁਰੱਖਿਆ ਨੂੰ ਖਤਮ ਕਰਕੇ 'ਕੱਚੀ ਭਰਤੀ' (Casual labour) ਦੇ ਸਿਧਾਂਤ ਦੀ ਵਕਾਲਤ ਕਰਨ ਵਾਲੇ ਹਾਕਮ ਕੰਮ-ਦਿਹਾੜੀ ਦੇ ਘੰਟੇ ਘਟਾਉਣ ਦੀ ਇਸ ਮੰਗ ਦੇ ਉਲਟ ਸਮਾਂ ਵਧਾਉਣ ਦੀ ਮੰਗ ਕਰ ਰਹੇ ਹਨ। ਸਾਡੇ ਦੇਸ਼ ਅੰਦਰ ਉਹਨਾਂ ਦੀ ਜਥੇਬੰਦੀ ਨੇ ਤਾਂ ਇਹ ਮੰਗ ਕੀਤੀ ਹੈ ਕਿ ਕੰਮ ਦੇ ਘੰਟੇ 8 ਤੋਂ ਵਧਾਕੇ 10 ਤੋਂ 12 ਕੀਤੇ ਜਾਣ ਤਾਂ ਜੋ ਦਿਨ ਵਿਚ ਤਿੰਨ ਦੀ ਥਾਂ ਦੋ ਸ਼ਿਫਟਾਂ ਦੀ ਪ੍ਰਣਾਲੀ ਬਣ ਸਕੇ। ਪੂੰਜੀਪਤੀਆਂ ਦੇ ਸਮਰਥਕ ਅਰਥ ਸ਼ਾਸਤਰੀ, ਰਾਜਸੀ ਚਿੰਤਕ ਅਤੇ ਕਾਲਮ ਨਵੀਸ ਵੀ ਇਸ ਮੰਤਵ ਲਈ ਸਾਮਰਾਜੀ ਦੇਸ਼ਾਂ ਦੇ ਅਰਥਚਾਰਿਆਂ ਦੀਆਂ ਉਦਾਹਰਣਾਂ ਦੇ ਕੇ ਕਈ ਪ੍ਰਕਾਰ ਦੀ ਬੇਤੁਕੀ ਦਲੀਲਬਾਜ਼ੀ ਕਰਦੇ ਹਨ। ਏਥੋਂ ਤੱਕ ਕਿ ਨਵਉਦਾਰਵਾਦੀ ਨੀਤੀਆਂ ਸਦਕਾ ਜਮਹੂਰੀ ਕਦਰਾਂ ਕੀਮਤਾਂ ਨੂੰ ਲੱਗੇ ਖੋਰੇ ਕਾਰਨ ਮੁਲਾਜ਼ਮਾਂ ਅੰਦਰ ਵੱਧ ਰਹੀ ਨਿਰਾਸ਼ਾ ਤੇ ਉਦਾਸੀਨਤਾ ਤੋਂ ਘਬਰਾ ਕੇ ਦੇਸ਼ ਦੇ ਹਾਕਮ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦੇ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਵੀ ਉਹਨਾਂ ਦੇ ਅਦਾਰਿਆਂ ਅੰਦਰ ਵੱਧ ਤੋਂ ਵੱਧ ਸਮੇਂ ਤੱਕ ਅਟਕਾਈ ਰੱਖਣ ਦੇ ਆਦੇਸ਼ ਦੇਣ ਲਈ, ਬਹਾਨੇ ਘੜਦੇ ਰਹਿੰਦੇ ਹਨ।

ਇਹ ਸਮੁੱਚੀਆਂ ਅਵਸਥਾਵਾਂ ਇਸ ਲੋੜ ਨੂੰ ਜ਼ੋਰਦਾਰ ਢੰਗ ਨਾਲ ਉਭਾਰਦੀਆਂ ਹਨ ਕਿ ਇਹਨਾਂ ਨਵਉਦਾਰਵਾਦੀ ਨੀਤੀਆਂ ਨੂੰ ਭਾਂਜ ਦੇਣ ਲਈ ਦੇਸ਼ ਦੀਆਂ ਸਮੁੱਚੀਆਂ ਸੰਘਰਸ਼ਸ਼ੀਲ ਸ਼ਕਤੀਆਂ ਨੂੰ ਇਕਜੁੱਟ ਕੀਤਾ ਜਾਵੇ। 20-21 ਫਰਵਰੀ ਨੂੰ ਹੋਈ ਦੋ ਦਿਨਾ ਦੇਸ਼ ਵਿਆਪੀ ਹੜਤਾਲ ਇਸ ਦਿਸ਼ਾ ਵਿਚ ਇਕ ਵਧੀਆ ਉਪਰਾਲਾ ਸਿੱਧ ਹੋਇਆ ਹੈ। ਅਜੇਹੇ ਯਤਨਾਂ ਨੂੰ ਭਵਿੱਖ ਵਿਚ ਵੀ ਜਾਰੀ ਰੱਖਣਾ ਹੋਵੇਗਾ ਅਤੇ ਉਹਨਾਂ ਨੂੰ ਵਧੇਰੇ ਬੱਝਵਾਂ ਰੂਪ ਦੇਣਾ ਹੋਵੇਗਾ। ਅਜੇਹੇ ਨਿਰੰਤਰ, ਸ਼ਕਤੀਸ਼ਾਲੀ ਤੇ ਸਾਂਝੇ ਸੰਘਰਸ਼ਾਂ ਰਾਹੀਂ ਹੀ ਦੇਸ਼ ਨੂੰ ਤਬਾਹ ਕਰਨ ਵਾਲੀਆਂ ਇਹਨਾਂ ਲੋਕ ਮਾਰੂ ਨੀਤੀਆਂ ਦਾ ਮੂੰਹ ਮੋੜਿਆ ਜਾ ਸਕਦਾ ਹੈ ਅਤੇ ਦੇਸ਼ ਦੀ ਆਰਥਕਤਾ ਨੂੰ ਲੋਕ-ਪੱਖੀ ਤੇ ਨਿਰੰਤਰ ਵਿਕਾਸ ਦੇ ਰਾਹੇ ਤੋਰਿਆ ਜਾ ਸਕਦਾ ਹੈ।


# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

## ਦੁਈਸ਼ੇਨ ਦਾ ਸਕੂਲ

# 'ਪਹਿਲਾ ਅਧਿਆਪਕ' ਪੜ੍ਹਨ ਤੋਂ ਬਾਅਦ

ਪਰਮਿੰਦਰ ਗਿੱਲ

ਜਦੋਂ ਅਸੀਂ ਵਿਸ਼ਵ ਦੇ ਵੱਡੇ ਲੇਖਕਾਂ ਦੀ ਗੱਲ ਕਰਦੇ ਹਾਂ ਤਾਂ ਸੋਵੀਅਤ ਲੇਖਕ ਲਿਉ ਤਾਲਸਤਾਏ, ਦੋਸਤੋਵਸਕੀ, ਗੋਰਕੀ, ਚੈਖਵ, ਸ਼ੋਲੋਖੋਵ, ਬੋਰਿਸ ਪੋਲੇਵਾਈ, ਰਸੂਲ ਹਮਜ਼ਾਤੋਵ ਆਦਿ ਦਾ ਜ਼ਿਕਰ ਆਉਣਾ ਸੁਭਾਵਕ ਹੀ ਹੈ, ਕਿਉਂਕਿ ਵਿਸ਼ਵ ਸਾਹਿਤ ਵਿਚ ਸੋਵੀਅਤ ਲੇਖਕਾਂ ਦਾ ਯੋਗਦਾਨ ਬਹੁਤ ਵੱਡਾ ਹੈ। ਇਨ੍ਹਾਂ ਸੋਵੀਅਤ ਲੇਖਕਾਂ ਵਿਚ ਇਕ ਹੋਰ ਵੱਡਾ ਨਾਮ ਕਿਰਗੀਜ਼ ਦੇਸ਼ ਦੇ ਕਮਿਊਨਿਸਟ ਪਰਿਵਾਰ ਵਿਚ ਜਨਮੇ ਚੰਗੇਜ਼ ਆਇਤਮਾਤੋਵ (12.12.1928-10.06.2008) ਦਾ ਹੈ। ਜਿਸ ਨੇ ਆਪਣੇ ਛੇ ਦਹਾਕਿਆਂ ਦੇ ਲੰਮੇ ਸਾਹਿਤਕ ਸਫ਼ਰ ਦੌਰਾਨ ਅਨੇਕਾਂ ਮਹੱਤਵਪੂਰਨ ਰਚਨਾਵਾਂ ਦੀ ਸਿਰਜਣਾ ਕੀਤੀ। 'ਅਲਵਿਦਾ ਗੁਲਸਾਰੀ', 'ਜਮੀਲਾ' ਤੇ 'ਪਹਿਲਾ ਅਧਿਆਪਕ' ਉਸ ਦੀਆਂ ਮਕਬੂਲ ਤੇ ਵੱਡੀ ਗਿਣਤੀ ਵਿਚ ਪੜ੍ਹੀਆਂ ਜਾਣ ਵਾਲੀਆਂ ਰਚਨਾਵਾਂ ਹਨ।

ਚੰਗੇਜ਼ ਆਇਤਮਾਤੋਵ ਨੇ ਆਪਣੀਆਂ ਉਸਾਰੂ ਲਿਖਤਾਂ ਵਿਚ ਔਰਤ-ਮਰਦ ਰਿਸ਼ਤਿਆਂ ਵਿਚ ਅਸਮਾਨਤਾ, ਪੱਖਪਾਤ, ਔਰਤਾਂ ਵਿਚ ਸਿੱਖਿਆ ਦੀ ਘਾਟ ਵਰਗੇ ਵਿਸ਼ਿਆਂ ਨੂੰ ਬਹੁਤ ਹੀ ਕਲਾਤਮਕ ਤਰੀਕੇ ਨਾਲ ਦ੍ਰਿਸ਼ਟੀਗੋਚਰ ਕੀਤਾ ਹੈ। ਉਸ ਦੀਆਂ ਰਚਨਾਵਾਂ ਦੇ ਪਾਤਰ ਸਾਧਾਰਨ, ਮਿਹਨਤਕਸ਼, ਇਮਾਨਦਾਰ ਅਤੇ ਸਮਰਪਤ ਭਾਵਨਾ ਵਾਲੇ ਹਨ, ਜੋ ਜੀਵਨ ਨੂੰ ਵਧੇਰੇ ਚੰਗੇਰਾ ਬਣਾਉਣ ਲਈ ਲਗਾਤਾਰ ਸੰਘਰਸ਼ ਕਰਦੇ ਹਨ। ਇਸੇ ਤਰ੍ਹਾਂ ਅਧਿਆਪਕ ਤੇ ਵਿਦਿਆਰਥੀ ਦੇ ਸੁਆਰਥ ਰਹਿਤ ਰਿਸ਼ਤੇ ਨੂੰ ਪ੍ਰਗਟਾਉਣ ਵਾਲੀ ਕਹਾਣੀ (ਜੋ ਲੇਖਕ ਅਨੁਸਾਰ ਸੱਚੀ ਘਟਨਾ 'ਤੇ ਆਧਾਰਤ ਹੈ) ਨੂੰ ਪਹਿਲਾ ਅਧਿਆਪਕ (ਨਾਵਲੈਟ) ਵਿਚ ਪੇਸ਼ ਕੀਤਾ ਗਿਆ ਹੈ। ਇਹ ਕਿਤਾਬ ਸਾਨੂੰ ਦੱਸਦੀ ਹੈ ਕਿ ਚੰਗਾ ਅਧਿਆਪਕ ਕਿਹੋ ਜਿਹਾ ਹੋਣਾ ਚਾਹੀਦਾ ਹੈ ਤੇ ਆਦਰਸ਼ ਅਧਿਆਪਕ ਦੀ ਪਰਿਭਾਸ਼ਾ ਕੀ ਹੁੰਦੀ ਹੈ। ਅਧਿਆਪਨ ਕਿੱਤੇ ਨਾਲ ਜੁੜਿਆ ਹੋਣ ਕਾਰਨ ਕਈ ਵਾਰ ਪੜ੍ਹਨ ਤੋਂ ਬਾਅਦ ਵੀ ਮੇਰੀ ਇਸ ਕਿਤਾਬ ਵਿਚੋਂ ਦਿਲਚਸਪੀ ਖ਼ਤਮ ਨਹੀਂ ਹੋਈ। ਪੜ੍ਹਨ ਵੇਲੇ ਹਰ ਵਾਰ ਇਹ ਕਿਤਾਬ ਮੇਰੇ ਲਈ ਨਵੀਂ ਹੁੰਦੀ ਹੈ। ਸਵੇਰ ਦੀ ਸਭਾ ਵਿਚ ਜਦੋਂ ਛੋਟੇ-ਛੋਟੇ ਬੱਚੇ (ਵਿਦਿਆਰਥੀ) ਬੋਲਦੇ ਹਨ ਕਿ ਚੰਗਾ ਅਧਿਆਪਕ ਉਹ ਹੁੰਦਾ ਹੈ ਜੋ ਖ਼ੁਦ ਨੂੰ ਮੋਮਬੱਤੀ ਵਾਂਗ ਬਾਲ ਕੇ ਦੂਜਿਆਂ ਨੂੰ ਰੌਸ਼ਨੀ ਦਿੰਦਾ ਹੈ, ਤਾਂ ਮੇਰੇ ਜ਼ਿਹਨ ਵਿਚ 'ਪਹਿਲਾ ਅਧਿਆਪਕ' ਦਾ ਮੁੱਖ ਪਾਤਰ ਦੁਈਸ਼ੇਨ ਆ ਜਾਂਦਾ ਹੈ। ਜੋ ਸਿੱਖਿਆ ਸਾਸ਼ਤਰੀਆਂ ਦੇ ਇਸ ਵਿਚਾਰ ਨੂੰ ਰੱਦ ਕਰਦਾ ਹੈ ਕਿ ਅਧਿਆਪਕ ਨੂੰ ਵਿਦਿਆਰਥੀਆਂ ਨਾਲੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ, ਪਰ ਦੁਈਸ਼ੇਨ ਤਾਂ ਸਾਨੂੰ ਭਾਵਨਾਵਾਂ ਨਾਲ ਭਰੇ ਸੰਵੇਦਨਸ਼ੀਲ ਬੱਚਿਆਂ ਦੇ ਬਹੁਤ ਨੇੜੇ ਲੈ ਜਾਂਦਾ ਹੈ ਤਾਂ ਜੋ ਅਸੀਂ ਉਨ੍ਹਾਂ ਦੀਆਂ ਭਾਵਨਾਵਾਂ, ਇੱਛਾਵਾਂ, ਸੁਪਨੇ ਤੇ ਸਮੱਸਿਆਵਾਂ ਨੂੰ ਸਮਝ ਸਕੀਏ।

ਕਹਾਣੀ ਦੁਈਸ਼ੇਨ ਦੀ ਵਿਦਿਆਰਥਣ ਅਲਾਤਿਨਾਈ ਸੁਲੇਮਾਨੋਵਾ ਦੇ ਬਿਆਨ ਰਾਹੀਂ ਪ੍ਰਗਟਾਈ ਗਈ ਹੈ, ਜਿਹੜੀ ਪੜ੍ਹ-ਲਿਖ ਕੇ ਕੌਮਾਂਤਰੀ ਪੱਧਰ ਦੀ ਵਿਗਿਆਨੀ ਬਣ ਜਾਂਦੀ ਹੈ ਤੇ ਇਹ ਸਭ ਉਸ ਦੇ ਪਹਿਲੇ ਅਧਿਆਪਕ ਦੁਈਸ਼ੇਨ ਕਰ ਕੇ ਸੰਭਵ ਹੁੰਦਾ ਹੈ। ਜੋ ਕੋਮਸੋਮਲ ਦੇ ਮੈਂਬਰ ਵਜੋਂ, ਅਧਿਆਪਕ ਵਜੋਂ ਅਤੇ ਬਾਅਦ ਵਿਚ ਸਹਿਕਾਰੀ ਫਾਰਮ ਦੇ ਡਾਕੀਏ ਵਜੋਂ ਹਮੇਸ਼ਾ ਹੀ ਆਪਣੇ ਕਿੱਤੇ ਪ੍ਰਤੀ ਸਮਰਪਤ ਰਹਿੰਦਾ ਹੈ।

ਅਲਾਤਿਨਾਈ ਦੇ ਜੱਦੀ ਪਿੰਡ ਵਿਚ ਸਕੂਲ ਖੋਲ੍ਹਿਆ ਜਾ ਰਿਹਾ ਹੁੰਦਾ ਹੈ ਤੇ ਪਿੰਡ ਦੇ ਲੋਕ ਅਲਾਤਿਨਾਈ ਨੂੰ ਸਕੂਲ ਦੇ ਉਦਘਾਟਨ ਲਈ ਮੁੱਖ ਮਹਿਮਾਨ ਵਜੋਂ ਸੱਦਦੇ ਹਨ, ਕਿਉਂਕਿ ਪੜ੍ਹ-ਲਿਖ ਕੇ ਵੱਡੇ ਅਹੁਦੇ 'ਤੇ ਪਹੁੰਚ ਕੇ ਉਸ ਨੇ ਆਪਣੇ ਪਿੰਡ ਦਾ ਨਾਮ ਦੇਸ਼ ਭਰ ਵਿਚ ਉੱਚਾ ਕੀਤਾ ਹੈ। ਪਿੰਡ ਦੇ ਲੋਕਾਂ ਦੇ ਮਨ ਵਿਚ ਉਸ ਪ੍ਰਤੀ ਆਦਰ ਹੈ। ਹਰ ਕੋਈ ਉਸ ਨਾਲ ਗੱਲ ਕਰਨਾ ਚਾਹੁੰਦਾ ਹੈ, ਉਸ ਨਾਲ ਹੱਥ ਮਿਲਾਉਣਾ ਚਾਹੁੰਦਾ ਹੈ। ਪਿੰਡ ਵਾਲਿਆਂ ਵੱਲੋਂ ਦਿੱਤਾ ਮਾਣ-ਸਨਮਾਨ ਉਸ ਨੂੰ ਖ਼ੁਸ਼ ਕਰਨ ਦੀ ਬਜਾਏ ਉਦਾਸ ਕਰ ਰਿਹਾ ਹੁੰਦਾ ਹੈ ਕਿਉਂਕਿ ਉਹ ਜਾਣਦੀ ਹੈ ਕਿ ਇਸ ਸਨਮਾਨ ਦੀ ਅਸਲੀ ਹੱਕਦਾਰ ਉਹ ਨਹੀਂ, ਸਗੋਂ ਉਸ ਦਾ ਪਹਿਲਾ ਅਧਿਆਪਕ ਦੁਈਸ਼ੇਨ ਹੈ। ਜਿਸ ਮਾਣ ਸਤਿਕਾਰ ਵਾਲੀ ਥਾਂ 'ਤੇ ਉਹ ਬੈਠੀ ਸੀ, ਉਸ ਥਾਂ ਦਾ ਅਸਲੀ ਹੱਕਦਾਰ ਉਸ ਦਾ ਅਧਿਆਪਕ ਸੀ, ਜਿਸ ਨੇ ਪੜ੍ਹਾਉਣ ਲਈ ਆਪਣੀ ਪੂਰੀ ਸਮਰੱਥਾ ਲਾ ਦਿੱਤੀ, ਪਰ ਦੁਈਸ਼ੇਨ ਕੋਲ ਇਸ ਮਾਣ-ਸਨਮਾਨ ਲਈ ਸਮਾਂ ਹੀ ਕਿੱਥੇ ਸੀ, ਸਗੋਂ ਉਹ ਤਾਂ ਚਿੱਠੀਆਂ ਵੰਡਣ ਵਿਚ ਹੀ ਰੁਝਿਆ ਹੋਇਆ ਸੀ। ਜਦੋਂ ਉਸ ਨੂੰ ਕੋਈ ਇਸ ਸਨਮਾਨ ਸਮਾਰੋਹ ਵਿਚ ਸ਼ਾਮਲ ਹੋਣ ਲਈ ਕਹਿੰਦਾ ਹੈ ਤਾਂ ਵੀ ਉਹ ਰੁਕਦਾ ਨਹੀਂ ਕਿਉਂਕਿ ਅਜੇ ਕੁੱਝ ਚਿੱਠੀਆਂ ਵੰਡਣੀਆਂ ਬਾਕੀ ਹਨ। ਲੋਕ ਜਾਣਦੇ ਹਨ ਕਿ ਜਿੰਨਾ ਚਿਰ ਉਹ ਆਪਣਾ ਕੰਮ ਨਹੀਂ ਮੁਕਾ ਲੈਂਦਾ, ਕਿਸੇ ਨਾਲ ਵੀ ਗੱਲ ਨਹੀਂ ਕਰੇਗਾ।

1917 ਵਿਚ ਲੈਨਿਨ, ਬਾਲਸ਼ਵਿਕ ਪਾਰਟੀ ਤੇ ਹੋਰ ਕਮਿਊਨਿਸਟ ਆਗੂਆਂ ਦੀ ਅਗਵਾਈ ਵਿਚ ਸੋਵੀਅਤ ਸੱਤਾ ਹੋਂਦ ਵਿਚ ਆਈ। ਸੋਵੀਅਤ ਸੰਘ ਵਿਚ ਜਿੱਥੇ ਵੱਡੇ ਭੂਗੋਲਿਕ ਖੇਤਰ ਵਾਲਾ ਦੇਸ਼ ਰੂਸ ਸੀ, ਉੱਥੇ ਕਿਰਗੀਜ਼ ਵਰਗੇ ਛੋਟੇ ਰਾਜ ਵੀ ਸੋਵੀਅਤ ਦਾ ਹਿੱਸਾ ਸਨ। ਸਮਾਜਵਾਦੀ ਪ੍ਰਬੰਧ ਕਾਇਮ ਕਰਨ ਤੋਂ ਬਾਅਦ ਸੋਵੀਅਤ ਸਰਕਾਰ ਦਾ ਜਿੱਥੇ ਵੱਡਾ ਟਿੱਚਾ ਆਰਥਕ ਵਿਕਾਸ, ਮਜ਼ਬੂਤ ਸੈਨਿਕ ਸ਼ਕਤੀ ਆਦਿ ਸੀ, ਉੱਥੇ ਸਾਧਾਰਨ ਕਿਰਤੀ ਲੋਕਾਂ ਨੂੰ ਸਿੱਖਿਅਤ ਕਰਨਾ ਵੀ ਸੋਵੀਅਤ ਸਰਕਾਰ ਸਾਹਮਣੇ ਵੱਡੀ ਚੁਣੌਤੀ ਸੀ। ਇਸ ਕੰਮ ਲਈ ਸੋਵੀਅਤ ਸਰਕਾਰ ਨੇ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਤੇ ਹੋਰ ਪੜ੍ਹੇ ਲਿਖੇ ਸਮਰਪਤ ਲੋਕਾਂ ਨੂੰ ਸਿੱਖਿਆ ਦੇਣ ਦੇ ਕੰਮ ਲਾਇਆ। ਅਜਿਹੇ ਸਮੇਂ ਦੁਈਸ਼ੇਨ ਵਰਗੇ ਅਧਿਆਪਕ ਸਾਹਮਣੇ ਆਉਂਦੇ ਹਨ।




ਦੁਈਸ਼ੇਨ ਕਿਰਗੀਜ਼ ਦੇ ਛੋਟੇ ਜਿਹੇ ਪਿੰਡ ਕੁਰਕੂਰੇਊ ਵਿਚ ਪੜ੍ਹਾਉਣ ਜਾਂਦਾ ਹੈ। ਪਰ ਲੋਕ ਅਗਿਆਨਤਾ ਕਾਰਨ ਉਸ ਦੇ ਪਿੰਡ ਵਿਚ ਸਕੂਲ ਖੋਲ੍ਹਣ ਦਾ ਵਿਰੋਧ ਕਰਦੇ ਹਨ। ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਉਹ ਖੇਤੀ ਤੇ ਪਸ਼ੂ ਪਾਲਣ ਦਾ ਧੰਦਾ ਕਰਦੇ ਹਨ ਤੇ ਔਰਤਾਂ ਘਰ ਦਾ ਘਰੇਲੂ ਕੰਮ ਕਰਦੀਆਂ ਹਨ, ਅੱਗੇ ਜਾ ਕੇ ਉਨ੍ਹਾਂ ਦੇ ਬੱਚਿਆਂ ਨੇ ਵੀ ਇਹੀ ਕੰਮ ਕਰਨਾ ਹੈ, ਫਿਰ ਉਨ੍ਹਾਂ ਨੇ ਪੜ੍ਹ-ਲਿਖ ਕੇ ਕੀ ਕਰਨਾ ਹੈ। ਦੁਈਸ਼ੇਨ ਦੇ ਬਹੁਤ ਸਮਝਾਉਣ ਤੋਂ ਬਾਅਦ ਵੀ ਉਹ ਨਹੀਂ ਮੰਨਦੇ। ਆਖ਼ਰ ਦੁਈਸ਼ੇਨ ਮੋਹਰ ਲੱਗੀ ਚਿੱਠੀ ਕੱਢ ਕੇ ਕਹਿੰਦਾ ਹੈ ਕਿ ਇਹ ਸੋਵੀਅਤ ਸਰਕਾਰ ਦਾ ਹੁਕਮ ਹੈ ਤਾਂ ਉਨ੍ਹਾਂ ਦਾ ਵਿਰੋਧ ਕੁੱਝ ਸ਼ਾਂਤ ਹੁੰਦਾ ਹੈ। ਕੋਈ ਵੀ ਵਿਅਕਤੀ ਸੋਵੀਅਤ ਸਰਕਾਰ ਦੇ ਕਾਨੂੰਨ ਦੀ ਉਲੰਘਣਾ ਨਹੀਂ ਕਰਨਾ ਚਾਹੁੰਦਾ। ਇੱਥੋਂ ਸਾਨੂੰ ਪਤਾ ਲੱਗਦਾ ਹੈ ਕਿ ਉਸ ਸਮੇਂ ਸੋਵੀਅਤ ਸਰਕਾਰ ਦਾ ਕਿੰਨਾ ਸਤਿਕਾਰ ਸੀ। ਪਰ ਲੋਕ ਆਪਣੇ ਪੱਛੜੇਪਣ ਅਤੇ ਗ਼ਰੀਬੀ ਕਾਰਨ ਸਿੱਖਿਆ ਨੂੰ ਬਿਲਕੁੱਲ ਵੀ ਮਹੱਤਵ ਨਹੀਂ ਦਿੰਦੇ ਸਨ। ਉਨ੍ਹਾਂ ਅਨੁਸਾਰ ਪੜ੍ਹਾਈ ਵਿਹਲੜ ਲੋਕਾਂ ਦੁਆਰਾ ਸਮਾਂ ਬਰਬਾਦ ਕਰਨ ਤੋਂ ਵੱਧ ਕੁੱਝ ਨਹੀਂ, ਇਸ ਲਈ ਹੀ ਉਹ ਦੁਈਸ਼ੇਨ ਲਈ ਸਕੂਲ ਦਾ ਪ੍ਰਬੰਧ ਕਰਨ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਮਦਦ ਕਰਨ ਤੋਂ ਸਾਫ਼ ਇਨਕਾਰ ਕਰ ਦਿੰਦੇ ਹਨ। ਦੁਈਸ਼ੇਨ ਸਰਕਾਰ ਵੱਲੋਂ ਮਿਲਣ ਵਾਲੀ ਤਨਖ਼ਾਹ ਵਿਚੋਂ ਗੁਜ਼ਾਰਾ ਕਰਦਾ ਹੈ ਤੇ ਨਾਲ ਹੀ ਸਕੂਲ ਦਾ ਪ੍ਰਬੰਧ ਵੀ ਆਪ ਕਰਦਾ ਹੈ।

ਪਿੰਡ ਦੇ ਟਿੱਲੇ 'ਤੇ ਦੁਈਸ਼ੇਨ ਸਕੂਲ ਖੋਲ੍ਹ ਲੈਂਦਾ ਹੈ। ਲੋਕਾਂ ਦੇ ਵਿਰੋਧ ਤੇ ਮਜ਼ਾਕ ਦੇ ਬਾਵਜੂਦ ਘਰ-ਘਰ ਜਾ ਕੇ ਬੱਚੇ ਇਕੱਠੇ ਕਰਦਾ ਹੈ ਤੇ ਉਨ੍ਹਾਂ ਨੂੰ ਸਕੂਲ ਲੈ ਕੇ ਜਾਂਦਾ ਹੈ। ਉਸ ਦੇ ਵਿਦਿਆਰਥੀਆਂ ਵਿਚ ਯਤੀਮ ਬੱਚੀ ਅਲਾਤਿਨਾਈ ਸੁਲੇਮਾਨੋਵਾ ਵੀ ਹੁੰਦੀ ਹੈ, ਜੋ ਆਪਣੇ ਚਾਚੇ-ਚਾਚੀ ਕੋਲ ਰਹਿੰਦੀ ਹੈ। ਉਸ ਦੀ ਚਾਚੀ ਉਸ ਦੇ ਪੜ੍ਹਾਉਣ ਦਾ ਵਿਰੋਧ ਕਰਦੀ ਹੈ, ਪਰ ਦੁਈਸ਼ੇਨ ਇਸ ਦੀ ਪ੍ਰਵਾਹ ਕੀਤੇ ਬਿਨਾਂ ਉਸ ਨੂੰ ਸਕੂਲ ਲੈ ਕੇ ਜਾਂਦਾ ਹੈ। ਸਕੂਲ ਵਿਚ ਅਧਿਆਪਕ ਨੂੰ ਜਿੰਨਾ ਪੜ੍ਹਾਉਣ ਦਾ ਜਨੂੰਨ ਹੁੰਦਾ ਹੈ, ਬੱਚਿਆਂ ਨੂੰ ਓਨਾ ਹੀ ਪੜ੍ਹਣ ਦਾ ਚਾਅ ਵੀ ਹੁੰਦਾ ਹੈ। ਸਕੂਲ ਜਾਣਾ ਉਨ੍ਹਾਂ ਲਈ ਜੀਵਨ ਦੀ ਸਭ ਤੋਂ ਵੱਡੀ ਖ਼ੁਸ਼ੀ ਹੁੰਦੀ ਹੈ। ਦੁਈਸ਼ੇਨ ਬੱਚਿਆਂ ਨੂੰ ਕਾਪੀ, ਪੈਨਸਿਲ, ਫੱਟੀ ਦਿੰਦਾ ਹੈ। ਉਨ੍ਹਾਂ ਨੂੰ ਗਿਣਤੀ ਤੇ ਅੱਖਰ ਲਿਖਣੇ ਸਿਖਾਉਂਦਾ ਹੈ। ਦੇਸ਼ਾਂ-ਪ੍ਰਦੇਸ਼ਾਂ ਦੀਆਂ ਗਿਆਨ ਭਰਪੂਰ ਗੱਲਾਂ ਦੱਸਦਾ ਹੈ, ਜੋ ਵਿਦਿਆਰਥੀਆਂ ਲਈ ਬਿਲਕੁੱਲ ਨਵੀਂ ਕਿਸਮ ਦੀਆਂ ਤੇ ਹੈਰਾਨੀਜਨਕ ਹੁੰਦੀਆਂ ਹਨ। ਉਹ ਵਿਦਿਆਰਥੀਆਂ ਨੂੰ ਬਾਲਸ਼ਵਿਕ ਪਾਰਟੀ ਦੇ ਮਹਾਨ ਆਗੂ ਵਾਲਦਮੀਰ ਇਲਚੀ ਲੈਨਿਨ ਬਾਰੇ ਵੀ ਦੱਸਦਾ ਹੈ। ਦੁਈਸ਼ੇਨ ਬੱਚਿਆਂ ਨੂੰ ਲੈਨਿਨ ਦੀਆਂ ਗੱਲਾਂ ਇੰਨੇ ਉਤਸ਼ਾਹ ਨਾਲ ਸੁਣਾਉਂਦਾ ਹੈ, ਜਿਵੇਂ ਉਸ ਦੇ ਬਹੁਤ ਨੇੜੇ ਰਿਹਾ ਹੋਵੇ। ਸ਼ਾਇਦ ਇਸੇ ਕਰ ਕੇ ਇੱਕ ਦਿਨ ਬੱਚੇ ਬਿਨਾਂ ਕਿਸੇ ਲੁਕਵੇਂ ਅਰਥ ਦੇ ਭੋਲ਼ੇ-ਭਾਵ ਹੀ ਪੁੱਛ ਲੈਂਦੇ ਹਨ-

"ਮਾਸਟਰ ਜੀ, ਤੁਸੀਂ ਕਦੇ ਲੈਨਿਨ ਨਾਲ ਹੱਥ ਮਿਲਾਇਐ।"

ਅਧਿਆਪਕ ਪੂਰੀ ਇਮਾਨਦਾਰੀ ਨਾਲ ਜਵਾਬ ਦਿੰਦਾ ਹੈ, ''ਨਹੀਂ ਬੱਚਿਓ ਮੈਂ ਲੈਨਿਨ ਨੂੰ ਕਦੀ ਮਿਲਿਆ ਨਹੀਂ।''

ਲੈਨਿਨ ਨੂੰ ਪਿਆਰ ਕਰਨ ਵਾਲਾ ਦੁਈਸ਼ੇਨ ਜੋ ਹਮੇਸ਼ਾ ਹੌਸਲੇ ਤੇ ਉਤਸ਼ਾਹ ਨਾਲ ਭਰਿਆ ਰਹਿੰਦਾ ਸੀ, ਪਰ ਉਸ ਸਮੇਂ ਉਹ ਉਦਾਸ ਵੀ ਹੋ ਜਾਂਦਾ ਹੈ, ਜਦੋਂ ਉਸ ਨੂੰ ਲੈਨਿਨ ਦੇ ਦੇਹਾਂਤ ਦੀ ਖ਼ਬਰ ਮਿਲਦੀ ਹੈ। ਆਪਣੇ ਵਿਦਿਆਰਥੀਆਂ ਸਮੇਤ ਦੁਨੀਆ ਭਰ ਦੇ ਰੌਸ਼ਨ ਦਿਮਾਗ਼ ਇਨਸਾਨਾਂ, ਮਾਨਵਤਾ ਦੀ ਭਲਾਈ ਲਈ ਕੰਮ ਕਰਨ ਵਾਲੇ ਬੁੱਧੀਜੀਵੀਆਂ, ਮਜ਼ਦੂਰਾਂ, ਕਿਸਾਨਾਂ ਨਾਲ ਲੈਨਿਨ ਦੀ ਮੌਤ ਦੇ ਸੋਗ ਵਿਚ ਸ਼ਾਮਲ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਤੇ ਉਸ ਦੇ ਵਿਦਿਆਰਥੀ ਆਪਣੇ ਆਪ ਨੂੰ ਲੈਨਿਨ ਦੇ ਹੋਰ ਵਧੇਰੇ ਨੇੜੇ ਮਹਿਸੂਸ ਕਰਨ ਲੱਗਦੇ ਹਨ।

ਅਲਾਤਿਨਾਈ ਦਾ ਸਕੂਲ ਜਾਣਾ ਕਿਉਂਕਿ ਉਸ ਦੀ ਚਾਚੀ ਨੂੰ ਪਸੰਦ ਨਹੀਂ ਸੀ, ਇਸ ਲਈ ਉਹ ਅਲਾਤਿਨਾਈ ਨੂੰ ਵੱਡੇ ਉਮਰ ਦੇ ਵਿਆਹੇ ਆਦਮੀ ਕੋਲ ਵੇਚ ਦਿੰਦੀ ਹੈ। ਇੱਥੋਂ ਸਾਨੂੰ ਪਤਾ ਲੱਗਦਾ ਹੈ ਕਿ ਸਮਾਜਵਾਦ ਆਉਣ ਨਾਲ ਇਸ ਤਰ੍ਹਾਂ ਦੀਆਂ ਕੁਰੀਤੀਆਂ ਇਕਦਮ ਖ਼ਤਮ ਨਹੀਂ ਹੋ ਜਾਂਦੀਆਂ, ਸਗੋਂ ਲੋਕਾਂ ਅੰਦਰ ਪੂੰਜੀਵਾਦੀ ਕਦਰਾਂ-ਕੀਮਤਾਂ ਨੂੰ ਖ਼ਤਮ ਹੋਣ 'ਚ ਸਮਾਂ ਲੱਗਦਾ ਹੈ। ਸ਼ਾਇਦ ਇਸ ਲਈ ਹੀ ਦੁਈਸ਼ੇਨ ਇੰਨੀ ਪ੍ਰਤੀਬਧਤਾ ਨਾਲ ਅਧਿਆਪਨ ਦੇ ਕਾਰਜ ਵਿਚ ਜੁਟਿਆ ਹੁੰਦਾ ਹੈ, ਕਿਉਂਕਿ ਉਸ ਨੂੰ ਪਤਾ ਹੈ ਕਿ ਮਾਨਵਤਾ ਦੀ ਭਲਾਈ ਅਤੇ ਸੋਵੀਅਤ ਸੰਘ ਦੇ ਵਿਕਾਸ ਲਈ ਲੋਕਾਂ ਨੂੰ ਚੇਤਨ ਕਰਨਾ ਕਿੰਨਾ ਜ਼ਰੂਰੀ ਹੈ। ਦੁਈਸ਼ੇਨ ਸੋਵੀਅਤ ਸੈਨਿਕਾਂ ਦੀ ਸਹਾਇਤਾ ਨਾਲ ਅਲਾਤਿਨਾਈ ਨੂੰ ਉਸ ਵਿਅਕਤੀ ਦੀ ਕੈਦ 'ਚੋਂ ਮੁਕਤ ਕਰਾ ਲੈਂਦਾ ਹੈ, ਜਿਸ ਕੋਲ ਉਸ ਨੂੰ ਵੇਚ ਦਿੱਤਾ ਸੀ। ਉਹ ਅਲਾਤਿਨਾਈ ਨੂੰ ਉਚੇਰੀ ਸਿੱਖਿਆ ਲਈ ਸ਼ਹਿਰ ਭੇਜ ਦਿੰਦਾ ਹੈ, ਜਿੱਥੇ ਉਹ ਕਿਰਤੀ ਵਿਭਾਗ (ਸੋਵੀਅਤ ਯੂਨੀਅਨ ਵਿਚ 1919 ਤੋਂ 1940 ਤਕ ਇਕ ਵਿੱਦਿਅਕ ਸੰਸਥਾ ਦਾ ਨਾਮ, ਜਿਸ ਵਿਚ ਉਨ੍ਹਾਂ ਮੁੰਡਿਆਂ ਤੇ ਕੁੜੀਆਂ ਨੂੰ ਉੱਚ ਵਿੱਦਿਅਕ ਸੰਸਥਾਵਾਂ ਵਿਚ ਦਾਖ਼ਲਾ ਲੈਣ ਲਈ ਤਿਆਰ ਕੀਤਾ ਜਾਂਦਾ ਸੀ, ਜਿਨ੍ਹਾਂ ਨੇ ਪਹਿਲਾਂ ਦਰਮਿਆਨੀ ਵਿੱਦਿਆ ਪ੍ਰਾਪਤ ਨਹੀਂ ਕੀਤੀ ਹੁੰਦੀ ਸੀ।) ਵਿਚ ਜਾ ਕੇ ਪੜ੍ਹਦੀ ਹੈ ਤੇ ਉਸ ਤੋਂ ਬਾਅਦ ਮਾਸਕੋ ਇੰਸਟੀਟਿਊਟ ਵਿਚ ਜਾ ਕੇ ਵਿਗਿਆਨ ਦੀ ਪੜ੍ਹਾਈ ਕਰਦੀ ਹੈ। ਇਹ ਕੰਮ ਉਸ ਲਈ ਬੇਹੱਦ ਔਖਾ ਹੁੰਦਾ ਹੈ। ਇੱਕੋ ਚੀਜ਼ ਕਈ-ਕਈ ਵਾਰ ਸਮਝਣ ਤੋਂ ਬਾਅਦ ਵੀ ਜਦੋਂ ਉਸ ਨੂੰ ਸਮਝ ਨਹੀਂ ਆਉਂਦੀ ਤਾਂ ਉਦੋਂ ਉਹ ਨਿਰਾਸ਼ ਨਹੀਂ ਹੁੰਦੀ, ਸਗੋਂ ਅਜਿਹੇ ਸਮੇਂ ਆਪਣੇ ਪਹਿਲੇ ਅਧਿਆਪਕ ਨੂੰ ਅੰਗ-ਸੰਗ ਮਹਿਸੂਸ ਕਰਦੀ ਹੈ, ਜੋ ਉਸ ਨੂੰ ਹੌਸਲਾ ਦੇ ਰਿਹਾ ਹੁੰਦਾ ਹੈ। ਇਹੋ ਹੁੰਦੀ ਹੈ ਆਦਰਸ਼ ਅਧਿਆਪਕ ਦੀ ਸ਼ਕਤੀ ਜਦੋਂ ਉਹ ਆਪਣੇ ਵਿਦਿਆਰਥੀਆਂ ਕੋਲ ਨਾ ਹੋ ਕੇ ਵੀ, ਉਨ੍ਹਾਂ ਕੋਲ ਹੁੰਦਾ ਹੈ। ਅਸਲ ਵਿਚ ਦੁਈਸ਼ੇਨ ਦੀ ਪ੍ਰੇਰਨਾ ਸਦਕਾ ਹੀ ਅਲਤਿਨਾਈ ਇੰਨੇ ਵੱਡੇ ਰੁਤਬੇ ਨੂੰ ਹਾਸਲ ਕਰਦੀ ਹੈ।

ਹੌਲੀ-ਹੌਲੀ ਪਿੰਡ ਦੇ ਲੋਕ ਸਿੱਖਿਆ ਦਾ ਮਹੱਤਵ ਸਮਝਣ ਲੱਗ ਪੈਂਦੇ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਵੀ ਅਲਤਿਨਾਈ ਵਾਂਗ ਪੜ੍ਹ-ਲਿਖ ਕੇ ਉੱਚੇ ਅਹੁਦਿਆਂ 'ਤੇ ਪਹੁੰਚਣ। ਇਸੇ ਮਕਸਦ ਨਾਲ ਪਿੰਡ ਵਿਚ ਨਵਾਂ ਸਕੂਲ ਖੋਲ੍ਹਿਆ ਜਾਂਦਾ ਹੈ। ਜੋ ਕਦੇ ਸਕੂਲ ਦਾ ਵਿਰੋਧ ਕਰਦੇ ਸਨ, ਪਿੰਡ ਵਿਚ ਸਕੂਲ ਖੁਲ੍ਹਣ 'ਤੇ ਬੇਹੱਦ ਖ਼ੁਸ਼ ਦਿਖਾਈ ਦਿੰਦੇ ਹਨ। ਇਸ ਸਕੂਲ ਵਿਚ ਉਹ ਸਾਰੀਆਂ ਸਹੂਲਤਾਂ ਹੁੰਦੀਆਂ ਹਨ ਜੋ ਸਕੂਲ ਵਿਚ ਹੋਣੀਆਂ ਚਾਹੀਦੀਆਂ ਹਨ। ਦੁਈਸ਼ੇਨ ਦਾ ਸਕੂਲ ਕਿਸੇ ਨੂੰ ਯਾਦ ਵੀ ਨਹੀਂ ਹੁੰਦਾ। ਉਹ ਸਕੂਲ ਜਿਸ ਵਿਚ ਮੇਜ, ਕੁਰਸੀਆਂ, ਚਾਕ, ਬਲੈਕ-ਬੋਰਡ, ਚੰਗੇ ਕਮਰੇ.......ਕੁੱਝ ਵੀ ਨਹੀਂ ਸੀ ਪਰ ਅਲਾਤਿਨਾਈ ਲਈ ਤਾਂ ਉਹ ਦੁਨੀਆ ਦਾ ਸਭ ਤੋਂ ਮਹਾਨ ਸਕੂਲ ਸੀ, ਜਿੱਥੋਂ ਉਸ ਦੇ ਜੀਵਨ ਦਾ ਹਨੇਰਾ ਦੂਰ ਹੋਣਾ ਸ਼ੁਰੂ ਹੋਇਆ ਤੇ ਜਿਸ ਨੇ ਅਲਾਤਿਨਾਈ ਦੀ ਜ਼ਿੰਦਗੀ ਬਦਲੀ।

ਖੰਡਰ ਬਣ ਚੁੱਕਿਆ ਤੇ ਲੋਕਾਂ ਦੀਆਂ ਯਾਦਾਂ ਵਿਚੋਂ ਮਿਟ ਚੁੱਕਿਆ ਦੁਈਸ਼ੇਨ ਦਾ ਸਕੂਲ ਅਲਾਤਿਨਾਈ ਦੇ ਦਿਲ ਵਿਚ ਹਮੇਸ਼ਾ ਲਈ ਜਿਉਂਦਾ ਰਹਿੰਦਾ ਹੈ।


Best Truck Wash
Your Mobile Wash Professionals Edmonton & Area

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।

ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161


SHOWHOMES NOW OPEN!
Laurel CROSSING
A well-rounded community
Single family homes & duplexes
Settle into the well-rounded community of Laurel Crossing, where you're sure to find all the convenience your family could ever really need!
Community lake
Affordable living
Convenient location
Located in South East Edmonton!
SINGLE FAMILY HOMES
Sterling Homes
780.760.1160
Pacesetter Homes
780.756.0833
Tristate Signature Homes
780.756.4941
Landmark Homes
780.702.7279
DUPLEX STYLE HOMES
S2 by Sterling Homes
780.756.9409
Pacesetter Homes
780.757.7982
Bedrock Homes
780.436.8000
Connect Homes
587.523.6939
WHITEMUD FWY
50 STREET
34 STREET
17 STREET
23 AVENUE
16A AVENUE
www.laurel-crossing.com
780.463.1126
QUALICO where community begins


rainbow copy & printing
P: (780) 461-6000
F (780) 450-2302
Toll Free: 1 866 461-6001
PRINTING
• Business Cards
• Flyers
• Weddings
• Brochures
• Posters
• Notepads
• Stationary
COPYING
• Photocopying
• Faxing
• Finishing
• Bindery
• Restorations
DESIGN
Call us and tell us what you want. Our talented and knowledgable staff will design it for you. After you approve it, we'll print it. It's that simple.
www.rainbowcopy.com
rainbow@rainbowcopy.com
Monday - Friday 9:00am - 6:00pm
Saturday 11:00am - 5:00pm


THE SIKH FEDERATION OF EDMONTON
ਸਿੱਖ ਫ਼ੈਡਰੇਸ਼ਨ ਆਫ਼ ਐਡਮਿੰਟਨ
Proudly Presents
29TH VAISAKHI MELA & AWARDS DAY
Sunday, May 5th, 2013 @ 2 pm.
Jubilee Auditorium
11455 - 87 Ave., NW, Edmonton, AB.
Gidha • Bhangra • Natak • Geet-Sangeet
Awards will be presented for Excellence in Academics, Sports, Punjabi Language & Gurbani Kirtan
Community Volunteers will be honoured
Award Forms should be submitted by April 14th, 2013.
Award forms can be downloaded from www.sikhfededmonton.com
*Also available at all the Gurdwaras*
TICKETS $10 ea
For Participation in Cultural Program
Please Contact: AMAN GILL (780-907-2207)
or KARAMJIT SINGH GARCHA (780-908-8619)
For More Info Call: KULMIT SANGHA (780-619-8485)
or visit us @ 9858-41 Ave., Edmonton, AB

SHOP 24/7 @
MILLWOODS SUZUKI.com
780-450-4500
ON THE AUTO ROW | 3403-93 ST. TOLL FREE 1-866-897-4500
Alberta Motor Vehicle Industry Council
BBB ACCREDITED BUSINESS




Come and Check us out
Special huge sale on preowned vehicles.
Dr. Surinder Parmar and Mr. Jessy Prihar
And staff of Millwoods Suzuki.

NEW WAY Stucco Ltd.
Quality work at reasonable rates.



We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ

Moga Painting Company
Serving Since 1985
Experts in Interior & Exterior Paint



Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070



Sales Representative
Harinder Hundal
M.Sc. Eco, M.B.A
Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
MLS MULTIPLE LISTING SERVICE REALTOR
50 SunnyVale Gate, Unit # 7,
Brampton, ON L6S 0C4

ਮੁਲਾਕਾਤ Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com




CALL TODAY TO BOOK YOUR APPOINTMENT OR EMAIL SERVICE@SHERWOODFORD.BIZ!
SHERWOOD Ford
GET READY for SPRING SERVICE SALE
6.0 + 7.3L Diesel Health Check
$139.95 - Engine
$289.95 - Full Truck
only applicable on Ford vehicles. Taxes and fees not included.
A/C Check-Up
$54.95
No Top Ups!
Diesel Labour Rate
6.0 & 7.3L
$90 PER HOUR
SPRING WILL BE HERE! (OFFER VALID WITH COUPONS ONLY)
Transmission Flush and Filter
Starting at $299.95
Power Steering Flush
$99.95
Includes parts and labour
Brake Flush
$99.95
Includes parts and labour
187 Point Inspection
$99.95
NOW HIRING ALL SERVICE AND PARTS STAFF
Find Sherwood Ford on
Let's get connected.
SHERWOOD Ford
local & toll free 1.866.444.7183
2540 Broadmoor Blvd.
Mon. - Fri. 9am - 9pm
Saturday 9am - 6pm
sherwoodford.ca
Alberta Motor Vehicle Industry Council

## ਫ਼ਿਲਮਕਾਰ ਰਾਜੀਵ ਸ਼ਰਮਾ ਨਾਲ ਮੁਲਾਕਾਤ

# ਮੈਂ ਫ਼ਿਲਮਾਂ ਰਾਹੀਂ ਪੇਂਡੂ ਅਤੇ ਸ਼ਹਿਰੀ ਲੋਕਾਂ ਵਿਚ ਸੰਵਾਦ ਪੈਦਾ ਕਰਨਾ ਚਾਹੁੰਦਾ ਹਾਂ : ਰਾਜੀਵ ਸ਼ਰਮਾ



*ਪੰਜਾਬੀ ਦੇ ਨੌਜਵਾਨ ਫਿਲਮਕਾਰ ਰਾਜੀਵ ਸ਼ਰਮਾ ਦੀ ਫਿਲਮ 'ਨਾਬਰ' ਨੇ ਨੈਸ਼ਨਲ ਅਵਾਰਡ ਜਿੱਤ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਸਿਨੇਮਾ ਦਾ ਸਰੋਕਾਰ ਸਿੱਧੇ ਤੌਰ 'ਤੇ ਮਨੁੱਖ ਨਾਲ ਹੈ ਤੇ ਇਹ ਮੁੱਖ ਧਾਰਾ ਦੇ ਸਿਨੇਮਾ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਉਹਨਾਂ ਦੀ ਪਹਿਲੀ ਫ਼ਿਲਮ 'ਨਾਬਰ' ਨੂੰ ਰਾਸ਼ਟਰੀ ਪੁਰਸ਼ਕਾਰ ਮਿਲਿਆ ਹੈ ਜੋ ਕਿ ਪੰਜਾਬੀ ਸਿਨੇਮਾ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਫ਼ਿਲਮਕਾਰ ਰਾਜੀਵ ਸ਼ਰਮਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇੰਡੀਅਨ ਥੀਏਟਰ ਦਾ ਵਿਦਿਆਰਥੀ ਰਿਹਾ ਹੈ ਤੇ ਅੱਜਕੱਲ੍ਹ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ, ਜਿਲ੍ਹਾ ਲੁਧਿਆਣਾ ਨਾਲ ਜੁੜ ਕੇ ਕੰਮ ਕਰ ਰਿਹਾ ਹੈ। ਪਿਛਲੇ ਸਾਲ ਉਹਨਾਂ ਦੀ ਫ਼ਿਲਮ 'ਆਤੂ ਖੋਜੀ' ਕਾਫ਼ੀ ਚਰਚਿਤ ਹੋਈ ਸੀ, ਇਸ ਤੋਂ ਇਲਾਵਾ ਉਹਨਾਂ ਨੇ ਜੁਝਾਰਵਾਦੀ ਕਵੀ ਅਵਤਾਰ ਪਾਸ਼ ਅਤੇ ਮਸ਼ਹੂਰ ਢਾਡੀ ਗਾਇਕ ਇੱਦੂ ਸ਼ਰੀਫ 'ਤੇ ਡਾਕੂਮੈਂਟਰੀ ਫ਼ਿਲਮਾਂ ਵੀ ਬਣਾਈਆਂ ਹਨ। ਅੱਜਕੱਲ੍ਹ ਉਹ 'ਰਕਾਨ' ਫਿਲਮ ਬਣਾ ਰਿਹਾ ਹੈ। ਇੱਥੇ ਦੱਸਣਯੋਗ ਹੈ ਕਿ ਉਹ ਕਈ ਟੀਵੀ ਚੈਨਲਾਂ 'ਤੇ ਮਹੱਤਵਪੂਰਨ ਅਹੁਦਿਆਂ ਉੱਤੇ ਕੰਮ ਕਰ ਚੁੱਕਿਆ ਹੈ।*

? ਦੋ ਪੰਜਾਬੀ ਫ਼ਿਲਮਾਂ ਨੇ ਰਾਸ਼ਟਰੀ ਪੁਰਸ਼ਕਾਰ ਜਿੱਤ ਲਿਆ ਹੈ, ਕੀ ਇਸ ਨਾਲ ਨਵੇਂ ਫ਼ਿਲਮਕਾਰ ਉਤਸ਼ਾਹਿਤ ਹੋਣਗੇ।

ਰਾਜੀਵ ਸ਼ਰਮਾ : ਪਿਛਲੇ ਸਾਲ ਗੁਰਵਿੰਦਰ ਸਿੰਘ ਦੀ ਫ਼ਿਲਮ 'ਅੰਨ੍ਹੇ ਘੋੜੇ ਦਾ ਦਾਨ' ਨੂੰ ਰਾਸ਼ਟਰੀ ਪੁਰਸ਼ਕਾਰ ਮਿਲਿਆ ਸੀ। ਇਸ ਵਾਰੀ ਇਹ ਪੁਰਸ਼ਕਾਰ ਮੇਰੀ ਫ਼ਿਲਮ 'ਨਾਬਰ' ਨੂੰ ਮਿਲਿਆ ਹੈ। ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਇਸ ਨਾਲ ਨਵੇਂ ਰੁਝਾਨ ਸਾਹਮਣੇ ਆਉਣਗੇ ਪਰ ਮੇਰੀ ਛੋਟੀ ਜਿਹੀ ਫ਼ਿਲਮ 'ਆਤੂ ਖੋਜੀ' ਨੇ ਕਈ ਨੌਜਵਾਨਾਂ ਨੂੰ ਇਸ ਖੇਤਰ ਵਿੱਚ ਕੰਮ ਕਰਨ ਲਈ ਪ੍ਰੇਰਿਆ ਹੈ।

? ਤੁਹਾਨੂੰ ਫ਼ੀਚਰ ਫ਼ਿਲਮਾਂ ਦੀ ਲੋੜ ਕਿਉਂ ਮਹਿਸੂਸ ਹੁੰਦੀ ਹੈ।

ਰਾਜੀਵ ਸ਼ਰਮਾ : 'ਆਤੂ ਖੋਜੀ' ਫ਼ਿਲਮ ਦੇਖ ਕੇ ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਫ਼ਿਲਮ ਤਾਂ ਬਹੁਤ ਵਧੀਆ ਹੈ ਪਰ ਇਹ ਹੈ ਬਹੁਤ ਛੋਟੀ। ਅਸਲ ਵਿੱਚ ਭਾਰਤੀ ਦਰਸ਼ਕ ਫ਼ੀਚਰ ਫ਼ਿਲਮਾਂ ਦੇਖਣ ਦੇ ਆਦੀ ਹਨ, ਜਿਹੜੀਆਂ ਕਿ ਲੰਮੀਆਂ ਹੁੰਦੀਆਂ ਹਨ। ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਤਰਜ਼ ਦੀਆਂ ਕੁੱਝ ਲੰਮੀਆਂ ਫ਼ਿਲਮਾਂ ਵੀ ਬਣਨੀਆਂ ਚਾਹੀਦੀਆਂ ਹਨ।

? ਤੁਹਾਨੂੰ ਕੀ ਲੱਗਦਾ ਹੈ, ਫ਼ਿਲਮ ਨੂੰ ਕਿਸ ਕਾਰਣ ਇਹ ਪੁਰਸ਼ਕਾਰ ਮਿਲਿਆ।

ਰਾਜੀਵ ਸ਼ਰਮਾ : ਮੇਰੀ ਨਜ਼ਰ ਵਿੱਚ ਫ਼ਿਲਮ ਦਾ ਵਿਸ਼ਾ ਸਭ ਤੋਂ ਮਹੱਤਵਪੂਰਨ ਹੈ। ਇਸ ਤੋਂ ਇਲਾਵਾ 'ਨਾਬਰ'

ਮੁਲਾਕਾਤੀ
ਮੋਨਿਕਾ ਸਿੰਘ

ਦਾ ਸੰਗੀਤ ਬਹੁਤ ਹੀ ਪਿਆਰਾ ਹੈ। ਗੁਰਬਾਣੀ ਗਾਇਨ ਸ਼ੈਲੀ ਦਾ ਅਧੁਨਿਕੀਕਰਣ ਕੀਤਾ ਗਿਆ ਹੈ।

? ਤੁਹਾਡੀ ਫ਼ਿਲਮ ਪਰਵਾਸ ਦੁਖਾਂਤ ਨਾਲ ਜੁੜੀ ਹੋਈ ਹੈ। ਇਸ ਨੇ ਬਹੁਤ ਸਾਰੇ ਪਰਿਵਾਰਾਂ ਨੂੰ ਤਬਾਹ ਕੀਤਾ ਹੈ। ਤੁਹਾਨੂੰ ਇਸ ਵਿਸ਼ੇ 'ਤੇ ਫ਼ਿਲਮ ਬਣਾਉਣ ਦਾ ਖ਼ਿਆਲ ਕਿਵੇਂ ਆਇਆ।

ਰਾਜੀਵ ਸ਼ਰਮਾ : ਇੱਥੇ ਮੈਂ ਪੱਤਰਕਾਰਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਦੀਆਂ ਪਰਵਾਸ ਦੁਖਾਂਤ ਬਾਰੇ ਰਿਪੋਰਟਾਂ ਪੜ੍ਹ ਕੇ ਮੈਨੂੰ ਇਹ ਫ਼ਿਲਮ ਬਣਾਉਣ ਦਾ ਖ਼ਿਆਲ ਆਇਆ। ਇੱਕ ਨੌਜਵਾਨ ਦੇ ਕਤਲ ਬਾਰੇ ਹਾਈਕੋਰਟ ਦੇ ਫੈਸਲੇ ਦੀ ਰਿਪੋਰਟ ਅਖ਼ਬਾਰ ਵਿੱਚ ਛਪਦੀ ਹੈ, ਅਜਿਹਾ ਇੱਕ ਗੈਰਕਾਨੂੰਨੀ ਟਰੈਵਲ ਏਜੰਟ ਵੱਲੋਂ ਕੀਤਾ ਗਿਆ ਸੀ। ਇਸ ਕੇਸ ਦੀ ਪੈਰਵਾਈ ਉਸ ਬੁੱਢੇ ਬਾਪ ਵੱਲੋਂ ਕੀਤੀ ਜਾਂਦੀ ਹੈ ਜੋ ਆਪਣਾ ਪੁੱਤਰ ਖੋ ਚੁੱਕਿਆ ਹੈ। ਇਸ ਖ਼ਬਰ ਨੇ ਮੈਨੂ ਝਮਜੋੜ ਦਿੱਤਾ ਤੇ ਫ਼ਿਲਮ ਬਣਾਉਣ ਬਾਰੇ ਸੋਚਣ ਲਈ ਮਜ਼ਬੂਰ ਕਰ ਦਿੱਤਾ।

? ਤੁਸੀਂ ਵਿੱਤੀ ਸਮੱਸਿਆਵਾਂ ਨਾਲ ਕਿਵੇਂ ਨਜਿੱਠੇ।

ਰਾਜੀਵ ਸ਼ਰਮਾ : ਸ਼ੁਰੂਆਤ ਵਿੱਚ ਇਹ ਬਹੁਤ ਵੱਡੀ ਸਮੱਸਿਆ ਸੀ। ਜਿਸ ਨਾਲ ਵੀ ਮੈਂ ਸੰਪਰਕ ਕੀਤਾ ਉਸਨੇ ਮੈਨੂੰ ਵੱਡੇ ਅਦਾਕਾਰ ਨਾਲ ਲੈ ਕੇ ਕੰਮ ਕਰਨ ਦੀ ਸਲਾਹ ਦਿੱਤੀ। ਇੱਕ ਵਾਰੀ ਮੇਰੇ ਮਨ ਵਿੱਚ ਮਸ਼ਹੂਰ ਗਾਇਕ ਗੁਰਦਾਸ ਮਾਨ ਨੂੰ ਲੈ ਕੇ ਫ਼ਿਲਮ ਬਣਾਉਣ ਦਾ ਖ਼ਿਆਲ ਵੀ ਆਇਆ। ਪਰ ਜਦ ਮੈਨੂੰ ਫ਼ਿਲਮ ਦਾ ਪ੍ਰੋਡਿਊਸਰ ਜਸਬੀਰ ਸਿੰਘ ਡੇਰੇਵਾਲ ਮਿਲ ਗਿਆ ਤਾਂ ਘੱਟ ਮਸ਼ਹੂਰ ਅਦਾਕਾਰਾਂ ਨੂੰ ਲੈ ਕੇ ਫ਼ਿਲਮ ਬਣਾਉਣ ਦਾ ਫੈਸਲਾ ਕੀਤਾ ਗਿਆ। ਅਦਾਕਾਰਾਂ ਨੇ ਕਮਾਲ ਕਰ ਵਿਖਾਈ। ਮੈਨੂੰ ਬਹੁਤ ਸਾਰਿਆਂ ਨੇ ਕਿਹਾ ਹੈ ਕਿ ਤੁਹਾਡੇ ਅਦਾਕਾਰ ਤੇ ਕਰੈਕਟਰ ਇੱਕ-ਮਿੱਕ ਹੋ ਜਾਂਦੇ ਹਨ।

? ਕੀ 'ਨਾਬਰ' ਅਤੇ 'ਆਤੂ ਖੋਜੀ' ਵਰਗੀਆਂ ਫ਼ਿਲਮਾਂ ਦੀ ਮਾਰਕੀਟਿੰਗ ਕਰਨਾ ਸੱਚਮੁੱਚ ਮੁਸ਼ਕਿਲ ਹੈ।

ਰਾਜੀਵ ਸ਼ਰਮਾ- ਫ਼ਿਲਮ ਬਣਾ ਕੇ ਸਿਰਫ਼ 25 ਪ੍ਰਤੀਸ਼ਤ ਕੰਮ ਮੁੱਕਦਾ ਹੈ। ਸਭ ਤੋਂ ਵੱਡਾ ਕੰਮ ਤਾਂ ਇਸਨੂੰ ਲੋਕਾਂ ਵਿੱਚ ਲੈ ਕੇ ਜਾਣਾ ਹੁੰਦਾ ਹੈ। ਪਰ ਮੈਂ ਇੱਥੇ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਫ਼ਿਲਮਾਂ ਮਲਟੀਪਲੈਕਸ ਵਿੱਚ ਬੈਠ ਕੇ ਸ਼ਹਿਰੀ ਵਰਗ ਦੇ ਦੇਖਣ ਲਈ ਨਹੀਂ ਬਣਾਉਂਦਾ। ਮੈਂ ਸਾਧਾਰਣ ਲੋਕਾਂ ਵਾਸਤੇ ਫ਼ਿਲਮਾਂ ਬਣਾਉਂਦਾ ਹਾਂ ਜਿਹੜੇ ਕਿ ਪਿੰਡਾਂ ਵਿੱਚ ਵਸਦੇ ਹਨ, ਜਿਹੜੇ ਕਿ ਮਲਟੀਪਲੈਕਸ ਦੀਆਂ ਮਹਿੰਗੀਆਂ ਟਿਕਟਾਂ ਲੈ ਕੇ ਫ਼ਿਲਮ ਨਹੀਂ ਦੇਖ ਸਕਦੇ। ਮੈਂ ਉਹਨਾਂ ਤੀਕਰ ਪਹੁੰਚ ਕਰਦਾ ਹਾਂ।

? ਹੁਣ ਪੰਜਾਬੀ ਸਿਨੇਮਾ ਉਤਸ਼ਾਹਿਤ ਹੈ। ਹਰ ਰੋਜ਼ ਨਵੀਆਂ ਫ਼ਿਲਮਾਂ ਦਾ ਐਲਾਨ ਹੁੰਦਾ ਹੈ। ਇਸ ਸਥਿਤੀ ਵਿੱਚ ਤੁਹਾਨੂੰ ਪੰਜਾਬੀ ਫ਼ਿਲਮ ਉਦਯੋਗ ਤੋਂ ਕੀ ਆਸਾਂ ਹਨ।

ਰਾਜੀਵ ਸ਼ਰਮਾ : ਅਸਲ ਵਿੱਚ ਇਹ ਸਾਰਾ ਕੁੱਝ ਨੇਮਬੱਧ ਤਰੀਕੇ ਨਾਲ ਨਹੀਂ ਹੋ ਰਿਹਾ, ਇਹ ਸਿਨੇਮਾ ਨਹੀਂ ਹੈ, ਇਹ ਭੇਡਚਾਲ ਹੈ। ਕੁੱਝ ਫ਼ਿਲਮਾਂ ਹਨ ਜਿਹੜੀਆਂ ਚੰਗਾ ਬਿਜ਼ਨਸ ਕਰਦੀਆਂ ਹਨ, ਜ਼ਿਆਦਾਤਰ ਫ਼ਿਲਮਾਂ ਅਸਫ਼ਲ ਜਾਂ ਕਹਿ ਲਵੋ ਫਲੌਪ ਰਹਿੰਦੀਆਂ ਹਨ। ਮੇਰੀ ਅਜਿਹੇ ਸਿਨੇਮਾ ਵਿੱਚ ਭੋਰਾ ਰੁਚੀ ਨਹੀਂ ਹੈ।

? ਤੁਸੀਂ ਆਪਣੀਆਂ ਫ਼ਿਲਮਾਂ ਨੂੰ ਕਿਵੇਂ ਪਰਿਭਾਸ਼ਤ ਕਰੋਗੇ।

ਰਾਜੀਵ ਸ਼ਰਮਾ : ਇਹ ਖ਼ਾਸ ਉਦੇਸ ਤਹਿਤ ਰਚਿਆ ਗੰਭੀਰ ਸਿਨੇਮਾ ਹੈ ਜੋ ਫ਼ਿਲਮਕਾਰਾਂ ਨੂੰ ਭਾਵੇਂ ਪ੍ਰਭਾਵਿਤ ਨਾ ਕਰੇ ਪਰ ਆਮ ਲੋਕਾਂ ਨੂੰ ਜਰੂਰ ਪ੍ਰਭਾਵਿਤ ਕਰਦਾ ਹੈ।

? ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਰਾਸ਼ਟਰੀ ਪੁਰਸ਼ਕਾਰ ਮਿਲਣ ਤੋਂ ਬਾਅਦ ਤੁਹਾਡੀ ਜ਼ਿੰਮੇਵਾਰੀ ਹੋਰ ਵਧ ਗਈ ਹੈ।

ਰਾਜੀਵ ਸ਼ਰਮਾ : ਨਹੀਂ, ਇਸ ਸੰਦਰਭ ਵਿੱਚ ਨਹੀਂ, ਮੈਂ ਪਹਿਲਾਂ ਹੀ ਆਪਣੇ ਉਦੇਸ ਅਨੁਸਾਰ 'ਰਕਾਨ' ਫ਼ਿਲਮ ਬਣਾ ਰਿਹਾ ਹਾਂ, ਜਿਸ ਵਿੱਚ ਚਾਰ ਔਰਤਾਂ ਦੀ ਕਹਾਣੀ ਹੈ। ਜਿਨ੍ਹਾਂ ਦਾ ਨਸ਼ੇ ਤੇ ਜ਼ਮੀਨ ਮਾਫ਼ੀਆ ਨਾਲ ਸਿੱਧਾ ਵਾਹ ਪੈਂਦਾ ਹੈ। ਇਸ ਵਿੱਚ ਫਲੈਸ਼ਬੈਕ ਤਕਨੀਕ ਰਾਹੀਂ '84 ਦੇ ਕਤਲੇਆਮ ਵਿੱਚ ਔਰਤ ਦੀ ਹੋਈ ਦੁਰਗਤੀ ਨੂੰ ਦਿਖਾਇਆ ਜਾਵੇਗਾ। ਮੈਂ ਆਪਣੀਆਂ ਫ਼ਿਲਮਾਂ ਰਾਹੀਂ ਪੇਂਡੂ ਅਤੇ ਸ਼ਹਿਰੀ ਲੋਕਾਂ ਵਿੱਚ ਸੰਵਾਦ ਪੈਦਾ ਕਰਨਾ ਚਾਹੁੰਦਾ ਹਾਂ। ਮੈਂ ਸੋਚਦਾ ਹਾਂ ਕਿ ਸ਼ਹਿਰਾਂ ਵਿੱਚ ਰਹਿਣ ਵਾਲਿਆਂ ਨੂੰ ਪੇਂਡੂ ਲੋਕਾਂ ਪ੍ਰਤੀ ਹਮਦਰਦੀ ਦਿਖਾਉਣੀ ਚਾਹੀਦੀ ਹੈ ਜਿਹੜੇ ਕਿ ਬਿਲਕੁੱਲ ਵੱਖਰੀ ਹਾਲਤ ਵਿੱਚ ਜੀ ਰਹੇ ਹਨ।

? ਤੁਹਾਡੇ ਫ਼ਿਲਮਾਂ ਦੇ ਨਾਮ ਕੁੱਝ ਵੱਖਰੇ ਹੁੰਦੇ ਹਨ। ਇਸ ਪਿੱਛੇ ਕੋਈ ਖ਼ਾਸ ਕਾਰਣ ਹੈ।

ਰਾਜੀਵ ਸ਼ਰਮਾ : ਨਾਬਰ ਦਾ ਮਤਲਬ ਬਾਗ਼ੀ ਹੁੰਦਾ ਹੈ ਤੇ ਰਕਾਨ ਉਹ ਕੁੜੀ ਹੁੰਦੀ ਹੈ ਜਿਹੜੀ ਵੱਖਰੇ ਅੰਦਾਜ਼ ਵਿੱਚ ਵਿਚਰਦਿਆਂ ਸਮਾਜ ਦੀਆਂ ਕੱਟੜ ਪਰੰਪਰਾਵਾਂ ਦੀ ਪਰਵਾਹ ਨਹੀਂ ਕਰਦੀ। ਇਹ ਸ਼ਬਦ ਅਲੋਪ ਹੋ ਰਹੇ ਹਨ। ਮੇਰੀਆਂ ਫ਼ਿਲਮਾਂ ਜ਼ਰੀਏ ਮੈਂ ਇਹਨਾਂ ਸ਼ਬਦਾਂ ਨੂੰ ਬਚਾਉਣਾ ਚਾਹੁੰਦਾ ਹਾਂ।

**ਫ਼ਿਲਮਕਾਰ ਰਾਜੀਵ ਸ਼ਰਮਾ 20 ਮਈ ਤੋਂ 27 ਮਈ ਤਕ ਐਡਮਿੰਟਨ ਵਿਖੇ ਆ ਰਹੇ ਹਨ, ਉਨ੍ਹਾਂ ਨਾਲ 780-200-2872 'ਤੇ ਸੰਪਰਕ ਕੀਤਾ ਜਾ ਸਕਦਾ ਹੈ।**



# ਗ਼ਦਰ ਤੋਂ ਗ਼ਦਰ ਦੀ ਅਮਰ ਕਹਾਣੀ



ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com

**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡਾ਼ ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

1757 ਈ. ਵਿਚ ਪਲਾਸੀ ਦੀ ਲੜਾਈ ਜਿੱਤ ਲੈਣ ਤੋਂ ਬਾਅਦ ਭਾਰਤ ਅੰਦਰ ਈਸਟ ਇੰਡੀਆ ਕੰਪਨੀ ਦੀ ਲੁੱਟ ਦਾ ਬਾਜ਼ਾਰ ਗਰਮ ਹੋ ਗਿਆ। ਅੰਗਰੇਜ਼ ਜਿੱਥੇ ਪੁਰਾਣੇ ਸਮਾਜਕ,ਆਰਥਕ ਤੇ ਸਭਿਆਚਾਰਕ ਪ੍ਰਬੰਧ ਨੂੰ ਤੋੜਦੇ ਬਦਲਦੇ ਗਏ, ਉੱਥੇ ਨਵੀਆਂ ਕਦਰਾਂ ਕੀਮਤਾਂ ਵਾਲੇ ਪ੍ਰਬੰਧ ਨੂੰ ਆਪਣੇ ਅਨੁਸਾਰ ਸਿਰਜਦੇ ਗਏ। ਇਸ ਮਕਸਦ ਲਈ ਅੰਗਰੇਜ਼ ਨੀਤੀਵਾਨ ਮੈਕਾਲੇ ਨੇ ਜਿੱਥੇ ਅੰਗਰੇਜ਼ੀ ਨੂੰ ਸਿੱਖਿਆ ਤੰਤਰ ਵਿਚ ਲਾਗੂ ਕੀਤਾ, ਉਥੇ ਕਰਿਸ਼ਚੀਅਨ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਭਾਰਤੀ ਸਮਾਜ ਅੰਦਰ ਉਹ ਵਰਗ ਤਿਆਰ ਕਰਨਾ ਆਰੰਭ ਕੀਤਾ, ਜਿਹੜਾ ਅੰਗਰੇਜ਼ ਦਾ ਅਨੁਸਾਰੀ ਸੀ। 19ਵੀਂ ਸਦੀ ਦੇ ਅੱਧ ਤਕ ਈਸਟ ਇੰਡੀਆ ਕੰਪਨੀ ਨੇ ਭਾਰਤ ਅੰਦਰ ਚੱਲ ਰਿਹਾ ਸਾਂਝੀ ਮਾਲਕੀ ਦਾ ਜ਼ਮੀਨੀ ਪ੍ਰਬੰਧ ਬਦਲਣਾ ਸ਼ੁਰੂ ਕਰ ਦਿੱਤਾ। ਭਾਰਤ ਦਾ ਪੁਰਾਤਨ ਦਸਤਕਾਰੀ ਤੇ ਕਾਰੀਗਿਰੀ ਦਾ ਪੁਰਾਣਾ ਸਦੀਆਂ ਤੋਂ ਚੱਲ ਰਿਹਾ ਪ੍ਰਬੰਧ ਨਵੀਆਂ ਨੀਤੀਆਂ ਅਨੁਸਾਰ ਢਾਲਣਾ ਸ਼ੁਰੂ ਕਰ ਦਿੱਤਾ। ਜਿਸ ਨਾਲ ਗ਼ਰੀਬੀ ਭਾਰਤ ਵਿਚ ਤੇ ਸਰਮਾਇਆ ਇੰਗਲੈਂਡ ਵਿਚ ਜਾਣ ਲੱਗਾ। ਸ਼ੁਰੂ-ਸ਼ੁਰੂ ਵਿਚ ਇਸ ਬਦਲਵੇਂ ਪ੍ਰਬੰਧ ਨੇ ਕਾਰੀਗਰਾਂ ਨੂੰ ਆਪਣੇ ਵੱਲ ਖਿੱਚਿਆ ਪਰ ਬਾਅਦ ਵਿਚ ਇਸ ਤੋਂ ਜਾਨ ਛਡਵਾਉਣੀ ਉਨ੍ਹਾਂ ਲਈ ਬਹੁਤ ਮੁਸ਼ਕਲ ਹੋ ਗਈ। ਬਰਤਾਨਵੀ ਲੋਕ ਸਭਾ ਦੀ ਸੀਲੈਕਟ ਕਮੇਟੀ ਨੂੰ ਸਰ ਚਾਰਲਸ ਟਰੈਵੈਲੀਅਨ ਨੇ 1840 ਵਿਚ ਕਿਹਾ, ''ਅਸਾਂ (ਹਿੰਦੀ) ਸਨਅਤਕਾਰਾਂ ਨੂੰ ਹੂੰਝ ਸੁੱਟਿਆ ਹੈ। ਹੁਣ ਉਹ ਜ਼ਮੀਨੀ ਪੈਦਾਵਾਰ ਤੋਂ ਬਿਨਾਂ ਕੋਈ ਹੋਰ ਆਸਰਾ ਨਹੀਂ ਰੱਖਦੇ।'' ਜੇਕਰ ਭਾਰਤ ਦੀ ਲੁੱਟ ਬਾਰੇ ਉੱਡਦੀ-ਉੱਡਦੀ ਝਾਤੀ ਵੀ ਮਾਰੀ ਜਾਵੇ ਤਾਂ ਪਤਾ ਲੱਗ ਜਾਂਦਾ ਹੈ ਕਿ ਭਾਰਤ ਦੀ ਆਰਥਿਕਤਾ ਦਾ ਦਿਵਾਲਾ ਕਿਵੇਂ ਨਿਕਲਿਆ। ''1813 ਵਿਚ 90 ਲੱਖ ਪੌਂਡ ਕਪਾਹ ਬਰਤਾਨੀਆ ਲਿਜਾਈ ਗਈ, 1844 ਵਿਚ 880 ਲੱਖ ਪੌਂਡ ਤੇ 1914 ਵਿਚ 9630 ਲੱਖ ਪੌਂਡ। ਜਿੱਥੇ 1849 ਵਿਚ ਸਾਢੇ 8 ਲੱਖ ਪੌਂਡ ਤੋਂ ਵੱਧ ਮੁੱਲ ਦਾ ਅਨਾਜ ਵਲੈਤ ਢੋਇਆ ਗਿਆ, ਉੱਥੇ 1901 ਵਿਚ 93 ਲੱਖ ਪੌਂਡ ਦਾ ਤੇ 1914 ਵਿਚ 193 ਲੱਖ ਪੌਂਡ ਦਾ।'' ਲਾਰਡ ਕਰਜ਼ਨ ਨੇ ਕਲਕੱਤੇ ਅੰਗਰੇਜ਼ ਵਪਾਰੀਆਂ ਦੇ ਸਾਲਾਨਾ ਜਲਸੇ ਵਿਚ ਕਿਹਾ, ''ਰਾਜ ਪ੍ਰਬੰਧ ਤੇ ਲੁੱਟ ਖੋਹ ਕਰਿੰਗੜੀਆਂ ਪਾ ਕੇ ਚੱਲਦੇ ਹਨ।'' ਰਾਜ ਪ੍ਰਬੰਧ ਤੇ ਲੁੱਟ ਦੀ ਕਰਿੰਗੜੀ ਨੇ ਸਮੁੱਚੇ ਭਾਰਤੀਆਂ ਦਾ ਜੀਵਨ ਨਰਕ ਬਣਾਉਣਾ ਸ਼ੁਰੂ ਕਰ ਦਿੱਤਾ।

ਇਸ ਲੁੱਟ ਦਾ ਹੀ ਨਤੀਜਾ ਸੀ ਕਿ ਭਾਰਤ ਵਿਚ ਇਕ ਤੋਂ ਬਾਅਦ ਇਕ ਕਾਲ਼ ਪੈਂਦੇ ਰਹੇ। 1850 ਤੋਂ 1900 ਤਕ ਭਾਰਤ ਵਿਚ ਕੋਈ 25 ਵਾਰ ਕਾਲ਼ ਪਏ, ਜਿਸ ਵਿਚ ਕੋਈ ਦੋ ਕਰੋੜ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ। ''1881 ਵਿਚ ਪ੍ਰਤੀ ਵਿਅਕਤੀ ਆਮਦਨ ਜਿਹੜੀ 27 ਰੁਪਏ ਸੀ, ਉਹ 1899 ਵਿਚ ਘੱਟ ਕੇ 18 ਰੁਪਏ ਰਹਿ ਗਈ।''

ਇਸੇ ਸਮੇਂ ਭਾਰਤੀਆਂ ਦੀ ਲੁੱਟ ਬਾਰੇ ਅੰਕੜਿਆਂ ਸਹਿਤ ਚਰਚਾ ਸ਼ੁਰੂ ਹੋ ਗਈ। ਸਰਬ ਪ੍ਰਵਾਨਤ ਅੰਕੜੇ 1868 ਵਿਚ ਦਾਦਾ ਭਾਈ ਨਰੌਜੀ ਨੇ ਦਿੱਤੇ। ਉਨ੍ਹਾਂ ਦੁਆਰਾ ਇਕੱਠੇ ਕੀਤੇ ਅੰਕੜਿਆਂ ਮੁਤਾਬਕ ਇਕ ਆਦਮੀ ਦੀ ਔਸਤ ਆਮਦਨ 20 ਰੁਪਏ ਸਾਲਾਨਾ ਸੀ। ਉਨ੍ਹਾਂ ਦੀ ਪੁਸਤਕ ''ਹਿੰਦੁਸਤਾਨ ਵਿਚ ਗ਼ਰੀਬੀ ਅਤੇ ਅੰਗਰੇਜ਼ੀ ਰਾਜ'' ਨੇ ਭਾਰਤ ਦੀ ਆਰਥਕ ਵਿਕਾਸ ਰੇਖਾ ਨੂੰ ਚਰਚਾ ਵਿਚ ਲਿਆਂਦਾ। ਉਨ੍ਹਾਂ ਤੋਂ ਬਿਨ੍ਹਾਂ ਵਾਡੀਆ ਅਤੇ ਜੋਸ਼ੀ ਵਰਗਿਆਂ ਨੇ ਭਾਰਤੀ ਅਰਥ ਵਿਵਸਥਾ ਦਾ ਇਤਿਹਾਸਕ ਦ੍ਰਿਸ਼ਟੀ ਤੋਂ ਮੁਲਾਂਕਣ ਕੀਤਾ। ਉਸ ਸਮੇਂ ਦੇ ਵਿਸ਼ਵ ਚਿੰਤਕ ਕਾਮਰੇਡ ਵੀ.ਆਈ. ਲੈਨਿਨ ਨੇ 1908 ਵਿਚ ਲਿਖਿਆ ''ਹਿੰਦੁਸਤਾਨ ਵਿਚ ਉਸ ਲੁੱਟ ਦਾ ਕੋਈ ਅੰਤ ਨਹੀਂ, ਜਿਸ ਨੂੰ ਅੰਗਰੇਜ਼ੀ ਰਾਜ ਆਖਿਆ ਜਾਂਦਾ ਹੈ।'' ਇਸ ਲੁੱਟ ਖਸੁੱਟ ਨੇ ਭਾਰਤ ਦੇ ਹਰ ਕਿਸਮ ਦੇ ਵਸਨੀਕਾਂ ਨੂੰ ਕੰਗਾਲ ਕਰ ਕੇ ਰੱਖ ਦਿੱਤਾ। ਕਿਸਾਨੀ ਕਰਜ਼ਾਈ ਹੋ ਕੇ ਰਹਿ ਗਈ। ਭਾਵੇਂ ਪੰਜਾਬ 'ਤੇ ਅੰਗਰੇਜ਼ ਦਾ ਕਬਜ਼ਾ ਬਾਕੀ ਭਾਰਤ ਨਾਲੋਂ ਬਹੁਤ ਬਾਅਦ (1850) ਵਿਚ ਹੋਇਆ ਪਰ ਟੁੱਟ ਰਹੀ ਆਰਥਿਕਤਾ ਦਾ ਅਸਰ ਇਨ੍ਹਾਂ ਪੰਜਾਬੀਆਂ 'ਤੇ ਵੀ ਪਿਆ। ਕਿਸਾਨਾਂ ਲਈ ਮਾਮਲਾ ਤਾਰਨਾ ਵੀ ਮੁਸ਼ਕਲ ਹੋ ਗਿਆ। ਜ਼ਮੀਨਾਂ ਗਹਿਣੇ ਪਾਉਣ ਦਾ ਰਿਵਾਜ਼ ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਦੇ ਨਾਲ ਹੀ ਪਿਆ। 1887 ਤਕ ਪੰਜਾਬ ਦੀ ਜ਼ਮੀਨ ਦਾ 7 ਫੀਸਦੀ ਹਿੱਸਾ ਗਹਿਣੇ ਪੈ ਚੁੱਕਾ ਸੀ। ਕਰਜ਼ੇ ਦੇ ਜਾਲ 'ਚ ਫ਼ਸੀ ਕਿਸਾਨੀ ਲਈ ਜ਼ਮੀਨਾਂ ਵੇਚਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। 1901 ਤਕ 4 ਲੱਖ 13 ਹਜ਼ਾਰ ਏਕੜ ਜ਼ਮੀਨ ਵਿਕ ਗਈ ਸੀ (ਪੰਜਾਬ ਦੀ ਜ਼ਰਾਇਤੀ ਰਿਪੋਰਟ 1924-25 ਨੰਬਰ 62 ਸਫ਼ਾ 355)

ਬਦਲੇ ਪ੍ਰਬੰਧ ਨੇ ਹਟਵਾਣੀਆਂ, ਦਲਾਲਾਂ, ਠੇਕੇਦਾਰਾਂ ਤੇ ਸਨਅਤੀ ਮਜ਼ਦੂਰਾਂ ਦੀ ਨਵੀਂ ਜਮਾਤ ਪੈਦਾ ਕਰ ਦਿੱਤੀ। ਕਿਰਤੀ, ਕਿਸਾਨ ਅਤੇ ਉਨ੍ਹਾਂ 'ਤੇ ਨਿਰਭਰ ਦਸਤਕਾਰ ਭੁੱਖੇ ਮਰਨ ਲਈ ਮਜਬੂਰ ਹੋ ਗਏ। ਪਿੰਡਾਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ। ਇਸ ਨਾਲ ਪੇਂਡੂ ਲੋਕਾਂ ਦੇ ਮਨਾਂ ਵਿਚ ਅੰਗਰੇਜ਼ਾਂ ਪ੍ਰਤੀ ਘਿਰਣਾ ਪੈਦਾ ਹੋਣੀ ਆਰੰਭ ਹੋ ਗਈ।

ਅੰਗਰੇਜ਼ਾਂ ਨੇ ਪਿੰਡਾਂ ਦੇ ਚੱਲ ਰਹੇ ਪੁਰਾਣੇ ਆਰਥਕ ਪ੍ਰਬੰਧ ਨੂੰ ਤੋੜ ਕੇ ਨਵਾਂ ਪ੍ਰਬੰਧ ਸਿਰਜ ਦਿੱਤਾ, ਜਿਹੜਾ ਅੰਗਰੇਜ਼ਾਂ ਦੇ ਅਨੁਸਾਰ ਸੀ, ਜਿਸ ਨਾਲ ਲੁੱਟੀ-ਪੁੱਟੀ ਗਈ ਭਾਰਤ ਦੀ ਜਨਤਾ ਨੂੰ ਕੋਈ ਰਾਹਤ ਤਾਂ ਕੀ ਮਿਲਣੀ ਸੀ, ਸਗੋਂ ਇਸ ਦੇ ਨਾਲ ਪਿੰਡਾਂ ਵਿਚ ਪੈਦਾ ਕੀਤਾ ਗਿਆ ਅਨਾਜ ਤੇ ਹੋਰ ਵਸਤਾਂ ਸ਼ਹਿਰਾਂ ਤੇ ਕਸਬਿਆਂ ਵਿਚ ਇਕੱਠੀਆਂ ਹੋਣ ਲੱਗੀਆਂ। ਨਵੀਆਂ ਬਣੀਆਂ ਮੰਡੀਆਂ ਤੇ ਰੇਲ ਆਵਾਜਾਈ ਦੀ ਸਹੂਲਤ ਨੇ ਭਾਰਤ ਦੇ ਹਰ ਕਿਰਤੀ, ਕਿਸਾਨ ਤੇ ਦਸਤਕਾਰ ਦੀ ਉਪਜ ਨੂੰ ਸਮੁੰਦਰੀ ਘਾਟਾਂ ਨਾਲ ਜੋੜ ਦਿੱਤਾ। ਜਿੱਥੋਂ ਭਾਰਤ ਦੀ ਉਪਜ ਵਿਦੇਸ਼ਾਂ ਨੂੰ ਸਸਤੇ ਭਾਅ 'ਤੇ ਜਾਣ ਲੱਗੀ। ਇਸ ਨਵੇਂ ਪ੍ਰਬੰਧ ਨੇ ਕਿਰਤੀ ਲੋਕਾਂ ਦਾ ਜੀਵਨ ਪੂਰੀ ਤਰ੍ਹਾਂ ਨਰਕ ਬਣਾ ਦਿੱਤਾ। ਵਪਾਰੀਆਂ ਤੇ ਦਲਾਲਾਂ ਦਾ ਨਵਾਂ ਵਰਗ ਵੀ ਪੈਦਾ ਹੋ ਗਿਆ, ਜਿਸ ਨੇ ਇਸ ਪ੍ਰਬੰਧ ਦੇ ਆਰਥਕ ਲਾਭਾਂ ਦਾ ਅਨੰਦ ਮਾਨਣਾ ਸ਼ੁਰੂ ਕੀਤਾ ਸੀ। ਉਹ ਅੰਗਰੇਜ਼ਪ੍ਰਸਤ ਵੀ ਬਣ ਗਏ। ਇਸ ਦੇ ਨਾਲ ਵੱਖਰੀਆਂ ਜਮਾਤਾਂ ਵੀ ਜਿੱਥੇ ਹੋਂਦ ਵਿਚ ਆਉਣ ਲੱਗੀਆਂ, ਉੱਥੇ ਅੰਗਰੇਜ਼ਪ੍ਰਸਤੀ ਦਾ ਅਸਰ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿਚ ਵੀ ਦਿਖਾਈ ਦੇਣ ਲੱਗ ਪਿਆ। ਇਸ ਬਦਲੀ ਆਰਥਕ ਹਾਲਤ ਨਾਲ ਜਿੱਥੇ ਰਾਜਸੀ ਲਹਿਰਾਂ ਉੱਠੀਆਂ ਉੱਥੇ ਅੰਗਰੇਜ਼ਪ੍ਰਸਤਾਂ ਦੀ ਜਮਾਤ ਵੀ ਆਪਣੇ ਪ੍ਰਭੂਆਂ ਦੇ ਹਿੱਤਾਂ ਵਿਚ ਡੱਟ ਕੇ ਖੜਨ ਲੱਗੀ। ਆਰੀਆ ਸਮਾਜ, ਅੰਜੁਮਨ ਇਸਲਾਮੀਆਂ ਤੇ ਸਿੰਘ ਸਭਾ ਵਰਗੀਆਂ ਲਹਿਰਾਂ ਭਾਵੇਂ ਆਪੋ ਵਿਚ ਸ਼ਰੀਕਾ ਰੱਖਦੀਆਂ ਰਹੀਆਂ ਪਰ ਆਪਣੇ ਕਾਰਜ ਤੇ ਪ੍ਰਕਾਰਜ ਵਿਚ ਉਹ ਇਕੋ ਹੀ ਕੰਮ ਵੱਖ ਵੱਖ ਖੇਤਰਾਂ ਵਿਚ ਕਰਦੀਆਂ ਰਹੀਆਂ। ਜਿਹੜੀਆਂ ਲਹਿਰਾਂ ਚੱਲੀਆਂ ਵੀ ਉਨ੍ਹਾਂ ਦਾ ਆਧਾਰ ਜਾਤੀ ਵੱਧ ਤੇ ਜਮਾਤੀ ਬਿਲਕੁਲ ਵੀ ਨਹੀਂ ਸੀ। ਭਾਵੇਂ ਅੰਗਰੇਜ਼ਾਂ ਖ਼ਿਲਾਫ਼ ਸੰਘਰਸ਼ ਤਾਂ ਉਨ੍ਹਾਂ ਦੇ ਆਉਣ ਨਾਲ ਹੀ ਆਰੰਭ ਹੋ ਗਏ ਸਨ। ਕੇਰਲ ਵਿਚ ਵੇਲੂ ਥੰਪੀ ਦਲਾਬ ਅਤੇ ਪਜਾਸੀ ਰਾਜਾ ਦੀ ਅਗਵਾਈ ਹੇਠ ਸ਼ੁਰੂ ਹੋਏ ਬਰਤਾਨੀਆ ਵਿਰੋਧੀ ਅੰਦੋਲਨ ਵਾਂਗ ਭਾਰਤ ਦੇ ਵੱਖ-ਵੱਖ ਆਦਿਵਾਸੀਆਂ ਨੇ ਵਿਦਰੋਹ ਸ਼ੁਰੂ ਕਰ ਦਿੱਤਾ ਸੀ। (ਈ.ਐਮ.ਐਸ. ਨਬੂਦਰੀਪਾਦ, ਪੰਨਾ 2) 1857 ਦਾ ਗ਼ਦਰ ਵੀ ਜਥੇਬੰਦਕ ਕੇਂਦਰ ਦੀ ਅਣਹੋਂਦ ਕਰ ਕੇ ਵੱਡੀਆਂ ਕੁਰਬਾਨੀਆਂ ਕਰਨ ਤੋਂ ਬਾਅਦ ਵੀ ਅਸਫਲ ਹੋ ਗਿਆ ਸੀ ਤੇ ਇਸ ਤੋਂ ਬਾਅਦ ਕੋਈ ਵੱਡੀ ਲਹਿਰ ਨਾ ਚੱਲੀ, ਜਿਹੜੀ ਅੰਗਰੇਜ਼ੀ ਰਾਜ ਨੂੰ ਕੋਈ ਵੱਡੀ ਚੁਣੌਤੀ ਦੇ ਸਕਣ ਦੇ ਸਮਰੱਥ ਹੁੰਦੀ।

1870 ਦੇ ਲਾਗੇ ਪੰਜਾਬ ਵਿਚ ਚੱਲੀ ਕੂਕਾ ਲਹਿਰ 57 ਤੋਂ ਬਾਅਦ ਚੱਲਣ ਵਾਲੀ ਪਹਿਲੀ ਵੱਡੀ ਲਹਿਰ ਸੀ, ਜਿਸ ਨੇ ਅੰਗਰੇਜ਼ੀ ਹਕੂਮਤ ਦਾ ਪੂਰੀ ਤਰ੍ਹਾਂ ਨਾਲ ਬਾਈਕਾਟ ਕੀਤਾ। ਇਸ ਦੀਆਂ ਵੀ ਕੁਝ ਆਪਣੀਆਂ ਸੀਮਾਵਾਂ ਸਨ। ਜਿਸ ਵਿਚ ਇਹ ਸਿਮਟ ਕੇ ਰਹਿ ਗਈ। ਅੰਗਰੇਜ਼ਾਂ ਨੇ ਵੀ 1857 ਦੇ ਗ਼ਦਰ ਤੋਂ ਵੱਡੇ ਸਬਕ ਲਏ ਸਨ, ਜਿਨ੍ਹਾਂ ਦੇ ਚਲਦਿਆਂ ਉਨ੍ਹਾਂ ਨੇ ਇਸ ਲਹਿਰ ਨੂੰ ਏਨੀ ਬੇਰਹਿਮੀ ਨਾਲ ਕੁਚਲਿਆ ਕਿ ਬਾਅਦ ਵਿਚ ਉੱਠਣ ਵਾਲੀਆਂ ਅੰਗਰੇਜ਼ ਵਿਰੋਧੀ ਲਹਿਰਾਂ ਲਈ ਇਹ ਦਿਲ ਦਹਿਲਾ ਦੇਣ ਵਾਲੀ ਉਦਾਹਰਣ ਬਣ ਗਈ।

1882 ਵਿਚ ਅੰਗਰੇਜ਼ ਨੀਤੀਵਾਨ ਏ.ਓ. ਹੀਊਮ ਨੇ ਭਾਰਤ ਦੇ ਵੱਖ-ਵੱਖ ਪੁਲੀਸ ਥਾਣਿਆਂ ਦੀ ਗੁਪਤ ਰਿਪੋਰਟ ਦੇਖੀ ਤਾਂ ਉਹ ਦੰਗ ਰਹਿ ਗਿਆ। ਥਾਂ-ਥਾਂ ਗੁਪਤ ਜਥੇਬੰਦੀਆਂ ਬਰਤਾਨਵੀ ਸ਼ਾਸਨ ਪ੍ਰਬੰਧ ਦਾ ਤਖ਼ਤਾ ਪਲਟਾਉਣ ਲਈ ਲਾਮਬੰਦ ਹੋ ਰਹੀਆਂ ਸਨ। ਉਸ ਨੇ ਆਪਣੀ ਬੇਚੈਨੀ ਵਾਇਸ ਰਾਏ ਲਾਰਡ ਡਫ਼ਰਿਨ ਨਾਲ ਸ਼ਿਮਲੇ ਦੀ ਮੀਟਿੰਗ ਵਿਚ ਸਾਂਝੀ ਕੀਤੀ। ਦੋਹਾਂ ਨੇ ਇਹ ਫੈਸਲਾ ਕੀਤਾ ਕਿ ਆਪਣੇ ਕੰਟਰੋਲ ਹੇਠ ਚੱਲਣ ਵਾਲੀ ਰਾਜਸੀ ਪਾਰਟੀ ਪੈਦਾ ਕੀਤੀ ਜਾਵੇ, ਜਿਸ ਦੇ ਸਿੱਟੇ ਵਜੋਂ ਭਾਰਤ ਦੀ ਬਰਤਾਨਵੀ ਹਕੂਮਤ ਨੇ ਭਾਰਤੀ ਲੋਕਾਂ ਦੇ ਜੋਸ਼ ਨੂੰ ਠੰਢਾ ਕਰਨ ਦੇ ਇਰਾਦੇ ਨਾਲ 1885 ਵਿਚ ਕਾਂਗਰਸ ਪਾਰਟੀ ਦੀ ਸਥਾਪਨਾ ਕੀਤੀ। ਅੰਗਰੇਜ਼ ਨੀਤੀਵਾਨ ਏ.ਓ. ਹੀਊਮ ਦਾ ਇਹ ਮਤ ਸੀ ਕਿ ਭਾਰਤ ਦੇ ਲੋਕ ਹਿੰਸਾਤਮਕ ਹੋ ਕੇ ਆਪਣੀ ਗੱਲ ਕਰਨ ਦੀ ਥਾਂ ਬਰਤਾਨਵੀ ਸੰਵਿਧਾਨ ਦੀਆਂ ਬੰਦਸ਼ਾਂ ਵਿਚ ਰਹਿ ਕੇ ਆਪਣੀਆਂ ਮੰਗਾਂ ਮਨਵਾਉਣ ਲਈ ਉਨ੍ਹਾਂ ਕੋਲ ਆਉਣਗੇ। ਇਸ ਨਾਲ ਜਿੱਥੇ ਉਨ੍ਹਾਂ ਦੇ ਵਿਦਰੋਹ ਨੂੰ ਸੇਫਟੀਵਾਲ ਵਾਂਗ ਕਥਾਰਸਿਸ ਦਾ ਮੌਕਾ ਮਿਲੇਗਾ, ਉੱਥੇ ਰਾਜਸੀ ਤੌਰ 'ਤੇ ਸੁਚੇਤ ਲੋਕਾਂ ਦੀ ਪੂਰੀ ਦੀ ਪੂਰੀ ਟੀਮ ਬਰਤਾਨਵੀ ਸ਼ਾਸਕਾਂ ਦੀ ਪਿੱਠ 'ਤੇ ਆ ਕੇ ਖੜ ਜਾਵੇਗੀ। ਲੋਕ ਵਿਦਰੋਹ ਦਾ ਕਥਾਰਸਿਸ ਕਰਨ ਵਾਲੀ ਕਾਂਗਰਸ ਪਾਰਟੀ ਨੇ ਆਪਣਾ ਕੰਮ ਮਿੱਥੇ ਹੋਏ ਪ੍ਰੋਗਰਾਮ ਅਨੁਸਾਰ ਕਰਨਾ ਸ਼ੁਰੂ ਕਰ ਦਿੱਤਾ।

ਭਾਰਤ ਦੀ ਮਾੜੀ ਆਰਥਕ ਹਾਲਤ ਕਰ ਕੇ ਬਹੁਤ ਸਾਰੇ ਭਾਰਤੀ ਤੇ ਖਾਸ ਕਰ ਕੇ ਪੰਜਾਬੀ ਬਦੇਸ਼ਾਂ ਨੂੰ ਜਾਣੇ ਸ਼ੁਰੂ ਹੋ ਗਏ। 19ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਇਹ ਲੋਕ ਕਨੇਡਾ ਅਮਰੀਕਾ ਵੱਲ ਨੂੰ ਚੱਲ ਪਏ। ਉਨ੍ਹਾਂ ਦਿਨਾਂ ਵਿਚ ਕਨੇਡਾ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਇੱਥੇ ਭਾਰਤ ਤੋਂ ਆਏ ਕਿਰਤੀ ਕਾਮਿਆਂ ਨੂੰ ਦੋ ਨੰਬਰ ਦੇ ਸ਼ਹਿਰੀ ਵੀ ਨਹੀਂ ਸੀ ਸਮਝਿਆ ਜਾਂਦਾ। ਕਨੇਡਾ ਦੀ ਸਰਹੱਦ ਦੇ ਨਾਲ ਲਗਦੇ ਅਮਰੀਕਾ ਦੇ ਸ਼ਹਿਰ ਸਿਆਟਲ ਤੋਂ ਪ੍ਰੋ. ਤਾਰਕਨਾਥ ਦਾਸ ਅਤੇ ਉਨ੍ਹਾਂ ਦੇ ਸਾਥੀ 'ਫਰੀ ਹਿੰਦੋਸਤਾਨ' ਨਾਂ ਦਾ ਇਨਕਲਾਬੀ ਪਰਚਾ ਕੱਢਦੇ ਸਨ। ਕਦੇ ਕਦਾਈਂ ਉਹ ਹਿੰਦੀ, ਪੰਜਾਬੀ, ਉਰਦੂ ਅਤੇ ਮਰਾਠੀ ਵਿਚ ਇਨਕਲਾਬੀ ਸਰਕੂਲਰ ਕੱਢਿਆ ਕਰਦੇ ਸਨ। ਇਹ ਸਰਕੂਲਰ ਅਮਰੀਕਾ ਦੇ ਨਾਲ-ਨਾਲ ਕਨੇਡਾ ਦੇ ਹਿੰਦੋਸਤਾਨੀਆਂ ਵਿਚ ਵੀ ਵੰਡੇ ਜਾਂਦੇ ਸਨ। ਤਾਰਕਨਾਥ ਦਾਸ ਬੰਗਾਲੀ ਨੌਜਵਾਨ ਸੀ, ਜਿਹੜਾ ਬੰਗਾਲ ਦੀਆਂ ਕ੍ਰਾਂਤੀਕਾਰੀ ਲਹਿਰਾਂ ਤੋਂ ਪ੍ਰਭਾਵਤ ਸੀ।

ਵਿਦੇਸ਼ਾਂ ਵਿਚ ਬਰਤਾਨਵੀ ਹਾਕਮਾਂ ਖ਼ਿਲਾਫ਼ ਜਿਹੜੀ ਜਥੇਬੰਦਕ ਲਹਿਰ ਵਿਕਸਤ ਹੋਈ, ਉਸ ਵਿਚ ਤਾਰਕਨਾਥ ਦਾਸ ਦਾ ਮੋਢੀਆਂ ਵਾਲਾ ਸਥਾਨ ਹੈ। ਜਿਹੜੇ ਵਿਦੇਸ਼ਾਂ ਵਿਚ ਵਸਦੇ ਭਾਰਤੀ 'ਫਰੀ ਹਿੰਦੋਸਤਾਨ' ਪੜ੍ਹਦੇ ਸਨ, ਉਹ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਵੀ ਲੈਣ ਲੱਗ ਪਏ ਸਨ। ''3 ਅਕਤੂਬਰ 1908 ਈ. ਵਿਚ ਬਰਤਾਨਵੀ ਸਰਕਾਰ ਨੇ 'ਫ਼ਰੀ ਹਿੰਦੋਸਤਾਨ' ਦੀ ਭਾਰਤ ਵਿਚ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ।''

ਕਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਲੱਕੜ ਦੀ ਮਿਲ 'ਤੇ ਕੰਮ ਕਰਦਿਆਂ ਜਿੱਥੇ ਪੰਜਾਬੀਆਂ ਨੂੰ ਆਉਂਦੀਆਂ ਮੁਸ਼ਕਲਾਂ ਦਾ ਗਿਆਨ ਹੋਇਆ, ਉਥੇ ਆਜ਼ਾਦੀ ਲਈ ਸੰਘਰਸ਼ ਕਰਦੇ ਲੋਕਾਂ ਨਾਲ ਵਾਹ ਵੀ ਪੈਣ ਲੱਗਾ। ਉਸ ਸਮੇਂ ਕਨੇਡਾ ਦੇ ਲੋਕ ਭਾਰਤੀਆਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਸਨ। ਇਸ ਅਪਮਾਨ ਦਾ ਅਸਲ ਕਾਰਨ ਭਾਰਤ ਦਾ ਗੁਲਾਮ ਹੋਣਾ ਸੀ। ਇਨ੍ਹਾਂ ਮੁਸ਼ਕਲਾਂ ਤੋ ਨਜਾਤ ਪਾਉਣ ਲਈ 'ਫਰੀ ਹਿੰਦੋਸਤਾਨ' ਹੋਕਾ ਦੇ ਰਿਹਾ ਸੀ।

ਉਸ ਸਮੇਂ ਅਮਰੀਕਾ ਰਹਿੰਦੇ ਭਾਰਤੀਆਂ ਦਾ ਸੱਦਾ ਪੱਤਰ ਕਨੇਡਾ ਦੇ ਭਾਰਤੀਆਂ ਨੂੰ ਮਿਲਿਆ। ਅਮਰੀਕਾ ਦੇ ਭਾਰਤੀ ਪਰਵਾਸੀਆਂ ਦੇ ਮਸਲਿਆਂ ਬਾਰੇ ਅਹਿਮ ਮੀਟਿੰਗ ਕੈਲੇਫੋਰਨੀਆ ਦੇ ਸ਼ਹਿਰ ਪੋਰਟਲੈਂਡ ਵਿਚ ਕਰਨਾ ਚਾਹੁੰਦੇ ਸਨ। ਇਕੱਤਰਤਾ ਦੋਹਾਂ ਦੇਸ਼ਾਂ ਵਿਚ ਭਾਰਤੀਆਂ ਨੂੰ ਦਰਪੇਸ਼ ਮੁਸ਼ਕਲਾਂ ਦਾ ਕੋਈ ਪੱਕਾ ਹੱਲ ਤਲਾਸ਼ਣ ਬਾਰੇ ਸੀ। ਇਸ ਇਕੱਤਰਤਾ ਵਿਚ ਬਹੁਤ ਵੱਡੀ ਗਿਣਤੀ ਵਿਚ ਭਾਰਤੀ ਸ਼ਾਮਲ ਹੋਏ। ਇਸ ਇਕੱਤਰਤਾ ਦੀ ਖਾਸੀਅਤ ਇਹ ਸੀ ਕਿ ਇਸ ਵਿਚ ਸ਼ਾਮਲ ਸਾਰੇ ਭਾਰਤੀ ਆਪਣੇ ਧਰਮ, ਜਾਤ ਤੇ ਫਿਰਕੇ ਤੋਂ ਉਪਰ ਉਠ ਕੇ ਸ਼ਾਮਲ ਹੋਏ ਸਨ। ਵਿਦੇਸ਼ਾਂ ਵਿਚ ਇਸ ਤਰ੍ਹਾਂ ਦੀ ਪਹਿਲਾਂ ਕੋਈ ਇਕੱਤਰਤਾ ਨਹੀਂ ਸੀ ਹੋਈ, ਜਿਸ ਵਿਚ ਭਾਰਤੀ ਕੇਵਲ ਭਾਰਤੀ ਬਣ ਕੇ ਹੀ ਜੁੜ ਬੈਠੇ ਹੋਣ। ਇਸੇ ਇਕੱਤਰਤਾ ਨਾਲ ਹੀ ਗ਼ਦਰ ਪਾਰਟੀ ਦਾ ਅਸਲ ਵਿਚ ਮੁੱਢ ਬੱਝਾ ਸੀ।

ਇਹ ਇਕ ਤਰ੍ਹਾਂ ਨਾਲ ਭਾਰਤੀਆਂ ਦੇ ਸਾਂਝੇ ਮਸਲਿਆਂ ਦੀ ਪਹਿਲੀ ਪ੍ਰਤੀਨਿਧ ਮੀਟਿੰਗ ਸੀ, ਜਿਸ ਵਿਚ ਭਾਰਤ ਦੇ ਪ੍ਰਤੀਨਿਧ ਭਾਗ ਲੈ ਰਹੇ ਸਨ। ਇਸੇ ਮੀਟਿੰਗ ਨੇ ਹੀ ਇਹ ਤੈਅ ਕੀਤਾ ਕਿ ਭਾਰਤੀ ਕੇਵਲ ਆਪਣੀ ਰੋਟੀ-ਰੋਜ਼ੀ ਲਈ ਹੀ ਨਹੀਂ ਲੜ ਰਹੇ ਸਗੋਂ ਆਪਣੀ ਆਨ-ਸ਼ਾਨ ਤੇ ਇੱਜ਼ਤ ਲਈ ਵੀ ਲੜ ਰਹੇ ਹਨ। ਇਸ ਮੀਟਿੰਗ ਨੇ ਇਹ ਵੀ ਤੈਅ ਕਰ ਲਿਆ ਸੀ ਕਿ ਭਾਰਤੀਆਂ ਦੀ ਇਸ ਦੁਰਦਸ਼ਾ ਦਾ ਇਕ ਕਾਰਨ ਇਨ੍ਹਾਂ ਦੀ ਗੁਲਾਮੀ ਹੈ ਤੇ ਗੁਲਾਮ ਕੌਮਾਂ ਨਾਲ ਹਰ ਥਾਂ 'ਤੇ ਇਸ ਤਰ੍ਹਾਂ ਦਾ ਦੁਰਵਿਹਾਰ ਹੁੰਦਾ ਹੀ ਹੈ। ਕਨੇਡਾ ਤੇ ਅਮਰੀਕਾ ਵਿਚ ਭਾਰਤੀਆਂ ਨਾਲ ਥਾਂ-ਪੁਰ-ਥਾਂ ਦੁਰਵਿਹਾਰ ਹੁੰਦਾ ਸੀ। ਜਦ ਕਿ ਬਹੁਤੇ ਭਾਰਤੀ ਆਪਣੇ ਆਪ ਨੂੰ ਬੜੇ ਮਾਣ ਨਾਲ ਬਰਤਾਨਵੀ ਪਰਜਾ ਅਖਵਾਉਂਦੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਕੋਲ ਬਰਤਾਨਵੀ ਸਾਮਰਾਜ ਲਈ ਲੜੀਆਂ ਜੰਗਾਂ 'ਚ ਮਿਲੇ ਬਹਾਦਰੀ ਦੇ ਤਮਗੇ ਸਨ, ਜਿਹੜੇ ਥਾਂ ਪਰ ਥਾਂ ਦਿਖਾਏ ਜਾਂਦੇ ਸਨ ਪਰ ਫਿਰ ਵੀ ਬਰਤਾਨੀਆ ਦੀ ਹੀ ਦੂਸਰੀ ਬਸਤੀ ਕਨੇਡਾ ਵਿਚ ਉਨ੍ਹਾਂ ਦਾ ਅਪਮਾਨ ਹੁੰਦਾ ਸੀ। ਇਹ ਬਹਾਦਰੀ ਦੇ ਤਮਗੇ ਵੀ ਇੱਥੇ ਹੁੰਦੇ ਅਪਮਾਨ ਨੂੰ ਕੋਈ ਰੋਕ ਨਹੀਂ ਸਨ ਪਾਉਂਦੇ ਸਗੋਂ ਹੋਰ ਅਪਮਾਨ ਕਰਵਾਉਣ ਦਾ ਸਬੱਬ ਬਣਦੇ ਸਨ। ਆਜ਼ਾਦ ਮੁਲਕਾਂ ਦੇ ਲੋਕ ਆਖਦੇ, ''ਜੇ ਏਨੇ ਹੀ ਬਹਾਦਰ ਹੋ ਤਾਂ ਆਪਣਾ ਦੇਸ਼ ਆਜ਼ਾਦ ਕਿਉਂ ਨਹੀਂ ਕਰਵਾ ਲੈਂਦੇ?'' ਇਹ ਬਹਾਦਰੀ ਦੇ ਤਮਗੇ ਗੋਰੀ ਚਮੜੀ ਵਾਲਿਆਂ ਦੇ ਬਰਾਬਰ ਹੱਕ ਦਿਵਾਉਣ ਵਿਚ ਅਸਮਰਥ ਸਨ।

ਕਨੇਡਾ ਤੇ ਅਮਰੀਕਾ ਦੀ ਸਰਹੱਦ 'ਤੇ ਕੋਈ ਖਾਸ ਬੰਦਸ਼ਾਂ ਨਹੀਂ ਸਨ। ਲੋਕ ਇਕ ਦੇਸ਼ ਤੋਂ ਦੂਜੇ ਦੇਸ਼ ਆਰਾਮ ਨਾਲ ਹੀ ਆ-ਜਾ ਸਕਦੇ ਸਨ। ਕਨੇਡਾ ਦੀ ਮਾੜੀ ਹਾਲਤ ਤੇ ਬੇਰੁਜ਼ਗਾਰੀ ਦੇ ਅਥਾਹ ਵਾਧੇ ਕਰ ਕੇ ਬਹੁਤ ਸਾਰੇ ਭਾਰਤੀ ਕਨੇਡਾ ਤੋਂ ਅਮਰੀਕਾ ਜਾਣ ਲੱਗੇ। ਅਮਰੀਕਾ ਸੰਸਾਰ ਦਾ ਆਜ਼ਾਦ ਖਿੱਤਾ ਸੀ। ਆਲੂਆਂ ਦੇ ਬਾਦਸ਼ਾਹ ਵਜੋਂ ਮਸ਼ਹੂਰ ਹੋ ਚੁੱਕੇ ਭਾਈ ਜਵਾਲਾ ਸਿੰਘ ਨੇ ਚਿੱਠੀ ਲਿਖ ਕੇ ਭਾਈ ਸੰਤੋਖ ਸਿੰਘ ਨੂੰ ਆਪਣੇ ਕੋਲ ਅਮਰੀਕਾ ਬੁਲਾ ਲਿਆ ਸੀ, ਕਿਉਂਕਿ ਉਹ ਨੌਜਵਾਨਾਂ ਨੂੰ ਪੜ੍ਹਨ ਲਈ ਵਜ਼ੀਫੇ ਦਿੰਦੇ ਸਨ। ਉਹ ਵਿਦਿਆਰਥੀਆਂ ਦੇ ਮਨਾਂ ਅੰਦਰ ਦੇਸ਼ ਭਗਤੀ ਦੇ ਜਜ਼ਬੇ ਭਰਨ ਦੇ ਉਪਰਾਲੇ ਵੀ ਕਰਦੇ ਰਹਿੰਦੇ ਸਨ।

(ਚਲਦਾ)

A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary
Vancouver
Contact
780-951-7260

e-mail: dhaliwalsd@hotmail.com, www.acitylimousine.com

ਲੜੀਵਾਰ ਛਪਣ ਵਾਲੀ ਕਹਾਣੀ

# ਕੁੱਤੀ ਵਿਹੜਾ



ਮਨਿੰਦਰ ਸਿੰਘ ਕਾਂਗ

ਪੰਜਾਬੀ ਦੇ ਸਮਰੱਥ ਕਹਾਣੀਕਾਰ ਅਤੇ ਆਲੋਚਕ ਮਨਿੰਦਰ ਕਾਂਗ ਪਿਛਲੇ ਦਿਨੀਂ ਅਚਾਨਕ ਹੀ ਸਦਾ ਲਈ ਤੁਰ ਗਏ। ਮਨਿੰਦਰ ਕਾਂਗ ਨੇ ਪੰਜਾਬੀ ਦੀ ਲੰਮੀ ਕਹਾਣੀ ਵਿਚ ਬਿਲਕੁਲ ਨਵੇਂ ਤਜਰਬੇ ਕੀਤੇ। ਪਿਛਲੇ ਕੁਝ ਸਾਲਾਂ ਵਿਚ ਉਨ੍ਹਾਂ ਦੀਆਂ ਕਹਾਣੀਆਂ 'ਦੋ ਤਲਵਾਰਾਂ ਬੱਧੀਆਂ', 'ਭਾਰ' ਅਤੇ 'ਕੁੱਤੀ ਵਿਹੜਾ' ਪੰਜਾਬੀ ਸਾਹਿਤ ਵਿਚ ਸ਼ਾਹਕਾਰ ਰਚਨਾਵਾਂ ਵਜੋਂ ਦਰਜ ਹੋਈਆਂ। 'ਨਵੀਂ ਦੁਨੀਆ' ਵਿਚ ਉਨ੍ਹਾਂ ਦੀ ਬੇਹੱਦ ਚਰਚਿਤ ਕਹਾਣੀ 'ਕੁੱਤੀ ਵਿਹੜਾ' ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਲੜੀਵਾਰ ਛਾਪਣ ਦੀ ਖੁਸ਼ੀ ਲਈ ਜਾ ਰਹੀ ਹੈ। ਇਹ ਕਹਾਣੀ ਤਿੰਨ ਕਾਲ ਖੰਡਾਂ ਵਿਚ ਫੈਲੀ ਹੋਈ ਹੈ, ਵਰਤਮਾਨ ਤੋਂ ਪ੍ਰਾਰੰਭ ਹੋ ਕੇ ਗੁਰੂ ਰਾਮਦਾਸ ਜੀ ਦੇ ਕਾਲ ਤਕ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰਲੇ (ਮੱਧਕਾਲ) ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ।

-ਸੰਪਾਦਕ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਬੁੱਧੂ ਦਾ ਲੰਗਰ ਚਾਰ ਪਹਿਰ ਵਿਚੋਂ ਸਿਰਫ਼ ਇਕ ਪਹਿਰ ਲਗਦਾ। ਤਿੰਨ੍ਹ ਪਹਿਰ ਬੁੱਧੂ ਵੀ ਭੁੱਖਾ ਰਹਿੰਦਾ ਤੇ ਸਿਰਫ਼ ਇਕੋ ਪਹਿਰ ਰੱਜ ਕੇ ਲੰਗਰ ਛਕਦਾ। ਸੰਗਤ ਉਹਦੀ ਆਪਣੀ ਸੀ, ਉਹ ਵੀ ਬੁੱਧੂ ਦੀ ਪ੍ਰੀਤ ਵਿਚ ਬੱਝੀ ਇਕੋ ਪਹਿਰ ਖਾਂਦੀ। ਸਿਰਫ ਬਾਲ-ਅੰਞਾਣਿਆਂ ਤੇ ਬਿਰਧਾਂ ਲਈ ਵੱਖਰੇ ਪ੍ਰਬੰਧ ਸਨ। ਦੁਪਹਿਰੇ ਸੂਰਜ ਜਦ ਸਿਰ 'ਤੇ ਹੁੰਦਾ, ਬੁੱਧੂ ਲੰਗਰ ਲਈ ਉੱਚੀ ਆਵਾਜ਼ ਵਿਚ ਬੇਨਤੇ ਤੇ ਬੇਨਤੇ ਕਰੀ ਜਾਂਦਾ। ਕੁੱਤੀ ਵਿਹੜੇ ਵਾਲੇ ਜੇ ਕਿਤੇ ਕੋਲ ਹੁੰਦੇ, ਉਹਨਾਂ ਨੂੰ ਚਾਅ ਚੜ੍ਹ ਜਾਂਦਾ। ਸਾਰੇ ਭੱਜ ਕੇ ਬੁੱਧੂ ਦੇ ਆਵੇ ਦੇ ਬਾਹਰਵਾਰ ਕਰਕੇ ਬੈਠ ਜਾਂਦੇ। ਸੰਗਤ ਆਈ ਵੇਖ ਬੁੱਧੂ ਬਾਬਾ ਬਸ ਇਕੋ ਹੋਕਰਾ ਮਾਰਦਾ –

'ਬਈ ਸੰਗਤ ਭੁੱਖੀ ਨਾ ਜਾਵੇ। ਗੁਰੂ ਰਾਮਦਾਸ ਦਾ ਦਰ ਐ ਬਈ। ਸਾਰੇ ਮਾਈ-ਭਾਈ ਛੱਕੋ!''

... ਤੇ ਬਸ ਜਿਵੇਂ ਕ੍ਰਿਸ਼ਮਾ ਵਾਪਰ ਜਾਂਦਾ। ਉਹਨਾਂ ਵਰਗੇ ਜਾਪਦੇ ਕਿੰਨੇ ਹੀ ਕਿਰਤੀ ਉਹਨਾਂ ਨਾਲ ਆ-ਆ ਕੇ ਬੈਠੀ ਜਾਂਦੇ, ਤੇ ਵਰਤੌਣ ਵਾਲੇ ਵੀ ਉਹਨਾਂ ਵਰਗੇ ਘਸਮੈਲੇ ਚਿਹਰੇ, ਅਧੋਰਾਣੇ, ਪਾਟੇ ਲੀੜਿਆਂ ਵਾਲੇ ਤੇ ਮਸਕੀਨ ਬੰਦੇ ਹੁੰਦੇ। ਲੰਗਰ ਕਦੀ ਨਾ ਘੱਟਦਾ ਤੇ ਅੰਤ ਛਕਣ ਵਾਲੇ ਹੀ 'ਬੱਸ' ਕਰ ਉੱਠ ਜਾਂਦੇ।

ਉਹਨਾਂ ਚੂਹੜਿਆਂ ਸਮੇਤ ਸਾਰੀ ਸੰਗਤ ਨੂੰ ਹੀ ਯਕੀਨ ਸੀ ਕਿ ਨਾਨਕ ਪੰਥੀ 'ਬੁੱਧੂ ਬਾਬੇ' ਕੋਲ ਰਿੱਧੀਆਂ ਵੱਸ ਹਨ, ਇਸੇ ਲਈ ਉਹਦੇ ਕੋਲ ਕੋਈ ਤੋਟ ਨਹੀਂ ਸੀ ਆਉਂਦੀ।

– – – –

ਕਦੀ-ਕਦੀ ਕੁੱਤੀ ਵਿਹੜੇ ਵਾਲਿਆਂ ਨੂੰ ਉਦੋਂ ਬੜੀ ਮੌਜ ਲਗਦੀ ਸੀ, ਜਦ ਕਿਤੇ ਬਣ ਰਹੇ ਸ਼ਹਿਰ ਵਿਚ ਕੋਈ ਮਰ ਜਾਂਦਾ ਸੀ। ਵਧੇਰੇ ਕਰਕੇ ਮੁਰਦਾ ਫੂਕਣ ਲਈ ਉਹਨ੍ਹਾਂ ਦੇ ਬੰਦੇ ਹੀ ਸੱਦੇ ਜਾਂਦੇ ਸਨ। ਮਗਰੋਂ ਪਿੰਡ-ਦਾਨ, ਮਰਗ-ਦਾਨ ਵੇਲੇ ਵੱਖ ਵੱਖ ਇਲਾਕਿਆਂ ਤੋਂ ਆਏ ਸਾਰੇ ਸਿੰਧੀ, ਗੁਜਰਾਤੀ, ਮਾਰਵਾੜੀ, ਪੰਜਾਬੀ ਵਪਾਰੀ ਚੂਹੜਿਆਂ ਨੂੰ ਕੁਝ ਨਾ ਕੁਝ ਦੇਂਦੇ। ਮਰੇ ਬੰਦੇ ਦੇ ਕਪੜੇ-ਬਿਸਤਰਾ ਵੀ ਮਿਲ ਜਾਂਦਾ। ਭੋਜਨ ਤੋਂ ਮਗਰੋਂ ਬਚੀ ਸਾਰੀ ਜੂਠ ਉਹਨ੍ਹਾਂ ਨੂੰ ਪੱਤਲਾਂ ਸਣੇ ਚੁੱਕਾ ਦਿੱਤੀ ਜਾਂਦੀ ਸੀ।

...ਅਗਲੇ ਦੋ ਦਿਨ ਤੇ ਸਾਰਾ ਲਾਣਾ ਹੀ ਬੜੀ ਮਸਤੀ ਵਿਚ ਫਿਰਦਾ। ਸਭ ਨੂੰ ਬਰਾਬਰ ਰੋਟੀ ਦੇ ਬੱਚੇ ਟੋਟੇ, ਚੌਲ ਤੇ ਸਬਜ਼ੀ ਵੰਡੀ ਜਾਂਦੀ। ਮਰਗ ਤੋਂ ਆਈ ਕੋਈ ਸ਼ੈਅ ਖਰਾਬ ਨਾ ਕੀਤੀ ਜਾਂਦੀ। ਬਰਾਬਰੀ ਨਾਲ ਸਭ ਨੂੰ ਹੀ ਮਿਲਦਾ, ਭਾਵੇਂ ਕਣਕ ਦਾ ਇਕ ਦਾਣਾ ਹੀ ਮਿਲੇ। ਕਪੜੇ ਤੇ ਬਿਸਤਰਾ ਸਭ ਤੋਂ ਲੋੜਵੰਦਾਂ ਨੂੰ ਮਿਲਦੇ, ਜਾਂ ਫਿਰ ਉਦੋਂ ਮੌਜ ਲਗਦੀ ਸੀ, ਜਦੋਂ ਹਰਮੰਦਰ ਸਾਹਿਬ ਦੇ ਮੱਥੇ ਵਲ ਬੈਠੇ ਚਮਾਰ ਕਿਸੇ ਬੌਲਦ ਜਾਂ ਮੱਝ, ਕੱਟੀ ਦੇ ਮਰਨ 'ਤੇ ਸੱਦਦੇ ਸਨ। ਮਰੇ ਪਸ਼ੂ ਦੀ ਖੱਲ ਲਾਹ ਕੇ ਚਮਾਰਾਂ ਨੂੰ ਦੇਣੀ ਹੁੰਦੀ ਸੀ, ਤੇ ਬਸ! ਮਿੱਝ, ਚਰਬੀ ਤੇ ਮੋਟਾ ਮਾਸ ਸਾਰੇ ਕਬੀਲੇ ਦਾ ਹੁੰਦਾ ਸੀ। ਉਦੋਂ ਕਈ-ਕਈ ਦਿਨ ਕੁੱਤੀ ਵਿਹੜੇ ਦੇ ਘਰ ਵਿਚਲੇ ਹਰ ਤਾਂਬੀਏ ਵਿਚ ਚਰਬੀ ਉਬਲਦੀ ਤੇ ਚੁਲ੍ਹੇ ਅੱਗ ਬਲਦੀ ਸੀ।

ਮਰੇ ਹੋਏ ਪਸ਼ੂ ਦੇ ਪੌੜ ਤੇ ਨਰਮ ਹੱਡ ਉਹਨਾਂ ਦੇ ਗੁਆਂਢ ਰਹਿੰਦੇ ਕਾਦਰ ਤੇ ਸਦਾਕਤ ਕਸਾਈ ਮੁਫਤ ਵਿਚ ਹੀ ਕੱਟ ਕੇ ਟੋਟੇ ਕਰ ਦੇਂਦੇ ਸਨ। ਫੇਰ ਉਹ ਟੋਟੇ ਮਾੜੇ ਦਿਨਾਂ ਲਈ ਲੂਣ ਲਾਕੇ ਸੁੱਕਾ ਲਏ ਜਾਂਦੇ ਸਨ। ਕਾਦਰ ਤੇ ਸਦਾਕਤ ਤੇ ਉਹਨਾਂ ਦਾ ਕਬੀਲਾ ਬੜੇ ਅੱਲ੍ਹਾ-ਲੋਕ ਤੇ ਤਰਸਵਾਨ ਸਨ। ਉਹਨਾਂ ਦੀ ਰੋਟੀ ਚੰਗੀ ਚਲਦੀ ਸੀ, ਕਿਉਂਕਿ ਉਹ ਹਰ ਰੋਜ਼ ਹੀ ਹੁਣ ਮੁਗਲਾਂ ਦੀ ਛਾਉਣੀ ਗਊਆਂ ਜਿਬ੍ਹਾ ਕਰਨ ਟੁਰੇ ਰਹਿੰਦੇ ਸਨ। ਉਹਨਾਂ ਨੂੰ ਨਕਦ ਉਜਰਤ ਵੱਖ ਮਿਲਦੀ ਸੀ ਤੇ ਵਾਪਸੀ ਤੇ ਨਾਨ ਤੇ ਮਾਸ ਵੱਖ ਮਿਲਦਾ ਸੀ। ਕਾਦਰ ਤੇ ਸਦਾਕਤ ਦੇ ਵਡੇਰਿਆਂ ਨੂੰ ਵੀ ਗੁਰੂ ਰਾਮਦਾਸ ਜੀ ਵੱਲੋਂ ਥਾਂ ਮਿਲਦੀ ਸੀ।

ਉਂਜ ਉਹ ਹੈ ਵੀ ਤੇ ਉਹਨਾਂ ਵਿਚੋਂ ਸਨ। ਅਜੇ ਵੀ ਮੁੰਡੇ ਕੁੜੀਆਂ ਇਕ ਦੂਜੇ ਵਲ ਵਿਆਹ ਲੈਂਦੇ ਸਨ। ਕਾਦਰ ਹੁਰੀਂ ਨਾਂ ਦੇ ਹੀ ਮੁਸੱਲੀ ਸਨ, ਨਮਾਜ਼ ਨਹੀਂ ਸਨ ਪੜ੍ਹਦੇ, ਤੇ ਨਾ ਹੀ ਕਦੀ ਜੁੰਮੇ ਰਾਤ ਨੂੰ ਚਿਰਾਗ ਕਰਦੇ ਜਾਂ ਮਸੀਤੇ ਜਾਂਦੇ ਸਨ।

ਉਧਰ ਕੁੱਤੀ ਵਿਹੜੇ ਦੇ ਬੱਚੇ ਤੀਂਵੀਆਂ, ਜਿਹੜੇ ਵਧੇਰੇ ਕਰਕੇ ਅੱਧ ਭੁੱਖੇ ਹੀ ਰਹਿੰਦੇ ਸਨ, ਅਕਸਰ ਕਿਸੇ ਦੀ ਮਰਗ ਜਾਂ ਕਿਸੇ ਪਸ਼ੂ ਦੇ ਮਰਨ ਦੀ ਖਬਰ ਉਡੀਕਦੇ ਰਹਿੰਦੇ ਸਨ।

– – – –

ਸ਼ਹਿਰ ਦੀਆਂ ਰੌਣਕਾਂ ਹੌਲੀ-ਹੌਲੀ ਪਰਤ ਰਹੀਆਂ ਸਨ। 1991-92 ਦੀਆਂ ਇਲੈਕਸ਼ਨਾਂ ਵਿਚ ਕਾਂਗਰਸ ਨੇ ਤਿੰਨ-ਚਾਰ ਪਰਸੈਂਟ ਵੋਟਾਂ ਪਵਾ ਕੇ ਹੀ ਹੂੰਝਾ ਫੇਰੂ ਜਿੱਤ ਪ੍ਰਾਪਤ ਕਰ ਲਈ ਸੀ। ਕੋਈ ਐਮ.ਐਲ.ਏ ਚਾਰ ਸੌ ਵੋਟ ਲੈ ਗਿਆ, ਕੋਈ ਦੋ ਸੌ! ਤੇ ਕੋਈ ਇਕ ਸੌ ਪੰਝੀ ਕੁ ਵੋਟਾਂ ਨਾਲ ਹੀ ਐਮ.ਐਲ.ਏ ਬਣ ਗਿਆ ਸੀ। ਬਲਵੰਤ ਸਿੰਘ ਏਸ ਹੂੰਝਾ-ਫੇਰੂ ਜਿੱਤ ਨਾਲ ਮੁੱਖ ਮੰਤਰੀ ਬਣ ਚੁੱਕਾ ਸੀ। ਕਾਂਗਰਸ ਨੇ ਇਸ ਜਿੱਤ ਤੋਂ ਮਗਰੋਂ ਬਾਕੀ ਸਾਰੇ ਹਿੰਦੋਸਤਾਨ ਵਿਚੋਂ ਇਸ ਜਿੱਤ ਦਾ ਲਾਹਾ ਲੈਣਾ ਸੀ, ਇਸ ਲਈ ਏਜੰਸੀਆਂ ਨੂੰ ਹੁਕਮ ਸੀ ਕਿ ਸਾਰੇ ਸਰਕਾਰੀ ਖਾੜਕੂ, ਕੈਟ, ਮੁਖਬਰ ਤੇ ਲੁਟੇਰੇ ਵਾਪਸ ਸੱਦ ਲਵੋ! ਪੰਜਾਬ ਵਿਚ ਅੱਤਵਾਦ ਦੇ ਸਫਾਏ ਦਾ ਪ੍ਰਭਾਵ ਦਿਉ ਤੇ ਰੌਣਕਾਂ ਵਾਲਾ ਮਾਹੌਲ ਲੈ ਕੇ ਆਉ!

ਪੰਜਾਬ ਦਾ ਮਸ਼ਹੂਰ ਕੈਟ, ਕਾਂਗਰਸੀਆਂ ਦਾ ਯੂਥ ਆਗੂ ਇਕਵਿੰਦਰ ਸਿੰਘ ਏਸੇ ਵਿਹੜੇ ਦੀਆਂ ਸੌ-ਡੇਢ ਸੋ ਵੋਟਾਂ ਨਾਲ ਜਿੱਤਿਆ ਸੀ। ਕਦੀ ਕੋਈ ਵੇਲਾ ਸੀ, ਜਦੋਂ ਉਹ ਸ਼ਹਿਰ ਦਾ ਮਸ਼ਹੂਰ ਸੱਟੇਬਾਜ਼ ਤੇ ਸਾਈਕਲ-ਚੋਰ ਹੋਇਆ ਕਰਦਾ ਸੀ। ਫੇਰ ਉਹ ਪੰਜ-ਦਸ ਰੁਪਏ ਰੋਜ਼ 'ਤੇ ਕਾਂਗਰਸ ਦੇ ਜਲਸਿਆਂ ਤੇ ਝੰਡਾ ਚੁੱਕ ਕੇ ਵੀ ਜਾਣ ਲਗ ਪਿਆ। ਮਜਬੂਰਨ ਪੁਲਸ ਨੂੰ 'ਸਾਈਕਲ ਚੋਰਾਂ' ਦੇ ਰਜਿਸਟਰ ਵਿਚੋਂ ਉਹਦੀ ਫੋਟੋ ਕੱਢਣੀ ਪਈ। ਕਾਂਗਰਸ ਨੂੰ ਹਮੇਸ਼ਾ ਅਪਰਾਧੀ ਪਿਛੋਕੜ ਦੇ ਬੰਦੇ ਬੜੇ ਰਾਸ ਆਉਂਦੇ ਰਹੇ ਹਨ। ਇਕਵਿੰਦਰ ਨੂੰ ਕਾਂਗਰਸ ਬੜੀ ਰਾਸ ਆਈ। ਤਰੱਕੀ ਕਰਦਾ ਉਹ ਐਮ.ਐਲ.ਏ ਬਣ ਗਿਆ। ਹਾਲਾਤ ਇਥੋ ਤੱਕ ਸਾਜ਼ਗਾਰ ਹੋਏ ਕਿ ਉਹ ਸੈਂਟਰ ਦੇ ਚੀਫ਼ 'ਬਾਬਾ ਚੁੱਪ ਸ਼ਾਹ' ਦਾ ਵੀ ਖਾਸ ਕਰਿੰਦਾ ਬਣ ਗਿਆ ਸੀ। ਬਾਬਾ ਚੁੱਪ ਸ਼ਾਹ ਕਾਂਗਰਸ ਦੀ ਦਿੱਲੀ ਦੀ ਸਰਬਉੱਚ ਹਸਤੀ ਸੀ।

ਇਹ ਇਕਵਿੰਦਰ ਐਮ.ਐਲ.ਏ ਬਣਨ ਤੋਂ ਬਾਦ ਕੁੱਤੀ ਵਿਹੜੇ ਤੇ ਬੜਾ ਮਿਹਰਬਾਨ ਰਿਹਾ ਸੀ। ਉਹ ਹਰ ਕਾਂਗਰਸੀ ਸਮਾਗਮ ਵਿਚ ਕੁੱਤੀ ਵਿਹੜੇ ਦੇ ਬੰਦੇ ਬੁਲਾਂਦਾ। ਪ੍ਰਤੀ ਵਿਅਕਤੀ ਹਰ ਬੰਦੇ ਨੂੰ ਪੰਝੀ ਰੁਪਏ ਦਿਹਾੜੀ ਹਰ ਜਲਸੇ ਦੀ, ਤੇ ਸ਼ਾਮ ਨੂੰ ਚਾਰ ਬੰਦਿਆਂ ਮਗਰ ਇਕ ਬੋਤਲ! ਕੁੱਤੀ ਵਿਹੜੇ ਦੀਆਂ ਡਾਂਸਰਾਂ ਹੀ ਹਰ ਕਾਂਗਰਸ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਡਾਂਸ ਕਰਦੀਆਂ। ਸਾਰਿਆਂ ਨੇ ਕਿਸੇ ਨਾ ਕਿਸੇ ਡਾਂਸ ਕੱਲਬ ਨਾਲ ਨਾਤਾ ਰੱਖਿਆ ਹੋਇਆ ਸੀ। ਕੁੱਤੀ ਵਿਹੜੇ ਦੇ ਜਿਹੜੇ ਮੁੰਡੇ 'ਚੋਂਕ ਢੋਲੀਆਂ' ਵਿਚ ਖੜੋ ਕੇ ਢੋਲ ਵਜਾਂਦੇ ਤੇ ਵਿਆਹ ਉਡੀਕਦੇ ਰਹਿੰਦੇ ਸਨ, ਉਹ ਏਸ ਇਕਵਿੰਦਰ ਦੀ ਕਿਰਪਾ ਨਾਲ ਰੋਜ਼ ਢੋਲ ਵਜਾਣ ਦੀਆਂ ਦਿਹਾੜੀਆਂ ਤੇ ਜਾ ਰਹੇ ਸਨ। ਇਹਨਾਂ ਤੇ ਰਲਕੇ ਨੇਪਾਲਣ ਡਾਂਸਰਾਂ ਨੂੰ ਮਾਤ ਪਾ ਦਿੱਤਾ ਸੀ। ਕਾਂਗਰਸ ਹਾਈ ਕਮਾਂਡ ਦਾ ਹੁਕਮ ਸੀ ਕਿ ਪੰਜਾਬ ਦੇ ਹਰ ਸ਼ਹਿਰ ਵਿਚ ਵੱਧ ਤੋਂ ਵੱਧ ਮੇਲੇ ਕਰਾਕੇ ਜਸ਼ਨ ਵਰਗਾ ਮਾਹੌਲ ਬਣਾਉ, ਤਾਂ ਜੋ ਪੰਜਾਬ ਦੀ ਸ਼ਾਂਤੀ 'ਕਾਂਗਰਸ' ਨੇ ਬਹਾਲ ਕੀਤੀ, ਦਾ ਵਾਤਾਵਰਨ ਬਣਿਆ ਜਾਪੇ।

ਉਧਰ ਪੰਜਾਬੀ ਮਰ ਰਹੇ ਸਨ, ਪੁਲਸ ਨੋਟ ਕੱਠੇ ਕਰ ਰਹੀ ਸੀ।

ਕਾਂਗਰਸੀਏ, ਕਾਕੇ ਭੰਗੜੇ ਪਾਕੇ 'ਪੰਜਾਬ ਵਿਚ 'ਸ਼ਾਂਤੀ' ਪਰਤ ਆਈ', ਦਾ ਨਾਅਰਾ ਦੇ ਰਹ।

– – – –

ਅੱਜ ਸਵੇਰੇ ਜਦੋਂ ਵਿਹੜੇ ਦੇ ਬੱਚੇ ਜਾਗੇ ਤਾਂ ਘਬਰਾਹਟ ਅਤੇ ਡਰ ਨਾਲ ਉਹਨਾਂ ਮੁੜ ਬਿਸਤਰਿਆਂ ਵਿਚ ਲੁਕਣਾ ਚਾਹਿਆ, ਪਰ ਆਖਰ ਨੂੰ ਸਭ ਨੂੰ ਉੱਠ ਕੇ ਬਾਹਰ ਆਉਣਾ ਪਿਆ। ਅਗੇ ਮਾਂਵਾ ਨੇ ਉੱਠਦਿਆਂ ਹੀ ਉਹਨਾਂ ਅੱਗੇ ਰਾਤ ਦੀ ਜੂਠ ਦੇ ਟੋਟੇ ਰੱਖੇ ਹੁੰਦੇ ਸਨ, ਪਰ ਉਹ ਤੇ ਸਾਰੀਆਂ ਅੱਜ ਬਾਹਰ ਵਿਹੜੇ ਵਿਚ ਰੋਂਦੀਆਂ ਪਈਆਂ ਸਨ।

''ਹਾਏ ਖੁਦਾਵੰਦਾ! ਸਾਨੂੰ ਯਤੀਮਾਂ ਨੂੰ ਕੀਹਦੇ ਹਵਾਲੇ ਕਰ ਗਿਐਂ?' ਫੀਕੇ ਕਸਾਈ ਦੀ ਬੁੱਢੀ ਮਾਂ ਨੇ ਲੇਰ ਮਾਰੀ। ਮਗਰ ਹੀ ਸਾਰੇ ਵਿਹੜੇ ਨੇ ਮੁੜ ਰੋਣਾ ਸ਼ੁਰੂ ਕਰ ਦਿੱਤਾ।

ਬੱਚਿਆਂ ਦੇ ਉੱਠਣ ਦੀ ਦੇਰ ਸੀ ਕਿ ਸਭਨਾਂ ਹੌਲੀ ਹੌਲੀ ਹਰਮੰਦਰ ਵਲ ਟੁਰਨਾ ਸ਼ੁਰੂ ਕਰ ਦਿੱਤਾ। ਕੁਝ ਦੇਰ ਬਾਦ ਹੀ ਬੱਚਿਆਂ ਨੂੰ ਸਮਝ ਆਈ ਕਿ ਕੋਈ 'ਸੱਚੇ ਪਾਤਸ਼ਾਹ' ਅੱਜ ਟੁਰ ਗਿਐ, ਤਾਂ ਹੀ ਮਾਂ-ਪਿਉ ਰੋ ਰਹੇ ਨੇ!

'ਨੀ ਮਾਂ! ਇਹ ਸੱਚੇ ਪਾਤਸ਼ਾਹ ਕਿਥੇ ਟੁਰ ਗਿਐ? ਇਕ ਬੱਚੇ ਨੇ ਹੌਂਸਲਾ ਕੀਤਾ। ਪਰ ਮਾਂਵਾ ਨੂੰ ਜੁਵਾਬ ਦੇਣ ਦੀ ਵਿਹਲ ਕਿਥੇ ਸੀ? ਉਹਨਾਂ ਦਾ ਤੇ ਪਿਉ ਅੱਜ ਅਗਲੇ ਜਹਾਨ ਟੁਰ ਗਿਆ ਸੀ। ਉਧਰ ਜਦੋਂ ਬੱਚਿਆਂ ਨੂੰ ਪਤਾ ਲਗਾ ਕਿ 'ਲੰਗਰਾਂ ਵਾਲਾ ਸੱਚੇ ਪਾਤਸ਼ਾਹ' ਅੱਜ ਟੁਰ ਗਿਐ, ਤਾਂ ਉਹਨਾਂ ਵੀ ਰੋਣਾ ਸ਼ੁਰੂ ਕਰ ਦਿੱਤਾ।

ਕੁੱਤੀ ਵਿਹੜੇ ਵਾਲਿਆਂ ਦੀ ਭੀੜ ਕਿੰਨੀ ਦੇਰ ਹਰਮੰਦਰ ਦੇ ਦਰਾਂ ਤੋਂ ਕਈ ਕਰਮਾਂ ਦੂਰ ਖੜੀ ਰਹੀ। ਅੱਜ ਉਥੇ ਨਾ ਕਾਰ-ਸੇਵਕ ਸਨ, ਨਾ ਮਿਸਤਰੀ। ਨਾ ਹੀ ਬਾਬਾ ਬੁੱਢਾ ਜੀ ਸਨ, ਤੇ ਨਾ ਹੀ ਬਾਕੀ ਭਗਤ ਕਿਤੇ ਦਿਖ ਰਹੇ ਸਨ। ਸਿਰਫ਼ ਕੁਛ ਸਥਾਈ ਸੰਗਤ ਤੇ ਕੁਛ ਬਿਰਧ ਮਾਈ-ਭਾਈ ਬਾਣੀ ਪੜ੍ਹ ਰਹੇ ਸਨ। ਸ਼ਬਦ ਸਾਰੇ ਵੈਰਾਗਮਈ ਸਨ, ਜਿਹੜੇ ਚੂਹੜਿਆਂ ਦੇ ਕੰਨੀ ਪੈ ਰਹੇ ਸਨ, ਪਰ ਉਨ੍ਹਾਂ ਦੀ ਸਮਝ ਤੋਂ ਬਾਹਰ ਸਨ। ਪਰ ਸੋਗੀ ਧੁਨਾਂ ਉਹਨਾਂ ਨੂੰ ਹੋਰ ਰੁਆ ਰਹੀਆਂ ਸਨ। ਬਹੁਤੀ ਸੰਗਤ ਤੇ ਸੱਚੇ ਪਾਤਸ਼ਾਹ ਦੇ ਅੰਗੀਠਾ ਸਾਂਭਣ ਦੀ ਰਸਮ ਵਿਚ ਸ਼ਾਮਲ ਹੋਣ ਟੁਰ ਗਈ ਸੀ।

ਰੁਦਨ ਕਰਕੇ ਸਾਰੇ ਵਾਪਸ ਵਿਹੜੇ ਪਰਤ ਗਏ। ਉਸ ਦਿਨ ਕਿਸੇ ਇਕ ਵੀ ਜੀਅ ਨੇ ਅੰਨ-ਪਾਣੀ ਨਹੀਂ ਖਾਧਾ। ਸਿਵਾਇ ਬੱਚਿਆਂ ਦੇ, ਜਿਹੜੇ ਭੁੱਖੋਂ ਬੇਹਾਲ ਸਨ!

– – – –

'ਨਵੇਂ ਆਏ 'ਸੱਚੇ ਪਾਤਸ਼ਾਹ' ਪਹਿਲੇ ਪਾਤਸ਼ਾਹ ਦਾ ਹੀ ਰੂਪ ਹਨ। ਇਸ ਵਾਸਤੇ ਅਸੀਂ ਵੀ ਉੱਦਾਂ ਹੀ ਨਵੇਂ ਪਾਤਸ਼ਾਹ ਦੇ ਦਰਸ਼ਨਾਂ ਨੂੰ ਜਾਵਾਂਗੇ!' ਚੜਿਕ ਮੱਲ ਨੇ, ਜਿਹੜਾ ਸਭ ਤੋਂ ਬਿਰਧ ਸੀ, ਵਿਹੜੇ ਨੂੰ ਦੱਸਿਆ ਤੇ ਪੱਕ ਲਈ ਹੱਥ ਫੜੀ ਛਿੱਟੀ ਹਿਲਾਈ।

ਹਿੰਮਤ ਕਰਕੇ ਸਾਰੇ ਉਸ ਨਵੇਂ 'ਸੱਚੇ ਪਾਤਸ਼ਾਹ' ਦੇ ਦਰਸ਼ਨਾਂ ਲਈ ਟੁਰ ਪਏ। ਜਿਹੜਾ ਉਹਨਾਂ ਦੇ ਸੱਚੇ ਪਾਤਸ਼ਾਹ ਦੀ ਗੱਦੀ ਤੇ ਬੈਠਾ ਸੀ। ਭੀੜ ਬੜੀ ਸੀ, ਪਰ ਉਹਨਾਂ ਨੂੰ ਕਿਸੇ ਨੇ ਡੱਕਿਆ ਨਾ, ਕਿਉਂਕਿ ਮਸੰਦ ਆਪੋ-ਆਪਣੀ ਸੰਗਤ ਤੇ ਭੇਟਾ ਲੈ ਕੇ ਆ ਜਾ ਰਹੇ ਸਨ। ਮਸੰਦਾਂ ਸਦਕਾ ਹਰ ਪੂਰ ਤੇ ਹਰ ਭੇਖ ਵਾਲੀ ਸੰਗਤ ਆ ਜਾ ਰਹੀ ਸੀ।

ਮਹਾਰਾਜ ਅਗੇ ਉੱਦਾਂ ਹੀ ਉਸੇ ਲੱਕੜ ਦੇ ਬਣੇ ਤਖਤਪੋਸ਼ ਤੇ ਬਿਰਾਜਮਾਨ ਸਨ, ਜਿਥੇ ਕਦੀ 'ਗੁਰੂ ਰਾਮਦਾਸ' ਜੀ ਬਿਰਾਜਦੇ ਸਨ। ਸੁਭਾ ਅਨੁਸਾਰ ਅਗੇ ਜਾਕੇ ਸਭ ਤੋਂ ਪਹਿਲਾਂ ਚੜਿਕ, ਜੂਪੇ ਤੇ ਦਾਸ ਮੱਲ ਨੇ ਠੀਕਰੀਆਂ ਦੀਆਂ ਬਣਾਈਆਂ ਟਿੱਪਰੀਆਂ ਵਜਾਈਆਂ। ਇਸ਼ਾਰਾ ਮਿਲਦਿਆਂ ਹੀ ਮਾਈਆਂ ਤੇ ਬੱਚਿਆਂ ਨੇ ਢਿੱਡ ਖੜਕਾ ਕੇ ਅਵਾਜ਼ਾਂ ਕੱਢੀਆਂ। ਸਦੀਆਂ ਦੇ ਅਭਿਆਸੀ ਚੂਹੜਿਆਂ ਨੂੰ ਹੁਕਮ ਸੀ ਕਿ ਵੱਡਿਆਂ ਕੋਲ ਹਾਜ਼ਰ ਹੋਣ ਲਈ ਆਪਣੀ ਹੋਂਦ ਦੀ ਸੂਚਨਾ ਦੇਣ ਲਈ ਖੜਾਕਾ ਜ਼ਰੂਰ ਕਰਨਾ ਹੈ। ਭਾਵੇਂ ਸੱਚੇ ਪਾਤਸ਼ਾਹ ਤੇ ਬਾਬਾ ਬੁੱਢਾ ਜੀ ਨੇ ਇਸ ਕੰਮ ਤੋਂ ਉਹਨਾਂ ਨੂੰ ਠਾਕ ਦਿੱਤਾ ਸੀ, ਪਰ ਉਹ ਆਦਤ ਤੋਂ ਮਜਬੂਰ ਸਨ।

'ਉਏ! ਆ ਜਾਉ ਉਏ! ਇਹਦੀ ਲੋੜ ਨਹੀਂ।' ਬਾਬਾ ਬੁੱਢਾ ਜੀ ਹਮੇਸ਼ਾ ਵਾਂਗ ਉਥੇ ਬਿਰਾਜਮਾਨ ਸਨ, ਜਿਥੇ ਉਹ ਸਦਾ ਬਹਿੰਦੇ ਆਏ ਸਨ।

'ਮਹਾਰਾਜ ਜੀ! ਇਹ ਵੀ ਤੁਹਾਡੀ ਸੰਗਤ ਹੈ।' ਬਾਬਾ ਬੁੱਢਾ ਜੀ ਗੁਰੂ ਅਰਜਨ ਦੇਵ ਜੀ ਨੂੰ ਮੁਖਾਤਬ ਹੋਏ।

ਗੁਰੂ ਅਰਜਨ ਪਾਤਸ਼ਾਹ, ਜਿਹੜੇ ਬਾਲ ਅਵਸਥਾ ਤੋਂ ਹੀ ਚੂਹੜਿਆਂ ਦਾ ਆਪਣੇ ਪਿਤਾ ਨਾਲ ਅਗਾਧ ਪ੍ਰੇਮ ਦੇਖਦੇ ਆ ਰਹੇ ਸਨ, ਆਸਣ ਤੋਂ ਉੱਠ ਖੜੋਤੇ ਤੇ ਅੱਗੇ ਵੱਧ ਕੇ ਦਾਸ ਮੱਲ ਤੇ ਚੜਿਕ ਮੱਲ ਨੂੰ ਜੱਫ਼ੀ ਵਿਚ ਲੈ ਲਿਆ।

'ਸਾਡਾ ਬਾਪੂ ਆ ਗਿਆ। ਬਾਪੂ ਪਰਤ ਆਇਆ ਜੇ ਉਏ ਲੋਕੋ! ਸਾਡਾ ਬਾਪੂ ਆ ਗਿਆ।' ਅਚਾਨਕ ਹੀ ਚੜਿਕ ਮੱਲ ਨੂੰ ਵਜਦ ਤਾਰੀ ਹੋ ਗਿਆ। ਹਾਲ ਪਏ ਵਿਚ ਹੀ ਉਸ ਦੁਹਾਈ ਚੁੱਕ ਦਿੱਤੀ। ਚੂਹੜਿਆਂ ਦੇ ਸਾਰੇ ਟੱਬਰ ਹੁਕਮ ਪਾਕੇ ਮਹਾਰਾਜ ਦੇ ਚਰਨੀ ਢਹਿ ਪਏ। ਉਹਨਾਂ ਦੀ ਰੀਸੇ ਨਿਆਣੇ ਵੀ ਚਰਨੀਂ ਪੈ ਗਏ।

– – – –

''ਅੱਜਕਲ੍ਹ ਧੰਦਾ ਕੀ ਕਰਦੇ ਓ?'' ਅਕਸਰ ਸੇਵਾ ਕਰਨ ਆਉਣ ਲੱਗ ਪਏ ਦਾਸ ਮੱਲ, ਚੜਿਕ, ਅਣੀਏ ਤੇ ਜੂਪੇ ਹੁਰਾਂ ਨੂੰ ਬਾਬਾ ਬੁੱਢਾ ਜੀ ਨੇ ਸਾਂਝਾ ਪੁੱਛਿਆ।

''- ਜੀ ਅਸੀਂ ਤੇ ਗੁਰੂ ਬਜ਼ਾਰ ਦੇ ਸੁਨਿਆਰਿਆਂ ਤੇ ਲੂਣ ਮੰਡੀ, ਆਟਾ ਮੰਡੀ ਤੇ ਸਵਾਂਕ ਮੰਡੀ ਤੱਕ ਦੇ ਮਾਰਵਾੜੀਆਂ ਦੇ ਕੋਠੇ ਲਾਹੁਣ ਲਗ ਪਏ ਆਂ।'' ਥੋੜ੍ਹਾ ਸ਼ਰਮਾ ਕੇ ਜੂਪੇ ਨੇ ਦੱਸਿਆ।

''ਉਏ ਆਹ-ਹਾਅ ਕੋਠੇ ਲਾਹੁਣਾ ਕਿਹੜਾ ਕੰਮ ਇਆ?'' ਜੱਟ ਬਾਵੇ, ਸਿੱਧ ਪੱਧਰੇ ਬੁੱਢਾ ਜੀ ਪੁੱਛਣ ਲਗ ਪਏ।

''ਓ ਜੀ। ਮਾਰਵਾੜੀਆਂ ਤੇ ਸੁਨਿਆਰਿਆਂ ਦੀਆਂ ਵੱਡੇ-ਵੱਡੇ ਘੱਗਰਿਆਂ ਵਾਲੀਆਂ ਬੁੱਢੀਆਂ ਬਾਹਰ ਜੰਗਲ ਬਹਿਣ ਤੋਂ ਬੜਾ ਘਾਬਰਦੀਆਂ ਸਨ। ਉਹਨਾਂ ਨੂੰ ਸੁਖ ਦੇਣ ਲਈ ਬਹੁਤਿਆਂ ਨੇ ਘਰਾਂ ਦੇ ਕੋਠੇ ਤੇ ਥਾਵਾਂ ਬਣਾ ਲਈਆਂ ਨੇ। ਅਸੀਂ ਹਨ੍ਹੇਰੇ ਜਾ ਕੇ ਸਲੇਟ ਪੱਥਰ ਨਾਲ ਗੰਦਾ ਚੁੱਕ ਕੇ ਟੋਕਰਿਆਂ 'ਚ ਪਾ ਕੇ ਦੂਰ ਰੂੜੀਆਂ ਤੇ ਸੁੱਟ ਆਈਦਾ ਐ।'' ਦਾਸ ਮੱਲ ਨੇ ਕਿਹਾ। ਪਰ ਨਾਲ ਹੀ ਉਹ ਡਰ ਜਿਹਾ ਗਿਆ, ਕਿਉਂਕਿ ਇਹ ਸੁਣਦਿਆਂ ਹੀ ਬਾਬੇ ਬੁੱਢਾ

Harjeet Sandhu
REALTOR
''Serving all your Real Estate needs''
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਜੀ ਦਾ ਹੱਸਦਾ ਮੂੰਹ ਇਕਦਮ ਗਮਜ਼ਦਾ ਹੋ ਗਿਆ।

– – – –

''ਓ ਹੋ। ਚੰਗਾ ਭਗਤੋ। ਚੱਲੋ ਤੁਸੀਂ ਹੁਣ।' ਬੜੀ ਦੇਰ ਦੀ ਚੁੱਪੀ ਮਗਰੋਂ ਉਹਨਾਂ ਨੂੰ ਬਾਬਾ ਬੁੱਢਾ ਜੀ ਨੇ ਜਾਣ ਦਾ ਇਸ਼ਾਰਾ ਕੀਤਾ।

ਉਹ ਸਾਰੇ ਇਸ਼ਾਰਾ ਪਾ ਕੇ ਟੁਰ ਪਏ, ਪਰ ਉਹਨਾਂ ਨੂੰ ਇਹ ਸੁਣ ਕੇ ਬੜੀ ਹੈਰਾਨੀ ਤੇ ਨਮੋਸ਼ੀ ਹੋਈ, ਜਦੋਂ ਬਾਬੇ ਬੁੱਢੇ ਨੇ ਉਹਨਾਂ ਦੀ ਥਾਂ ਅਕਾਸ਼ਾਂ ਵੱਲ ਤੱਕ ਕੇ ਕਿਹਾ ਸੀ–

'ਹੇ ਸੱਚੇ ਪਾਤਸ਼ਾਹ। ਤੂੰ ਇਹ ਨਹੀਂ ਸੀ ਚਾਹਿਆ। ਹੁਣ ਤੇਰੀਆਂ ਤੂੰ ਜਾਣੇ। ਗੁਰੂ ਰਾਮਦਾਸ, ਸੱਚੇ ਪਾਤਸ਼ਾਹ, ਨਗਰੀ ਵੱਸਦੀ ਤੇਰੀ ਰਜ਼ਾ ਨਾਲ।'

ਉਹਨਾਂ ਜਾਂਦਿਆਂ ਦੀਆਂ ਪਿੱਠਾਂ ਤੱਕ ਕੇ ਬਾਬਾ ਜੀ ਨੇ ਫੇਰ ਮੂੰਹੋਂ ਉਦਾਸ ਬਚਨ ਕੱਢੇ–

''ਓ ਮੇਰਿਓ ਪੁੱਤਰੋ। ਧਰਤੀਆਂ ਦੇ ਮਾਲਕੋ, ਮੈਂ ਤੁਹਾਡੇ ਲਈ ਇਹ ਸੋਚਿਆ ਸੀ– ?''

– – – –

ਜੂਪੇ ਤੇ ਦਾਸ ਹੁਰਾਂ ਨੂੰ ਹੁਣ ਵਧੇਰੇ ਕਰਕੇ ਬਾਬਾ ਬੁੱਢਾ ਜੀ ਦੇ ਹੀ ਦਰਸ਼ਨ ਹੁੰਦੇ ਸਨ। ਹਰਮੰਦਰ ਦੀ ਉਸਾਰੀ ਵੀ ਵਧੇਰੇ ਕਰਕੇ ਬਾਬਾ ਬੁੱਢਾ ਜੀ ਵੇਖ ਰਹੇ ਸਨ। ਸੰਗਤ ਨੂੰ ਪਤਾ ਲਗਾ ਕਿ ਮਹਾਰਾਜ ਸੱਚੇ ਪਾਤਸ਼ਾਹ ਹੁਣ 'ਤਰਨਤਾਰਨ' ਨਾਂ ਦਾ ਨਵਾਂ ਨਗਰ ਹਰਮੰਦਰ ਦੀ ਤਰਜ ਤੇ ਵੱਸਾ ਰਹੇ ਹਨ। ਉਥੇ ਵਧੇਰੇ ਕਰਕੇ ਕੋਹੜੀਆਂ ਦੀ ਸੇਵਾ ਲਈ ਸੱਚੇ ਪਾਤਸ਼ਾਹ ਹਰ ਸਮੇਂ ਮਲ੍ਹਮ ਤੇ ਰੋਟੀ–ਰਸਦ ਲੈ ਕੇ ਹਾਜ਼ਰ ਰਹਿੰਦੇ ਹਨ। ਕੋਹੜ ਪੰਜਾਬ ਵਿਚ ਬਹੁਤ ਸੀ ਤੇ ਵਧੇਰੇ ਕੋਹੜੀ ਪਿੰਡਾਂ ਦੇ ਬਾਹਰ ਟੱਪਰੀਆਂ ਵਿਚ ਪਏ ਗਲ–ਸੜ ਕੇ ਮਰ ਰਹੇ ਸਨ। ਹੁਣ ਜਦੋਂ ਦਾ ਲੋਕਾਂ ਨੂੰ ਪਤਾ ਲਗਾ ਸੀ ਕਿ ਸਿੱਖਾਂ ਦਾ 'ਪੰਜਵਾਂ ਗੁਰੂ' ਕੋਹੜੀਆਂ ਦੀ ਸੇਵਾ ਕਰ ਰਿਹਾ ਹੈ, ਤਾਂ ਬਹੁਤੇ ਪਰਿਵਾਰ ਆਪੋ–ਆਪਣੇ ਕੋਹੜੀਆਂ ਨੂੰ ਤਰਨਤਾਰਨ ਛੱਡ ਕੇ ਜਾ ਰਹੇ ਸਨ। ਲੱਖੀ ਦਿਆਂ ਜੰਗਲਾਂ ਵਿਚੋਂ ਵਧੇਰੇ ਪੇਂਡੂ ਆਪੋ–ਆਪਣੇ ਕੋਹੜੀ ਲੈ ਆਉਂਦੇ ਸਨ।

ਤਰਨਤਾਰਨ ਤੋਂ ਖਡੂਰ ਸਾਹਿਬ ਤੇ ਗੋਇੰਦਵਾਲ ਸਾਹਿਬ ਵੀ ਇਕੋ ਸੇਧੇ ਪੈਂਦੇ ਸਨ।

– – – –

ਸਮੇਂ ਦੇ ਬੀਤਣ ਨਾਲ ਸ਼ਹਿਰ ਫੈਲਦਾ ਗਿਆ। ਪੰਜਵੇਂ ਪਾਤਸ਼ਾਹ ਦੇ ਵੇਲੇ ਸ਼ਹਿਰ ਮੁਨਿਆਰਾਂ (ਵਣਜਾਰਿਆਂ) ਵਾਲੀ ਨੁੱਕਰ ਤੱਕ ਫੈਲਿਆ। ਖਟੀਕ ਮੁਸਲਮਾਨ ਗੁਰੂ ਸਾਹਿਬ ਦੀ ਆਗਿਆ ਲੈ ਕੇ ਚਾਟੀਵਿੰਡ ਗੇਟ ਦੇ ਅੰਦਰ ਆਉਂਦੀ ਇਕ ਪਾਣੀ ਵਾਲੀ ਢਾਬ ਤੇ ਛੱਪਰੇ ਪਾਕੇ ਵੱਸ ਗਏ ਸਨ। ਘਿਉ ਵਾਲਿਆਂ ਦੇ ਬਜ਼ਾਰ ਤੋਂ ਪਰ੍ਹਾਂ ਜੰਗਲ–ਬੇਲੇ ਪਏ ਸਨ। ਉਥੇ ਮਹਾਰਾਜ ਨੇ ਚਮਰੰਗਾਂ ਨੂੰ ਥਾਂ ਦੇ ਦਿੱਤੀ, ਤਾਂ ਜੋ ਸ਼ਹਿਰ ਨੂੰ ਚਮੜੇ ਦੀ ਕਮੀ ਨਾ ਰਹੇ ਤੇ ਬਦਬੋ ਵੀ ਸ਼ਹਿਰ ਤੋਂ ਪਰ੍ਹਾਂ ਰਹੇ। ਚਮਰੰਗ ਮੁਸਲਮਾਨ ਬੜੇ ਲੜਾਕੇ ਲੱਠਮਾਰ ਸਨ, ਪਰ ਇਥੇ ਆ ਕੇ ਗੁਰੂ ਦੇ ਸੇਵਕ ਬਣ ਕੇ ਬੜੇ ਮਸਕੀਨ ਬਣ ਕੇ ਦਿਨ ਕੱਟ ਰਹੇ ਸਨ।

ਇਧਰ ਕੁੱਤੀ ਵਿਹੜੇ ਦੇ ਦੋ ਭਰਾ ਧਿੱਕਾ ਤੇ ਪੱਲਾ, ਵਿਹੜੇ ਦੀ ਮਰਜ਼ੀ ਨਾਲ ਹੀ ਖਟੀਕਾਂ ਦੇ ਮੁਹੱਲੇ ਤੋਂ ਪਰ੍ਹਾਂ ਗਿਲਵਾਲੀ ਦੀਆਂ ਜੜ੍ਹਾਂ ਤੇ ਜਾਕੇ ਟੱਪਰੀਆਂ ਪਾਕੇ ਬਹਿ ਗਏ ਤੇ ਸੂਰ ਪਾਲਣ ਲਗ ਪਏ।

...ਬਸ ਜਿਸ ਦਿਨ ਵਿਹੜੇ ਵਾਲਿਆਂ ਸੂਰਾਂ ਨੂੰ ਪਾਲਣ ਦਾ ਧੰਦਾ ਕੀਤਾ, ਕਸਾਈ ਵਿਹੜੇ ਵਾਲਿਆਂ ਇਕਦਮ ਉਹਨਾਂ ਨਾਲ ਬੇਟੀ ਦੀ ਸਾਂਝ ਤੋੜ ਲਈ, ਪਰ ਰੋਟੀ ਦੇ ਵਟਾਂਦਰੇ ਨਾ ਛੱਡੇ। ਰੋਟੀ–ਬੇਟੀ ਵਿਚੋਂ ਰੋਟੀ ਦੀ ਸਾਂਝ ਵਧੇਰੇ ਪ੍ਰਬਲ ਰਹੀ ਸੀ।

– – – –

ਜਿਸ ਵਕਤ ਗੁਰੂ ਅਰਜਨ ਪਾਤਸ਼ਾਹ ਨੂੰ ਦਿੱਲੀ ਤਖ਼ਤ ਵਲੋਂ ਲਾਹੌਰ ਲਿਜਾ ਕੇ ਕੋਹ–ਕੋਹ ਕੇ ਕਤਲ ਕੀਤਾ ਗਿਆ, ਵਿਹੜੇ ਵਾਲਿਆਂ ਉਦੋਂ ਵੀ ਸਿਦਕ ਨਹੀਂ ਸੀ ਛੱਡਿਆ। ਬਹੁਤ ਸਾਰੇ ਅੰਬਰਸਰੀਏ ਸ਼ਹਿਰ ਛੱਡ ਕੇ ਟੁਰ ਗਏ। ਪਰ ਵਿਹੜੇ ਵਾਲਿਆਂ ਸ਼ਹਿਰ ਦੀ ਚਾਕਰੀ ਨਹੀਂ ਸੀ ਤਿਆਰੀ।

ਉਦੋਂ ਵੀ, ਜਦੋਂ ਉਸੇ ਪੰਜਵੇਂ ਪਾਤਸ਼ਾਹ ਦੇ ਇਕਮਾਤਰ ਪੁੱਤਰ ਹਰਗੋਬਿੰਦ 'ਸੋਢੀ ਪਾਤਸ਼ਾਹ' ਨੇ ਲਾਹੌਰ ਤਖਤ ਨਾਲ ਸਿੱਧਾ ਮੱਥਾ ਲਾ ਲਿਆ ਸੀ, ਵਿਹੜੇ ਵਾਲਿਆਂ ਉਥੇ ਹੀ ਵੱਸਣਾ ਮੁਨਾਸਬ ਸਮਝਿਆ ਸੀ, ਨਾਲੇ ਉਹਨਾਂ ਨੂੰ ਤੇ ਧੁਰੋਂ ਵਰੋਸਾਏ ਉਹਨਾਂ ਦੇ ਪਿਉ 'ਗੁਰੂ ਰਾਮਦਾਸ' ਦੀ ਵਾਕ–ਬਖਸ਼ਿਸ਼ ਸੀ ਕਿ ਉਹ ਇਥੇ ਹੀ ਵੱਸਣਗੇ।

ਜਦੋਂ ਛੇਵੇਂ ਗੁਰੂ ਮੁਗਲਾਂ ਹੱਥੋਂ ਫੜੀਕੇ ਪਰ੍ਹਾਂ ਮੱਧ–ਭਾਰਤ ਵੱਲ ਭੇਜੇ ਗਏ, ਉਦੋਂ ਏਸੇ ਗੁਰੂ ਵਲੋਂ ਬਣਾਏ ਉਸ ਸੱਚੇ ਤਖਤ ਵਲ ਕਿੰਨਾ ਚਿਰ ਹੀ ਮੁਗਲ ਫੌਜੀਆਂ ਨੇ ਆਉਣਾ ਮਨ੍ਹਾ ਕਰੀ ਰੱਖਿਆ। ਸਿਰਫ ਬਾਬਾ ਬੁੱਢਾ ਨੂੰ, ਜੋ ਉਦੋਂ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਗ੍ਰੰਥੀ ਸੀ, ਉਸੇ ਨੂੰ ਦੋ ਵੇਲੇ ਹਰਮੰਦਰ ਜਾਕੇ ਪਰਕਾਸ਼ ਕਰਨ ਦਾ ਹੁਕਮ ਸੀ। ਨਾਲ ਸੱਤ ਸਿੱਖ ਜਾਂਦੇ ਸਨ। ਰਾਗ ਗਾਉਣ ਦੀ ਪੱਕੀ ਮਨਾਹੀ ਸੀ। ਉਦੋਂ ਹੀ ਬਾਬਾ ਬੁੱਢਾ ਜੀ ਨੇ ਸ਼ਬਦ–ਚੌਂਕੀਆਂ ਚੜ੍ਹਾ ਕੇ ਗਵਾਲੀਅਰ ਪੈਦਲ ਜਾਣ ਦੀ ਰੀਤ ਪਾਈ ਸੀ।

... ਫੇਰ ਸਮਾਂ ਪਾਕੇ 'ਸਮਾਂ' ਹੀ ਬਦਲ ਗਿਆ। ਛੇਵਾਂ ਗੁਰੂ ਪਰਤ ਆਇਆ ਤੇ ਨਾਲ ਹੀ ਅੰਬਰਸਰ ਦੇ ਨਵੇਂ–ਪੁਰਾਣੇ ਰਾਹ ਕਿਸੇ ਹੋਰ ਖੜਾਕ ਨਾਲ ਜਾਗ ਪਏ। ਹੁਣ ਸ਼ਹਿਰ ਦੀਆਂ ਸਭੇ ਨੁੱਕਰਾਂ ਵਿਚੋਂ ਸਿੱਖਾਂ ਵਲੋਂ ਲਿਆਏ ਜਾ ਰਹੇ ਘੋੜਿਆਂ ਦੇ ਫੁਰਕੜੇ ਸੁਣਦੇ ਸਨ। ਵਿਹੜੇ ਦੇ ਕਿੰਨੇ ਹੀ ਚੂਹੜੇ ਸ਼ਹਿਰ ਵਿਚ ਆਰਜ਼ੀ ਤੌਰ 'ਤੇ ਬਣੇ ਨਵੇਂ–ਨਵੇਂ ਅਸਤਬਲਾਂ ਵਿਚੋਂ ਲਿੱਦ ਚੁੱਕਦੇ ਤੇ ਬਖਸ਼ਿਸ਼ਾਂ ਲੈਂਦੇ ਸਨ। ਛੇਵੇਂ ਗੁਰੂ ਦਾ ਸ਼ਹਿਰ ਵਾਸੀਆਂ ਨੂੰ ਹੁਕਮ ਸੀ ਕਿ ਹੁਣ ਕੋਈ ਵੀ ਸ਼ਹਿਰੀ ਵਪਾਰੀ ਲਾਹੌਰ ਦਰਬਾਰ ਦੇ ਕਰਿੰਦਿਆਂ ਨੂੰ ਖਾਲਸਾ (ਟੈਕਸ) ਨਹੀਂ ਦਏਗਾ। ਖਾਲਸੇ ਦੀ ਉਗਰਾਹੀ ਹੁਣ ਗੁਰੂ ਦੇ ਮਸੰਦ ਕਰਨਗੇ।

– – – –

ਇਸ ਦੌਰਾਨ ਅਨੇਕਾਂ ਵਾਰ ਗੁਰੂ ਦੀਆਂ ਮੁਗਲਾਂ ਤੇ ਹੋਰ ਕਈ ਮੁਸਲਮਾਨ ਹਾਕਮਾਂ ਨਾਲ ਟੱਕਰਾਂ ਹੋਈਆਂ। ਇਸੇ ਦੌਰਾਨ ਬਿਰਧ ਹੋ ਚੁੱਕੇ ਬਾਬਾ ਬੁੱਢਾ ਜੀ ਸਾਰਾ ਕਾਰ–ਵਿਹਾਰ ਆਪਣੇ ਪੁੱਤਰ ਨੂੰ ਸੌਂਪ ਕੇ ਆਪਣੇ ਡੇਰੇ ਟੁਰ ਗਏ ਤੇ ਉਥੇ ਹੀ ਚੜ੍ਹਾਈ ਕਰ ਗਏ ਸਨ। ਵਿਹੜੇ ਦੇ ਭਗਤਾਂ ਨੂੰ ਤੇ ਉਹਨਾਂ ਦੇ ਚੜ੍ਹਾਈ ਕਰ ਜਾਣ ਦਾ ਕਈ ਦਿਨਾਂ ਮਗਰੋਂ ਪਤਾ ਲਗਾ ਸੀ।

ਉਹ ਦਿਨ ਬੜੀ ਅਫ਼ਰਾ–ਤਫ਼ਰੀ ਦੇ ਰਹੇ ਸਨ। ਸ਼ਹਿਰ ਦੇ ਸੁਨਿਆਰੇ ਤੇ ਮਾਰਵਾੜੀ ਗੁਰੂ–ਘਰ ਦੀ ਚਾਕਰੀ ਛੱਡ ਕੇ ਲਾਹੌਰ–ਦਰਬਾਰ ਦੇ ਅਧੀਨ ਹੋ ਚੁੱਕੇ ਸਨ। ਸ਼ਹਿਰ ਵਿਚ ਭਾਵੇਂ ਵਪਾਰ ਉਵੇਂ ਹੀ ਚਲਦਾ ਰਿਹਾ ਸੀ, ਤੇ ਛੇਵੇਂ ਗੁਰੂ ਤੋਂ ਮਗਰੋਂ ਸੱਤਵੇਂ ਤੇ ਫੇਰ ਅੱਠਵੇਂ ਗੁਰੂ ਵੀ ਸੁਭਾਮਾਇਨ ਤੋ ਗਏ ਸਨ। ਪਰ ਹੁਣ ਹਰਮੰਦਰ ਨਾ ਤਾਂ ਵਧੇਰੇ ਕਰਕੇ ਸੱਤਵੇਂ ਗੁਰੂ ਵੇਲੇ ਦੇ ਟਹਿਲੂਆਂ ਦੇ ਵੱਲ ਰਿਹਾ ਸੀ, ਤੇ ਨਾ ਹੀ ਬਾਲਕ–ਰੂਪ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਵੱਲ ਰਿਹਾ ਸੀ। ਮਸੰਦਾਂ ਤੇ ਪੁਜਾਰੀਆਂ ਨੇ ਹਰਮੰਦਰ ਤੇ ਚੁੱਪ ਕੀਤੇ ਕਬਜ਼ਾ ਕਰ ਲਿਆ ਸੀ। ਅਕਾਲ ਤਖ਼ਤ ਵੱਲੋਂ ਆਉਂਦੇ ਸਾਰੇ ਰਾਹਾਂ ਦੇ ਕਿਵਾੜ ਬੰਦ ਰਹਿੰਦੇ ਸਨ। ਕਾਲੀ ਤੇ ਛਨੀ ਦੇ ਮੰਦਰ ਵੱਲੋਂ, ਜਿਥੇ ਹਿੰਦੂ ਪੁਜਾਰੀਆਂ ਮੂਰਤੀ ਲਵਾ ਕੇ ਮੀਨਾਕਾਰੀ ਕਰਵਾਈ ਸੀ, ਉਧਰੋਂ ਨਵਾਂ ਲਾਂਘਾ ਬਣਾ ਦਿੱਤਾ ਗਿਆ ਸੀ। ਪਰਕਰਮਾ ਵਿਚ ਥਾਂ–ਥਾਂ ਤੇ ਨਿੱਕੇ–ਨਿੱਕੇ ਖੁੱਡਾਂ ਵਿਚ ਬਣੇ ਮੰਦਰ ਸਨ ਤੇ ਥਾਂ–ਥਾਂ ਪਾਂਡੇ ਪਰਕਰਮਾ ਵਿਚ ਪੱਤਰੀ, ਤੇ ਪੁਰੋਹਤ ਟੇਵੇ ਲੈ ਕੇ ਬੈਠੇ ਰਹਿੰਦੇ ਸਨ। ਬਹੁਤੀ ਵਾਰ ਨਾਈ ਵੀ ਹਿੰਦੂ ਬੱਚਿਆਂ ਦੇ ਮੁੰਡਨ ਕਰਨ ਲਈ ਦਿਨੋ–ਦਿਨ ਭੀੜੀ ਹੁੰਦੀ ਜਾਂਦੀ ਪਰਕਰਮਾ ਵਿਚ ਆ ਬੈਠਦੇ ਸਨ। ਘੁੰਗਣੀਆਂ, ਭੱਲੇ ਤੇ ਮਿਰਚਾਂ ਦੇ ਪਾਪੜ ਵੇਚਣ ਵਾਲਿਆਂ ਦਾ ਕੋਈ ਅੰਤ ਨਹੀਂ ਸੀ ਰਿਹਾ। ਹਰਮੰਦਰ ਦੇ ਆਲੇ ਦੁਆਲੇ ਕੁਝ ਬੜੇ ਹੀ ਅਜੀਬ ਨਾਵਾਂ ਦੀਆਂ ਗਲੀਆਂ ਉਸਰ ਰਹੀਆਂ ਸਨ, ਜਿਨ੍ਹਾਂ ਦੇ ਬਾਸ਼ਿੰਦਿਆਂ ਤੇ ਹਰਮੰਦਰ ਦੇ ਪੁਜਾਰੀਆਂ ਦਾ ਮਿਹਰ ਭਰਿਆ ਹੱਥ ਸੀ। ਮਸਲਨ ਧੂਪ ਵੇਚਣ ਵਾਲੇ ਵਪਾਰੀਆਂ ਨੂੰ ਧੂਪ ਬਣਾਨ ਲਈ ਮੁਫਤ ਜਗਾ ਦਿੱਤੀ ਗਈ ਸੀ, ਜਿਹੜੀ ਕਿ ਧੂਪੀਆਂ ਦੀ ਗਲੀ ਕਹਾਈ। ਕੀਰਤਨ ਦੀ ਸਮਾਪਤੀ ਮਗਰੋਂ ਵਧੇਰੇ ਕਰਕੇ ਅਰਦਾਸ ਕੁਛ ਸਿਆਣੇ ਮੁਹਤਬਰ ਬੰਦੇ ਪੜ੍ਹਨ ਲਗੇ ਸਨ। ਉਸ ਪਰਿਵਾਰ ਵਾਲੇ ਘਰਾਂ ਨੂੰ ਅਰਦਾਸੀਆਂ ਦੀ ਗਲੀ ਕਹਿਣ ਲਗੇ ਸਨ। ਇਵੇਂ ਹੀ ਸਵੇਰੇ ਅੰਮ੍ਰਿਤ ਵੇਲੇ ਦੀ ਸ਼ਬਦ–ਚੌਂਕੀ ਤੇ ਰਾਤ ਦੀਆਂ ਸ਼ਬਦ ਚੌਂਕੀਆਂ ਜਦੋਂ ਚੜ੍ਹਦੀਆਂ, ਉਦੋਂ ਪਰਕਰਮਾ ਕਰਦੇ ਸੰਗਤ ਦੇ ਅਗੇ–ਅਗੇ ਟੱਲ ਵਜੌਣ ਵਾਲੇ ਸਿੱਖਾਂ ਦੀ ਆਪਣੀ ਘੜਿਆਲੀਆਂ ਵਾਲੀ ਗਲੀ ਉਸਰ ਗਈ ਸੀ। ਉਂਜ ਤੇ ਇਹ ਇਕ ਸ਼ਹਿਰ ਲਈ ਸ਼ੁਭ ਸੀ, ਪਰ ਏਸ ਨਾਲ ਮੰਸਦ ਤੇ ਪੁਜਾਰੀ ਅੰਤਾਂ ਦੇ ਤਾਕਤਵਰ ਹੋ ਗਏ ਸਨ। ਇਥੋਂ ਤੱਕ ਕਿ ਨੌਂਵੇ ਗੁਰੂ ਨੂੰ ਆਪਣੇ ਪਿਉ–ਦਾਦੇ ਦੇ ਖ਼ਜਾਨੇ, ਭਾਵ ਹਰਮੰਦਰ ਸਾਹਿਬ ਤੇ ਭਾਈ ਗੁਰਦਾਸ ਜੀ ਵਾਲੀ ਬੀੜ ਦੇ ਦਰਸ਼ਨਾਂ ਤੋਂ ਰੋਕ ਦਿੱਤਾ ਗਿਆ ਸੀ। ਉਹ ਅਕਾਲ ਤਖ਼ਤ ਦੇ ਪਿੱਛੇ ਹੀ ਇਕ ਬਿਰਖ ਥੱਲੇ ਸਵੇਰ ਤੋਂ ਸ਼ਾਮ ਤੱਕ ਬੈਠੇ ਰਹੇ। ਉਹਨਾਂ ਦੇ ਟਹਿਲੂਆਂ ਨੂੰ ਪੁਜਾਰੀਆਂ ਤੋੜ ਕੇ ਜਵਾਬ ਦੇ ਦਿੱਤਾ ਤੇ ਹਰਮੰਦਰ ਦੇ ਬੂਹਿਆਂ ਨੂੰ ਅੰਦਰੋਂ ਜਿੰਦੇ ਲਾ ਲਏ।

ਗੁਰੂ, ਜਿਹੜਾ ਮਿਹਰਾਂ ਭਰਿਆ ਹੱਥ ਲੈਕੇ ਆਇਆ ਸੀ, ਚੁੱਪ ਚਾਪ ਪਰਤ ਗਿਆ !

...ਇਸ ਦੌਰਾਨ ਪੁਜਾਰੀਆਂ ਨੇ ਵਿਹੜੇ ਦੇ ਸਾਰੇ ਚੂਹੜਿਆ ਨੂੰ ਹੁਕਮ ਚਾੜ੍ਹ ਦਿੱਤਾ ਸੀ ਕਿ ਨਾ ਤਾਂ ਉਹ ਹਰਮੰਦਰ ਦੇ ਸਾਹਮਣੇ ਵਾਲੀ ਬਾਹੀ ਵਲ ਦਿਖਣ, ਤੇ ਨਾ ਹੀ ਲੰਗਰ ਦੇ ਆਸ–ਪਾਸ ਦਿਖਣ। ਜੇ ਦਿਖ ਗਏ ਤਾਂ ਲੱਕੜਾਂ ਵਿਚ ਬਹਾਕੇ ਜਿਊਂਦੇ ਸਾੜਾਂਗੇ। ਤੇ ਜਦੋਂ ਸ਼ਹਿਰੀਆਂ ਦੇ ਕੋਠੇ ਵੀ ਲਾਹੁਣ ਜਾਣਾ ਹੈ ਤਾਂ ਨੀਵੇਂ ਬਜ਼ਾਰਾਂ ਵਿਚੋਂ ਹੋ ਕੇ ਮਾਈ ਸੇਵਾਂ (ਜਿਹੜਾ ਅਜੇ ਪੂਰਾ ਨਹੀਂ ਸੀ ਬਣਿਆ) ਤੋਂ ਹੋ ਕੇ ਗੁਰੂ ਬਜ਼ਾਰ ਵਿਚ ਜਾਣ।

– – – –

ਅੱਜਕਲ੍ਹ ਸ਼ਹਿਰ ਦਿਨ ਚੜ੍ਹਦਿਆਂ ਹੀ ਵੀਰਾਨ ਹੋ ਜਾਂਦਾ ਸੀ। ਸਿਵਾਇ ਨਿਤੱਨੇਮੀਆਂ ਦੇ, ਹੋਰ ਕੋਈ ਯਾਤਰੂ, ਕੋਈ ਯਾਤਰੀ–ਬੱਸਾਂ, ਟਰੱਕ ਨਹੀਂ ਸਨ ਦਿੱਸਦੇ। ਗੋਰੇ ਤੇ ਮੇਮਾਂ ਨੂੰ ਵੇਖਿਆਂ ਤੇ ਜੁਗੜੇ ਬੀਤ ਚਲੇ ਸਨ। ਅੰਬਰਸਰ ਦੇ ਅੰਦਰੂਨੀ ਹਿੱਸਿਆਂ ਵਿਚ ਜਿਵੇਂ ਖਾਮੋਸ਼ੀ ਦੀ ਚਾਦਰ ਵਿਛੀ ਰਹਿੰਦੀ। ਸਾਇਕਲ, ਸਕੂਟਰ ਵੀ ਏਨੀ ਹੌਲੀ ਚਲਦੇ ਕਿ ਜਾਪਦਾ, ਜਿਵੇਂ ਮੁਰਦੇ ਉਹਨਾਂ ਨੂੰ ਚਲਾ ਰਹੇ ਨੇ। ਸੀ.ਆਰ.ਪੀ ਜਾਂ ਪੰਜਾਬ ਪੁਲਸ ਜਦੋਂ ਚਾਹੇ, ਜਿਥੇ ਚਾਹੇ ਤੇ ਜੀਹਨੂੰ ਚਾਹੇ, ਰੋਕ ਲੈਂਦੀ ਸੀ। ਜਿਥੇ ਕਿਤੇ ਵੇਖੋ, ਵੀ ਬੀ.ਐਸ.ਐਫ ਤਾਇਨਾਤ ਸੀ। ਹਰਮੰਦਰ ਸਾਹਿਬ ਦੇ ਤਕਰੀਬਨ ਚਾਰ–ਪੰਜ ਸੌ ਮੀਟਰ ਦਾ ਦਾਇਰਾ ਹੀ ਉਹਨਾਂ ਛੱਡ ਰੱਖਿਆ ਸੀ, ਨਹੀਂ ਤੇ ਸ਼ਹਿਰ ਦੇ ਹਰ ਅੰਦਰੂਨੀ ਹਿੱਸੇ ਤੋਂ ਲੈ ਕੇ ਹਰਮੰਦਰ ਦੇ ਚੌਹਾਂ ਪਾਸਿਆਂ ਵਲ ਉਹਨਾਂ ਦੀ ਤਾਇਨਾਤੀ ਸੀ। ਹਰਮੰਦਰ ਸਾਹਿਬ ਦੇ ਸਾਹਮਣੇ ਬਣੀਆਂ ਨਾਨਕਸ਼ਾਹੀ ਇੱਟਾਂ ਦੀਆਂ ਸਭੇ ਇਮਾਰਤਾਂ ਦੀਆਂ ਛੱਤਾਂ ਉੱਪਰ ਸੀ.ਆਰ. ਪੀ ਦਾ ਪਹਿਰਾ ਸੀ।

ਸਾਰਾ ਸ਼ਹਿਰ, ਸ਼ਹਿਰ ਕੀ ਸਾਰਾ ਪੰਜਾਬ ਇਕ ਵੱਖਰੇ ਹੀ ਭੈਅ ਵਿਚ ਜੀਅ ਰਿਹਾ ਸੀ।

– – – –

ਏਹਨੀਂ ਦਿਨੀਂ ਵੀ ਜੇ ਕੋਈ ਨਿਰਭੈ ਹੋ ਕੇ ਟੁਰ ਰਿਹਾ ਸੀ ਤਾਂ ਉਹ ਕੁੱਤੀ ਵਿਹੜੇ ਵਾਲੇ ਸਨ, ਜਾਂ ਫੇਰ ਨਿੱਤਨੇਮੀ ਸਨ। ਜਿਨ੍ਹਾਂ ਭੈਅ ਵਾਲਾ ਪਰਦਾ ਹੀ ਚੁੱਕ ਦਿਤਾ ਸੀ। ਨਿੱਤਨੇਮੀ ਰਾਤ ਨੂੰ ਆਖਰੀ ਸ਼ਬਦ–ਚੌਂਕੀ ਵਿਚ ਸ਼ਬਦ ਪੜ੍ਹਦੇ ਸ਼ਾਮਲ ਹੁੰਦੇ ਸਨ। ਆਖਰੀ ਸ਼ਬਦ–ਚੌਂਕੀ ਵਿਚ ਵਧੇਰੇ ਕਰਕੇ ਉਹਨਾਂ ਟੱਬਰਾਂ ਦੇ ਲੋਕ ਹੁੰਦੇ ਸਨ, ਜਿਹੜੇ ਸਾਢੇ–ਤਿੰਨ੍ਹ ਸੌ ਸਾਲ ਤੋਂ ਇਸ ਪਰੰਪਰਾ ਵਿਚ ਪੀੜ੍ਹੀ–ਦਰ–ਪੀੜ੍ਹੀ ਸ਼ਾਮਲ ਹੁੰਦੇ ਆ ਰਹੇ ਸਨ। ਧੂਪੀਏ, ਘੜਿਆਲੀਏ, ਅਰਦਾਸੀਏ, ਟਹਿਲੂ ਤੇ ਪਾਪੜ–ਵੜੀਆਂ ਵਾਲੇ ਟੱਬਰਾਂ ਦੇ ਜੀਅ, ਤੇ ਵਿਸ਼ੇਸ਼ਕਰ ਇਕ ਸਹਿਜਧਾਰੀ ਟੱਬਰ ਸਦਾ ਸ਼ਾਮਲ ਰਹਿੰਦਾ ਸੀ। ਰਾਤ ਤਕਰੀਬਨ ਸਾਢੇ ਕੁ ਗਿਆਰਾਂ ਵਜੇ ਬਹੁਤੇ ਨਿੱਤਨੇਮੀ ਉਥੇ ਪਰਕਰਮਾ ਵਿਚ ਲੇਟ ਜਾਂਦੇ, ਤੇ ਘਰਾਂ ਨੂੰ ਜਾਣ ਵਾਲੇ ਪਰਤ ਜਾਂਦੇ। ਅੱਧੀ ਰਾਤ ਢਾਈ ਕੁ ਵਜੇ ਦੂਸਰੇ ਨਿੱਤਨੇਮੀ ਅੰਮ੍ਰਿਤ ਵੇਲੇ ਦੀ ਸਵਾਰੀ–ਸਾਹਿਬ (ਪਾਲਕੀ) ਦੀ ਯਾਤਰਾ ਵਿਚ ਸ਼ਾਮਲ ਹੋਣ ਲਈ ਘਰਾਂ ਵਿਚੋਂ ਟੁਰ ਪੈਂਦੇ। ਅਖੰਡ–ਕੀਰਤਨੀ ਜਥੇ ਦੀਆਂ ਬੀਬੀਆਂ ਦੀ ਲਗਨ ਕਮਾਲ ਸੀ। ਉਹ ਕੁਝ ਤੇ ਸ਼ਹਿਰ ਵਿਚੋਂ ਆਉਂਦੀਆਂ ਸਨ, ਬਾਕੀ ਵਧੇਰੇ ਕਰਕੇ ਵੱਡਾ ਜੱਥਾ ਅਜੀਤ ਨਗਰ, ਈਸਟ–ਮੋਹਨ ਨਗਰ ਦੇ ਸੇਵਕਾਂ ਦਾ ਸੀ। ਉਹਨਾਂ ਸਾਰਿਆਂ ਨੂੰ ਸ਼ੁਰੂ–ਸ਼ੁਰੂ ਵਿਚ ਆਏ ਸੀ.ਆਰ.ਪੀ. ਦੇ ਮਿਕਸ ਜਵਾਨ ਹੈਰਾਨ ਹੋ–ਹੋ ਰੋਕਦੇ, ਕਿ ਅੱਧੀ ਰਾਤ ਤੱਕ ਇਹ ਲੋਕ ਸ਼ਹਿਰ ਵਿਚ ਕੀ ਕਰਦੇ ਹਨ? ਫੇਰ ਰਾਤ ਨੂੰ ਤਿੰਨ ਕੁ ਵਜੇ ਮੁੜ ਘਰਾਂ ਵਿਚੋਂ ਪਰਤ ਆਉਂਦੇ ਸਨ। ਬੰਗਾਲੇ, ਮਰਾਠੇ ਤੇ ਭਈਏ ਸਿਪਾਹੀਆਂ ਨੂੰ ਹੌਲੀ–ਹੌਲੀ ਹਰਿਮੰਦਰ ਦੀ ਸੇਵਾ ਕਰਨ ਦਾ ਪਤਾ ਲਗਦਾ, ਨਹੀਂ ਤਾਂ ਸ਼ੁਰੂ ਵਿਚ ਤਾਂ ਉਹ ਫੱਟ ਹੀ ਨਿੱਤਨੇਮੀਆਂ ਤੇ ਵੀ ਰਫਲਾਂ ਤਾਣ ਲੈਂਦੇ ਸਨ।

... ਉਹਨਾਂ ਭਾਣੇ ਤੇ ਸਾਰਾ ਪੰਜਾਬ ਹੀ ਖੂਨੀ ਤੇ ਖਾਲਸਤਾਨੀ ਸੀ।

... ਦੂਸਰੇ ਪੱਕੇ ਨਿੱਤਨੇਮੀ ਕੁੱਤੀ ਵਿਹੜੇ ਵਾਲੇ ਸਨ। ਚਾਹੇ ਕੋਈ ਆਇਆ, ਕੋਈ ਗਿਆ, ਮਰਦ ਨੇਮ ਨਾਲ ਸਵੇਰੇ ਅੰਬਰਸਰ ਸ਼ਹਿਰ ਵਿਚ ਝਾੜੂ ਦੇਂਦੇ। ਜਨਾਨੀਆਂ (ਚੂਹੜੀਆਂ) ਸ਼ਹਿਰ ਦੇ ਕੋਠੇ ਲਾਹੁੰਦੀਆਂ। ਫੇਰ ਦੁਪਹਿਰੇ ਮਰਦ ਜਾਂ ਤਾਂ ਲਾਟਰੀਆਂ ਪੌਂਦੇ, ਜੂਏ ਖੇਡਦੇ ਤੇ ਸੱਟੇ ਦਾ ਨੰਬਰ ਪੁੱਛਣ ਰੇਲਵੇ ਸਟੇਸ਼ਨ ਦੇ ਸਾਹਮਣੇ ਬੈਠੇ ਅਲਫ਼ ਨੰਗੇ ਪਾਗਲ ਕੋਲ ਜਾਂਦੇ। ਸੁਲਫਾ ਪੀਂਦੇ ਤੇ ਨਵੇਂ ਨਿਆਣੇ ਪੈਦਾ ਕਰਨ ਲਈ ਰਾਤ ਪੈਂਦਿਆਂ ਹੀ ਆਪੋ–ਆਪਣੀਆਂ ਜਨਾਨੀਆਂ ਨਾਲ ਨਸ਼ਈ ਹੋ ਕੇ ਸੌਂ ਜਾਂਦੇ। ਉਧਰ ਜਨਾਨੀਆਂ ਵੀ ਦਿਨ ਦੀ ਖੱਪ–ਖਪਾਈ ਤੋਂ ਮੁਕਤ ਹੋ ਕੇ ਰਾਤ ਨੂੰ ਸੌਂਦੀਆਂ। ਜੀਅ ਕਰਦਾ ਤੇ ਮਰਦਾਂ ਨੂੰ ਹਾਂ ਕਰਦੀਆਂ, ਨਹੀਂ ਗੰਦੀਆਂ ਤੋਂ ਗੰਦੀਆਂ ਗਾਹਲਾਂ ਕੱਢਦੀਆਂ। ਬਹੁਤੀਆਂ ਨੇ ਦੋ–ਦੋ ਤਿੰਨ–ਤਿੰਨ ਨਾਲ ਯਾਰੀ ਲਾਈ ਹੋਈ ਸੀ। ਬਾਕੀ ਗੁਰੂ ਬਜ਼ਾਰ ਦੇ ਸੁਨਿਆਰਾਂ ਦੇ ਨਵੇਂ ਉੱਠਦੇ ਮੁੰਡੇ ਤੇ ਆਟਾ ਮੰਡੀ ਦੇ ਭਾਪਿਆਂ ਦੇ ਬਜਾਜ ਮੁੰਡੇ ਉਹਨਾਂ ਨਾਲ ਇਕ ਵਾਰੀ ਸੌਣ ਖਾਤਰ ਹੀ ਬਥੇਰੇ ਪੈਸੇ ਦੇ ਜਾਂਦੇ ਸਨ। ਚੂਹੜੀਆਂ ਵੀ ਉਹਨਾਂ ਦੀ ਇਸਤਰੀ–ਭੁੱਖ ਨੂੰ ਸਮਝਦੀਆਂ ਤੇ ਸਵਾਦ ਲੈਂਦੀਆ ਸਨ। ਭਾਵੇਂ ਲੋੜੋਂ ਵੱਧ ਭੋਗ ਕਰਨ ਕਰਕੇ ਚੂਹੜੀਆਂ ਦੀਆਂ ਛਾਤੀਆਂ ਜਵਾਨੀ ਵਿਚ ਹੀ ਥੋੜ੍ਹਾ ਢਿਲਕ ਜਾਂਦੀਆ ਸਨ, ਪਰ ਉਹਨਾਂ ਦਾ ਬਾਕੀ ਸਾਰਾ ਸਰੀਰ ਕੰਮ ਕਰਦੇ ਰਹਿਣ ਕਾਰਨ ਐਨ ਤਬਲੇ ਵਾਂਗ ਕੱਸਿਆ ਰਹਿੰਦਾ ਸੀ।

ਅਜਿਹੇ ਹੀ ਦੌਰ–ਦੌਰੇ ਵਿਚ, ਸੰਨ ਬਿਆਸੀ ਦੇ ਅਖੀਰ ਜਿਹੇ ਵਿਚ ਰੌਲਾ ਪੈ ਗਿਆ। ਪੰਜਾਬ ਪੁਲੀਸ ਤੇ ਸੀ.ਆਰ.ਪੀ. ਉਹਨਾਂ ਦਿਆਂ ਬਜ਼ਾਰਾਂ ਵਿਚ ਵੀ ਗਸ਼ਤ ਕਰਨ ਲਗੀ। ਪਤਾ ਲਗਾ ਕਿ ਬਜ਼ਾਰ ''ਖੂਬੀ ਰਾਮ ਹਲਵਾਈ'' ਵਿਚ ਸੱਟੇਬਾਜ਼ਾਂ ਦੀ ਭੀੜ ਵਿਚ ਬੰਬ ਫੱਟਿਆ ਹੈ। ਨੱਬੇ ਦੇ ਕਰੀਬ ਹਿੰਦੂ ਸੱਟੇਬਾਜ ਮਰ ਗਏ ਸਨ। ਉਦੋਂ ਹਰ ਗੱਲ ਵਿਚ ਬੰਦੇ ਦੇ ਧਰਮ ਦੀ ਗੱਲ ਜ਼ਰੂਰ ਹੁੰਦੀ ਸੀ। ਸੱਟੇਬਾਜ ਸਾਰੇ ਸਨ, ਪਰ ਹਿੰਦੂ ਲਾਸ਼ਾਂ ਦੀ ਗਿਣਤੀ ਵਧੇਰੇ ਚਰਚਿਤ ਹੋਈ।

ਇਸਤੋਂ ਮਗਰੋਂ ਕੁੱਤੀ ਵਿਹੜੇ ਦੇ ਅਨੇਕਾਂ ਸਫਾਈ–ਸੇਵਕਾਂ ਤੇ ਪੈਸੇ ਲੈ ਕੇ ਕੰਮ ਕਰਨ ਵਾਲਿਆਂ ਚੂਹੜਿਆਂ ਨੇ ਲਾਸ਼ਾਂ ਚੁੱਕ ਦਿੱਤੀਆਂ।

ਕੁਝ ਦਿਨਾਂ ਬਾਦ ਫੇਰ ਬੰਬ ਧਮਾਕਾ ਹੋਇਆ। ਫੇਰ ਇਕ ਹੋਰ... ਇਕ ਹੋਰ... ਤੇ ਫੇਰ 1983 ਤੱਕ ਉਹ ਇਲਾਕਾ ਖੂਨੀ ਇਲਾਕਾ ਬਣ ਗਿਆ। ਹਿੰਦੂ ਹਿਜਰਤ ਕਰ ਗਏ। ਚੂਹੜਿਆਂ ਨੂੰ ਲਾਸ਼ਾਂ ਦੇ ਟੋਟੇ ਚੁੱਕ ਕੇ ਪੋਸਟਮਾਰਟਮ ਲਈ ਪੁੱਜਦੇ ਕਰਨ ਦਾ ਇਕ ਹੋਰ ਲਾਹੇਵੰਦ ਧੰਦਾ ਮਿਲ ਗਿਆ ਸੀ।

– – – –

ਵੱਡੀ ਵਾਰਦਾਤ ਦਾ ਭੇਦ ਤੇ ਪਰ ''ਮੰਗਾ ਮਸੀਹ'' ਹੀ ਦੱਸਦਾ ਸੀ। ਕਿਤੇ 1983 ਵਿਚ ਗੋਲ ਬਾਗ ਸੈਰ ਕਰਦੇ ਲਾਲੇ, ਮੁੰਡਿਆਂ ਨੇ ਮਾਰ ਦਿੱਤੇ। ਤਕਰੀਬਨ ਅੱਠ–ਦਸ ਲਾਲੇ ਮਰੇ ਸਨ। ਬੜਾ ਰੌਲਾ ਪਿਆ। ਉਥੇ ਹੀ ਉਸ ਇਲਾਕੇ ਦਾ ਮਸ਼ਹੂਰ ਜਨਸੰਘੀ 'ਬਲਵੰਤ ਰਾਮ' ਦਵਾਈਆਂ ਵਾਲਾ ਪ੍ਰਧਾਨ ਸੀ। ਸ਼ਹਿਰ ਦੇ ਸਾਰੇ ਹਿੰਦੂ ਉਹਨੂੰ ਬੜਾ ਮੰਨਦੇ ਸਨ। ਉਹਨੇ ਸੀਤਲਾ ਮੰਦਰ ਦੇ ਬਾਹਰ ਖੜੋਕੇ ਭੜਕੀ ਹਿੰਦੂ ਭੀੜ ਅਗੇ ਪ੍ਰਣ ਕੀਤਾ ਕਿ ਇਹਨਾਂ ਕਤਲਾਂ ਦਾ ਮੈਂ ਬਦਲਾ ਲਵਾਂਗਾ!

ਤੇ ਉਹ ਇਸ ਪ੍ਰਣ ਤੇ ਪੂਰਾ ਵੀ ਉਤਰਿਆ! ਹਿੰਦੂਆਂ ਦੀ ਪਰੰਪਰਾ ਅਨੁਸਾਰ ਆਪ ਲੜਨ ਦੀ ਥਾਂ ਉਸਨੇ ਚਾਰ ਭਾੜੇ ਦੇ ਬਦਮਾਸ਼ ਮੰਗਾਏ, ਜਿਹੜੇ ਕਿ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਅਗੇ ਕਰਕੇ ਪੁਤਲੀ ਘਰ ਦੇ ਪਿਛਾੜੇ ਸੂਰ ਪਾਲਦੇ ਸਨ। ਉਹ ਕਹਿਣ ਨੂੰ ਹੀ ਸੂਰ ਪਾਲਦੇ ਸਨ, ਪਰ ਅਸਲੀਅਤ ਵਿਚ ਛੁਰੀਮਾਰ–ਲੁਟੇਰੇ ਸਨ। ਉਹਨਾਂ ਨੂੰ ਸ਼ਰਾਬ ਨਾਲ ਲੇਹੜ ਕੇ ਉਹਨਾਂ ਨਾਲ ਹੀ ਅਣਜਾਣ ਜਿਹੇ ਚਾਰ–ਪੰਜ ਹਿੰਦੂ ਮੁੰਡੇ ਦੇ ਦਿੱਤੇ, ਜਿਨ੍ਹਾਂ ਰੇਲਵੇ–ਸਟੇਸ਼ਨ ਅੰਬਰਸਰ ਜਾਕੇ ਹਰਮੰਦਰ ਸਾਹਿਬ ਦਾ ਕੱਚ ਦਾ ਬਣਿਆ ਮਾਡਲ ਤੋੜ ਦਿੱਤਾ। ਉਤੋਂ ਹਾਜ਼ਰ ਦਿੱਸਦੇ ਪੰਜ–ਸੱਤ ਸਿੱਖ ਮੁਸਾਫਰਾਂ ਦੇ ਲਫੇੜੇ ਕੱਢ ਮਾਰੇ। ਮਾਰ ਉਥੇ ਲਾ–ਲਾ ਕਰਾ ਕੇ ਭੜਕੀ ਭੀੜ ਬਾਹਰ ਸੜਕ ਤੇ ਆ ਗਈ ਤੇ ਜਾਮ ਲਾ ਦਿੱਤਾ। ਉਹਨਾਂ ਨੂੰ ਇਹ ਪਤਾ ਨਹੀਂ ਸੀ ਲਗਾ ਕਿ ਇੰਡੀਅਨ ਐਕਸਪ੍ਰੈਸ ਦਾ ਫੋਟੋਗ੍ਰਾਫਰ 'ਬੌਬੀ ਦੂਆ' ਸਵੇਰੇ ਦਾ ਹੀ ਨਿੱਕਾ ਕੈਮਰਾ ਲੈ ਕੇ ਉਹਨਾਂ ਮਗਰ ਫਿਰ ਰਿਹਾ ਹੈ, ਇਹੀ ਭੀੜ ਤੇ ਉਹਦੇ ਵਿਚੋਂ ਹੀ ਗਿਣੀ–ਮਿੱਥੀ ਸਾਜ਼ਿਸ਼ ਨਾਲ ਬਲਵੰਤ ਰਾਮ, ਉਹੀ ਬਾਲਮੀਕੀਏ ਤੇ ਦੋ–ਤਿੰਨ੍ਹ ਹੋਰ ਬਦਮਾਸ਼ ਚੁੱਪ ਕੀਤੇ ਉੱਚੇ ਪੁਲ ਤੇ ਆ ਚੜ੍ਹੇ। ਭੀੜ ਘਰਾਂ ਨੂੰ ਭੱਜ ਰਹੀ ਸੀ, ਪਰ ਬਲਵੰਤ ਰਾਮ ਤੇ ਉਹਦੇ ਸਾਥੀ ਕਿਸੇ ਸੌਖੇ ਸ਼ਿਕਾਰ ਦੀ ਭਾਲ ਵਿਚ ਸਨ। ਤੇ ਉਹ ਉਹਨਾਂ ਇਕ–ਦੋ ਮਿੰਟ ਵਿਚ ਹੀ ਤਾੜ ਲਿਆ ਸੀ! ਕੂਪਰ ਰੋਡ ਵਲੋਂ ਕਿਸੇ ਦਫ਼ਤਰ ਦਾ ਤੀਹ ਕੁ ਸਾਲ ਦਾ ਚਪੜਾਸੀ ਆਪਣੀ ਮਰੀ ਜਿਹੀ ਸਾਈਕਲ ਧੂੰਹਦਾ ਆ ਰਿਹਾ ਸੀ। ਉਹਦੀ ਪੁਰਾਣੀ ਲਾਲ ਜਿਹੀ ਪੱਗ ਫਿੱਕੀ ਪਈ ਹੋਈ ਸੀ।

ਅੱਜਕਲ੍ਹ ਸ਼ਹਿਰ ਦਿਨ ਚੜ੍ਹਦਿਆਂ ਹੀ ਵੀਰਾਨ ਹੋ ਜਾਂਦਾ ਸੀ। ਸਿਵਾਇ ਨਿਤੱਨੇਮੀਆਂ ਦੇ, ਹੋਰ ਕੋਈ ਯਾਤਰੂ, ਕੋਈ ਯਾਤਰੀ–ਬੱਸਾਂ, ਟਰੱਕ ਨਹੀਂ ਸਨ ਦਿੱਸਦੇ। ਗੋਰੇ ਤੇ ਮੇਮਾਂ ਨੂੰ ਵੇਖਿਆਂ ਤੇ ਜੁਗੜੇ ਬੀਤ ਚਲੇ ਸਨ। ਅੰਬਰਸਰ ਦੇ ਅੰਦਰੂਨੀ ਹਿੱਸਿਆਂ ਵਿਚ ਜਿਵੇਂ ਖਾਮੋਸ਼ੀ ਦੀ ਚਾਦਰ ਵਿਛੀ ਰਹਿੰਦੀ। ਸਾਇਕਲ, ਸਕੂਟਰ ਵੀ ਏਨੀ ਹੌਲੀ ਚਲਦੇ ਕਿ ਜਾਪਦਾ, ਜਿਵੇਂ ਮੁਰਦੇ ਉਹਨਾਂ ਨੂੰ ਚਲਾ ਰਹੇ ਨੇ। ਸੀ.ਆਰ.ਪੀ ਜਾਂ ਪੰਜਾਬ ਪੁਲਸ ਜਦੋਂ ਚਾਹੇ, ਜਿਥੇ ਚਾਹੇ ਤੇ ਜੀਹਨੂੰ ਚਾਹੇ, ਰੋਕ ਲੈਂਦੀ ਸੀ। ਜਿਥੇ ਕਿਤੇ ਵੇਖੋ, ਵੀ ਬੀ.ਐਸ.ਐਫ ਤਾਇਨਾਤ ਸੀ। ਹਰਮੰਦਰ ਸਾਹਿਬ ਦੇ ਤਕਰੀਬਨ ਚਾਰ–ਪੰਜ ਸੌ ਮੀਟਰ ਦਾ ਦਾਇਰਾ ਹੀ ਉਹਨਾਂ ਛੱਡ ਰੱਖਿਆ ਸੀ, ਨਹੀਂ ਤੇ ਸ਼ਹਿਰ ਦੇ ਹਰ ਅੰਦਰੂਨੀ ਹਿੱਸੇ ਤੋਂ ਲੈ ਕੇ ਹਰਮੰਦਰ ਦੇ ਚੌਹਾਂ ਪਾਸਿਆਂ ਵਲ ਉਹਨਾਂ ਦੀ ਤਾਇਨਾਤੀ ਸੀ। ਹਰਮੰਦਰ ਸਾਹਿਬ ਦੇ ਸਾਹਮਣੇ ਬਣੀਆਂ ਨਾਨਕਸ਼ਾਹੀ ਇੱਟਾਂ ਦੀਆਂ ਸਭੇ ਇਮਾਰਤਾਂ ਦੀਆਂ ਛੱਤਾਂ ਉੱਪਰ ਸੀ.ਆਰ. ਪੀ ਦਾ ਪਹਿਰਾ ਸੀ।

ਬਾਕੀ ਅਗਲੇ ਅੰਕ 'ਚ

ਵਾਹਘਿਓਂ ਪਾਰ ਪੰਜਾਬੀ ਕਹਾਣੀ

# ਪਨੀਰੀ



ਮੀਰ ਤਨਹਾਂ ਯੂਸਫ਼ੀ

ਵੇਲਾ ਹੱਥੋਂ ਨਿਕਲਦਾ ਜਾ ਰਿਹਾ ਸੀ। ਝੋਨਾ ਲਾਣ ਦੇ ਦਿਨ ਮੁੱਕਦੇ ਜਾ ਰਹੇ ਸਨ ਤੇ ਮੀਰ ਬਖ਼ਸ਼ ਦੇ ਰਕਬੇ ਦਾ ਪੂਰਾ ਇਕ ਕਿੱਲਾ ਅਜੇ ਵੀ ਉਜ ਹੀ ਸੱਖਣਾ ਪਿਆ ਹੋਇਆ ਸੀ। ਜ਼ਮੀਨ ਤਿਆਰ ਸੀ। ਖਾਦ ਘੁਲੇ ਗੋਡੇ-ਗੋਡੇ ਖਲੋਤੇ ਪਾਣੀ ਵਾਲਾ ਉਹ ਕਿੱਲਾ, ਪੈਲੀ ਘੱਟ ਤੇ ਛੱਪੜ ਬਹੁਤਾ ਲੱਗ ਰਿਹਾ ਸੀ। ਸਾਫ਼ ਨਜ਼ਰ ਆ ਰਿਹਾ ਸੀ ਪਈ ਆਉਂਦੇ ਦਿਨਾਂ ਦੀ ਸੌਣ ਭਾਦੋਂ ਦੀ ਵਾਫ਼ਤ ਨਾਲ ਇਸ ਥਾਂ ਨੇ ਛੱਪੜ ਦਾ ਛੱਪੜ ਈ ਰਹਿਣਾ ਏ ਤੇ ਓੜਕ ਕਣਕ ਦਾ ਬੀ ਸੁੱਟਣ ਤਾਈਂ, ਪਾਣੀ ਉਡਣ, ਸੁੱਕਣ ਪਿੱਛੋਂ ਭੋਏਂ ਨੇ ਉਕਾ ਪੱਥਰ ਹੋ ਜਾਣਾ ਏ। ਮੀਰ ਬਖ਼ਸ਼ ਨੂੰ ਕੱਖ ਸਮਝ ਨਹੀਂ ਸੀ ਆ ਰਹੀ ਪਈ ਕੀ ਕਰੇ? ਮੂੰਜੀ ਦਾ ਘਾਟਾ ਆਪਣੀ ਥਾਂ, ਕਣਕ ਲਈ ਜ਼ਮੀਨ ਦੀ ਤਿਆਰੀ ਲਈ ਜਿਹੜੀ ਦੂਹਰੀ ਮਿਹਨਤ ਤੇ ਮੁਸ਼ੱਕਤ ਕਰਨੀ ਪੈਣੀ ਸੀ, ਉਹ ਵੇਲੇ ਤੋਂ ਪਹਿਲਾਂ ਹੀ ਭੂਤ ਬਣ-ਬਣ ਉਨ੍ਹਾਂ ਨੂੰ ਡਰਾ ਰਹੀ ਸੀ।

ਆਪਣੇ ਪਿੰਡ ਵਾਲਿਆਂ ਨੇ ਹੁੱਸੜ ਤੇ ਚਮਾਸੇ ਦੀ ਪ੍ਰਵਾਹ ਕੀਤੇ ਬਿਨਾਂ ਪਨੀਰੀ ਦਾ ਇਕ-ਇਕ ਤੀਲਾ ਗੱਡ ਲਿਆ ਹੋਇਆ ਸੀ ਤੇ ਆਲੇ ਦੁਆਲੇ ਦੇ ਸਾਰੇ ਪਿੰਡਾਂ ਤੋਂ ਕਿਧਰੋਂ ਵੀ ਕੋਈ ਵਾਤ ਨਹੀਂ ਸੀ ਪਈ ਪੈਂਦੀ, ਇਹੋ ਜਿਹੇ ਵੇਲੇ ਮੌਲਵੀ ਅਬਦੁਲ ਖਾਲਕ ਹੀ ਕੰਮ ਆਉਂਦਾ ਹੁੰਦਾ ਸੀ, ਪਰ ਉਹ ਪਿਛਲੇ ਕਈ ਦਿਨਾਂ ਤੋਂ ਖੌਰੇ ਕਿੱਧਰ ਗਿਆ ਹੋਇਆ ਸੀ।

ਸੋਚਾਂ ਦੇ ਵੇਲਣੇ ਵਿਚ ਦਲਿਆ, ਮੀਰ ਬਖ਼ਸ਼ ਰੋਟੀ ਖਾਣ ਲਗਦਾ ਤਾਂ ਬੁਰਕੀ ਸੰਘੋਂ ਥੱਲੇ ਨਾ ਲਹਿੰਦੀ। ਉਹਦੇ ਕੋਲ ਮਿਲ ਮਿਲਾ ਕੇ ਸਾਢੇ ਤਿੰਨ ਕਿੱਲੇ ਤਾਂ ਸੀ ਜਿਹਦੇ ਵਿਚੋਂ ਉਹਨੇ ਸਾਰੇ ਸਾਲ ਦੀ ਰੋਟੀ, ਕੱਪੜੇ ਤੇ ਦਵਾਈਆਂ ਜੋਗਾ ਖੱਟਣਾ ਹੁੰਦਾ ਸੀ। ਇਸੇ ਗੁਰਬਤ ਹੱਥੋਂ ਉਹਨੇ ਨਾ ਮੁੰਡੇ, ਨਾ ਕੁੜੀਆਂ ਕਿਸੇ ਨਿਆਣੇ ਨੂੰ ਸਕੂਲ ਦਾ ਮੂੰਹ ਨਹੀਂ ਸੀ ਵਿਖਾਇਆ। ਆਪਣੇ ਰਕਬੇ ਦੀ ਅੱਧੀ ਪੈਲੀ ਵਿਚ ਉਹਨੇ ਸਬਜ਼ੀਆਂ ਲਾਈਆਂ ਹੋਈਆਂ ਸਨ ਜਿਹਨ੍ਹਾਂ ਨੂੰ ਟੋਕਰਾ-ਟੋਕਰਾ ਕਰ ਕੇ ਵੇਚ ਕੇ ਉਹ ਰੋਜ਼ ਦੇ ਰੋਜ਼ ਲੋੜੀਂਦੀਆਂ ਚੀਜ਼ਾਂ ਘਰ ਲਿਆਉਂਦਾ ਸੀ। ਢਾਈ ਕਿੱਲੇ ਉਹਨੇ ਕਣਕ ਤੇ ਚਾਵਲਾਂ ਲਈ ਛੱਡੇ ਹੋਏ ਸਨ। ਇਨ੍ਹਾਂ ਢਾਈ ਪੈਲੀਆਂ ਦੀ ਕਮਾਈ ਨਾਲ ਉਹ ਘਰ ਦੇ ਦੂਜੇ ਬਖੇੜੇ ਨਿਬੇੜਦਾ ਸੀ। ਮੌਲਵੀ ਅਬਦੁਲ ਖਾਲਕ, ਮੀਰ ਬਖ਼ਸ਼ ਦਾ ਬਚਪਨ ਦਾ ਯਾਰ ਤੇ ਇਕ ਵੱਖਰੀ ਜਿਹੀ, ਅਨੋਖੀ, ਅਸਚਰਜ ਰੂਹ ਸੀ। ਲੋਕ ਮਖੌਲ ਵਿਚ ਉਹਨੂੰ ਜਹਾਨੀਆਂ ਜਹਾਂ ਗਸ਼ਤ ਦਾ ਮਰੀਦ ਆਖਦੇ ਸਨ। ਮੌਲਵੀ ਦੇ ਪੈਰਾਂ ਵਿਚ ਜਿਵੇਂ ਬਿੱਲੀਆਂ ਬੱਧੀਆਂ ਹੋਈਆਂ ਸਨ। ਉਹ ਪਹਿਲਾਂ ਵੀ ਘੱਟ ਨਹੀਂ ਸੀ ਕਰਦਾ ਪਰ ਜਦੋਂ ਦੀ ਪਿੰਡ ਵਾਲੀ ਮਸਜਦ ਉਹਦੇ ਵੱਡੇ ਮੁੰਡੇ ਨੇ ਸਾਂਭ ਲਈ ਸੀ, ਮੌਲਵੀ ਅਬਦੁਲ ਖਾਲਕ ਪਿੰਡ ਵਿਚ ਟਿਕਦਾ ਹੀ ਨਹੀਂ ਸੀ। ਕੋਈ ਪੁੱਛਦਾ ਤਾਂ ਕਹਿੰਦਾ, ''ਫਿਰਨ ਟੁਰਨ ਨਾਲ ਅੱਲਾ ਸਥਾਨਾ ਤਾਲਾ ਦੀ ਮਖ਼ਲੂਕਾਤ ਬਾਰੇ ਜ਼ਿਆਦਾ ਤੋਂ ਜ਼ਿਆਦਾ ਇਲਮ ਹਾਸਲ ਹੁੰਦਾ ਏ। ਬੰਦਾ ਰੰਗ ਰੰਗ ਦੇ ਇਨਸਾਨਾਂ ਨੂੰ ਮਿਲਦਾ ਏ, ਵੰਨ ਸੁਵੰਨੇ ਨਜ਼ਾਰੇ ਵੇਖਦਾ ਏ। ਪਰਿੰਦੇ ਚਰਿੰਦੇ ਬਾਰੇ ਜਾਣਕਾਰੀ ਹੁੰਦੀ ਏ, ਠੰਢ ਤੱਤ ਦਾ ਪਤਾ ਲਗਦਾ ਏ, ਇਹ ਸਭ ਰੱਬ ਸੋਹਣੇ ਦੀਆਂ ਨਿਸ਼ਾਨੀਆਂ ਨੇ ਤੇ ਇਨ੍ਹਾਂ ਨਿਸ਼ਾਨੀਆਂ ਤੋਂ ਬੰਦੇ ਨੂੰ ਉਹਦੀ ਜ਼ਾਤ ਬਾਬਰਕਾਤ ਦੇ ਅਸਰਾਰ ਸਮਝਣ ਵਿਚ ਸਹੂਲਤ ਹੁੰਦੀ ਹੈ।''

ਸੁਣਨ ਵਾਲਾ, ''ਜੀ ਮੌਲਵ ਜੀ! ਠੀਕ ਏ।'' ਆਖ ਕੇ ਇਹ ਤਕਰੀਰ ਰਾਹ ਵਿਚ ਈ ਟੁੱਕ ਦੇਂਦਾ, ਸਲਾਮ ਕਰਦਾ ਤੇ ਜਿਵੇਂ ਜਾਨ ਛੁਡਾ ਕੇ ਨੱਸ ਖਲੋਂਦਾ।

ਉਸ ਦਿਨ ਪਹੇ ਦੇ ਬੰਨੇ ਬੈਠੇ ਹੁੱਕਾ ਗੜ੍ਹਕਾਂਦੇ ਮੀਰ ਬਖ਼ਸ਼ ਦੀ ਮੌਲਵੀ ਨਾਲ ਖੌਰੇ ਮੁਲਾਕਾਤ ਨਾ ਹੀ ਹੁੰਦੀ ਪਰ ਇਕ ਤਾਂ ਡੂੰਘੀ ਸ਼ਾਮ ਹੋ ਜਾਣ ਪਿਛੋਂ ਵੀ ਉਹਦਾ ਘਰ ਵਲ ਜਾਣ ਨੂੰ ਦਿਲ ਨਹੀਂ ਸੀ ਪਿਆ ਕਰਦਾ ਕਿ ਉਥੇ ਘਰ ਵਾਲੀ ਨੇ ਫੇਰ ਉਹਨੂੰ ਪੁੱਛਣਾ ਸੀ, ''ਕੋਈ ਬੰਦੋਬਸਤ ਹੋਇਆ ਜੇ?'' ਤੇ ਉਹਦੇ ਕੋਲ ਇਹਦਾ ਕੋਈ ਜਵਾਬ ਨਹੀਂ ਸੀ। ਦੂਜੇ ਬੜੇ ਦਿਨਾਂ ਵਿਚੋਂ ਹਵਾ ਵਿਚ ਜ਼ਰਾ ਕੁ ਠੰਢਾ ਬੁੱਲਾ ਚਲ ਰਿਹਾ ਸੀ, ਲਗਦਾ ਸੀ ਦੂਰ ਕਿਧਰੇ ਸਾਉਣ ਦੇ ਬੱਦਲਾਂ ਨੇ ਭੋਏਂ ਨੂੰ ਤਰੌਂਕਾ ਦਿੱਤਾ ਸੀ। ਮੀਰ ਬਖ਼ਸ਼ ਕਿੰਨੀ ਹੀ ਦੇਰ ਦਾ ਉਥੇ ਬੈਠਾ ਚੜ੍ਹਦੇ ਵੱਲ ਦੇ ਅਸਮਾਨ ਉਤੇ ਬੱਦਲ ਲੱਭਦਾ ਪਿਆ ਸੀ, ਜਿਹੜੇ ਨਜ਼ਰੀ ਤਾਂ ਨਹੀਂ ਸਨ ਪੈਂਦੇ ਪਰ ਪੂਰੇ ਵਿਚ ਆਪਣੀ ਹੋਂਦ ਦਾ ਪੂਰਾ ਪਤਾ ਦੇ ਰਹੇ ਸਨ।

ਮੌਲਵੀ ਅਬਦੁਲ ਖਾਲਕ ਨੂੰ ਫਿਰਨ ਤੁਰਨ ਦਾ ਝੱਲ ਸੀ। ਉਹ ਸੱਚੀ ਮੁੱਚੀ ਨਿਰਾ ਫਿਰਦਾ ਤੇ ਤੁਰਦਾ ਈ ਹੁੰਦਾ ਸੀ, ਟਾਂਗੇ, ਗੱਡੀਆਂ, ਸਾਈਕਲ, ਬੱਸਾਂ, ਟਰੱਕ, ਟਰਾਲੀਆਂ, ਕਾਰਾਂ, ਰਿਕਸ਼ੇ ਤੇ ਇੰਝ ਦੀਆਂ ਹੋਰ ਉਹ ਸ਼ੈਆਂ ਜਿਨ੍ਹਾਂ ਤੋਂ ਬਹੁਤ ਅੱਗੇ ਲੰਘ ਕੇ ਅਜੋਕੇ ਇਨਸਾਨ ਹੈਲੀਕਾਪਟਰਾਂ, ਹਵਾਈ ਜਹਾਜ਼ ਤੇ ਰਾਕਟਾਂ ਤਾਈਂ ਅੱਪੜ ਗਏ ਸਨ। ਉਹਦੇ ਲਈ ਉਕਾ ਬੇਕਾਰ ਤੇ ਫ਼ਜ਼ੂਲ ਚੀਜ਼ਾਂ ਸਨ। ਉਹ ਆਪਣੇ ਪੈਰਾਂ ਨਾਲ ਪੰਧ ਕੱਟਣ ਦਾ ਗਿੱਝਿਆ ਹੋਇਆ ਸੀ। ਉਹ ਕਹਿੰਦਾ ਸੀ, ''ਇਨਸਾਨ ਦੀ ਅੱਖ ਜੋ ਕੁਝ ਵੇਖਦੀ ਏ ਉਹਨੂੰ ਸਮਝਣ ਵਿਚ ਦਿਮਾਗ ਜ਼ਰਾ ਥੋੜ੍ਹੀ ਕੀ ਦੇਰ ਲਾਉਂਦਾ ਏ। ਪੈਦਲ ਬੰਦਾ ਆਪਣੇ ਇਰਦ-ਗਿਰਦ ਦੇ ਮਾਹੌਲ ਦਾ ਮੁਤਾਲਿਆ ਜਿੰਨੀ ਚੰਗੀ ਤਰ੍ਹਾਂ ਕਰ ਸਕਦਾ ਏ, ਉਹ ਸਵਾਰ ਦੇ ਨਸੀਬ ਵਿਚ ਨਹੀਂ, ਤੇਜ਼ ਰਫ਼ਤਾਰੀ ਨਾਲ ਅੱਖ ਅੱਗੇ ਨੂੰ ਨਿਕਲ ਜਾਂਦੀ ਏ ਤੇ ਦਿਮਾਗ ਵਿਚਾਰਾ ਪਿਛੇ ਭੰਬਲ ਭੂਸੇ ਖਾਂਦਾ ਰਹਿ ਜਾਂਦਾ ਏ। ਪੈਦਲ ਬੰਦਾ ਜੋ ਕੁਝ ਵੇਖਦਾ ਏ ਉਹ ਸੱਚੀ-ਮੁੱਚੀ ਵੇਖਦਾ ਏ, ਤੇ ਸਵਾਰੀ ਉਤੇ ਬੈਠੇ ਨੂੰ ਐਵੇਂ ਇਕ ਝਲਕ ਈ ਲੱਭਦੀ ਏ। ਜਿਵੇਂ ਕੋਈ ਸੁਫ਼ਨਾ ਆਇਆ ਤੇ ਲੰਘ ਗਿਆ। ਬਾਅਦ ਵਿਚ ਉਹ ਸੋਚਦਾ ਈ ਰਹਿੰਦਾ ਬਈ ਕੀ ਨਜ਼ਰੀਂ ਪਿਆ ਸੀ ਤੇ ਜੋ ਵੀ ਉਹ ਹੈ ਸੀ ਉਹਦਾ ਮਤਲਬ ਉਹਦੀ ਹਕੀਕਤ ਕੀ ਸੀ ?''

ਸੁਣਨ ਵਾਲਾ, ''ਜੀ ਮੌਲਵੀ ਜੀ! ਸੱਚ ਆਖ ਕੇ ਇਧਰ ਉਧਰ ਹੋਣ ਲੱਗਦਾ ਤੇ ਮੌਲਵੀ ਅਬਦੁਲ ਖਾਲਕ ਕਹਿੰਦਾ, ''ਖਲੋ ਜਾ ਭਲਿਆ। ਵੇਖ ਨਾ, ਪਿਛਲੇ ਜ਼ਮਾਨਿਆਂ ਦੇ ਲੋਕ... ਮੇਰਾ ਮਤਲਬ ਏ ਆਪਣੇ ਵਾਰਿਸ ਸ਼ਾਹ, ਬੁੱਲਾ ਸ਼ਾਹ, ਮੀਆਂ ਮੁਹੰਮਦ ਬਖ਼ਸ਼... ਅਖੇ 'ਕਿੱਕਰ 'ਤੇ ਅੰਗੂਰ ਚੜ੍ਹਾਇਆ, ਹਰ ਗੁੱਛਾ ਜ਼ਖ਼ਮਾਇਆ' ਤੂੰ ਆਪ ਈ ਸੋਚ। ਜੇ ਮੀਆਂ ਹੁਰਾਂ ਨੀਝ ਲਾ ਕੇ ਨਾ ਵੇਖਿਆ ਹੁੰਦਾ ਤਾਂ ਕਿੰਝ ਜਾਣ ਸਕਦੇ ਸਨ ਪਈ ਕਿੱਕਰ ਤੇ ਅੰਗੂਰ ਦੀ ਯਾਰੀ ਕੀ ਹੁੰਦੀ ਏ ਤੇ ਉਹ ਕਾਹਨੂੰ ਨਹੀਂ ਨਿਭ ਸਕਦੀ। ਵਾਰਿਸ ਸ਼ਾਹ ਨੇ ਪਿੰਡ-ਪਿੰਡ ਨਾ ਫਿਰਿਆ ਹੁੰਦਾ ਤਾਂ 'ਹੀਰ' ਵਿਚ ਵਰਤੀ ਪੰਜਾਬੀ ਦੀ ਸਤਰੰਗੀ ਪੀਂਘ ਕਿਥੋਂ ਹੁਲਾਰੇ ਲੈਂਦੀ ਹੋਈ ਦਿਸਣੀ ਸੀ। ਬਾਬਾ ਬੁੱਲਾ ਉਥੇ ਕਸੂਰ ਵਿਚ ਈ ਰਿਹਾ ਹੁੰਦਾ ਤਾਂ ਉਹ ਕਾਫ਼ੀਆਂ ਜਿਹੜੀਆਂ ਕਲੇਜਾ ਚੀਰ ਜਾਂਦੀਆਂ ਨੇ, ਕਿਥੋਂ ਲਿਖਦਾ...। ਭਾਈਆ ਫਿਰਿਆ ਤੁਰਿਆ ਕਰ...।''

ਜਦੋਂ ਮੀਰ ਬਖ਼ਸ਼ ਨੇ ਦੂਰੋਂ ਮੌਲਵੀ ਅਬਦੁਲ ਖਾਲਕ ਨੂੰ ਵੇਖਿਆ, ਜਿਹੜਾ ਮਜ਼ੇ ਨਾਲ ਤੁਰਦਾ-ਤੁਰਦਾ ਵੱਡੀ ਸੜਕ ਵਲੋਂ ਪਿੰਡ ਨੂੰ ਪਿਆ ਆਂਵਦਾ ਸੀ।

ਮੀਰ ਬਖ਼ਸ਼ ਨੇ ਸਲਾਮ ਵਿਚ ਪਹਿਲ ਕੀਤੀ, ਖਲੋ ਗਿਆ। ਜਵਾਬ ਦੇ ਕੇ ਮੌਲਵੀ ਅਬਦੁਲ ਖਾਲਕ ਨੇ ਜੱਫ਼ਾ ਪਾ ਕੇ ਹਾਲ ਪੁੱਛਿਆ।

ਮੀਰ ਬਖ਼ਸ਼ ਰਵਾਂ-ਰਵੀਂ ਵਿਚ ਕਹਿ ਗਿਆ, ''ਅੱਲਾ ਦਾ ਸ਼ੁਕਰ ਏ। ਤੂੰ ਸੁਣਾ।''

''ਖ਼ੈਰ... ਸੁੱਖ। ਅਲਹਮਦ ਲਿਲਾ। ਹੋਰ ਕੀ ਹਾਲ ਏ।'' ਮੌਲਵੀ ਅਬਦੁਲ ਖਾਲਕ ਬੰਨੇ ਦੇ ਹਰੇ-ਹਰੇ ਘਾਹ ਉਤੇ ਬਹਿ ਗਿਆ।

''ਸਭ ਠੀਕ ਏ...।'' ਮੀਰ ਬਖ਼ਸ਼ ਵੀ ਬਹਿ ਗਿਆ ਤੇ ਹੁੱਕੇ ਦੀ ਨਲੀ ਫੜ ਲਈ।

''ਯਾਰ ਮੀਰ ਬਖ਼ਸ਼ਾ!... ਤੈਨੂੰ ਉਂਝ ਸ਼ਰਮ ਤਾਂ ਨਹੀਂ ਆਉਂਦੀ। ਬਚਪਨ ਦਾ ਸਾਥੀ ਹੋ ਕੇ ਵੀ ਝੂਠ ਪਿਆ ਮਾਰਨਾ ਏਂ।'' ਮੌਲਵੀ ਅਬਦੁਲ ਖਾਲਕ ਵੱਖੀਓਂ ਬੋਲਿਆ।

''ਨਹੀਂ ਯਾਰ ਮੌਲਵੀ। ਆਖਿਆ ਏ ਨਾ ਸਭ ਖ਼ੈਰ ਏ।'' ਮੀਰ ਬਖ਼ਸ਼ ਨੇ ਮੌਲਵੀ ਅਬਦੁਲ ਖ਼ਾਲਕ ਨਾਲ ਅੱਖਾਂ ਮਿਲਾਏ ਬਿਨਾਂ ਜਵਾਬ ਦੇ ਕੇ ਚੰਗਾ ਭਰਵਾਂ ਸੂਟ ਲਾਇਆ।

''ਚੱਲ ਠੀਕ ਏ! ਤੂੰ ਕਹਿਨਾ ਏਂ ਸਭ ਠੀਕ ਏ ਤੇ ਮੈਂ ਵੀ ਮੰਨ ਲੈਂਦਾ ਵਾਂ। ਪਰ ਮੈਂ ਤੈਨੂੰ ਪੂਰੀਆਂ ਇਕ ਦਰਜਨ ਦਲੀਲਾਂ ਦੇ ਕੇ ਇਹ ਸਾਬਤ ਕਰ ਸਕਨਾ ਵਾਂ ਕਿ ਸਭ ਠੀਕ ਨਹੀਂ ਏ... ਹੁਣ ਇਹ ਬਕਵਾਸ ਇਕ ਪਾਸੇ ਕਰ ਤੇ ਅਸਲੀ ਗੱਲ ਦੱਸ... ਬਿਰਕ ਪਓ।'' ਮੌਲਵੀ ਬੜਾ ਪੋਲਾ-ਪੋਲਾ, ਪਿਆਰ ਤੇ ਝੂਠੇ ਮੂਠੇ ਗੁੱਸੇ ਨਾਲ ਬੋਲੀ ਗਿਆ।

ਮੀਰ ਬਖ਼ਸ਼ ਜ਼ਰਾ ਕੁ ਹੱਸਿਆ ਤੇ ਬੋਲਿਆ, ''ਮੌਲਵੀ ਉਂਝ ਤੂੰ ਹੈਂ ਬੜਾ ਖ਼ਚਰਾ। ਤੇ ਨਾਲ ਈ ਉਹਨੇ ਆਪਣੇ ਖਾਲੀ ਕਿੱਲੇ ਵੱਲ ਉਂਗਲ ਚੁੱਕ ਦਿੱਤੀ।

ਮੌਲਵੀ ਅਬਦੁਲ ਖਾਲਕ ਨੇ ਨਜ਼ਰ ਭਰ ਕੇ ਪੈਲੀ ਵੱਲ ਵੇਖਿਆ, ਸੱਜੇ ਖੱਬੇ ਧਿਆਨ ਮਾਰਿਆ ਤੇ ਬੋਲਿਆ, ''ਤੈਨੂੰ ਤਾਂ ਮੈਂ ਪਹਿਲੋਂ ਈ ਆਖਿਆ ਸੀ, ਪਈ ਬੁੜ ਜਾਣੀ ਏਂ ਪਰ ਤੂੰ ਕਦੇ ਕਿਸੇ ਦੀ ਸੁਣੀ ਏ, ਉਹੋ ਈ ਹੋਇਆ ਏ ਨਾ।''

ਆਹੋ ਯਾਰ। ਪਰ ਹੁਣ... ? ਮੀਰ ਬਖ਼ਸ਼ ਜ਼ਰਾ ਕੁ ਪਚੀ ਜਿਹਾ ਹੋ ਗਿਆ।

''ਚਲ ਖ਼ੈਰ ਏ...। ਲਿਆ ਹੁੱਕਾ ਏਧਰ ਕਰ... '' ਮੌਲਵੀ ਅਬਦੁਲ ਖਾਲਕ ਸੂਟਾ ਲਾਂਦਾ-ਲਾਂਦਾ ਰਹਿ ਗਿਆ, ਨੜੀ ਛੱਡੀ ਤੇ ਬੋਲਿਆ, ''ਨਹੀਂ ਯਾਰ। ਨਮਾਜ਼ ਪੜ੍ਹਨੀ ਏਂ, ਮੂੰਹ ਵਿਚੋਂ ਐਵੇਂ ਈ ਬੋ ਪਈ ਆਵੇਗੀ... ਮਗਰਬ ਹੋਣ ਵਾਲੀ ਏ ਮੈਂ ਚਲਨਾ ਵਾਂ... ਅੱਜ ਦੀ ਮਗਰਬ ਖੁੰਝ ਗਈ ਤਾਂ ਕੱਲ ਨਹੀਂ ਲੱਭਣ ਲੱਗੀ। ਤੂੰ ਇੰਝ ਕਰ ਈਸ਼ਾ ਤੋਂ ਬਾਅਦ ਹੁੱਕੇ ਸਣੇ... ਇਹ ਜ਼ਰਾ ਤਾਜ਼ਾ ਕਰ ਕੇ... ਆ ਜਾਵੀਂ। ਉਦੋਂ ਹੁੱਕਾ ਗੁੜਕਾਵਾਂਗੇ, ਗੱਲਾਂ ਕਰਾਂਗੇ ਨਾਲੇ ਤੇਰੇ ਮਸਲੇ ਦਾ ਹੱਲ... ਹੱਲ ਤੇ ਹੈ ਵੇ ਮੇਰੇ ਕੋਲ... ਚੰਗਾ ਹੁਣ ਮੈਂ ਚਲਨਾ ਵਾਂ।'' ਉਹ ਖਲੋ ਗਿਆ। ਟੁਰਨ ਲੱਗਾ ਤੇ ਮੁੜ ਕੇ ਬੋਲਿਆ, ''ਸਗੋਂ ਚੱਲ ਉਠ... ਕਦੀ ਤੂੰ ਵੀ ਮੱਥਾ ਟੇਕ ਲਿਆ ਕਰ ਜਾਂ ਮੁਆਫ਼ ਕਰਾ ਕੇ ਆਇਆ ਹੋਇਆ ਏਂ।''

ਮੀਰ ਬਖ਼ਸ਼ ਉਠ ਖਲੋਤਾ। ਉਹ ਦੋਵੇਂ ਏਧਰ-ਉਧਰ ਦੀਆਂ ਗੱਲਾਂ ਕਰਦੇ ਮਸਜਦ ਜਾ ਵੜੇ। ਨਮਾਜ਼ ਪੜ੍ਹ ਕੇ ਮੀਰ ਬਖ਼ਸ਼ ਘਰ ਆ ਗਿਆ, ਰੋਟੀ ਖਾਧੀ ਤੇ ਸੋਚਦਾ ਰਿਹਾ ਪਈ ਮੌਲਵੀ ਨੇ ਗੱਲ ਤਾਂ ਕੋਈ ਦੱਸੀ ਨਹੀਂ, ਨਿਰੀ ਤਸੱਲੀ ਈ ਦੇਂਦਾ ਰਿਹਾ ਏ। ਈਸ਼ਾ ਤੋਂ ਮਗਰੋਂ ਮੌਲਵੀ ਨੇ ਗੱਲਾਂ ਦੀ ਨਵੀਂ ਪਟਾਰੀ ਖੋਲ੍ਹੀ। ਵਿਚ ਜਿਹੇ ਸਾਹ ਲੈਣ ਉਹ ਰੁਕਿਆ ਤਾਂ ਮੀਰ ਬਖ਼ਸ਼ ਨੇ ਆਪਣੀ ਗੱਲ ਅੱਗੇ ਰੇੜ੍ਹ ਦਿੱਤੀ। ਮੌਲਵੀ ਬੋਲਿਆ, ''ਏਥੋਂ ਕੋਈ ਪੰਦਰਾਂ ਜਾਂ ਸੋਲ੍ਹਾਂ ਮੀਲ ਦਾ ਪੈਂਡਾ ਏ, ਉਥੇ ਆਸ਼ਕ ਗੁੱਜਰ ਕੋਲ ਮੈਂ ਪਨੀਰੀ ਵੇਖੀ ਏ। ਮੈਨੂੰ ਯਕੀਨ ਏ ਪਈ ਉਹ ਦੇਵੇਗਾ।

''ਇਹ ਤੂੰ ਕਿੰਝ ਕਹਿ ਸਕਦਾ ਏਂ।'' ਮੀਰ ਬਖ਼ਸ਼ ਐਵੇਂ ਈ ਬੋਲ ਪਿਆ।

''ਯਾਰ ਦੇ ਦੇਵੇਗਾ। ਮੈਂ ਆਖਿਆ ਏ ਨਾ। ਜੇ ਉਹਨੇ ਕੋਈ ਹੁਚਰ ਮੁਚਰ ਕੀਤੀ ਤਾਂ ਮੇਰਾ ਨਾਂ ਨਾ ਲਵੀਂ, ਉਹ ਮੈਨੂੰ ਥੋੜਾ ਬਹੁਤਾ ਜਾਣਦਾ ਏ। ਉਹਦਾ ਇਕ ਮਸਲਾ ਸੀ... ਖ਼ੈਰ ਬੰਦਾ ਈ ਬੰਦੇ ਦੇ ਕੰਮ ਆਉਂਦਾ ਏ।'' ਮੌਲਵੀ ਆਖਿਆ।

''ਤੇ ਫੇਰ ਮੈਂ ਸਵੇਰੇ ਈ ਨਿਕਲ ਜਾਵਾਂ?'' ਮੀਰ ਬਖ਼ਸ਼ ਨੇ ਪੁੱਛਿਆ।

''ਲੈ ਤੇ ਹੋਰ ਕੀ।'' ਮੌਲਵੀ ਹੁੱਕੇ ਦਾ ਘੁੱਟ ਭਰ ਕੇ ਬੋਲਿਆ, ''ਦੁਪਹਿਰਾਂ ਤਾਈਂ ਮੁੜ ਆਵੇਂਗਾ। ਅੱਲਾ ਕੀਤਾ ਤੇ ਪਰਸੋਂ ਤੇਰੀ ਪੈਲੀ... ਇਹ ਭਰੀ ਭਰੀ, ਹਰੀ-ਹਰੀ ਹੋ ਜਾਵੇਗੀ।'' ਮੌਲਵੀ ਇਕ ਹੋਰ ਸੂਟਾ ਲਾਇਆ।

ਥੋੜ੍ਹੀ ਦੇਰ ਹੋਰ ਬਹਿ ਕੇ ਮੀਰ ਬਖ਼ਸ਼ ਉਠ ਆਇਆ। ਹੁਣ ਉਹਨੂੰ ਸੌਣ ਦੀ ਕਾਹਲ ਸੀ ਪਈ ਸਵੇਰੇ, ਬਹੁਤ ਈ ਸਵੇਰੇ-ਸਵੇਰੇ ਉਠਣਾ ਏ। ਪਰ ਮੰਜੀ ਉਤੇ ਪੈ ਕੇ ਵੀ ਉਹਨੂੰ ਨੀਂਦਰ ਨਾ ਆਈ। ਫ਼ਜਰ ਦੀ ਅਜ਼ਾਨ ਹੋਈ ਤਾਂ ਉਹ ਪੈਸੇ ਬੋਝੇ ਵਿਚ ਪਾ ਕੇ ਰਮਜ਼ਾਨ ਕੋਚਵਾਨ ਦੇ ਬੂਹੇ ਜਾ ਵੱਜਾ।

ਰਮਜ਼ਾਨ ਦੇ ਮਿੱਸੀ ਲੂਣੀ ਖਾਂਦਿਆਂ, ਟਾਂਗਾ ਤਿਆਰ ਕਰਦਿਆਂ, ਸੂਰਜ ਉੱਗਣ ਤੋਂ ਪਹਿਲਾਂ ਦਾ ਚਾਨਣ ਨਿਖਰ ਗਿਆ ਹੋਇਆ ਸੀ।

ਆਸ਼ਕ ਗੁੱਜਰ ਦਾ ਡੇਰਾ ਉਹਦੇ ਪਿੰਡ ਤੋਂ ਫ਼ਰਲਾਂਗ ਡੇਢ ਈ ਦੂਰ ਸੀ। ਚਾਰ-ਚੁਫ਼ੇਰੇ ਕਾਲੀਨ ਵਾਂਗੂ ਵਿਛੀ ਮੂੰਜੀ ਦੀ ਹਰਿਆਲੀ ਵਿਚ ਇਕ ਪੈਲੀ ਕੁਝ ਬਹੁਤ ਹੀ ਸੰਘਣੀ-ਸੰਘਣੀ, ਹਰੀ ਕਚੂਰ ਪਈ ਦਰੋਂ ਦਿਸਦੀ ਸੀ। ਮੀਰ ਬਖ਼ਸ਼ ਨੂੰ ਸੁੱਖ ਦਾ ਸਾਹ ਆਇਆ। ਆਸ਼ਕ ਗੁੱਜਰ ਉਸ ਵੇਲੇ ਡੇਰੇ 'ਤੇ ਨਹੀਂ ਸੀ। ਮੀਰ ਬਖ਼ਸ਼ ਨੇ ਰਮਜ਼ਾਨ ਨੂੰ ਟੋਰ ਦਿੱਤਾ ਪਈ ਐਵੇਂ ਈ ਉਡੀਕਣ ਦਾ ਕਿਰਾਇਆ ਵੀ ਭਰਨਾ ਪਵੇਗਾ। ਨਾਲੇ ਕੀ ਪਤਾ ਕੰਮ ਬਣਦਾ ਏ, ਨਹੀਂ ਬਣਦਾ...। ਆਸ਼ਕ ਦੀ ਮਰਜ਼ੀ ਦੇਵੇ ਨਾ ਦੇਵੇ। ਆਸ਼ਕ ਗੁੱਜਰ ਕਿਧਰੇ ਸਾਢੇ ਯਾਰ੍ਹਾਂ, ਬਾਰ੍ਹਾਂ ਵਜੇ ਨਾਲ ਆਇਆ।

ਮੀਰ ਬਖ਼ਸ਼ ਤਾਂ ਹੈਰਾਨ ਈ ਰਹਿ ਗਿਆ, ਆਉਂਦੇ ਸਾਰ ਧੰਨ ਭਾਗ ਮੇਰੇ, ਕਹਿ ਕੇ ਮਿਲਿਆ, ਮੀਰ ਬਖ਼ਸ਼ ਨੂੰ ਜੱਫ਼ਾ ਪਾਇਆ, ਮੁੰਡੇ ਘਰ ਵੱਲ ਨਸਾਏ। ਠੰਢਾ ਦੁੱਧ ਸੋਡਾ ਬਣਵਾ ਕੇ ਲਿਆਵਣ ਦਾ ਆਖ ਕੇ ਨਾਲ ਈ ਰੋਟੀ ਦਾ ਸੁਨੇਹਾ ਵੀ ਦੇ ਦਿੱਤਾ। ਆਪ ਮੀਰ ਬਖ਼ਸ਼ ਲਈ ਸੂਤਰੀ ਮੰਜੀ ਡਾਹੀ।

ਮੀਰ ਬਖ਼ਸ਼ ਭਵੰਤਰਿਆ ਹੋਇਆ ਜਿਵੇਂ ਤਮਾਸ਼ਾ ਈ ਵੇਖਦਾ ਰਿਹਾ। ਜਿਵੇਂ ਇਹ ਸਭ ਕੁਝ ਆਪ ਉਹਦੇ ਨਾਲ ਨਹੀਂ ਕਿਸੇ ਹੋਰ ਨਾਲ ਪਿਆ ਹੁੰਦਾ ਏ। ਆਸ਼ਕ ਗੁੱਜਰ ਜੋ ਕੁਝ ਉਹਦੇ ਨਾਲ ਕਰ ਰਿਹਾ ਸੀ, ਇੰਝ ਹੁੰਦਾ ਹੋਇਆ, ਵੇਖਣਾ ਤਾਂ ਦੂਰ ਦੀ ਗੱਲ ਏ, ਸੋਚਣਾ ਵੀ ਜ਼ਰਾ ਔਖਾ ਈ ਸੀ। ਮੀਰ ਬਖ਼ਸ਼ ਸਵਾਲੀ ਸੀ, ਸਵਾਲੀ ਨਾ ਸਹੀ, ਗਾਹਕ ਤੇ ਹੈ ਈ ਸੀ। ਪਰ ਗਾਹਕਾਂ ਨੂੰ ਇੰਝ ਠੰਢੇ ਨਹੀਂ ਪਿਆਈਦੇ, ਉਨ੍ਹਾਂ ਦੀ ਇੰਜ ਟਹਿਲ ਸੇਵਾ ਨਹੀਂ ਕਰੀਦੀ। ਮੀਰ ਬਖ਼ਸ਼ ਐਵੇਂ ਸ਼ਰਮੋ-ਸ਼ਰਮੀ ਐਵੇਂ ਝੱਕਦਾ-ਝੱਕਦਾ, ਪੁੱਛਦਾ-ਪੁੱਛਦਾ ਰਹਿ ਗਿਆ ਵਈ, ''ਗੁੱਜਰਾ। ਕੀ ਤੂੰ ਆਪਣੇ ਡੇਰੇ ਆਏ ਹਰ ਬੰਦੇ ਨੂੰ ਇੰਝ ਈ ਸਿਰ ਮੱਥੇ ਉਤੇ ਬਹਾਉਂਦਾ ਏਂ।''

ਮੀਰ ਬਖ਼ਸ਼ ਕੁਝ ਆਖਣ ਲੱਗਾ ਤਾਂ ਆਸ਼ਕ ਆਖਿਆ, ''ਭਾਈਆ। ਗੱਲਾਂ ਵੀ ਕਰਨੇ ਆਂ ਪਹਿਲਾਂ ਜ਼ਰਾ ਖਾ ਪੀ ਲਈਏ, ਕੀ ਖ਼ਿਆਲ ਏ, ਤੂੰ ਜ਼ਰਾ ਖੁੱਲ੍ਹੋ ਕੋ ਬਹੋ ਯਾਰ... ਆਹੋ... ਮੈਂ ਜ਼ਰਾ ਨਾਲ ਦੇ ਪਿੰਡ ਗਿਆ ਹੋਇਆ ਸਾਂ... ਉਥੇ ਬੰਦੇ ਭਿੜ ਪਏ ਸਨ...।'' ਸਾਹ ਲੈ ਕੇ ਜਿਵੇਂ ਸੋਚਦਾ ਹੋਇਆ ਬੋਲਿਆ, ''ਮੈਨੂੰ ਕੀ ਪਤਾ ਸੀ ਪਈ ਏਥੇ ਕੋਈ ਮੈਨੂੰ ਉਡੀਕਦਾ ਏ, ਮੈਂ ਐਵੇਂ ਈ ਉਥੇ... ਬਸ ਖਾਹ-ਮਖਾਹ ਈ ਬੈਠਾ ਰਿਹਾ।''

ਰੋਟੀ ਖਵਾ ਕੇ ਵਿਹਲਾ ਹੋਇਆ ਤਾਂ ਆਸ਼ਕ ਗੁੱਜਰ ਨੇ ਬੰਦੇ ਲਵਾ ਕੇ ਚੰਗੀ ਸੁਥਰੀ, ਤਗੜੀ ਜਿਹੀ ਪਨੀਰੀ ਟਰਾਲੀ ਵਿਚ ਲਦਵਾਈ। ਉਹ ਸਾਰਾ ਕੰਮ ਇੰਝ ਪਿਆ ਕਰਦਾ ਸੀ, ਜਿਵੇਂ ਉਹਦਾ ਆਪਣਾ ਜਾਤੀ ਕੰਮ ਹੋਵੇ। ਪਨੀਰੀ ਵੇਖ ਕੇ ਮੀਰ ਬਖ਼ਸ਼ ਦਿਲੋਂ ਰਾਜ਼ੀ ਹੋਇਆ ਪਈ ਸੌਦਾ ਚੰਗਾ ਲੱਭ ਪਿਆ ਏ।

ਟਰਾਲੀ ਲੱਦੀ ਗਈ ਤਾਂ ਆਸ਼ਕ ਗੁੱਜਰ ਨੇ ਆਪਣੇ ਮੁੰਡੇ ਨੂੰ ਬੁਲਾਇਆ ਤੇ ਜਿਵੇਂ ਧਮਕੀ ਦਈਦੀ ਏ, ਉਂਝ ਬੋਲਿਆ, ''ਤੋੜ ਪੈਲੀ ਤਾਈਂ ਛੱਡ ਕੇ, ਲਾਹ ਕੇ, ਚਾਚੇ ਆਪਣੇ ਮੀਰ ਬਖ਼ਸ਼ ਦੀ ਤਸੱਲੀ ਕਰਾ ਕੇ ਮੁੜਨਾ ਏ... ਨਹੀਂ ਤਾਂ ਮਾਰ-ਮਾਰ ਕੇ ਤੇਰਾ ਸਿਰ ਗੰਜਾ ਤੇ ਤਾਲੂ ਪੋਲਾ ਕਰ ਦੇਵਾਂਗਾ ਈ।''

ਹੁਣ ਮੀਰ ਬਖ਼ਸ਼ ਤੋਂ ਜਰਨਾ ਔਖਾ ਹੋ ਗਿਆ, ਬੋਲਿਆ, ''ਯਾਰ ਜੀ। ਇਕ ਗੱਲ ਕਰਾਂ...।''

''ਰਹਿਣ ਦੇ ਮੀਰ ਬਖ਼ਸ਼ਾ, ਦਿਲ ਦੀਆਂ ਦਿਲ ਵਿਚ ਈ ਰਹਿਣ ਦੇ।'' ਆਸ਼ਕ ਗੁੱਜਰ ਹੱਥ ਚੁੱਕ ਕੇ ਬੋਲਿਆ।

''ਨਹੀਂ ਯਾਰ। ਨਹੀਂ। ਮੈਂ ਐਨਾ ਭਾਰ ਨਹੀਂ ਚੁੱਕ ਸਕਦਾ। ਮੇਰੇ ਕੋਲ ਤੇ ਟਰੈਕਟਰ ਦੇ ਤੇਲ ਦੇ ਪੈਸੇ ਵੀ ਖੌਰੇ ਹੈ ਕਿ ਨਹੀਂ, ਮੈਂ ...'' ਮੀਰ ਬਖ਼ਸ਼ ਦੀ ਆਵਾਜ਼ ਕੰਬ ਗਈ, ਉਹ ਅੱਗੋਂ ਕੁਝ ਕਹਿਣ ਨੂੰ ਅੱਖਰ ਲੱਭਣ ਲੱਗ ਪਿਆ।

''ਤੇਰੇ ਕੋਲੋਂ ਪੈਸੇ ਮੰਗੇ ਕਿਹਨੇ ਨੇ?'' ਆਸ਼ਕ ਗੁੱਜਰ ਨੇ ਅਗਲੀ ਸੱਟ ਮਾਰੀ।

''ਨਾ ਯਾਰ ਨਾ'' ਤੂੰ ਪਨੀਰੀ ਲਾਹ ਲੈ। ਰੱਖ ਆਪਣੇ ਕੋਲ। ਮੈਨੂੰ ਨਹੀਂ ਚਾਹੀਦੀ।'' ਮੀਰ ਬਖ਼ਸ਼ ਅਲਾਉੜੀਆਂ ਮਾਰਨ ਲੱਗ ਪਿਆ, ਮੈਂ ਬੜਾ ਗ਼ਰੀਬ ਆਦਮੀ ਆਂ...।''

''ਹੌਸਲਾ ਕਰ ਮੀਰ ਬਖ਼ਸ਼ਾ। ਦੁਨੀਆਂ ਦੀ ਅਮੀਰੀ ਗ਼ਰੀਬੀ ਏਥੇ ਹੀ ਰਹਿ ਜਾਣੀ ਏ। ਇਹ ਚਾਂਦੀ, ਸੋਨਾ, ਰੁਪਇਆ, ਪੈਸਾ। ਕੀ ਔਕਾਤ ਏ ਇਹਦੀ। ਬੰਦੇ ਨੂੰ ਦਿਲ ਦਾ ਬਾਦਸ਼ਾਹ, ਅੱਖ ਦਾ ਸਖੀ ਹੋਣਾ ਚਾਹੀਦਾ ਏ ਤੇ ਉਹ... ਮੈਂ ਤੇਰੇ ਵਰਗਾ ਹੋਰ ਕੋਈ ਨਹੀਂ ਡਿੱਠਾ।'' ਆਸ਼ਕ ਗੁੱਜਰ ਕੁਝ-ਕੁਝ ਖੁੱਲਣ ਲੱਗ ਪਿਆ ਸੀ।

''ਕੁਝ ਮੇਰੇ ਪੱਲੇ ਵੀ ਪਾ...। ਮੇਰਾ ਦਿਮਾਗ ਬੜਾ ਕਮਜ਼ੋਰ ਏ। ਮੈਂ ਬੁਝਾਰਤਾਂ ਨਹੀਂ ਬੁਝ ਸਕਦਾ।'' ਮੀਰ ਬਖ਼ਸ਼ ਨੂੰ ਆਸ਼ਕ ਗੁੱਜਰ ਦੀ ਗੱਲ ਵਿਚ ਕੁਝ ਠੰਢਾ-ਠੰਢਾ, ਕੁੱਝ ਮਿੱਠਾ ਮਿੱਠਾ ਦਿਸ ਰਿਹਾ ਸੀ।

''ਹਲਾ ਤੇ ਫੇਰ ਸੁਣ। ਤੂੰ ਸਮਝਨਾ ਏਂ, ਪਈ ਤੂੰ ਮੈਨੂੰ ਪਹਿਲੀ ਵਾਰ ਵੇਖਿਆ ਏ, ਹੈ ਨਾ? ਆਸ਼ਕ ਗੁੱਜਰ ਨੇ ਸਵਾਲ ਕੀਤਾ।

''ਆਹੋ! ਇੰਝ ਈ ਏ।'' ਮੀਰ ਬਖ਼ਸ਼ ਦੀ ਆਵਾਜ਼ ਦਾ ਕਾਂਬਾ ਅਜੇ ਪੂਰਾ ਨਹੀਂ ਸੀ ਮੁੱਕਿਆ।

''ਨਹੀਂ... ਤੂੰ ਮੈਨੂੰ ਦੂਜੀ ਵਾਰ ਵੇਖਿਆ ਏ। ਪਰ ਮੈਂ ਆਖਿਆ ਏ ਨਾ ਬੰਦੇ ਨੂੰ ਅੱਖ ਦਾ ਸਖੀ ਹੋਣਾ ਚਾਹੀਦਾ ਏ। ਤੂੰ ਵੀ ਅੱਖ ਦਾ ਸਖੀ ਏਂ, ਤੈਨੂੰ ਮੇਰੀ ਸ਼ਕਲ ਭੁੱਲ ਗਈ ਏ ਪਰ ਮੈਨੂੰ ... ਖ਼ੈਰ ... ਮੈਂ ਮੌਲਵੀ ਅਬਦੁਲ ਖ਼ਾਲਕ ਨੂੰ ਆਖਿਆ ਹੋਇਆ ਸੀ, ਪਈ ਜਦੋਂ ਵੀ ਤੈਨੂੰ ਮੇਰੀ ਲੋੜ ਪਵੇ, ਤੈਨੂੰ ਮੇਰੇ ਵੱਲ ਟੋਰ ਦੇਵੇ ਜੇ ਮੈਨੂੰ 'ਵਾਜ਼ ਮਾਰੇ ਮੈਂ ਆਪ ਆ ਜਾਵਾਂਗਾ। ਤੂੰ ਆ ਗਿਆ, ਧੰਨ ਭਾਗ ਮੇਰੇ।'' ਆਸ਼ਕ ਗੁੱਜਰ ਦੀਆਂ ਅੱਖਾਂ ਇੰਝ ਚਮਕ ਰਹੀਆਂ ਸਨ ਜਿਵੇਂ ਮਨਪਸੰਦ ਖਿਡਾਉਣੇ ਨੂੰ ਵੇਖਦੇ ਹੋਏ ਇੰਵਾਣੇ ਦੀਆਂ ਹੁੰਦੀਆਂ ਨੇ।

''ਮੈਨੂੰ ਤਾਂ ਕੱਖ ਯਾਦ ਨਹੀਂ ਓ ਭਾਈਆ।'' ਬੇ-ਵਸਾ ਮੀਰ ਬਖ਼ਸ਼ ਯਾਦਾਂ ਦੇ ਵਾ-ਵਰੋਲਿਆਂ ਵਿਚ ਆਸ਼ਕ ਗੁੱਜਰ ਦਾ ਚਿਹਰਾ ਲੱਭਣ ਲੱਗ ਪਿਆ।

''ਤੈਨੂੰ ਯਾਦ ਵੀ ਕਿੰਝ ਰਹਿ ਸਕਦਾ ਏ। ਅਸੀਂ ਮਿਲੇ ਵੀ ਹਨ੍ਹੇਰੀ ਰਾਤ ਵਿਚ ਸਾਂ। ਸਿਆਲ ਸੀ, ਮੈਂ ਸਾਂ ਤੇ ਮੇਰੇ ਨਾਲ ਦੋ ਮੱਝਾਂ ਸਨ, ਮੇਰੇ ਪਿੰਡ ਤਾਈਂ ਅਪੜਨ ਤੋਂ ਪਹਿਲਾਂ, ਰਾਹ ਵਿਚ ਮੈਨੂੰ ਬੰਦੇ ਪੈ ਗਏ। ਮੈਂ ਲੜ ਭਿੜ ਕੇ ਉਨ੍ਹਾਂ ਨੂੰ ਤਾਂ ਨਸਾ ਦਿੱਤਾ ਪਰ ਆਪ ਜ਼ਖ਼ਮੀ ਹੋ ਗਿਆ। ਅੱਗੋਂ ਤੇਰੇ ਪਿੰਡ ਦੀ ਜੂਹ ਵਿਚ ਪਹਿਲਾ ਡੇਰਾ ਤੇਰਾ ਈ ਸੀ। ਆਪਣੇ ਪਿੰਡ ਜਾਂਦਾ-ਜਾਂਦਾ ਮੈਂ ਤੇਰੇ ਕੋਲ ਅੱਪੜ ਗਿਆ।'' ਆਸ਼ਕ ਗੁੱਜਰ ਇੰਝ ਬੋਲ ਰਿਹਾ ਸੀ ਜਿਵੇਂ ਪੜ੍ਹਾਕੂ ਬੱਚੇ ਰੱਟਾ ਮਾਰ ਮਾਰ ਕੇ ਯਾਦ ਕੀਤਾ ਹੋਇਆ ਸਬਕ ਸੁਣਾਉਂਦੇ ਨੇ।

ਆਸ਼ਕ ਗੁੱਜਰ ਦਾ ਮੁੰਡਾ ਤੇ ਦੂਜੇ ਡੇਰੇਦਾਰ ਮੀਰ ਬਖ਼ਸ਼ ਦੇ ਮੂੰਹ ਵੱਲ ਵੇਖ ਰਹੇ ਸਨ।

'ਪਰ... ਜੇ ਰੱਬ ਨਾ ਭੁਲਾਏ ਤਾਂ ਇਹ... ਇਹ ਤਾਂ ਕੋਈ ਬਹੁਤ ਪੁਰਾਣੀ, ਪੰਝੀ ਤੀਹ ਵਰ੍ਹੇ ਪਹਿਲਾਂ ਦੀ ਗੱਲ ਏ। ਮੈਨੂੰ ਤਾਂ ਭੁੱਲ ਭੁਲਾ ਗਈ ਏ...'' ਮੀਰ ਬਖ਼ਸ਼ ਦਾ ਮੂੰਹ ਅੱਡਿਆ ਗਿਆ।

''ਭਾਵੇਂ ਪੰਝੀ ਤੀਹ ਵਰ੍ਹੇ ਦੀ ਏ ਤੇ ਹੈ ਵੀ ਬਹੁਤ ਪੁਰਾਣੀ ਪਰ ਏਸੇ ਜ਼ਿੰਦਗੀ, ਏਸੇ ਜੀਵਨ ਦੀ ਗੱਲ ਏ ਨਾ। ਤੂੰ ਮੌਲਵੀ ਅਬਦੁਲ ਖ਼ਾਲਕ ਨੂੰ ਨਾਲ ਲੈ ਕੇ ਆਇਆ, ਉਹਨੇ ਮੇਰੀ ਪੱਟੀ ਕੀਤੀ, ਤੂੰ ਉਸ ਨੂੰ ਅੱਧੀ ਰਾਤ ਨੂੰ ਘਰ ਦੀ ਕੁੱਕੜੀ ਕੁਹਾ ਕੇ, ਗਰਮ ਰੋਟੀਆਂ ਲਵਾ ਕੇ ਲਿਆਇਆ। ਮੇਰੀਆਂ ਭੁੱਖੀਆਂ ਤੇ ਤ੍ਰਿਹਾਈਆਂ ਮੱਝਾਂ ਨੂੰ ਪਾਣੀ ਵਿਖਾ ਕੇ ਪੱਠੇ ਪਾਏ। ਆਪਣੇ ਡੰਗਰ ਪਿੰਡ ਲੈ ਗਿਆ ਤੇ ਮੇਰੀਆਂ ਮੱਝਾਂ ਨੂੰ ਕਮਰੇ ਦੇ ਅੰਦਰ ਬੰਨ੍ਹਿਆਂ। ਆਪ ਖੌਰੇ ਉਸ ਰਾਤ ਤੂੰ ਸੁੱਤਾ ਵੀ ਸੈਂ ਕਿ ਨਹੀਂ। ਪਰ ਮੈਨੂੰ ਆਪਣੀ ਰਜ਼ਾਈ ਬਿਸਤਰਾ ਦੇ ਦਿੱਤਾ ਸੀ।'' ਅਚਾਨਕ ਗੁੱਜਰ ਬੋਲਦਾ-ਬੋਲਦਾ ਅੱਖਾਂ ਮਲ਼ਣ ਲੱਗ ਪਿਆ।

''ਬੜਾ ਹਾਫ਼ਜ਼ਾ ਏ ਤੇਰਾ...।'' ਮੀਰ ਬਖ਼ਸ਼ ਸੱਜੇ-ਖੱਬੇ ਬੰਦਿਆਂ ਵੱਲ ਵੇਖ ਕੇ ਇੰਝ ਹੱਸ ਪਿਆ ਜਿਵੇਂ ਉਹਦੀ ਕੋਈ ਚੋਰੀ ਫੜੀ ਗਈ ਹੋਵੇ।

''ਆਹੋ। ਮੀਰ ਬਖ਼ਸ਼ਾ।'' ਆਸ਼ਕ ਗੁੱਜਰ ਬੋਲਿਆ, ''ਉਹ ਸਿਆਣੇ ਕਹਿ ਗਏ ਨੇ ਅਖੇ ਜਿਹਨੇ ਲੈਣਾ ਹੋਵੇ ਉਹ ਭਾਵੇਂ ਭੁੱਲ ਜਾਵੇ, ਪਰ ਜਿਹਨੇ ਦੇਣਾ ਹੁੰਦਾ ਏ ਉਹਨੂੰ ਨਹੀਂ ਭੁੱਲਦਾ।''

ਮੀਰ ਬਖ਼ਸ਼ ਅਗਲੀ ਗੱਲ ਦੀ ਉਡੀਕ ਵਿਚ ਚੁੱਪ ਖਲੋਤਾ ਰਿਹਾ। ਆਸ਼ਕ ਗੁੱਜਰ ਨੇ ਗੱਲ ਪੂਰੀ ਕੀਤੀ, ''ਉਹ ਬੀ ਜਿਹੜਾ ਪੰਝੀ ਵਰ੍ਹੇ ਪਹਿਲਾਂ ਸੁੱਟਿਆ ਸਈ, ਅੱਜ ਪਨੀਰੀ ਬਣ ਗਿਆ ਏ ਮੀਰ ਬਖ਼ਸ਼ਾ।''

ਲਿੱਪੀ ਰੂਪਾਂਤਰ
ਪਾਲ ਸਿੰਘ ਵੱਲਾ

# Matrimonial

### ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, 94171-88904.

---

Suitable match for Handsome khatri boy, Assistant professor in maths. 6', 18-11-1982, 4:12 AM, Ludhiana, manglik, status family. Contact : 98785-31166. raman.mlp@gmail.com

### ਕੰਨਿਆ ਦੀ ਲੋੜ

ਕਨੇਡੀਅਨ ਯੂਨੀਵਰਸਿਟੀ ਤੋਂ ਐਮ.ਐਸ (ਇੰਜਨੀਅਰਿੰਗ) 29 ਸਾਲ 6'2" ਜੱਟ ਸਿੱਖ ਕਨੇਡੀਅਨ ਸਿਟੀਜ਼ਨ ਕਲੀਨ ਸੇਵਨ, ਪ੍ਰੋਫ਼ੈਸ਼ਨਲ ਇੰਜਨੀਅਰਿੰਗ ਕੰਪਨੀ ਵਿੱਚ ਨੌਕਰੀ ਕਰਦੇ ਲੜਕੇ ਲਈ ਕਨੇਡੀਅਨ ਸਿਟੀਜ਼ਨ ਜਾਂ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਜ਼ਰੂਰਤ ਹੈ, ਜਿਸਦਾ ਕੱਦ ਘੱਟੋ-ਘੱਟ 5'6" ਹੋਣਾ ਚਾਹੀਦਾ ਹੈ। ਲੜਕੀ ਦੀ ਕਨੇਡੀਅਨ ਵਿਦਿਅਕ ਯੋਗਤਾ, ਗੁਣਾਂ ਨੂੰ ਪਹਿਲ, ਕੋਈ ਮੰਗ ਨਹੀਂ। ਹੋਰ ਜਾਣਕਾਰੀ ਲਈ 780-298-8693 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

Smart match for Beautiful girl of vaishno gursikh family, B.Sc Nurring,14 month experience of DMC Ludhiana, Parents Govt. Employees, DOB 22-06-1988. Contact: +91-84275-00644.

### ਕੰਨਿਆ ਦੀ ਲੋੜ

Professionally qualified match for Jatt Sikh Clean Shaven Canadian Citizen 29/6'2" M.S (Engineering) from Canadian University, professionally employed with an Engineering firm in Canada. Girl should be preferably 5'5" or above & presently residing in Canada/ US. Her personal values & qualification main consideration, Simple marriage, No demands. Email recent pictures & complete Bio-data at jagjitbk@gmail.com or phone 780 298 8693

### ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

### ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

# Classified Plus

### ਡਰਾਈਵਰ ਦੀ ਲੋੜ

ਗਰੈਵਲ ਟਰੱਕ ਲਈ ਡਰਾਈਵਰ ਦੀ ਲੋੜ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜਰਬਾ ਹੋਵੇ। ਵਧੀਆ ਤਨਖ਼ਾਹ। ਸੰਪਰਕ 780-271-5061, Email : gak.nijjar@yahoo.ca

### ਨੈਨੀ ਦੀ ਲੋੜ

ਬਜ਼ੁਰਗਾਂ ਦੀ ਸਾਂਭ-ਸੰਭਾਲ ਲਈ ਪੰਜਾਬੀ ਬੋਲਣ ਵਾਲੀ ਨੈਨੀ ਦੀ ਜਰੂਰਤ ਹੈ। ਤਨਖ਼ਾਹ ਤਜ਼ਰਬੇ ਦੇ ਅਧਾਰ 'ਤੇ। ਵਧੇਰੇ ਜਾਣਕਾਰੀ ਲਈ ਫ਼ੋਨ ਕਰੋ: 780 863 0238 (ਮੋਬ.) ਜਾਂ 780-462-0238 (ਘਰ)




**City Estates**

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

ਸਿਟੀ ਅਸਟੇਟਸ

For More Info Contact: SCO 123, Phase 7, Mohali (Punjab)
011 91 98147 11263 or 011 91 98729 73304


### ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

**ਸੰਪਰਕ: ਜਸਮੇਰ ਸਿੰਘ 780-504-7254**


**Fort Road Drycleaners**

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811



**Laddi Padda Realtor**

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।





Cell: 780-909-5154

9222-51 Avenue, Edmonton, AB T6E 5L8

Phone: 780-439-9818, Fax: 780-439-1257

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ — ਆਖ਼ਰੀ ਕਿਸ਼ਤ

# ਵੇਖਿਆ ਸ਼ਹਿਰ ਬੰਬਈ



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਬੈਂਕ ਵਲੋਂ ਕਰਜ਼ੇ ਵਾਪਿਸ ਕਰਨ ਦਾ ਪ੍ਰੈਸ਼ਰ ਦਿਨ ਰਾਤ ਮੈਨੂੰ ਸੌਣ ਨਹੀਂ ਸੀ ਦਿੰਦਾ। ਜਿਸ ਘਰ ਵਿਚ ਕਦੇ ਜ਼ਿੰਦਗੀ ਦੇ ਸੁਨਹਿਰੀ ਪਲ ਬਿਤਾਏ ਸਨ, ਜਿਹੜਾ ਘਰ ਪਾਰਟੀਆਂ ਦੇ ਜਸ਼ਨਾਂ ਨਾਲ ਰੌਸ਼ਨ ਹੁੰਦਾ ਸੀ, ਜਿਸ ਘਰ ਦੇ ਸਵਿਮਿੰਗ ਪੂਲ ਵਿਚ ਬੱਚੇ ਕਦੇ ਤਾਰੀਆਂ ਲਾਉਂਦੇ ਸੀ ਉਸ ਘਰ ਦੀਆਂ ਮਾਰਗੇਜ ਕਿਸ਼ਤਾਂ ਵੀ ਦੇਣੀਆਂ ਔਖੀਆਂ ਹੋ ਰਹੀਆਂ ਸਨ, ਬੈਂਕਾਂ ਦੇ ਕਰਜ਼ੇ ਵਾਪਿਸ ਕਿਥੋਂ ਕਰਦਾ।

ਜ਼ਿੰਦਗੀ ਵਿਚ 'ਰੀਸੈਸ਼ਨ' ਦਾ ਦੌਰ ਤਾਂ ਆਇਆ ਹੀ ਸੀ ਉਹਨੀਂ ਦਿਨੀਂ, ਆਮ ਵਿਉਪਾਰ ਵਿਚ ਵੀ ਇਹ ਰੀਸੈਸ਼ਨ ਜ਼ੋਰਾਂ 'ਤੇ ਸੀ। ਬੈਂਕ ਨੇ ਹੋਰ ਇੰਤਜ਼ਾਰ ਨਾ ਕੀਤੀ ਤੇ ਮੇਰੀਆਂ ਦੋ ਪ੍ਰਾਪਰਟੀਆਂ ਜ਼ਬਤ ਕਰ ਲਈਆਂ। ਇਹਨਾਂ ਵਿਚ ਮੇਰੀ ਉਹ ਇਕ ਛੋਟੀ ਜਿਹੀ ਦੁਕਾਨ ਵੀ ਸੀ, ਜਿਸ ਵਿਚ 1975 ਵਿਚ ਮੈਂ ਅਪਣੇ ਕਾਰੋਬਾਰ ਦੀ ਸ਼ੁਰੂਆਤ ਕੀਤੀ ਸੀ। ਇਕ ਹੋਰ ਜ਼ਬਰਦਸਤ ਧੱਕਾ ਸੀ, ਇਹ ਮੇਰੇ ਲਈ, ਇਹ ਦੁਕਾਨ ਮੇਰੇ ਕਾਰੋਬਾਰ ਦਾ ਨੀਂਹ ਪੱਥਰ ਸੀ ਜਿਸ ਤੋਂ ਪੰਜ ਸੌ ਪੌਂਡ ਜੇਬ ਵਿਚ ਪਾ ਕੇ ਮੈਂ ਕੰਮ ਸ਼ੁਰੂ ਕੀਤਾ ਸੀ, ਇਨ੍ਹਾਂ ਹੀ ਪੰਜ ਸੌ ਪੌਂਡ ਨਾਲ ਮੈਂ ਅੱਗੇ ਲੱਖਾਂ ਕਰੋੜਾਂ ਰੁਪਏ ਕਮਾਏ ਸਨ, ਇਹ ਦੁਕਾਨ ਮੇਰੀ ਸਟਰਗਲ ਦਾ ਹਿੱਸਾ ਸੀ, ਮੇਰੀ ਖ਼ੂਨ ਪਸੀਨੇ ਦੀ ਕਮਾਈ ਦਾ ਹਿੱਸਾ ਸੀ-ਖ਼ੂਨ ਪਾ ਕੇ ਦੁੱਧ ਚੋਇਆ ਸੀ ਮੈਂ ਇਸ ਛੋਟੀ ਜਿਹੀ ਜਗ੍ਹਾ ਤੋਂ।

ਕੌਡੀਆਂ ਦੇ ਭਾਅ ਜਦ ਬੈਂਕ ਨੇ ਇਹ ਵਾਪਿਸ ਲੈ ਲਈਆਂ ਤਾਂ ਮੈਂ ਕੁਝ ਵੀ ਬੋਲ ਨਾ ਸਕਿਆ। ਹੁਣ ਮੇਰੀ ਵੱਡੀ ਦੁਕਾਨ ਵੀ ਬੈਂਕ ਵੇਚਣੀ ਚਾਹੁੰਦਾ ਸੀ, ਸੜਕ 'ਤੇ ਆ ਜਾਣ ਦੇ ਡਰਾਉਣੇ ਸੁਪਨੇ ਮੈਨੂੰ ਆਉਣ ਲੱਗੇ। ਇਸ ਔਖੀ ਘੜੀ ਮੇਰੇ ਇਕ ਦੋਸਤ ਰਾਜ ਅਵਸਥੀ ਨੇ ਮੇਰਾ ਹੱਥ ਫੜਿਆ। ਰਾਜ 1975 ਵਿਚ ਅਠਾਰਾਂ ਸਾਲ ਦੀ ਉਮਰੇ ਜਦ ਲੰਡਨ ਆਇਆ ਸੀ ਤਾਂ ਉਸ ਜ਼ਿੰਦਗੀ ਦੀ ਸਭ ਤੋਂ ਪਹਿਲੀ ਨੌਕਰੀ ਮੇਰੇ ਕੋਲ ਹੀ ਕੀਤੀ ਸੀ ਤੇ ਫਿਰ ਹੌਲੀ ਹੌਲੀ ਅਪਣਾ ਇਕ ਬਿਜ਼ਨਿਸ ਸ਼ੁਰੂ ਕਰ ਲਿਆ ਸੀ। ਪੈਸੇ ਵਲੋਂ ਭਾਵੇਂ ਉਹ ਸੌਖਾ ਹੋ ਗਿਆ ਸੀ, ਪਰ ਮੇਰੇ ਨਾਲ ਬਿਤਾਏ ਦਿਨਾਂ ਨੂੰ ਉਹ ਅਜੇ ਵੀ ਭੁੱਲਿਆ ਨਹੀਂ ਸੀ, ਬੜਾ ਹੀ ਗੂੜ੍ਹਾ ਰਿਸ਼ਤਾ ਸੀ ਸਾਡਾ, ਦੋਸਤੀ ਦਾ ਰਿਸ਼ਤਾ.. ਮੁਹੱਬਤ ਦਾ ਰਿਸ਼ਤਾ... ਕੋਈ ਐਸਾ ਰਿਸ਼ਤਾ ਜਿਸਦੇ ਅਰਥ ਕੱਢਣੇ ਮੁਸ਼ਕਲ ਹੁੰਦੇ ਹਨ।

ਮੈਂ ਅਪਣੀ ਇਹ ਮੁਸੀਬਤ ਜਦ ਰਾਜ ਨੂੰ ਦੱਸੀ ਤਾਂ ਉਹ ਝੱਟ ਮੇਰਾ ਬਿਜ਼ਨਿਸ ਅਪਣੇ ਨਾਂ ਕਰਵਾਉਣ ਲਈ ਰਾਜ਼ੀ ਹੋ ਗਿਆ। ਅਸੀਂ ਇਕ ਨਵੀਂ ਲਿਮਿਟਿਡ ਫਰਮ ਖੋਲ੍ਹ ਲਈ, ਦੁਕਾਨ ਤੇ ਬਿਜ਼ਨਿਸ ਉਸ ਨੂੰ ਵੇਚ ਦਿੱਤਾ, ਰਾਜ ਅਵਸਥੀ ਉਸ ਫਰਮ ਦਾ ਇਕੱਲਾ ਡਾਇਰੈਕਟਰ ਤੇ ਮੈਂ ਉਸਦਾ ਨੌਕਰ। ਵੇਖੋ ਵਕਤ ਦੇ ਕਿਵੇਂ ਰੰਗ ਬਦਲਦੇ ਹਨ, ਰਾਜ ਨੂੰ ਕੰਮ 'ਤੇ ਰੱਖਣ ਵੇਲੇ ਕਦੇ ਮੈਂ ਇਹ ਸੋਚ ਸਕਦਾ ਸਾਂ ਕਿ ਇਕ ਦਿਨ ਉਹ ਹੀ ਮੇਰੇ ਬਿਜ਼ਨਿਸ ਦਾ ਮਾਲਕ ਹੋਵੇਗਾ ਤੇ ਮੈਂ ਉਸ ਦਾ ਨੌਕਰ।

ਪਹਿਲਾ ਬਿਜ਼ਨਿਸ ਤਾਂ ਖਤਮ ਹੀ ਹੋ ਚੁੱਕਿਆ ਸੀ, ਹੁਣ ਤਾਂ ਨਵੇਂ ਲਿਆਂਦੇ ਮਾਲ ਨਾਲ ਬਿਲਕੁਲ ਵੱਖਰਾ ਕੰਮ ਸ਼ੁਰੂ ਕਰਨਾ ਸੀ। ਸਭ ਕੁਝ ਤਾਂ ਲੁਟਾ ਬੈਠਾ ਸਾਂ, ਕਰੋੜਾਂ ਵਿਚ ਖੇਡਣ ਵਾਲਾ ਸੜਕ 'ਤੇ ਆ ਗਿਆ ਸੀ... ਦੀਵਾਲੀਆ ਹੋ ਗਿਆ ਮੈਂ।

ਪਰ ਮੈਂ ਜ਼ਿੰਦਗੀ ਤੋਂ ਦੀਵਾਲੀਆ ਨਹੀਂ ਸੀ ਹੋਇਆ ਅਜੇ, ਮੇਰੇ ਵਿਚ ਅਪਣੇ ਇਸ ਬਿਜ਼ਨਿਸ ਨੂੰ ਨਵੇਂ ਸਿਰਿਓਂ ਉਸਾਰਨ ਦਾ ਨਵਾਂ ਜੋਸ਼ ਆ ਗਿਆ ਸੀ ਹੁਣ।

ਇਕ ਚੈਲੰਜ ਬਣ ਗਿਆ ਸੀ ਇਹ ਮੇਰੇ ਲਈ, ਦੁਬਾਰਾ ਇਸ ਬਿਜ਼ਨਿਸ਼ ਨੂੰ ਉਹਨਾਂ ਹੀ ਲੀਹਾਂ 'ਤੇ ਤੋਰਨ ਦਾ ਜਿਹਨਾਂ ਲੀਹਾਂ ਤੋਂ ਇਹ ਗੱਡੀ ਥੱਲੇ ਉਤਰੀ ਸੀ।

ਬੀਵੀ ਬੱਚਿਆਂ ਦੇ ਰਿਸ਼ਤਿਆਂ ਵਿਚ ਹੀ ਇਹ ਔਖੀ ਘੜੀ ਸੀ, ਇਹੋ ਜਿਹੀ ਹਾਲਤ ਵਿਚ ਤਾਂ ਰਿਸ਼ਤੇ ਟੁੱਟਦੇ ਹਨ, ਬੱਚੇ ਘਰਾਂ ਤੋਂ ਭੱਜਦੇ ਹਨ, ਪਰ ਇਸ ਘੜੀ ਮੇਰੀ ਬੀਵੀ ਰਾਣੀ ਨੇ ਮੇਰਾ ਹੱਥ ਹੋਰ ਘੁੱਟ ਕੇ ਫੜ ਲਿਆ ਸੀ।

ਬੱਚਿਆਂ ਦੇ ਪਿਆਰ ਦਾ ਨਿੱਘ ਮੇਰੇ ਲਈ ਸਵਰਗ ਬਣ ਗਿਆ ਸੀ।

ਬੰਬਈ ਤੋਂ ਲਿਆਂਦਾ ਮਾਲ ਜਲਦੀ ਹੀ ਵਿਕ ਗਿਆ। ਉਸ ਸਮੇਂ ਹੋਲਸੇਲ ਮਾਰਕਿਟ ਵਿਚ ਜਿੰਨੇ ਵੀ ਬੱਚਿਆਂ ਦੇ ਕੱਪੜੇ ਹੁੰਦੇ ਸੀ, ਹਾਂਗਕਾਂਗ ਤੈਵਾਨ ਜਾਂ ਥਾਈਲੈਂਡ ਤੋਂ ਹੀ ਆਇਆ ਕਰਦੇ ਸਨ ਜੋ ਕਿ ਗੋਰੇ ਬੱਚਿਆਂ ਦੇ ਫੈਸ਼ਨ ਅਨੁਸਾਰ ਹੀ ਹੁੰਦੇ ਸਨ, ਪਰ ਮੇਰੇ ਲਿਆਂਦੇ ਸੂਟ ਏਸ਼ੀਅਨ ਟੇਸਟ ਦੇ ਹਿਸਾਬ ਨਾਲ ਬਿਲਕੁਲ ਨਵੀਂ ਕਿਸਮ ਦੇ ਸਨ ਜਿਹੜੇ ਕਿ ਮਾਰਕਿਟ ਵਿਚ ਕਿਧਰੇ ਵੀ ਉਪਲਬਧ ਨਹੀਂ ਸਨ ਹੁੰਦੇ।

ਮੇਰੇ ਕੋਲੋਂ ਜਿਹੜਾ ਵੀ ਇਹ ਮਾਲ ਲੈ ਗਿਆ ਹਫਤੇ ਦੇ ਅੰਦਰ ਅੰਦਰ ਦੁਬਾਰਾ ਆਰਡਰ ਲੈ ਕੇ ਆ ਗਿਆ। ਬੰਬਈ ਦੇ ਮੁਢਲੇ ਦਿਨਾਂ ਵਿਚ ਮੇਰਾ ਇਕ ਹੋਰ ਦੋਸਤ ਬਣਿਆ ਹੋਇਆ ਸੀ, ਨਾਂ ਸੀ ਉਸਦਾ ਰਮਨ ਚੋਪੜਾ। ਸਾਢੇ ਚਾਰ ਫੁੱਟ ਦਾ ਕੱਦ ਪਰ ਦਿਲ ਤੇ ਦੋਸਤੀ ਲੱਖਾਂ ਗੁਣਾ ਵੱਧ। ਮੈਂ ਜਿੰਨੇ ਵੀ ਦਿਨ ਬੰਬਈ ਰਹਿਣਾ ਉਹ ਮੇਰੇ ਨਾਲ ਨਾਲ। ਬੰਬਈ ਦੀਆਂ ਫੈਕਟਰੀਆਂ ਵਿਚੋਂ ਮਾਲ ਖਰੀਦਣ ਵੇਲੇ ਵੀ ਉਹ ਮੇਰੇ ਨਾਲ ਹੀ ਸੀ।

ਮੈਂ ਰਮਨ ਚੋਪੜਾ ਨੂੰ ਫੂਨ ਕੀਤਾ, ਉਸ ਕੁਝ ਹੀ ਦਿਨਾਂ ਵਿਚ ਇਕ ਹੋਰ ਸ਼ਿਪਮਿੰਟ ਭੇਜ ਦਿੱਤੀ। ਵੇਖੋ ਕੁਦਰਤ, ਉਹ ਮਾਲ ਵੀ ਕੁਝ ਹਫਤਿਆਂ ਵਿਚ ਖਤਮ ਹੋ ਗਿਆ। ਦੋ ਤਿੰਨ ਮਹੀਨਿਆਂ ਬਾਅਦ ਮੈਂ ਫਿਰ ਬੰਬਈ ਵਿਚ ਸਾਂ, ਫਿਲਮਾਂ ਵੱਲ ਨਹੀਂ ਪਰ ਫੈਕਟਰੀਆਂ ਵਿਚ ਘੁੰਮ ਰਿਹਾ ਸਾਂ।

ਕੁਝ ਹੀ ਮਹੀਨਿਆਂ ਵਿਚ ਮੈਂ ਇਸ ਮਾਲ ਦੀ ਖ਼ੂਬ ਮਾਰਕੀਟ ਬਣਾ ਲਈ। ਰਮਨ ਚੋਪੜਾ ਨੂੰ ਮੈਂ ਅਪਣਾ ਐਕਸਪੋਰਟ ਏਜੰਟ ਬਣਾ ਲਿਆ ਤੇ ਉਸ ਐਕਸਪੋਰਟ ਦਾ ਕੰਮ ਦਿਲ ਖੋਲ੍ਹ ਕੇ ਕਰਨਾ ਸ਼ੁਰੂ ਕਰ ਦਿੱਤਾ ਤੇ ਅੱਜ ਬੰਬਈ ਵਿਚ ਉਸਦੀ ਇਕ ਬੜੀ ਵੱਡੀ ਐਕਸਪੋਰਟ ਕੰਪਨੀ ਹੈ।

ਬੰਬਈ ਦੀਆਂ ਇਹ ਫੈਕਟਰੀਆਂ ਮੈਨੂੰ ਉਡੀਕਣ ਲੱਗੀਆਂ, ਹਰ ਦੋ ਤਿੰਨ ਮਹੀਨੇ ਬਾਅਦ ਮੇਰੇ ਫਿਰ ਚਕਰ ਲੱਗਣੇ ਸ਼ੁਰੂ ਹੋ ਗਏ ਪਰ ਹੁਣ ਪੈਸੇ ਹੱਥੋਂ ਜਾ ਨਹੀਂ ਸਨ ਰਹੇ ਸਗੋਂ ਆ ਰਹੇ ਸਨ।

ਇਹ ਕੰਮ ਹੋਰ ਵਧਿਆ ਤਾਂ ਮੈਂ ਥਾਈਲੈਂਡ, ਕੋਰੀਆ, ਜਪਾਨ ਤੇ ਚੀਨ ਦੇ ਗੇੜੇ ਮਾਰਨ ਲੱਗਾ। ਕੋਰੀਆ ਤੋਂ ਵਧੀਆ ਕੱਪੜਾ ਖਰੀਦ ਕੇ ਬੰਬਈ ਭੇਜਦਾ, ਬੱਚਿਆਂ ਦੀ ਸ਼ਰਟਸ ਬਣਾਉਣ ਵਾਲੀ ਇਕ ਫੈਕਟਰੀ ਨਾਲ ਠੇਕਾ ਕਰ ਲਿਆ। ਬੈਂਕਾਕ ਤੋਂ ਗਰਲਜ਼ ਦੇ ਵਧੀਆ ਪਾਰਟੀ ਡਰੈਸਜ਼ ਆਉਣੇ ਸ਼ੁਰੂ ਹੋ ਗਏ। ਫਿਰ ਚੀਨ ਵੱਲ ਚੱਕਰ ਮਾਰਿਆ, ਫੈਸ਼ਨ ਜਿਊਲਰੀ ਦਾ ਕੰਮ ਸ਼ੁਰੂ ਕਰ ਲਿਆ।

ਜ਼ਿੰਦਗੀ ਵਿਚ 'ਰੀਸੈਸ਼ਨ' ਦਾ ਦੌਰ ਤਾਂ ਆਇਆ ਹੀ ਸੀ ਉਹਨੀਂ ਦਿਨੀਂ, ਆਮ ਵਿਉਪਾਰ ਵਿਚ ਵੀ ਇਹ ਰੀਸੈਸ਼ਨ ਜ਼ੋਰਾਂ 'ਤੇ ਸੀ। ਬੈਂਕ ਨੇ ਹੋਰ ਇੰਤਜ਼ਾਰ ਨਾ ਕੀਤੀ ਤੇ ਮੇਰੀਆਂ ਦੋ ਪ੍ਰਾਪਰਟੀਆਂ ਜ਼ਬਤ ਕਰ ਲਈਆਂ। ਇਹਨਾਂ ਵਿਚ ਮੇਰੀ ਉਹ ਇਕ ਛੋਟੀ ਜਿਹੀ ਦੁਕਾਨ ਵੀ ਸੀ, ਜਿਸ ਵਿਚ 1975 ਵਿਚ ਮੈਂ ਅਪਣੇ ਕਾਰੋਬਾਰ ਦੀ ਸ਼ੁਰੂਆਤ ਕੀਤੀ ਸੀ। ਇਕ ਹੋਰ ਜ਼ਬਰਦਸਤ ਧੱਕਾ ਸੀ, ਇਹ ਮੇਰੇ ਲਈ, ਇਹ ਦੁਕਾਨ ਮੇਰੇ ਕਾਰੋਬਾਰ ਦਾ ਨੀਂਹ ਪੱਥਰ ਸੀ ਜਿਸ ਤੋਂ ਪੰਜ ਸੌ ਪੌਂਡ ਜੇਬ ਵਿਚ ਪਾ ਕੇ ਮੈਂ ਕੰਮ ਸ਼ੁਰੂ ਕੀਤਾ ਸੀ, ਇਨ੍ਹਾਂ ਹੀ ਪੰਜ ਸੌ ਪੌਂਡ ਨਾਲ ਮੈਂ ਅੱਗੇ ਲੱਖਾਂ ਕਰੋੜਾਂ ਰੁਪਏ ਕਮਾਏ ਸਨ, ਇਹ ਦੁਕਾਨ ਮੇਰੀ ਸਟਰਗਲ ਦਾ ਹਿੱਸਾ ਸੀ, ਮੇਰੀ ਖ਼ੂਨ ਪਸੀਨੇ ਦੀ ਕਮਾਈ ਦਾ ਹਿੱਸਾ ਸੀ-ਖ਼ੂਨ ਪਾ ਕੇ ਦੁੱਧ ਚੋਇਆ ਸੀ ਮੈਂ ਇਸ ਛੋਟੀ ਜਿਹੀ ਜਗ੍ਹਾ ਤੋਂ।

ਕੌਡੀਆਂ ਦੇ ਭਾਅ ਜਦ ਬੈਂਕ ਨੇ ਇਹ ਵਾਪਿਸ ਲੈ ਲਈਆਂ ਤਾਂ ਮੈਂ ਕੁਝ ਵੀ ਬੋਲ ਨਾ ਸਕਿਆ। ਹੁਣ ਮੇਰੀ ਵੱਡੀ ਦੁਕਾਨ ਵੀ ਬੈਂਕ ਵੇਚਣੀ ਚਾਹੁੰਦਾ ਸੀ, ਸੜਕ 'ਤੇ ਆ ਜਾਣ ਦੇ ਡਰਾਉਣੇ ਸੁਪਨੇ ਮੈਨੂੰ ਆਉਣ ਲੱਗੇ। ਇਸ ਔਖੀ ਘੜੀ ਮੇਰੇ ਇਕ ਦੋਸਤ ਰਾਜ ਅਵਸਥੀ ਨੇ ਮੇਰਾ ਹੱਥ ਫੜਿਆ। ਰਾਜ 1975 ਵਿਚ ਅਠਾਰਾਂ ਸਾਲ ਦੀ ਉਮਰੇ ਜਦ ਲੰਡਨ ਆਇਆ ਸੀ ਤਾਂ ਉਸ ਜ਼ਿੰਦਗੀ ਦੀ ਸਭ ਤੋਂ ਪਹਿਲੀ ਨੌਕਰੀ ਮੇਰੇ ਕੋਲ ਹੀ ਕੀਤੀ ਸੀ ਤੇ ਫਿਰ ਹੌਲੀ ਹੌਲੀ ਅਪਣਾ ਇਕ ਬਿਜ਼ਨਿਸ ਸ਼ੁਰੂ ਕਰ ਲਿਆ ਸੀ। ਪੈਸੇ ਵਲੋਂ ਭਾਵੇਂ ਉਹ ਸੌਖਾ ਹੋ ਗਿਆ ਸੀ, ਪਰ ਮੇਰੇ ਨਾਲ ਬਿਤਾਏ ਦਿਨਾਂ ਨੂੰ ਉਹ ਅਜੇ ਵੀ ਭੁੱਲਿਆ ਨਹੀਂ ਸੀ, ਬੜਾ ਹੀ ਗੂੜ੍ਹਾ ਰਿਸ਼ਤਾ ਸੀ ਸਾਡਾ, ਦੋਸਤੀ ਦਾ ਰਿਸ਼ਤਾ.. ਮੁਹੱਬਤ ਦਾ ਰਿਸ਼ਤਾ... ਕੋਈ ਐਸਾ ਰਿਸ਼ਤਾ ਜਿਸਦੇ ਅਰਥ ਕੱਢਣੇ ਮੁਸ਼ਕਲ ਹੁੰਦੇ ਹਨ।



ਚੜ੍ਹਦੀ ਜਵਾਨੀ 'ਚ ਗੁਰਚਰਨ ਸੱਗੂ

ਜਦ ਤੁਹਾਡੀ ਸੋਚ ਬਦਲਦੀ ਹੈ, ਤਾਂ ਉਸ ਸੋਚ ਅਨੁਸਾਰ ਕਈ ਨਵੇਂ ਰਸਤੇ ਵੀ ਨਿਕਲ ਆਉਂਦੇ ਹਨ। ਇਹ ਨਵੇਂ ਰਸਤੇ ਵੀ ਬੰਬਈ ਤੋਂ ਸ਼ੁਰੂ ਹੋਏ ਜਾਂ ਫਿਰ ਨਕੋਦਰ ਦੀ ਵਾਪਿਸੀ ਤੋਂ ਜਿਸਦੀ ਮਿੱਟੀ ਨੂੰ ਜਾ ਕੇ ਮੈਂ ਚੁੰਮਿਆ ਸੀ। ਹੱਕ ਤੇ ਸੱਚ ਨਾਲ ਬਣੇ ਪੰਜਾਹ ਹਜ਼ਾਰ ਰੁਪਏ ਦਾ ਜਾਗ ਲੱਗ ਗਿਆ ਸੀ ਸਾਡੇ ਕੰਮ ਨੂੰ ਉਹਨੀਂ ਦਿਨੀਂ....

ਜਾਗ ਲੱਗ ਗਿਆ ਸੀ  
ਖਰਬੂਜ਼ਿਆਂ ਦੀ ਰੇੜ੍ਹੀ ਦਾ  
ਪੱਗਾਂ ਦੇ ਰੰਗਾਂ ਦਾ  
ਪਰਕਾਸ਼ ਦੇ ਸਵੈਟਰ ਦਾ  
ਨਕੋਦਰ ਚੌਕ ਦੀ ਮਿੱਟੀ ਦਾ  
ਤੇ ਰਾਜ ਅਵਸਥੀ ਦੀ ਦੋਸਤੀ ਦਾ

ਇਹ ਜਾਗ ਲੱਗ ਗਿਆ ਸੀ ਮੇਰੀ ਦੁੱਧ ਵਰਗੀ ਮਿੱਠਤ ਤੇ ਚਿੱਟੀ ਕਮਾਈ ਨੂੰ। ਮੈਂ ਜਿਵੇਂ ਜਿਵੇਂ ਅਪਣੇ ਤੇ ਰਾਣੀ ਦੇ ਹੱਥਾਂ ਨਾਲ ਇਸ ਦੁੱਧ ਦਹੀਂ ਨੂੰ ਰਿੜਕਦਾ ਗਿਆ ਮੱਖਣ ਦੀਆਂ ਢੇਲੀਆਂ ਇਸ ਉੱਪਰ ਫਿਰ ਤੈਰਨ ਲੱਗੀਆਂ, ਜ਼ਿੰਦਗੀ ਵਿਚ ਆਈ ਕੁੜੱਤਣ ਵਿਚੋਂ ਫਿਰ ਮਿਠਾਸ ਆਉਣੀ ਸ਼ੁਰੂ ਹੋ ਗਈ।

ਤੇ ਕੁਝ ਸਾਲਾਂ ਬਾਅਦ ਇਹ ਗੁਆਚੇ ਦੁੱਧ, ਮੱਖਣ ਤੇ ਮਿਠਾਸ ਮੇਰੀ ਜ਼ਿੰਦਗੀ ਵਿਚ ਪੂਰੀ ਤਰ੍ਹਾਂ ਵਾਪਿਸ ਆ ਗਏ।

ਅੱਜ ਚੌਦਾਂ ਸਾਲਾਂ ਬਾਅਦ ਜਦ ਮੈਂ ਪਿਛੇ ਮੁੜ ਕੇ ਵੇਖਦਾ ਹਾਂ ਤਾਂ ਸ਼ੁਕਰਗੁਜ਼ਾਰ ਹੁੰਦਾ ਹਾਂ ਉਹ ਪਰਵਰਦਿਗਾਰ ਦਾ...

ਤੇ ਵੇਖਦਾ ਹਾਂ ਉਹਨਾਂ ਲੋਕਾਂ ਵੱਲ...

ਸਾਵਨ ਕੁਮਾਰ ਦੀ ਪਿਛਲੇ ਕਈ ਸਾਲਾਂ ਤੋਂ ਕੋਈ ਵੀ ਫਿਲਮ ਹਿੱਟ ਨਹੀਂ ਹੋਈ।

- ਰਾਮ ਲਕਸ਼ਮਨ ਮਿਊਜ਼ਿਕ ਡਾਇਰੈਕਟਰ ਖਤਮ ਹੋ ਚੁੱਕਿਆ ਹੈ।
- ਮੁਕਲ ਅਗਰਵਾਲ ਇਸ ਫਿਲਮੀ ਦੁਨੀਆ ਤੋਂ ਗੁੰਮ ਹੋ ਗਿਆ ਹੈ।
- ਜੈਕੀ ਸ਼ਰਾਫ ਏਡਾ ਵੱਡਾ ਸਟਾਰ ਹੋਣ ਦੇ ਬਾਵਜੂਦ ਅੱਜ ਕਿਧਰੇ ਵਿਖਾਈ ਨਹੀਂ ਦਿੰਦਾ।
- ਨੀਲਮ ਵਿਆਹ ਕਰਵਾ ਕੇ ਤਲਾਕ ਲੈ ਚੁੱਕੀ ਹੈ ਤੇ ਜਿਊਲਰੀ ਦੀ ਦੁਕਾਨ ਖੋਲ੍ਹ ਕੇ ਗੁਜ਼ਾਰਾ ਕਰ ਰਹੀ ਹੈ।
- ਮੰਗਲ ਦਾ ਕਿਧਰੇ ਨਾਂ ਨਿਸ਼ਾਨ ਨਹੀਂ ਹੈ
- ਗੁਰਿੰਦਰ ਇੰਡੀਆ ਛੱਡ ਕੇ ਕੈਨੇਡਾ ਜਾ ਵਸਿਆ ਹੈ।

ਸੁਖਵੰਤ ਢੱਡਾ ਟੈਲੀਵਿਜ਼ਨ ਲਈ ਛੋਟੇ ਛੋਟੇ ਪ੍ਰੋਗਰਾਮ ਬਣਾ ਰਿਹਾ ਹੈ, ਅਜੇ ਵੀ ਹੱਥ ਪੈਰ ਮਾਰ ਰਿਹਾ ਹੈ।

ਇਧਰ ਮੈਂ ਅਪਣੇ ਬਿਜ਼ਨਿਸ ਨੂੰ ਹੁਣ ਬਿਲਕੁਲ ਨਵੀਆਂ ਲੀਹਾਂ 'ਤੇ ਤੋਰ ਲਿਆ ਹੈ। ਅੱਜ ਮੇਰਾ ਕਾਰੋਬਾਰ ਫਿਲਮੀ ਦੌਰ ਦੇ ਕਾਰੋਬਾਰ ਨਾਲੋਂ ਕਈ ਗੁਣਾ ਵਧ ਗਿਆ ਹੈ। ਅੱਜ ਮੇਰੇ ਕੋਲ ਭਾਵੇਂ ਉਹ ਪਰਾਪਰਟੀਆਂ ਨਹੀਂ ਜਿਹਨਾਂ ਦੀ ਕੀਮਤ ਅੱਜ ਵਧ ਕੇ ਕਈ ਕਈ ਕਰੋੜ ਹੋ ਚੁੱਕੀ ਹੈ, ਪਰ ਇਹਨਾਂ ਕਰੋੜਾਂ ਤੋਂ ਕਿਤੇ ਵੱਧ ਮੇਰੇ ਕੋਲ ਅਨੇਕਾਂ ਖੁਸ਼ੀਆਂ ਹਨ, ਅਨੇਕਾਂ ਪਿਆਰ ਕਰਨ ਵਾਲੇ ਦੋਸਤ ਹਨ। ਇਹਨਾਂ ਸਾਲਾਂ ਵਿਚ ਮੇਰੇ ਤਿੰਨ ਬੱਚੇ ਵਿਆਹੇ ਗਏ ਹਨ,

- ਦੋਹਾਂ ਧੀਆਂ ਦੇ ਪਰਿਵਾਰਾਂ ਦੇ ਆਪੋ ਅਪਣੇ ਬੜੇ ਅੱਛੇ ਬਿਜ਼ਨਿਸ਼ ਹਨ।
- ਮੇਰਾ ਪੁੱਤਰ ਇਕ ਵੱਡੀ ਹਵਾਈ ਕੰਪਨੀ ਵਿਚ ਪਾਇਲਟ ਬਣਕੇ ਜਹਾਜ਼ ਉਡਾ ਰਿਹਾ ਹੈ।
- ਮੈਂ ਨਾਨਾ ਤੇ ਦਾਦਾ ਬਣਿਆ ਹੋਇਆ ਹਾਂ, ਪਰ ਅਜੇ ਵੀ ਭਰ ਜਵਾਨ ਮਹਿਸੂਸ ਕਰਦਾ ਹੈ।
- ਮੈਂ ਤੇ ਮੇਰੀ ਬੀਵੀ, ਮੇਰੀ ਸਾਥਣ, ਮੇਰੀ ਦੋਸਤ, ਦਿਲ ਦੀ ਰਾਣੀ ਇਕ ਦੂਸਰੇ ਦੇ ਹੱਥ ਘੁੱਟ ਕੇ ਫੜੀ ਅਜੇ ਵੀ ਨਵੇਂ ਰਸਤੇ ਲੱਭ ਰਹੇ ਹਾਂ, ਨਵੇਂ ਸੁਪਨੇ ਉਲੀਕ ਰਹੇ ਹਾਂ।
- ਤੇ ਆਖਿਰ ਮੈਂ ਨਤਮਸਤਕ ਹੁੰਦਾ ਹੈ ਉਹਨਾਂ ਖੁਸ਼ਹਾਲ ਕਿਰਦਾਰਾਂ ਅੱਗੇ ਜਿਹਨਾਂ ਮੈਨੂੰ ਨਵੀਂ ਜ਼ਿੰਦਗੀ ਦਿੱਤੀ।
- ਸਲਾਮ ਕਰਦਾ ਹਾਂ ਉਹਨਾਂ ਸਭਨਾ ਨੂੰ
- ਸਲਾਮ ਕਰਦਾ ਹਾਂ ਦੋਸਤੀਆਂ ਨੂੰ
- ਸਲਾਮ ਕਰਦਾ ਹਾਂ ਅਪਣੀ ਰਾਣੀ ਨੂੰ
- ਤੇ ਸਲਾਮ ਕਰਦਾ ਹਾਂ
- ਨਕੋਦਰ ਦੀ ਮਿੱਟੀ ਨੂੰ।

(ਸਮਾਪਤ)

# ਫ਼ਿਲਮ 'ਜ਼ੂਜ਼ੂ ਏਂਜਲ' ਅਤੇ ਮਨੁੱਖੀ ਹਕੂਕਾਂ ਦਾ ਮਸਲਾ






ਜਤਿੰਦਰ ਮੌਹਰ
+91-97799-34747


ਵੀਹਵੀਂ ਸਦੀ ਦਾ ਛੇਵਾਂ ਤੇ ਸੱਤਵਾਂ ਦਹਾਕਾ ਇਨਕਲਾਬੀ ਲਹਿਰਾਂ ਦੀ ਚੜ੍ਹਤ ਦਾ ਸਮਾਂ ਸੀ। ਇਹੀ ਸਮਾਂ ਮਨੁੱਖੀ ਹੱਕਾਂ ਅਤੇ ਜਵਾਨੀ ਦੇ ਬੇਕਿਰਕ ਘਾਣ ਲਈ ਬਦਨਾਮ ਹੈ। ਖਾਸ ਕਰ ਕੇ ਅਮਰੀਕੀ ਬਸਤਾਨਾਂ ਦੀਆਂ ਥੋਪੀਆਂ 'ਲੋਕਤੰਤਰੀ' ਸਰਕਾਰਾਂ ਅਤੇ ਫ਼ੌਜੀ ਨਿਜ਼ਾਮਾਂ ਨੇ ਲਾਤੀਨੀ ਅਮਰੀਕਾ ਵਿੱਚ ਅੱਤ ਚੁੱਕੀ ਹੋਈ ਸੀ।ਇਨ੍ਹਾਂ ਦਾ ਇਨਕਲਾਬੀ ਲਹਿਰਾਂ ਤੇ ਤਬਦੀਲੀ-ਪਸੰਦ ਨੌਜਵਾਨਾਂ ਉੱਤੇ ਚਲਾਇਆ ਦਮਨ-ਚੱਕਰ ਮਨੁੱਖੀ ਇਤਿਹਾਸ ਦੇ ਕਾਲੇ ਪੰਨਿਆਂ ਵਿੱਚ ਦਰਜ ਹੈ।

ਬ੍ਰਾਜ਼ੀਲੀ ਫ਼ਿਲਮ 'ਜ਼ੂਜ਼ੂ ਏਂਜਲ' ਹਲਚਲ ਭਰੇ ਉਸ ਦੌਰ ਨੂੰ ਪਰਦੇ 'ਤੇ ਸਾਕਾਰ ਕਰਦੀ ਹੈ। ਫ਼ਿਲਮ ਦੀ ਸ਼ੁਰੂਆਤ ਫ਼ਿਲਮ ਕਾਮਿਆਂ ਦੇ ਨਾਮ ਤੇ ਕੁਝ ਤਸਵੀਰਾਂ ਨਾਲ ਹੁੰਦੀ ਹੈ।ਇਨ੍ਹਾਂ ਤਸਵੀਰਾਂ ਦੇ ਪਿੱਛੋਂ ਘੋੜਿਆਂ ਦੀਆਂ ਟਾਪਾਂ ਅਤੇ ਫ਼ੌਜੀ ਬੂਟਾਂ ਹੇਠ ਦਰੜੀਆਂ ਜਾਂਦੀਆਂ ਮੁਕਤੀ ਦੀਆਂ ਆਵਾਜ਼ਾਂ ਸੁਣਦੀਆਂ ਹਨ।ਫ਼ਿਲਮ ਸੱਤਰਵਿਆਂ ਦੀ ਮਸ਼ਹੂਰ ਬ੍ਰਾਜ਼ੀਲੀ ਫ਼ੈਸ਼ਨ-ਡਿਜ਼ਾਈਨਰ 'ਜ਼ੂਜ਼ੂ ਏਂਜਲ' ਦੀ ਅਸਲ ਜ਼ਿੰਦਗੀ 'ਤੇ ਅਧਾਰਿਤ ਹੈ।ਉਸ ਦਾ ਵਿਆਹ ਅਮਰੀਕੀ ਨਾਲ ਹੋਇਆ। ਉਸ ਦਾ ਗੱਭਰੂ ਪੁੱਤ ਸਟੂਅਰਟ ਏਂਜਲ ਜੋਨਜ਼ ਬ੍ਰਾਜ਼ੀਲ ਦੇ ਸ਼ਹਿਰ ਰੀਉ ਡੀ ਜਨੇਰੀਉ ਵਿੱਚ ਪੜ੍ਹਿਆ। ਬ੍ਰਾਜ਼ੀਲ ਵਿੱਚ ਉਸ ਵੇਲੇ ਫ਼ੌਜੀ ਰਾਜ (1964-1986) ਸੀ। ਇਸ ਤਾਨਾਸ਼ਾਹੀ ਨਿਜ਼ਾਮ ਨੂੰ ਜੜ੍ਹੋਂ ਪੁੱਟਣ ਲਈ ਮਾਰਕਸੀ ਗੁਰੀਲਿਆਂ ਦੀ ਗੁਪਤ ਲਹਿਰ ਚੱਲ ਰਹੀ ਸੀ। ਸਟੂਅਰਟ ਨੇ ਮਨੁੱਖਤਾ ਦੀ ਪੂਰਨ ਆਜ਼ਾਦੀ ਤੇ ਬਰਾਬਰੀ ਦਾ ਸੁਪਨਾ ਦੇਖਿਆ।ਜਿਸ ਬਾਰੇ ਮਸ਼ਹੂਰ ਇਨਕਲਾਬੀ ਚੀ ਗੁਵੇਰਾ ਕਹਿੰਦਾ ਹੈ "ਅਸੀਂ ਯਥਾਰਥਵਾਦੀ ਹਾਂ ਤੇ ਅਸੰਭਵ ਸੁਪਨੇ ਦੇਖਦੇ ਹਾਂ।" ਗਭਰੇਟ ਸਟੂਅਰਟ ਦਾ ਧਿਆਨ ਅਮਰੀਕੀ ਬਸਤਾਨਾਂ ਵੱਲੋਂ ਲਾਤੀਨੀ ਦੇਸ਼ਾਂ ਵਿੱਚ ਮਚਾਈ ਲੁੱਟ ਵੱਲ ਖਿੱਚਿਆ ਗਿਆ। ਉਸ ਨੇ ਫ਼ੌਜੀ ਨਿਜ਼ਾਮ ਦੇ ਖ਼ਿਲਾਫ਼ ਵਿਦਿਆਰਥੀ ਸੰਘਰਸ਼ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਹ 14 ਮਈ 1971 ਤੋਂ ਬਾਅਦ ਮੁੜ ਕਦੇ ਨਹੀਂ ਵੇਖਿਆ ਗਿਆ।ਕਦੇ ਕਦੇ ਪੁੱਤ ਲਾਤੀਨੀਆਂ ਦੀ ਹੋਣੀ ਦੀ ਗੱਲ ਕਰਦਾ ਪਰ ਸਿਲਾਈ ਕਢਾਈ ਵਿੱਚ ਰੁੱਝੀ ਮਾਂ ਅਪਣੇ ਪੁੱਤ ਦੇ ਮਨ ਦੀ ਥਾਹ ਨਾ ਪਾ ਸਕੀ। ਮਾਂ ਦੀਆਂ ਅੱਖਾਂ ਉਦੋਂ ਖੁੱਲ੍ਹੀਆਂ ਜਦੋਂ ਪੁੱਤ ਨੂੰ ਬੇਦਰਦ ਹਾਕਮਾਂ ਨੇ ਕੋਹ ਕੋਹ ਕੇ ਮਾਰ ਦਿੱਤਾ। ਸਟੂਅਰਟ ਦੀ ਲਾਸ਼ ਨੂੰ ਸਮੁੰਦਰ ਵਿੱਚ 'ਮੱਛੀਆਂ ਦੀ ਖ਼ੁਰਾਕ' ਬਣਨ ਲਈ ਸੁੱਟ ਦਿੱਤਾ ਗਿਆ। ਪੰਜਾਬੀ ਦਰਸ਼ਕ ਨੂੰ ਇਸ ਦੇ ਨਾਲ 'ਹਰੀ ਕੇ ਪੱਤਣ' ਉੱਤੇ ਮੱਛੀਆਂ ਦੀ ਖ਼ੁਰਾਕ ਬਣੇ ਬੇਕਸੂਰ ਮੁੰਡੇ ਯਾਦ ਆ ਜਾਂਦੇ ਹਨ। ਮੁੰਡੇ ਦਾ ਖੁਰਾ-ਖੋਜ ਲੱਭਦਿਆਂ ਜ਼ੂਜ਼ੂ ਦੀਆਂ ਦੋ ਦੋਸਤ ਹਕੂਮਤੀ 'ਹਾਦਸਿਆਂ' ਦਾ ਸ਼ਿਕਾਰ ਹੋ ਗਈਆਂ। ਗਿਰਜੇ, ਪੱਤਰਕਾਰੀ ਤੇ ਅਦਾਲਤਾਂ ਸਭ ਫਾਸ਼ੀ ਨਿਜ਼ਾਮ ਦੇ ਹੱਕ ਵਿੱਚ ਭੁਗਤੀਆਂ। ਜ਼ੂਜ਼ੂ ਅਪਣੇ ਕੱਪੜਿਆਂ, ਫ਼ੈਸ਼ਨ ਸ਼ੋਆਂ ਰਾਹੀਂ ਤੇ ਹਵਾਈ ਸਫ਼ਰ ਵਿੱਚ ਪੁੱਤ ਦੇ ਕਤਲ ਦੀ ਦੁਹਾਈ ਦਿੰਦੀ ਰਹੀ। ਪੁੱਤ ਦੇ ਕਾਤਲਾਂ ਨੂੰ ਬੇਪਰਦ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਫ਼ੈਸ਼ਨ ਡਿਜ਼ਾਈਨਰ ਦੇ ਹੁਨਰ ਨਾਲ ਸਿਆਸਤ ਦੀ ਜੋਟੀ ਮਹਿਰੂਮੀ ਦੀ ਪਹੁੰਚ ਵਧਾਉਂਦੀ ਹੈ ਅਤੇ ਰਾਜਤੰਤਰ ਦੀ ਸੂਖ਼ਮ ਪਰ ਬੇਕਿਕਰ ਤੰਦਾਂ ਉਜਾਗਰ ਕਰਦੀ ਹੈ। ਖ਼ੁਫ਼ੀਆ ਪੁਲੀਸ ਦਾ ਕਪਤਾਨ ਜ਼ੂਜ਼ੂ ਨੂੰ ਡਰਾਉਂਦਾ ਕਿ ਉਹ ਉਸ ਦੇ ਅੰਦਰੂਨੀ ਕੱਪੜਿਆਂ ਦਾ ਰੰਗ ਤੱਕ ਦੱਸ ਸਕਦਾ ਹੈ। ਕੋਈ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਨਹੀਂ ਹੈ।ਇਹੀ ਕਪਤਾਨ ਸਟੂਅਰਟ ਦੇ ਕਤਲ ਵਿੱਚ ਸ਼ਾਮਿਲ ਸੀ। ਜਦੋਂ ਜ਼ੂਜ਼ੂ ਨੂੰ ਬਹਾਦਰ ਕਰਾਰ ਦਿੱਤਾ ਜਾਂਦਾ ਹੈ ਤਾਂ ਉਸ ਦਾ ਜਵਾਬ ਹੈ, "ਬਹਾਦਰ ਤਾਂ ਮੇਰਾ ਪੁੱਤ ਸੀ। ਮੇਰਾ ਤਾਂ ਇਹ ਹੱਕ ਬਣਦਾ ਹੈ।" ਇਹੋ ਹੱਕ ਜਸਵੰਤ ਸਿੰਘ ਖਾਲੜੇ ਦਾ ਬਣਦਾ ਸੀ। ਆਖ਼ਰ 1976 ਵਿੱਚ ਜ਼ੂਜ਼ੂ ਨੂੰ 'ਕਾਰ-ਹਾਦਸੇ' ਵਿੱਚ ਕਤਲ ਕਰ ਦਿੱਤਾ ਗਿਆ। ਡਾਚੀਆਂ ਵਾਲਿਆਂ ਨੇ ਕਾਰਾਂ ਵਾਲੇ ਹੋ ਕੇ ਵੀ ਅਪਣਾ ਖਾਸਾ ਕਾਇਮ ਰੱਖਿਆ ਹੈ। ਜਸਵੰਤ ਨੂੰ ਕਾਰਾਂ ਵਾਲੇ ਲੈ ਗਏ ਅਤੇ ਜ਼ੂਜ਼ੂ ਨੂੰ ਖਤਾਨਾਂ ਵਿੱਚ ਸੁੱਟ ਗਏ। ਇਹ ਫ਼ਿਲਮ ਮਾਂ-ਪੁੱਤ ਦੀ ਸਾਧਾਰਨ ਕਹਾਣੀ ਨਹੀਂ ਸਗੋਂ ਸੰਤਾਪ ਦੀ ਕਥਾ ਹੈ। ਇਹ ਸੱਚ ਲਾਤੀਨੀਆਂ ਨੇ ਅਪਣੇ ਤਨ ਮਨ 'ਤੇ ਹੰਢਾਇਆ ਹੈ। ਮੁਨਾਫ਼ੇ ਲਈ ਹਾਬੜੀਆਂ ਕੌਮਾਂ ਦੇ ਸ਼ਿਕਾਰ ਲੋਕਾਂ ਦਾ ਦਰਦ ਹੈ। ਇਨ੍ਹਾਂ ਜ਼ਖ਼ਮੀ ਰੂਹਾਂ ਨੇ ਬੀਤੇ ਤੋਂ ਕਈ ਸਬਕ ਸਿੱਖੇ ਹਨ। ਜਿਨ੍ਹਾਂ ਦਾ ਰੰਗ ਅੱਜ ਦੇਖਣ ਨੂੰ ਮਿਲ ਰਿਹਾ ਹੈ।

ਮੌਜੂਦਾ ਬ੍ਰਾਜ਼ੀਲ ਦੇ ਹਰਮਨ ਪਿਆਰੇ ਆਗੂ ਲੂਲਾ ਡਾ. ਸਿਲਵਾ ਨੇ ਅਪਣਾ ਉਤਰਾਧਿਕਾਰੀ ਡਿਲਮਾ ਰੁਸ਼ੇਫ਼ ਨੂੰ ਚੁਣਿਆ ਹੈ। ਪਿੱਛੇ ਜਿਹੇ ਹੋਈਆਂ ਚੋਣਾਂ ਵਿੱਚ ਡਿਲਮਾ ਰੁਸ਼ੇਫ਼ ਰਾਸ਼ਟਰਪਤੀ ਚੁਣੀ ਗਈ। ਉਸ ਨੇ ਅਮਰੀਕਾ ਪੱਖੀ ਬੁਨਿਆਦਪ੍ਰਸਤਾਂ ਤੇ ਸੱਜੇ ਪੱਖੀਆਂ ਨੂੰ ਕਰਾਰੀ ਹਾਰ ਦਿੱਤੀ। ਰੁਸ਼ੇਫ਼ ਚੜ੍ਹਦੀ ਉਮਰੇ ਮਾਰਕਸੀ ਗੁਰੀਲਿਆਂ ਦੇ ਗੁਪਤ ਦਲ ਦੀ ਮੈਂਬਰ ਬਣ ਗਈ ਸੀ।ਕੈਦ ਕਰ ਲਈ ਗਈ ਤੇ ਸੱਤਰਵਿਆਂ ਵਿੱਚ ਤਿੰਨ ਸਾਲ ਤੋਂ ਵੱਧ ਅਣਮਨੁੱਖੀ ਤਸ਼ੱਦਦ ਸਹਿੰਦੀ ਰਹੀ। ਸਟੂਅਰਟ ਤੇ ਰੁਸ਼ੇਫ਼ ਫ਼ੌਜੀ ਨਿਜ਼ਾਮ ਦੇ ਖ਼ਿਲਾਫ਼ ਲਹਿਰ ਵਿੱਚ ਸਾਥੀ ਰਹੇ ਹਨ। ਰੁਸ਼ੇਫ਼, ਲੂਲਾ ਦੀ ਸਰਕਾਰ ਦਾ ਅੱਠ ਸਾਲਾਂ ਤੋਂ ਹਿੱਸਾ ਸੀ। ਉਨ੍ਹਾਂ ਨੇ ਦੇਸ਼ ਵਿੱਚ ਲੋਕ ਪੱਖੀ ਨੀਤੀਆਂ ਲਾਗੂ ਕੀਤੀਆਂ। ਗ਼ਰੀਬੀ ਤੇ ਬੇਰੁਜ਼ਗਾਰੀ ਨੂੰ ਰਿਕਾਰਡ ਪੱਧਰ ਉੱਤੇ ਹੇਠਾਂ ਲਿਆਂਦਾ। ਅੱਜ ਬ੍ਰਾਜ਼ੀਲ ਅਮਰੀਕੀ ਦਾਬੇ ਦੇ ਖ਼ਿਲਾਫ਼ ਸਖ਼ਤ ਪੈਂਤੜਾ

ਫ਼ਿਲਮ ਦੇ ਅੰਤਲੇ ਦ੍ਰਿਸ਼ ਵਿੱਚ ਜ਼ੂਜ਼ੂ 'ਕਾਰ ਹਾਦਸੇ' ਵਿੱਚ ਕਤਲ ਕੀਤੀ ਜਾਂਦੀ ਹੈ। ਫ਼ੌਜੀ ਉਸ ਦੀ ਕਾਰ ਵਿੱਚ ਚੱਲ ਰਹੇ ਗੀਤਾਂ ਨੂੰ ਬੰਦ ਕਰਨ ਲਈ ਬਜ਼ਿੱਦ ਹੈ। ਟੇਪ ਬੰਦ ਕਰਨ ਲਈ ਲੱਤਾਂ ਬਾਂਹਾਂ ਚਲਾਉਂਦਾ ਫ਼ੌਜੀ ਅੱਕ ਕੇ ਤੁਰ ਜਾਂਦਾ ਹੈ। ਸੰਗੀਤ ਜ਼ੂਜ਼ੂ ਦੀ ਲਾਸ਼ ਨਾਲ ਸਕੀਰੀ ਪੂਰਦਾ ਹੈ। ਪਾਸ਼ ਕਹਿੰਦਾ ਹੈ ਕਿ ਹਥਿਆਰ ਅਤੇ ਜਰਵਾਣੇ ਜਿੰਨੇ ਮਰਜ਼ੀ ਮਾਸਖ਼ੋਰੇ ਤੇ ਅਜੋਕੇ ਹੋਣ, ਪਿਆਰ ਕਵਿਤਾ ਨੂੰ ਕਦੇ ਵੀ ਕਾਤਲਾਂ ਦੇ ਹੱਕ ਵਿੱਚ ਨਹੀਂ ਭੁਗਤਾ ਸਕਦਾ।ਸਾਡੇ ਕੋਲ ਸਿਰਫ਼ ਗੀਤ ਹਨ। ਸਮਾਂ ਸਾਡਾ ਨਹੀਂ ਹੈ।



ਅਖ਼ਤਿਆਰ ਕਰਨ ਵਾਲੇ ਲਾਤੀਨੀ ਮੁਲਕਾਂ ਨਾਲ ਹਿੱਕ ਤਾਣ ਕੇ ਖੜਾ ਹੈ। ਉਸ ਨੇ ਕੌਮਾਂਤਰੀ ਪੱਧਰ 'ਤੇ ਤੁਰਕੀ ਤੇ ਵੈਂਜ਼ੂਏਲਾ ਨਾਲ ਮਿਲ ਕੇ ਇਰਾਨ ਦਾ ਪੱਖ ਲਿਆ। ਫ਼ਿਲਸਤੀਨ ਨੂੰ ਦੇਸ਼ ਵਜੋਂ ਮਾਨਤਾ ਦਿੱਤੀ।ਰੂਸ, ਚੀਨ ਤੇ ਭਾਰਤ ਨਾਲ ਮਿਲ ਕੇ ਬਰਿਕ ਹੋਂਦ ਵਿੱਚ ਲਿਆਂਦਾ। ਯੂਰਪੀ ਯੂਨੀਅਨ ਦੀ ਤਰਜ਼ 'ਤੇ ਲਾਤੀਨੀ ਯੂਨੀਅਨ ਬਣਾਉਣ ਦੇ ਉਪਰਾਲਿਆਂ ਵਿੱਚ ਬ੍ਰਾਜ਼ੀਲ ਮੋਹਰੀ ਹੈ। ਵੈਂਜ਼ੂਏਲਾ, ਬ੍ਰਾਜ਼ੀਲ, ਇਕੁਆਡੋਰ, ਬੋਲੀਵੀਆ, ਉਰੂਗਵੇ, ਪੈਰੂਗਵੇ, ਚਿੱਲੀ, ਅਰਜਨਟੀਨਾ ਤੇ ਕਿਊਬਾ ਆਦਿ ਲਾਤੀਨੀ ਮੁਲਕ ਖੁੱਲ੍ਹ ਕੇ ਅਮਰੀਕੀ ਗ਼ਲਬੇ ਦੇ ਖ਼ਿਲਾਫ਼ ਇਕਸੁਰ ਹੋ ਰਹੇ ਹਨ। ਡਿਲਮਾ ਰੁਸ਼ੇਫ਼ ਜੇਤੂ ਭਾਸ਼ਣ ਵਿੱਚ ਆਪਣੇ ਇਰਾਦੇ ਸਪੱਸ਼ਟ ਕਰਦੀ ਹੈ "ਜਦੋਂ ਤੱਕ ਬ੍ਰਾਜ਼ੀਲ ਵਿੱਚ ਇੱਕ ਵੀ ਆਦਮੀ ਭੁੱਖਾ ਤੇ ਬੇਘਰ ਹੈ, ਅਸੀਂ ਚੈਨ ਨਾਲ ਨਹੀਂ ਬੈਠ ਸਕਦੇ-ਬ੍ਰਾਜ਼ੀਲ ਗੁਆਂਢੀਆਂ ਨਾਲ ਸਾਂਝੀਵਾਲਤਾ ਰਾਹੀਂ ਸੰਬੰਧ ਮਜ਼ਬੂਤ ਕਰਨਾ ਚਾਹੁੰਦਾ ਹੈ ਨਾ ਕਿ ਸਾਮਰਾਜੀ ਨੀਤੀਆਂ ਰਾਹੀਂ।" ਸੰਤ ਰਾਮ ਉਦਾਸੀ, ਸਟੂਅਰਟ ਤੇ ਰੁਸ਼ੇਫ਼ ਵਰਗਿਆਂ ਦੀ ਆਵਾਜ਼ ਵਿੱਚ ਆਵਾਜ਼ ਮਿਲਾਉਂਦਾ ਹੈ।

ਤੁਸੀਂ ਓਨਾ ਚਿਰ ਰਹੇ ਜਰਵਾਣਿਆਂ ਦੇ ਵਾਂਗ
ਰਹੇ ਜਿੰਨਾ ਚਿਰ ਅਸੀਂ ਹੀ ਨਿਤਾਣਿਆਂ ਦੇ ਵਾਂਗ।

ਫ਼ਿਲਮ ਦੇ ਅੰਤਲੇ ਦ੍ਰਿਸ਼ ਵਿੱਚ ਜ਼ੂਜ਼ੂ 'ਕਾਰ ਹਾਦਸੇ' ਵਿੱਚ ਕਤਲ ਕੀਤੀ ਜਾਂਦੀ ਹੈ। ਫ਼ੌਜੀ ਉਸ ਦੀ ਕਾਰ ਵਿੱਚ ਚੱਲ ਰਹੇ ਗੀਤਾਂ ਨੂੰ ਬੰਦ ਕਰਨ ਲਈ ਬਜ਼ਿੱਦ ਹੈ। ਟੇਪ ਬੰਦ ਕਰਨ ਲਈ ਲੱਤਾਂ ਬਾਂਹਾਂ ਚਲਾਉਂਦਾ ਫ਼ੌਜੀ ਅੱਕ ਕੇ ਤੁਰ ਜਾਂਦਾ ਹੈ। ਸੰਗੀਤ ਜ਼ੂਜ਼ੂ ਦੀ ਲਾਸ਼ ਨਾਲ ਸਕੀਰੀ ਪੂਰਦਾ ਹੈ। ਪਾਸ਼ ਕਹਿੰਦਾ ਹੈ ਕਿ ਹਥਿਆਰ ਅਤੇ ਜਰਵਾਣੇ ਜਿੰਨੇ ਮਰਜ਼ੀ ਮਾਸਖ਼ੋਰੇ ਤੇ ਅਜੋਕੇ ਹੋਣ, ਪਿਆਰ ਕਵਿਤਾ ਨੂੰ ਕਦੇ ਵੀ ਕਾਤਲਾਂ ਦੇ ਹੱਕ ਵਿੱਚ ਨਹੀਂ ਭੁਗਤਾ ਸਕਦਾ।ਸਾਡੇ ਕੋਲ ਸਿਰਫ਼ ਗੀਤ ਹਨ। ਸਮਾਂ ਸਾਡਾ ਨਹੀਂ ਹੈ।

ਨਾ ਕਤਲ ਹੋਏ, ਨਾ ਹੋਣਗੇ ਇਸ਼ਕ ਦੇ ਗੀਤ,
ਮੌਤ ਦੀ ਸਰਦਲ 'ਤੇ ਬਹਿ ਕੇ ਗਾਉਂਦੇ ਰਹੇ ਨੇ ਲੋਕ।

ਜ਼ੂਜ਼ੂ ਏਂਜਲ ਵਰਗੀਆਂ ਫ਼ਿਲਮਾਂ ਹਮੇਸ਼ਾਂ ਜ਼ਿਕਰਯੋਗ ਰਹਿਣਗੀਆਂ ਕਿਉਂਕਿ ਇਹ ਮਨੁੱਖ ਦੇ ਮਨੁੱਖਤਾ ਵੱਲ ਵਧਦੇ ਸਦੀਵੀਂ ਕਦਮਾਂ ਦੀ ਬਾਤ ਪਾਉਂਦੀਆਂ ਹਨ। ਮਨੁੱਖੀ ਹਕੂਕ ਅਤੇ ਸਾਮਰਾਜੀ ਗ਼ਲਬੇ ਦਾ ਮਸਲਾ ਜਿਉਂ ਦਾ ਤਿਉਂ ਖੜਾ ਹੈ। ਨਰਾਇਣ ਸਾਨਿਆਲ, ਪੀਯੂਸ਼ ਗੁਹਾ ਤੇ ਬਿਨਾਇਕ ਸੇਨ ਵਰਗਿਆਂ ਨੂੰ ਸਟੂਅਰਟ ਤੇ ਜ਼ੂਜ਼ੂ ਏਂਜਲ ਦੀ ਅਗਲੀ ਕੜੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ।


Royal
Royal
Executive Homes
Executive Homes
TOWN HOUSES IN WILDWOOD
HAPPY VISAKHI
HURRY ONLY 3 LEFT
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $289,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
Commercial Land
19th St.
17th St.
34th Ave
FUTURE SHOPPING CENTER
23rd Ave
SHOW HOME OPEN
NOW
For Show Home Hours:
Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call
Sales Contact :
Roohi@ 780-905-6970 OR
Kul Bhatia @ 780-266-5500

## SOHAIL QUADRI, MLA

### EDMONTON - MILL WOODS

**Sohail Quadri, MLA celebrated his 1st anniversary of becoming MLA on Sunday April 28, 2013. Over 800 guests attended the event. Also present were Cabinet Ministers & MLAs from the Legislature**



Front row L-R Dave Quest, MLA Strathcona – Sherwood Park, Naresh Bhardwaj, MLA Edmonton – Ellerslie, George Rogers, MLA Leduc Beaumont, Hon. Jonathan Denis, Minister of Justice and Solicitor General, Matt Jeneroux, MLA Edmonton-South West, Hon. Heather Klimchuk, Minister of Culture, Sohail Quadri, MLA for Edmonton – Mill Woods, Hon. Dave Hancock, Minister of Human Services, Hon. Doug Horner, President of Treasury Board of Finance and Amarjeet Sohi, Edmonton City Councilor Back row L-R Kerry Diotte, Edmonton City Councilor, Hon. Thomas Lukaszuk, Deputy Premier Enterprise and Advanced Education, Steve Young, MLA for Edmonton Riverview, Hon. Gene Zwozdesky, Speaker of the Legislature, MLA Edmonton Mill Creek and Hon. Verlyn Olson, Minister for Agriculture & Rural Development.

Committees and Councils the MLA is a member of:

- Deputy Chair for Select Special Chief Electoral Officer Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101 9807–34 Ave Edmonton AB, T6E 5X9 – 780-414-1000
Edmonton.millwoods@assembly.ab.ca



**BRIDGEPORT HOMES LTD.**

**BEST PRICES IN TOWN**
**WE ASSURE BEATING MARKET PRICE**

**Now New Homes in wildwood crs (South Edmonton)**
**loaded with Upgrades & Ready to Move**

Diwali Bumper Offer in $350000.00 Only

2 Car Detached Garage Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

**For more information Call: DOLLY CHAUHAN @ 780-935-7718**